**Golden State Realty** JASSI GILL Broker/Owner

Listing and Selling Homes
From San Jose to Sacramento
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969
CA DRE# 00966763





Personal Injury and Wrongful Death Attorneys

ਹਾਦਸਿਆਂ ਵਿਚ ਜ਼ਖਮੀ ਹੋਣ ਜਾਂ ਮੌਤ ਹੋ ਜਾਣ ਨਾਲ ਸਬੰਧਤ ਕੇਸਾਂ ਲਈ ਭਰੋਸੇਯੋਗ ਵਕੀਲ।
* ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।
*ਸਬੰਧਤ ਡਿਟੇਲ ਜਾਣਕਾਰੀ ਪੇਜ ਨੰਬਰ 2 'ਤੇ ਉਪਲਬਧ ਹੈ।
*ਰਿਕਵਰੀ ਹੋਣ ਤੱਕ ਕੋਈ ਫੀਸ ਨਹੀਂ ਲਈ ਜਾਵੇਗੀ।
Manpreet S. Bains
ਸੰਪਰਕ ਕਰੋ: ਫੋਨ: (510 474-0028)
E-Mail: info@thebainsfirm.com; www.thebainsfirm.com





COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
**Mann Insurance Brokers Inc.**
4123 Dyer St., #230, Union City, CA 94587







Twenty-Sixth Year of Publication | ਕੈਲੀਫੋਰਨੀਆ ਐਡੀਸ਼ਨ | Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 27, Issue 13; March 28, 2026 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਸਾਬਕਾ ਮੰਤਰੀ ਲਾਲਜੀਤ ਭੁੱਲਰ ਮੰਡੀ ਗੋਬਿੰਦਗੜ੍ਹ ਤੋਂ ਗ੍ਰਿਫ਼ਤਾਰ

## ਅੰਮ੍ਰਿਤਸਰ ਦੀ ਅਦਾਲਤ ਨੇ ਦਿੱਤਾ ਪੰਜ ਦਿਨਾਂ ਦਾ ਪੁਲਿਸ ਰਿਮਾਂਡ



**ਮੰਡੀ ਗੋਬਿੰਦਗੜ੍ਹ/ਅੰਮ੍ਰਿਤਸਰ:** ਵੇਅਰ ਹਾਊਸ ਕਾਰਪੋਰੇਸ਼ਨ ਅੰਮ੍ਰਿਤਸਰ ਤੇ ਤਰਨਤਾਰਨ ਦੇ ਜ਼ਿਲ੍ਹਾ ਮੈਨੇਜਰ ਡਾ. ਗਗਨਦੀਪ ਸਿੰਘ ਰੰਧਾਵਾ ਦੇ ਚਰਚਿਤ ਖ਼ੁਦਕੁਸ਼ੀ ਕੇਸ 'ਚ ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਮੰਡੀ ਗੋਬਿੰਦਗੜ੍ਹ ਤੋਂ ਦੁਪਹਿਰ ਤਿੰਨ ਵਜੇ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਸ ਦੀ ਪੁਸ਼ਟੀ ਅੰਮ੍ਰਿਤਸਰ ਦੇ ਡੀਸੀਪੀ ਰਵਿੰਦਰਪਾਲ ਸਿੰਘ ਸੰਧੂ ਨੇ ਕੀਤੀ ਹੈ। ਇਸ ਤੋਂ ਪਹਿਲਾਂ ਰੰਧਾਵਾ ਦੇ ਪਰਿਵਾਰ ਨੇ ਸੋਮਵਾਰ ਦੀ ਸਵੇਰ ਪੁਲਿਸ ਨੂੰ ਅਲਟੀਮੇਟਮ ਦਿੱਤਾ ਸੀ ਕਿ ਜੇ 24 ਘੰਟੇ 'ਚ ਤੁੱਲਰ ਸਮੇਤ ਸਾਰੇ ਦੋਸ਼ੀ ਗ੍ਰਿਫ਼ਤਾਰ ਨਹੀਂ ਹੁੰਦੇ ਤਾਂ ਉਹ ਸੜਕ 'ਤੇ ਉੱਤਰਨ ਲਈ ਮਜਬੂਰ ਹੋਣਗੇ। ਇਹੀ ਨਹੀਂ, ਗਗਨਦੀਪ ਦੀ ਮਾਂ ਨੇ ਵੀ ਹਾਈ ਕੋਰਟ 'ਚ ਪਟੀਸ਼ਨ ਦਾਖ਼ਲ ਕਰ ਕੇ ਪੁੱਤਰ ਦਾ ਪੋਸਟਮਾਰਟਮ ਪੀਜੀਆਈ ਜਾਂ ਏਮਸ ਦੇ ਡਾਕਟਰਾਂ ਦੇ ਬੋਰਡ ਤੋਂ ਕਰਵਾਉਣ ਦੀ ਮੰਗ ਕੀਤੀ ਹੈ। ਓਧਰ, ਰਾਜਪਾਲ ਨੇ ਭੁੱਲਰ ਵੱਲੋਂ 21 ਮਾਰਚ ਨੂੰ ਮੰਤਰੀ ਅਹੁਦੇ ਤੋਂ ਭੇਜੇ ਗਏ ਅਸਤੀਫ਼ੇ ਨੂੰ ਸੋਮਵਾਰ ਨੂੰ ਮਨਜ਼ੂਰ ਕਰ ਲਿਆ। ਅੰਮ੍ਰਿਤਸਰ ਦੇ ਡੀਸੀਪੀ ਰਵਿੰਦਰਪਾਲ ਸਿੰਘ ਸੰਧੂ ਮੁਤਾਬਕ ਸੂਚਨਾ ਦੇ ਆਧਾਰ 'ਤੇ ਮੰਡੀ ਗੋਬਿੰਦਗੜ੍ਹ 'ਚ ਨਾਕਾਬੰਦੀ ਕਰ ਕੇ ਲਾਲਜੀਤ ਸਿੰਘ ਭੁੱਲਰ ਨੂੰ ਕਰੀਬ ਸਾਢੇ ਤਿੰਨ ਵਜੇ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਪਹਿਲਾਂ ਮੰਡੀ ਗੋਬਿੰਦਗੜ੍ਹ ਥਾਣੇ ਪੁੱਜੀ ਤੇ ਰਾਤ ਸਾਢੇ ਸੱਤ ਵਜੇ ਟੀਮ ਉਨ੍ਹਾਂ ਨੂੰ ਅੰਮ੍ਰਿਤਸਰ ਲੈ ਗਈ।

### ਪੰਜ ਦਿਨਾਂ ਦਾ ਪੁਲਿਸ ਰਿਮਾਂਡ

ਅੰਮ੍ਰਿਤਸਰ ਤੋਂ ਖ਼ਬਰ ਸਾਹਮਣੇ ਆਈ ਹੈ, ਜਿੱਥੇ ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਮੰਗਲਵਾਰ ਨੂੰ ਅਦਾਲਤ ਵਿੱਚ ਪੇਸ਼ੀ ਕਰਵਾਈ ਗਈ। ਪੁਲਿਸ ਵੱਲੋਂ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ ਅਤੇ ਭੁੱਲਰ ਨੂੰ ਕੜੀ ਨਿਗਰਾਨੀ ਹੇਠ ਅਦਾਲਤ ਤੱਕ ਲਿਆਂਦਾ ਗਿਆ।

ਅਦਾਲਤੀ ਕਾਰਵਾਈ ਦੌਰਾਨ ਜੱਜ ਵੱਲੋਂ ਮਾਮਲੇ ਦੀ ਸੁਣਵਾਈ ਕੀਤੀ ਗਈ, ਜਿਸ ਤੋਂ ਬਾਅਦ ਅਦਾਲਨੇ ਲਾਲਜੀਤ ਸਿੰਘ ਭੁੱਲਰ ਨੂੰ 5 ਦਿਨਾਂ ਦੇ ਪੁਲਿਸ ਰਿਮਾਂਡ 'ਤੇ ਭੇਜਣ ਦੇ ਹੁਕਮ ਜਾਰੀ ਕੀਤੇ ਹਨ।ਪੁਲਿਸ ਅਧਿਕਾਰੀਆਂ ਮੁਤਾਬਕ, ਰਿਮਾਂਡ ਦੌਰਾਨ ਹੋਰ

(ਬਾਕੀ ਸਫ਼ਾ 6 'ਤੇ)

## ਲੋਕ ਸਭਾ 'ਚ ਗੂੰਜਿਆ ਰੰਧਾਵਾ ਦੀ ਖ਼ੁਦਕੁਸ਼ੀ ਦਾ ਮਾਮਲਾ



**ਚੰਡੀਗੜ੍ਹ:** ਵੇਅਰ ਹਾਊਸ ਕਾਰਪੋਰੇਸ਼ਨ ਦੇ ਅੰਮ੍ਰਿਤਸਰ ਤੇ ਤਰਨਤਾਰਨ ਦੇ ਜ਼ਿਲ੍ਹਾ ਮੈਨੇਜਰ ਡਾ. ਗਗਨਦੀਪ ਰੰਧਾਵਾਂ ਦੀ ਖ਼ੁਦਕੁਸ਼ੀ ਸਿੰਘ ਦਾ ਮਾਮਲਾ ਸੜਕ ਤੋਂ ਹੁੰਦਾ ਹੋਇਆ ਸੰਸਦ ਤੱਕ ਪੁੱਜ ਗਿਆ। ਸੋਮਵਾਰ ਨੂੰ ਲੋਕ ਸਭਾ 'ਚ ਮਾਮਲਾ ਗੂੰਜਿਆ ਤਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਜੇਕਰ ਪੰਜਾਬ ਦੇ ਸੰਸਦ ਮੈਂਬਰ ਲਿਖ ਕੇ ਦੇਣਗੇ ਤਾਂ ਉਹ ਇਸ ਮਾਮਲੇ ਦੀ ਜਾਂਚ ਸੀਬੀਆਈ ਨੂੰ ਸੌਂਪ ਸਕਦੇ ਹਨ।

ਕਾਂਗਰਸੀ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਲੋਕ ਸਭਾ 'ਚ ਡਾ. ਗਗਦਨੀਦਪ ਸਿੰਘ ਰੰਧਾਵਾ

(ਬਾਕੀ ਸਫ਼ਾ 6 'ਤੇ)

# ਈਰਾਨ ਨਾਲ ਜੰਗ ਰੋਕਣ ਲਈ ਟਰੰਪ ਦਾ ਨਵਾਂ ਪੈਂਤੜਾ



**ਨਵੀਂ ਦਿੱਲੀ:** ਅਮਰੀਕਾ ਅਤੇ ਇਜ਼ਰਾਈਲ ਦੇ ਈਰਾਨ ਨਾਲ ਯੁੱਧ ਦੌਰਾਨ ਡੋਨਾਲਡ ਟਰੰਪ ਨੇ ਦਾਅਵਾ ਕੀਤਾ ਕਿ ਜੰਗ ਰੋਕਣ ਲਈ ਪਿਛਲੇ ਦਿਨਾਂ ਤੋਂ ਅਮਰੀਕਾ ਤੇ ਈਰਾਨ ਵਿਚਾਲੇ ਗੱਲਬਾਤ ਚੱਲ ਰਹੀ ਹੈ ਤੇ ਪ੍ਰਮੁੱਖ ਮੁੱਦਿਆਂ 'ਤੇ ਲਗਪਗ ਸਹਿਮਤੀ ਬਣ ਗਈ ਹੈ। ਟਰੰਪ ਨੇ ਆਪਣੇ ਇੰਟਰਨੈੱਟ ਮੀਡੀਆ ਪਲੇਟਫਾਰਮ ਟਰੁੱਥ ਸੋਸ਼ਲ 'ਤੇ ਕਿਹਾ ਕਿ ਸਮਝੌਤੇ ਦੀ ਅਸਲੀ ਸੰਭਾਵਨਾ ਹੈ ਤੇ ਇਸੇ ਕਾਰਨ ਈਰਾਨ ਦੇ ਊਰਜਾ ਕੇਂਦਰਾਂ 'ਤੇ ਤਜਵੀਜ਼ਸ਼ੁਦਾ ਹਮਲੇ ਅਗਲੇ ਪੰਜ ਦਿਨਾਂ ਲਈ ਟਾਲ਼ ਦਿੱਤੇ ਗਏ ਹਨ। ਈਰਾਨ ਨੇ ਟਰੰਪ ਦੇ ਦਾਅਵੇ ਨੂੰ ਖ਼ਾਰਜ ਕਰਦੇ ਹੋਏ ਕਿਹਾ ਕਿ ਅਮਰੀਕਾ ਨਾਲ ਕਿਸੇ ਤਰ੍ਹਾਂ ਦੀ ਗੱਲਬਾਤ ਨਹੀਂ ਚੱਲ ਰਹੀ ਟਰੰਪ ਦੇ ਐਲਾਨ ਤੋਂ ਬਾਅਦ ਵਿਸ਼ਵ ਵਿੱਤੀ ਬਾਜ਼ਾਰਾਂ 'ਚ ਵੱਡੀ ਰਾਹਤ ਦਿਸੀ। ਕੱਚੇ ਤੇਲ ਦੀ ਕੀਮਤ 10.5 ਫ਼ੀਸਦੀ ਡਿੱਗ ਕੇ 100.37 ਡਾਲਰ ਪ੍ਰਤੀ ਬੈਰਲ 'ਤੇ ਆ ਗਈ, ਜਦਕਿ ਪਿਛਲੇ ਹਫ਼ਤੇ ਇਹ ਲਗਪਗ 120 ਡਾਲਰ ਤੱਕ ਪਹੁੰਚ ਗਈ ਸੀ। ਐੱਸਐਂਡਪੀ 500 'ਚ 1.9 ਫ਼ੀਸਦੀ ਦੀ ਤੇਜ਼ੀ ਦਰਜ ਹੋਈ। ਉੱਥੇ ਇਸ ਪੂਰੇ ਮਾਮਲੇ 'ਤੇ ਨਾ ਤਾਂ ਵ੍ਹਾਈਟ ਹਾਊਸ ਤੇ ਨਾ ਹੀ ਇਜ਼ਰਾਈਲ ਵਲੋਂ ਕੋਈ ਪ੍ਰਤੀਕ੍ਰਿਆ ਦਿੱਤੀ ਗਈ।

ਜ਼ਿਕਰਯੋਗ ਹੈ ਕਿ ਇਕ ਦਿਨ ਪਹਿਲਾਂ ਟਰੰਪ ਨੇ ਈਰਾਨ ਨੂੰ ਚਿਤਾਵਨੀ ਦਿੱਤੀ ਸੀ ਕਿ 48 ਘੰਟਿਆਂ ਦੇ ਅੰਦਰ ਹੋਰਮੁਜ਼ ਜਲਮਾਰਗ ਨਾ ਖੋਲ੍ਹਿਆ ਗਿਆ ਤਾਂ ਉਹ ਈਰਾਨ ਦੇ ਵੱਡੇ ਬਿਜਲੀ ਪਲਾਂਟਾਂ 'ਤੇ ਹਮਲੇ ਕਰ ਦੇਣਗੇ। ਇਸ ਦੇ ਜਵਾਬ 'ਚ ਈਰਾਨ ਨੇ ਕਿਹਾ ਸੀ ਕਿ ਉਹ ਸਮੁੱਚੇ ਪੱਛਮੀ ਏਸ਼ੀਆ 'ਚ ਮਹੱਤਵਪੂਰਣ ਟਿਕਾਣਿਆਂ ਨੂੰ ਨਿਸ਼ਾਨਾ ਬਣਾਏਗਾ ਤੇ ਹੋਰਮੁਜ਼ ਜਲਡਮਰੂ ਮੱਧ ਨੂੰ ਸਾਰਿਆਂ ਲਈ ਬੰਦ ਕਰ ਦੇਵੇਗਾ। ਇਸ ਤੋਂ ਬਾਅਦ ਦੁਨੀਆ ਭਰ 'ਚ ਤਣਾਅ ਵਧ ਗਿਆ ਸੀ।

ਰਾਇਟਰ ਮੁਤਾਬਕ, ਟਰੰਪ ਨੇ ਕਿਹਾ ਕਿ ਉਨ੍ਹਾਂ ਦੇ ਪੱਛਮੀ ਏਸ਼ੀਆ ਦੂਤ ਸਟੀਵ ਵਿਟਕਾਫ ਤੇ ਉਨ੍ਹਾਂ ਦੇ ਜਵਾਈ ਜੈਰੇਡ ਕੁਸ਼ਨਰ ਨੇ ਐਤਵਾਰ ਨੂੰ ਈਰਾਨੀ ਪੱਖ ਨਾਲ ਗੱਲਬਾਤ ਕੀਤੀ, ਜਿਹੜੀ ਸੋਮਵਾਰ ਨੂੰ ਵੀ ਜਾਰੀ ਰਹੀ। ਉਨ੍ਹਾਂ ਕਿਹਾ ਕਿ 15 ਨੁਕਤਿਆਂ 'ਤੇ ਚਰਚਾ ਹੋਈ ਤੇ ਲਗਪਗ ਸਾਰੇ ਵੱਡੇ ਮੁੱਦਿਆਂ 'ਤੇ ਸਹਿਮਤੀ ਬਣੀ ਹੈ। ਹਾਲਾਂਕਿ ਉਨ੍ਹਾਂ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਈਰਾਨ ਵਲੋਂ ਗੱਲਬਾਤ ਕਿਸ ਪੱਧਰ 'ਤੇ ਹੋ ਰਹੀ ਹੈ।

(ਬਾਕੀ ਸਫ਼ਾ 6 'ਤੇ)


**GOLDEN STATE REALITY**
"Realtor You Can Trust"
CRE Group Inc.
* ਘਰ ਜਾਂ ਕੋਈ ਵੀ ਹੋਰ ਕਾਮਰਸ਼ੀਅਲ ਪ੍ਰਾਪਰਟੀ ਖਰੀਦਣ ਲਈ ਸਾਡੇ ਨਾਲ ਸੰਪਰਕ ਕਰੋ:
ਫੋਨ:
916-612-5773
Sam Chahal MBA
Sohanpreet Singh
Realtor - Lic# 01504071
Contact for Real Estate and Mortgage Needs
P: 916-612-5773
E: Samchahal@hotmail.com







Raja SWEETS & CATERING
AUTHORIZED CATERER FOR MAJOR 5-STAR HOTELS
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets; Snacks & Food; Chaat & Tikki Stall; Pani Poori Stall; Bhel Poori / Pav Bhaji; Faloода Kulfi
Catering Services: Wedding Ceremonies; Receptions; Birthday Parties; Religious Gatherings; Corporate Events; Picnics / Bar-b-que
Additional Services: Warmers; Chaffing Dishes; China & Silverware; Linen Rental; Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com



GLOBAL TRUCK PERMITS
18 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880






# ਕਿਊਬਾ ਨੇ ਠੁਕਰਾਈਆਂ ਅਮਰੀਕਾ ਦੀਆਂ ਸ਼ਰਤਾਂ



**ਹਵਾਨਾ:** ਕਿਊਬਾ ਤੇ ਅਮਰੀਕਾ ਵਿਚਾਲੇ ਵਧ ਰਹੇ ਤਣਾਅ ਦੇ ਮੱਦੇਨਜ਼ਰ ਕਿਊਬਾ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਸ ਦਾ ਸਿਆਸੀ ਢਾਂਚਾ ਤੇ ਰਾਸ਼ਟਰਪਤੀ ਦਾ ਅਹੁਦਾ ਕਿਸੇ ਵੀ ਗੱਲਬਾਤ ਦਾ ਹਿੱਸਾ ਨਹੀਂ ਹੋ ਸਕਦਾ। ਅਮਰੀਕਾ ਤੋਂ ਇਹ ਸੰਕੇਤ ਮਿਲ ਰਹੇ ਸਨ ਕਿ ਉਹ ਕਿਊਬਾ ਦੇ ਰਾਸ਼ਟਰਪਤੀ ਮਿਗੁਏਲ ਡੀਏਜ਼ ਕੈਨੇਲ ਨੂੰ ਅਹੁਦੇ ਤੋਂ ਹਟਾਉਣ ਦੀ ਸ਼ਰਤ 'ਤੇ ਸਮਝੌਤਾ ਚਾਹੁੰਦਾ ਹੈ। ਕਿਊਬਾ ਦੇ ਉਪ ਵਿਦੇਸ਼ ਮੰਤਰੀ ਕਾਰਲੋਸ ਫਰਨਾਂਡਿਜ਼ ਡੀ ਕੋਸਿਓ ਨੇ ਕਿਹਾ ਕਿ ਕਿਊਬਾ ਦੀ ਰਾਜਨੀਤਕ ਪ੍ਰਣਾਲੀ ਤੇ ਰਾਸ਼ਟਰਪਤੀ ਅਹੁਦਾ ਗੱਲਬਾਤ ਦਾ ਵਿਸ਼ਾ ਨਹੀਂ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਲਗਾਈਆਂ ਗਈਆਂ ਤੇਲ ਪਾਬੰਦੀਆਂ ਕਾਰਨ ਕਿਊਬਾ ਗੰਭੀਰ ਆਰਥਿਕ ਸੰਕਟ ਦਾ ਸਾਹਮਣਾ ਕਰ ਰਿਹਾ ਹੈ।

# 'ਸਰਵੋਤਮ ਸਾਹਿਤਕਾਰ ਐਵਾਰਡ-2026' ਹਰਚੰਦ ਸਿੰਘ ਬਾਗੜੀ ਨੂੰ



**ਸਰੀ:** ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਵੱਲੋਂ ਹਰ ਸਾਲ ਵਾਂਗ ਸਾਲਾਨਾ ਸਮਾਗਮ ਮਿਤੀ 28 ਮਾਰਚ ਨੂੰ ਦੁਪਹਿਰ 1:00 ਵਜੇ ਸ਼ਾਹੀ ਕੇਟਰਿੰਗ ਦੇ ਉਪਰਲੇ ਹਾਲ 'ਚ ਕਰਵਾਇਆ ਜਾਵੇਗਾ, ਜੋ 128 ਸਟ੍ਰੀਟ ਅਤੇ 85 ਐਵੇਨੀਉ 'ਤੇ ਸਥਿਤ ਹੈ। ਇਹ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰਧਾਨ ਪ੍ਰਿਤਪਾਲ ਸਿੰਘ ਗਿੱਲ ਅਤੇ ਮੀਤ ਪ੍ਰਧਾਨ ਸੁਰਜੀਤ ਸਿੰਘ ਮਾਧੋਪੁਰੀ ਨੇ ਦੱਸਿਆ ਕਿ ਸਭਾ ਵੱਲੋਂ ਸਰਵੋਤਮ ਸਾਹਿਤਕਾਰ ਐਵਾਰਡ -2026 ਪ੍ਰਸਿੱਧ ਸਾਹਿਤਕਾਰ ਹਰਚੰਦ ਸਿੰਘ ਬਾਗੜੀ ਨੂੰ ਪ੍ਰਦਾਨ ਕੀਤਾ ਜਾਵੇਗਾ। ਇਸ ਸਮਾਗਮ ਦਾ ਦਾਖਲਾ ਮੁਫ਼ਤ ਹੋਵੇਗਾ ਅਤੇ ਹਾਜ਼ਰੀਨ ਲਈ ਚਾਹ-ਪਾਣੀ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ।

ਇਸ ਮੌਕੇ ਕਵੀ ਦਰਬਾਰ ਵੀ ਹੋਵੇਗਾ। ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਇਸ ਸਮਾਗਮ 'ਚ ਪਹੁੰਚਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।- **ਕੁਲਵੰਤ ਸਹੋਤਾ**


Corporate NMLS# 68434
AZ License# BK-0945946



Sistar Mortgage
A Nationwide Lender

Balbir (Bill) Grewal
MORTGAGE LOAN OFFICER
NMLS# 353442

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

T B F
THE BAINS FIRM



Manpreet S. Bains

Personal Injury and Wrongful Death Attorneys

Case Results*

$10 MILLION
Motorcycle vs. Truck Collision


$8 MILLION
Wrongful Death

$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results




WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com

Homeopathicvibes

Harminder Singh Gill
Homeopathic Consultant and Practitioner



D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com
We sell and ship homeopathic remedies through out North America.

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ
DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ
ਨਵੀਂ ਲੋਕੇਸ਼ਨ STOCKTON ਵਿਚ
HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਸਾਰੀਆਂ ਧੜੇਬੰਦੀਆਂ ਖ਼ਤਮ ਕਰ ਕੇ ਲਿਆਓ ਅਕਾਲੀ ਦਲ ਦੀ ਸਰਕਾਰ: ਸੁਖਬੀਰ

**ਕਲਾਨੌਰ:** ਸਰਹੱਦੀ ਜ਼ਿਲ੍ਹਾ ਗੁਰਦਾਸਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਸੁੱਚਾ ਸਿੰਘ ਲੰਗਾਹ ਵੱਲੋਂ ਸ਼ਨਿਚਰਵਾਰ ਨੂੰ ਅਨਾਜ ਮੰਡੀ ਕਲਾਨੌਰ 'ਚ 'ਪੰਜਾਬ ਬਚਾਓ ਰੈਲੀ' ਕਰਵਾਈ ਗਈ, ਜਿਸ 'ਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਾਬਕਾ ਉਪ ਮੁੱਖ ਮੰਤਰੀ ਪੰਜਾਬ ਹਾਜ਼ਰ ਹੋਏ। ਰੈਲੀ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਡਾ. ਦਲਜੀਤ ਸਿੰਘ ਚੀਮਾ, ਗੁਰਬਚਨ ਸਿੰਘ ਬੱਬੇਹਾਲੀ, ਹੀਰਾ ਸਿੰਘ ਗਾਬੜੀਆ, ਲਖਬੀਰ ਸਿੰਘ ਲੋਧੀ ਨੰਗਲ, ਕੈਪਟਨ ਬਲਬੀਰ ਸਿੰਘ ਬਾਠ ਵੱਲੋਂ ਵੀ ਸ਼ਾਮਲ ਹੋ ਕੇ ਸੰਬੋਧਨ ਕੀਤਾ।



ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਦੀ ਸੱਤਾ 'ਤੇ ਪੰਜ ਵਾਰ ਕਾਂਗਰਸ ਦੇ ਮੁੱਖ ਮੰਤਰੀ ਬਣੇ, ਹੁਣ ਤੱਕ ਕਿਸੇ ਨੇ ਵੀ ਪੰਜਾਬ ਦੇ ਹੱਕਾਂ ਲਈ ਗੱਲ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਅਜੇ ਵੀ ਯੂਪੀ, ਬਿਹਾਰ, ਹਿਸਾਰ ਵਿੱਚ ਅਜੇ ਵੀ ਅਨਾਜ ਮੰਡੀਆਂ ਕੱਚੀਆਂ ਹਨ ਅਤੇ ਕਣਕ-ਝੋਨੇ 'ਤੇ ਕੋਈ ਐੱਮਐੱਸਪੀ ਨਹੀਂ ਹੈ। ਜਦਕਿ ਸ਼੍ਰੋਮਣੀ ਅਕਾਲੀ ਦਲ ਨੇ ਮੋਰਚੇ ਲਾ ਕੇ ਕਣਕ ਝੋਨੇ ਦੀ ਫ਼ਸਲ ਤੇ ਐੱਮਐੱਸਪੀ ਲਾਗੂ ਕਰਵਾਈ ਹੈ।

ਉਨ੍ਹਾਂ ਅਪੀਲ ਕੀਤੀ ਕਿ ਸਾਰੀਆਂ ਪਾਰਟੀਆਂ ਵਾਲੇ ਆਪਣੀਆਂ ਧੜੇਬੰਦੀਆਂ ਛੱਡ ਕੇ ਅਕਾਲੀ ਦਲ ਨੂੰ ਮਜਬੂਤ ਕਰਕੇ ਆਉਣ ਵਾਲੇ ਸਮੇਂ ਵਿੱਚ ਪੰਜਾਬ 'ਚ ਅਕਾਲੀ ਦਲ ਦੀ ਸਰਕਾਰ ਬਣਾਓ। ਲੰਗਾਹ ਤੇ ਸੁਖਜਿੰਦਰ ਸਿੰਘ ਸੋਨੂੰ ਲੰਗਾਹ ਵੱਲੋਂ ਸੁਖਬੀਰ ਬਾਦਲ ਨੂੰ 11 ਲੱਖ ਰੁਪਏ ਦੀ ਥੈਲੀ ਅਤੇ ਗੁਰਜ ਭੇਟ ਕੀਤਾ ਗਿਆ। ਇਸ ਮੌਕੇ ਸੁਖਬੀਰ ਸਿੰਘ ਵਾਹਲਾ, ਹਰਬੰਸ ਸਿੰਘ ਸਿੱਧਵਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਵਿੰਦਰ ਸਿੰਘ ਗੋਰਾ, ਸ਼੍ਰੋਮਣੀ ਕਮੇਟੀ ਮੈਂਬਰ ਜਸਬੀਰ ਕੌਰ ਜਫਰਵਾਲ, ਰਛਪਾਲ ਸਿੰਘ ਢਿੱਲੋਂ, ਪਲਵਿੰਦਰ ਸਿੰਘ ਲੰਬੜਦਾਰ, ਸ਼ਮਸ਼ੇਰ ਸਿੰਘ ਚੀਮਾ, ਜਰਨੈਲ ਸਿੰਘ ਲੌਂਗੋਵਾਲ ਮੌਜੂਦ ਸਨ।


## ਮਠਿਆਈ ਵਾਲਾ ਕਾਰੀਗਰ, ਹੈਲਪਰ ਅਤੇ ਕਾਊਂਟਰ ਸਾਂਭਣ ਲਈ ਵਰਕਰ ਦੀ ਲੋੜ ਹੈ।

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲਾ ਕਾਰੀਗਰ, ਹੈਲਪਰ ਅਤੇ ਕਾਊਂਟਰ ਦਾ ਕੰਮ ਸੰਭਾਲਣ ਵਾਲੇ ਵਰਕਰ ਚਾਹੀਦੇ ਹਨ।

*ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਚਾਹਵਾਨ ਸੰਪਰਕ ਕਰੋ:

ਮੁਖਤਿਆਰ ਸਿੰਘ, ਫੋਨ: 713-884-9547

ਸੁਖਦੇਵ ਸਿੰਘ, ਫੋਨ: 832-724-1635

## ਸ਼ੈਫ ਅਤੇ ਤੰਦੂਰੀਏ ਦੀ ਫੌਰੀ ਲੋੜ ਹੈ

ਮਰਫਰੀਸਬੋਰੋ (ਟੈਨੇਸੀ) ਵਿਚ ਭਾਰਤੀ ਰੈਸਟੋਰੈਂਟ ਲਈ ਸ਼ੈਫ ਅਤੇ ਤੰਦੂਰੀਏ ਦੀ ਫੌਰੀ ਲੋੜ ਹੈ।

* ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼ ਅਤੇ ਖਾਣਾ

* ਜੋੜੇ ਨੂੰ ਪਹਿਲ

## Restaurant Help Wanted

Immediately hiring Chef and Tandoori Chef for Indian restaurant in Murfreesboro, TN.

*Good salary, free accommodation & Food. * Priority to Couples

ਸੰਪਰਕ ਕਰੋ: ਗੁਰਇਕਬਾਲ ਸਿੰਘ

Direct call or What's up call 615-482-5158

## ਇੰਡੀਅਨ ਰੈਸਟੋਰੈਂਟ ਲਈ ਫੌਰੀ ਵਰਕਰਾਂ ਦੀ ਲੋੜ ਹੈ

ਅਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਵਿਚ ਕੰਮ ਕਰਨ ਵਾਲੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ।

*ਚੰਗੀ ਤਨਖਾਹ, ਖਾਣਾ ਤੇ ਰਿਹਾਇਸ਼ ਫਰੀ

ਚਾਹਵਾਨ ਕਾਲ ਕਰੋ:

ਕਾਲ ਮਿ. ਸਿੰਘ

ਫੋਨ: 515-291-1961


# Matrimonials

## ਲੜਕੇ ਦੀ ਲੋੜ ਹੈ

Amritdhari SF Bay Area family is seeking a suitable match for their Amrtidhari, vegetarian USA born 32 years, height 5' 4" daughter. She has earned a Bachelor of Science and Masters in Public Health and currently working. Please contact parents at (818) 390-2315

10-13

Panjabi Brahmin family invites matrimonial alliance for their welleducated and accomplished daughter who is a Canadian citizen living in Vancouver, born in 1995, height of 5'6". She has completed her bachelor's degree in Software Engineering and Master's in Management Analytics, is presently wellsettled professionally, and working with a reputed leading North American organization.We seek a suitable, welleducated Hindu Brahmin boy who is a vegetarian with good family values, preferably settled in Canada or the US. Email: sharmavancouver33@gmail.com

10-13

Jat Sikh family looking for a compatible US citizen match for their daughter, age 27, height 5' 5". She has done Masters in computer and information system and working as a business system analyst at manufacturing company. Please contact us at 262-716-2016 or 262-716-5859 or Email- karan2@sbcglobal.net

## ਲੜਕੀ ਦੀ ਲੋੜ ਹੈ

ਅਮਰੀਕਾ ਵਿਚ ਸਥਾਪਤ ਨਾਈ ਸਿੱਖ ਪਰਿਵਾਰ ਨੂੰ ਆਪਣੇ ਗ੍ਰੀਨ ਕਾਰਡ ਹੋਲਡਰ, ਉਮਰ, 27 ਸਾਲ, ਕੱਦ 6 ਫੁੱਟ ਦੋ ਇੰਚ, ਪੁੱਤਰ ਲਈ ਪੜ੍ਹੀ-ਲਿਖੀ, ਸੋਹਣੀ, ਸਿਆਣੀ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਮਕੈਨੀਕਲ ਇੰਜੀਨੀਅਰ ਦੀ ਡਿਗਰੀ ਕਰਕੇ ਨਾਮੀ ਕੰਪਨੀ ਵਿੱਚ ਕੰਮ ਕਰਦਾ ਹੈ। ਹੈ। ਲੜਕਾ ਕੇਸਧਾਰੀ ਹੈ ਅਤੇ ਪੱਗ ਬੰਨ੍ਹਦਾ ਹੈ। USA ਦੀ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਚਾਹਵਾਨ ਸੰਪਰਕ ਕਰਨ। 475-777-4778 ਜਾਂ ਈਮੇਲ mangatguropinder@gmail.com

13-16

Gursikh Family from USA is looking for educated, vegetarian, amritdhari, family oriented GURSIKH singhnee who wears Keski (or willing to do so) & is open to relocating to San Francisco Bay Area, for their son. SINGH is 5'11' tall, Amritdhari, 38 years, Master Degree from USA, WELL SETTLED, having own home, Green Card filed & is living in USA since 2009. Currently working as SENIOR software product leader in CALIFORNIA. Singh is an innocent issueless divorcee(short marriage) and is looking for a fresh start. PREFERENCE will be given to girls living in USA/CANADA but also open to sponsorship for right match from other countries. For more details, DIAL us at +1 (510) 558-5650 or what's app at +91 98993 79442 or email at: singhmat001@gmail.com

11-14

ਜੱਟ ਸਿੱਖ ਪਰਿਵਾਰ ਨੂੰ ਆਪਣੇ 25 ਸਾਲਾ ਯੂ ਐਸ ਸਿਟੀਜ਼ਨ ਲੜਕੇ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਬੈਚੂਲਰ ਆਫ ਸਾਇੰਸ ਬਿਜ਼ਨਸ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਫਰਮ ਵਿਚ ਕੰਮ ਕਰ ਰਿਹਾ ਹੈ। ਕੱਦ 5'-8" ਇੰਚ ਹੈ, ਲੜਕੇ ਦਾ ਪੂਰਾ ਪਰਿਵਾਰ ਯੂ ਐਸ ਵਿਚ ਵੈੱਲ ਸੈਟਲਡ ਹੈ। ਪਰਿਵਾਰਕ ਅਤੇ ਯੂ.ਐਸ.ਏ. ਦੀ ਲੜਕੀ ਨੂੰ ਪਹਿਲ ਦਿਤੀ ਜਾਵੇਗੀ। ਚਾਹਵਾਨ ਸੰਪਰਕ ਕਰਨ: 847-845-4866

Ramgarhia Family seeks a suitable match for their USA Born and Raised Non-vegetarian 31 year 5'6.5" Gursikh son. PhD. & working as Chemical Analyst at Pfizer. Girl should be Gursikh and educated. Caste no bar. If you are interested please call us at 224-422-4773.


## SUPER TRAVEL

847-676-9090, 773-465-5566

*E-mail: supertravel2003@live.com*

**Lowest Fares With Excellent Service**

*United Airlines*
*British Airways*

For Emergency Call anytime at 847-436-9010



EARLY BIRD SALE!!!!

*Etihad, Air India, KLM, Lufthansa, Delta, Qatar Airlines.*

Domestic fares available

# ਅਮਰੀਕਾ 'ਚ ਪ੍ਰਵਾਸੀਆਂ ਲਈ ਨਵੀਆਂ ਪ੍ਰੇਸ਼ਾਨੀਆਂ

## .ਗੈਰ ਨਿਵਾਸੀ ਵਪਾਰਕ ਡਰਾਈਵਿੰਗ ਲਾਇਸੈਂਸ ਪਹਿਲੀ ਅਪ੍ਰੈਲ ਤੱਕ ਹੋਣਗੇ ਖ਼ਤਮ

**ਚੰਡੀਗੜ੍ਹ:** ਵੈਸੇ ਤਾਂ ਅਮਰੀਕਾ 'ਚ ਵਸਦੇ ਦੁਨੀਆ ਭਰ ਦੇ ਪ੍ਰਵਾਸੀਆਂ ਲਈ ਅਮਰੀਕਾ ਤੋਂ ਆਈਆਂ ਇਹ ਖ਼ਬਰਾਂ ਝਟਕੇ ਤੋਂ ਘੱਟ ਨਹੀਂ ਹਨ, ਪਰ ਭਾਰਤੀਆਂ ਤੇ ਪੰਜਾਬੀਆਂ ਲਈ ਇਹ ਵਿਸ਼ੇਸ਼ ਤੌਰ 'ਤੇ ਫ਼ਿਕਰ ਵਾਲੀਆਂ ਹਨ, ਕਿਉਂਕਿ ਅਮਰੀਕਾ ਦੇ ਇੰਡੀਆਨਾ ਰਾਜ 'ਚ 1 ਮਾਰਚ ਤੋਂ ਪਹਿਲਾਂ ਜਾਰੀ ਕੀਤੇ ਸਾਰੇ ਨਾਨ- ਡੋਮਿਸਾਈਲਡ ਸੀ. ਡੀ. ਐਲ. (ਗੈਰ ਨਿਵਾਸੀ ਵਪਾਰਕ ਡਰਾਈਵਿੰਗ ਲਾਇਸੈਂਸ) 1 ਅਪ੍ਰੈਲ 2026 ਤੱਕ ਖ਼ਤਮ ਹੋ ਜਾਣਗੇ, ਜਦੋਂ ਕਿ ਦੂਸਰੀ ਖ਼ਬਰ ਫੈਡਰਲ ਅਪੀਲ ਅਦਾਲਤ (ਇਮਟ ਸਰਕਿਟ) 'ਚ 16 ਮਾਰਚ, 2026 ਦੇ ਇਕ ਇਤਿਹਾਸਿਕ ਫ਼ੈਸਲੇ 'ਚ ਟਰੰਪ ਸਰਕਾਰ ਨੂੰ ਵੱਡੀ ਜਿੱਤ ਮਿਲੀ ਹੈ, ਜਿਸ ਨਾਲ ਗ਼ੈਰ ਕਾਨੂੰਨੀ ਪ੍ਰਵਾਸੀਆਂ ਨੂੰ ਤੀਜੇ ਮੁਲਕਾਂ 'ਚ ਡਿਪੋਰਟ ਕਰਨ ਲਈ ਅਮਰੀਕੀ ਨੀਤੀ 'ਤੇ ਲੱਗੀ ਰੋਕ ਹਟਾ ਦਿੱਤੀ ਗਈ ਹੈ। ਹੁਣ ਉਨ੍ਹਾਂ ਵਿਅਕਤੀਆਂ ਨੂੰ ਕੈਮਰੂਨ, ਰਵਾਂਡਾ, ਸਾਊਥ ਸੁਡਾਨ ਵਰਗੇ ਮੁਲਕਾਂ 'ਚ ਭੇਜਿਆ ਜਾ ਸਕਦਾ ਹੈ, ਜਿਨ੍ਹਾਂ ਨਾਲ ਉਨ੍ਹਾਂ ਦਾ ਕੋਈ ਰਿਸ਼ਤਾ ਵੀ ਨਹੀਂ ਹੈ। ਅਦਾਲਤ ਦਾ ਇਹ ਫ਼ੈਸਲਾ ਹੇਠਲੀ ਅਦਾਲਤ ਵਲੋਂ ਇਸ 'ਤੇ ਲਾਈ ਰੋਕ ਨੂੰ ਰੱਦ ਕਰਦਾ ਹੈ। ਜਿਸ ਨਾਲ ਭਾਰਤੀਆਂ ਲਈ ਵੱਡੀ ਮੁਸੀਬਤ ਖੜ੍ਹੀ ਹੋ ਗਈ ਹੈ, ਕਿਉਂਕਿ ਭਾਰਤ ਵਾਪਸੀ ਤੋਂ ਇਨਕਾਰ ਕਰਨ ਵਾਲੇ ਵਿਅਕਤੀ ਵੀ ਹੁਣ ਕਿਸੇ ਤੀਜੇ ਮੁਲਕ 'ਚ ਭੇਜੇ ਜਾ ਸਕਦੇ ਹਨ।




### ਭਾਰਤ, ਏਸ਼ੀਆ ਅਤੇ ਪੰਜਾਬ 'ਤੇ ਅਸਰ

ਆਮ ਤੌਰ 'ਤੇ ਭਾਰਤ ਆਪਣੇ ਨਾਗਰਿਕਾਂ ਨੂੰ ਵਾਪਸ ਲੈਣ ਲਈ ਤਿਆਰ ਹੈ ਅਤੇ 2025 'ਚ ਹੀ ਹਜ਼ਾਰਾਂ ਭਾਰਤੀਆਂ ਨੂੰ ਡਿਪੋਰਟ ਕੀਤਾ ਜਾ ਚੁੱਕਾ ਹੈ, ਪਰ ਇਸ ਨਵੀਂ ਨੀਤੀ ਨਾਲ ਉਨ੍ਹਾਂ ਭਾਰਤੀਆਂ ਲਈ ਮੁਸੀਬਤ ਵਧ ਸਕਦੀ ਹੈ, ਜਿਨ੍ਹਾਂ ਨੂੰ ਭਾਰਤ ਵਾਪਸ ਨਾ ਲੈਣਾ ਚਾਹੇ (ਜਿਵੇਂ ਅਪਰਾਧਿਕ ਰਿਕਾਰਡ ਵਾਲੇ ਜਾਂ ਓਵਰਸਟੇਅ ਵਾਲੇ ਭਾਰਤੀ)। ਪੰਜਾਬ, ਹਰਿਆਣਾ ਅਤੇ ਗੁਜਰਾਤ ਤੋਂ ਆਉਣ ਵਾਲੇ ਲੋਕ ਅਮਰੀਕਾ 'ਚ ਗੈਰ-ਕਾਨੂੰਨੀ ਇਮੀਗ੍ਰੇਸ਼ਨ ਦੇ ਸਭ ਤੋਂ ਵੱਡੇ ਗਰੁੱਪ ਹਨ। 2025 'ਚ ਅਮਰੀਕਾ ਤੋਂ ਡਿਪੋਰਟ ਹੋਏ 332 ਭਾਰਤੀਆਂ 'ਚੋਂ 38 ਫ਼ੀਸਦੀ ਪੰਜਾਬੀ, 33 ਫ਼ੀਸਦੀ ਹਰਿਆਣਵੀ ਅਤੇ 22 ਫ਼ੀਸਦੀ ਗੁਜਰਾਤੀ ਸਨ। ਇਸ ਤੋਂ ਇਲਾਵਾ 2025 'ਚ ਕੁੱਲ 3100 ਤੋਂ ਵੱਧ ਭਾਰਤੀ ਨਾਗਰਿਕ ਡਿਪੋਰਟ ਹੋ ਚੁੱਕੇ ਹਨ ਅਤੇ ਸਰਹੱਦ 'ਤੇ 23,830 ਭਾਰਤੀਆਂ ਨੂੰ ਫੜਿਆ ਗਿਆ। ਏਸ਼ੀਆਈ ਲੋਕਾਂ (ਖ਼ਾਸ ਕਰਕੇ ਭਾਰਤੀ, ਚੀਨੀ ਅਤੇ ਹੋਰਾਂ) ਲਈ ਇਹ ਨੀਤੀ ਡਿਪੋਰਟੇਸ਼ਨ (ਦੇਸ਼ ਨਿਕਾਲਾ) ਤੇਜ਼ ਕਰ ਸਕਦੀ ਹੈ, ਕਿਉਂਕਿ ਉਨ੍ਹਾਂ ਦੇ ਮੁਲਕ ਜੇ ਉਨ੍ਹਾਂ ਨੂੰ ਵਾਪਸ ਲੈਣ ਤੋਂ ਇਨਕਾਰ ਕਰਦੇ ਹਨ ਤਾਂ ਹੁਣ ਉਨ੍ਹਾਂ ਨੂੰ ਤੀਜੇ ਮੁਲਕ 'ਚ ਭੇਜਿਆ ਜਾ ਸਕਦਾ ਹੈ।

### ਟਰੱਕਿੰਗ ਖੇਤਰ ਨੂੰ ਵੱਡਾ ਝਟਕਾ

ਅਮਰੀਕਾ ਦੇ ਇੰਡੀਆਨਾ ਰਾਜ ਦੇ ਗਵਰਨਰ ਮਾਈਕ ਬ੍ਰਾਉਨ ਨੇ 13 ਮਾਰਚ, 2026 ਨੂੰ ਹਾਊਸ ਐਨਰੋਲਡ ਐਕਟ 1200 'ਤੇ ਦਸਤਖ਼ਤ ਕਰ ਦਿੱਤੇ ਹਨ। ਇਸ ਨਾਲ ਵਪਾਰੀ ਡਰਾਈਵਿੰਗ ਲਾਇਸੈਂਸ ਲਈ ਅੰਗਰੇਜ਼ੀ ਭਾਸ਼ਾ 'ਚ ਟੈਸਟ ਲਾਜ਼ਮੀ ਹੋ ਗਿਆ ਹੈ। 1 ਮਾਰਚ ਤੋਂ ਪਹਿਲਾਂ ਜਾਰੀ ਕੀਤੇ ਸਾਰੇ ਨਾਨ-ਡੋਮਿਸਾਈਲਡ ਸੀ. ਡੀ. ਐਲ. 1 ਅਪ੍ਰੈਲ, 2026 ਤੱਕ ਖ਼ਤਮ ਹੋ ਜਾਣਗੇ ਜਦੋਂ ਤੱਕ ਉਨ੍ਹਾਂ ਕੋਲ ਐਚ- 2 ਏ, ਐਚ-2 ਬੀ ਜਾਂ ਈ-2 ਵੀਜ਼ਾ ਨਾ ਹੋਵੇ। ਗ਼ੈਰ-ਕਾਨੂੰਨੀ ਸਥਿਤੀ ਵਾਲਿਆਂ ਦੇ ਲਾਇਸੈਂਸ ਤੁਰੰਤ ਰੱਦ ਹੋਣਗੇ ਤੇ ਜਾਅਲੀ ਲਾਇਸੈਂਸ ਲੈਣਾ ਲੈਵਲ-6 ਦਾ ਗੰਭੀਰ ਜੁਰਮ ਮੰਨਿਆ ਜਾਵੇਗਾ। ਇੰਡੀਆਨਾ ਰਾਜ ਦੀਆਂ ਏਜੰਸੀਆਂ ਨੇ ਆਡਿਟ ਸ਼ੁਰੂ ਕਰ ਦਿੱਤਾ ਹੈ ਤੇ ਹਜ਼ਾਰਾਂ ਲਾਇਸੈਂਸ ਰੱਦ ਕੀਤੇ ਜਾ ਰਹੇ ਹਨ। ਇਹ ਅਮਰੀਕਾ ਫੈਡਰਲ ਗ਼ੈਰ ਵਾਸੀ ਵਪਾਰਕ ਲਾਇਸੈਂਸ ਦੇ ਕਾਨੂੰਨ ਨਾਲ ਮਿਲਦਾ ਹੈ, ਜਿਸ ਨਾਲ ਰੁਜ਼ਗਾਰ ਅਧਿਕਾਰ ਦਸਤਾਵੇਜ਼ ਨੂੰ ਰੱਦ ਕਰ ਦਿੱਤਾ ਗਿਆ ਹੈ। ਹੁਣ ਸਿਰਫ਼ ਖ਼ਾਸ ਵੀਜ਼ਾ ਵਾਲੇ ਹੀ ਯੋਗ ਹਨ। ਸਿਰਫ ਇੰਡੀਆਨਾ ਰਾਜ ਦੇ ਇਸ ਫ਼ੈਸਲੇ ਨਾਲ ਅਮਰੀਕੀ ਟਰੱਕਿੰਗ ਦਾ 5 ਫ਼ੀਸਦੀ ਹਿੱਸਾ ਯਾਨੀ ਲਗਭਗ 2 ਲੱਖ ਪ੍ਰਵਾਸੀ ਡਰਾਈਵਰ ਪ੍ਰਭਾਵਿਤ ਹੋ ਰਹੇ ਹਨ। ਜਦੋਂ ਕਿ ਟੈਕਸਾਸ, ਫਲੋਰੀਡਾ ਵਰਗੇ ਹੋਰ ਰਿਪਬਲਿਕਨ ਰਾਜ ਵੀ ਇਸੇ ਰਾਹ ਤੁਰ ਰਹੇ ਹਨ।

# ਭ੍ਰਿਸ਼ਟਾਚਾਰ ਪ੍ਰਤੀ 'ਆਪ' ਦੀ ਜ਼ੀਰੋ ਟਾਲਰੈਂਸ: ਮਾਨ



**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਭ੍ਰਿਸ਼ਟਾਚਾਰ ਦੇ ਪ੍ਰਤੀ ਆਮ ਆਦਮੀ ਪਾਰਟੀ ਦੀ ਜ਼ੀਰੋ ਟਾਲਰੈਂਸ ਦੀ ਨੀਤੀ ਹੈ। ਜੇਕਰ ਸਾਡਾ ਕੋਈ ਮੰਤਰੀ ਵੀ ਅਜਿਹਾ ਕੰਮ ਕਰਦਾ ਹੈ ਤਾਂ ਉਸ ਖ਼ਿਲਾਫ਼ ਵੀ ਕਾਰਵਾਈ ਹੋਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਇਹ ਸਾਡਾ ਪਹਿਲਾ ਕੇਸ ਨਹੀਂ ਹੈ, ਇਸ ਤੋਂ ਪਹਿਲਾਂ ਦਿੱਲੀ 'ਚ ਵੀ ਸਾਡੀ ਪਾਰਟੀ ਅਜਿਹੇ ਕਈ ਐਕਸ਼ਨ ਲੈਂਦੀ ਰਹੀ ਹੈ। ਉਨ੍ਹਾਂ ਐਕਸ 'ਤੇ ਕਿਹਾ ਕਿ ਪੂਰਾ ਪੰਜਾਬ ਇਕ ਪਰਿਵਾਰ ਹੈ। ਜੇਕਰ ਪੰਜਾਬ 'ਚ ਕੋਈ ਕਾਨੂੰਨ ਤੋੜਦਾ ਹੈ ਤਾਂ ਉਸ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਏਗੀ। ਭਾਵੇਂ ਉਹ ਰਿਸ਼ਤੇਦਾਰ ਹੋਵੇ ਜਾਂ ਪ੍ਰਭਾਵਸ਼ਾਲੀ ਵਿਅਕਤੀ ਜਾਂ ਫਿਰ ਕਿਸੇ ਵੀ ਅਹੁਦੇ 'ਤੇ ਹੋਵੇ। ਭਗਵੰਤ ਮਾਨ ਨੇ ਦਾਅਵਾ ਕੀਤਾ ਕਿ ਸਾਡੀ ਪਾਰਟੀ ਕਿਸੇ ਨੂੰ ਸੁਰੱਖਿਆ ਨਹੀਂ ਦਿੰਦੀ।

# ਯੁੱਧ ਨਾਲ ਪੈਦਾ ਹੋਣ ਵਾਲੀ ਸਥਿਤੀ ਵਿਰੁੱਧ ਇਕਜੁੱਟਤਾ ਜ਼ਰੂਰੀ: ਮੋਦੀ



**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਪੱਛਮੀ ਏਸ਼ੀਆ ਟਕਰਾਅ ਕਾਰਨ ਪੈਦਾ ਹੋਈਆਂ ਮੁਸ਼ਕਿਲ ਵਿਸ਼ਵ ਵਿਆਪੀ ਸਥਿਤੀਆਂ ਲੰਬੇ ਸਮੇਂ ਤੱਕ ਰਹਿਣ ਦੀ ਸੰਭਾਵਨਾ ਹੈ ਤੇ ਉਨ੍ਹਾਂ ਰਾਸ਼ਟਰ ਨੂੰ ਤਿਆਰ ਅਤੇ ਇਕਜੁੱਟ ਰਹਿਣ ਦਾ ਸੱਦਾ ਦਿੱਤਾ ਜਿਵੇਂ ਕਿ ਉਹ ਕੋਵਿਡ-19 ਮਹਾਂਮਾਰੀ ਦੌਰਾਨ ਇਕੱਠੇ ਖੜੇ ਸਨ। ਲੋਕ ਸਭਾ 'ਚ ਇਕ ਬਿਆਨ 'ਚ ਪ੍ਰਧਾਨ ਮੰਤਰੀ ਮੋਦੀ ਨੇ ਭਾਰਤ 'ਚ ਬਾਲਣ,ਖਾਦਾਂ, ਰਾਸ਼ਟਰੀ ਸੁਰੱਖਿਆ ਅਤੇ ਹੋਰ ਖੇਤਰਾਂ ਦੇ ਨਾਲ-ਨਾਲ ਪੱਛਮੀ ਏਸ਼ੀਆ ਖੇਤਰ 'ਚ ਰਹਿਣ ਵਾਲੇ ਆਪਣੇ ਨਾਗਰਿਕਾਂ 'ਤੇ ਪੈਣ ਵਾਲੇ ਪ੍ਰਭਾਵ ਨਾਲ ਸੰਬੰਧਿਤ ਚਿੰਤਾਵਾਂ ਨੂੰ ਸੰਬੋਧਿਤ ਕੀਤਾ, ਸਰਕਾਰ ਦੁਆਰਾ ਚੁੱਕੇ ਗਏ ਕਦਮਾਂ ਦਾ ਵੇਰਵਾ ਦਿੱਤਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਆਮ ਪਰਿਵਾਰਾਂ ਨੂੰ ਘੱਟ ਤੋਂ ਘੱਟ ਮੁਸ਼ਕਿਲ ਦਾ ਸਾਹਮਣਾ ਕਰਨਾ ਪਵੇ ਅਤੇ ਕਿਹਾ ਕਿ ਇਸ ਸੰਕਟ 'ਤੇ ਭਾਰਤ ਦੀ ਸੰਸਦ ਤੋਂ ਇਕ ਸਰਬਸੰਮਤੀ ਨਾਲ ਆਵਾਜ਼ ਦੁਨੀਆ ਜਾਣੀ ਚਾਹੀਦੀ ਹੈ। ਮਨੁੱਖਤਾ ਅਤੇ ਸ਼ਾਂਤੀ ਪ੍ਰਤੀ ਭਾਰਤ ਰੋ ਅਟੱਲ ਵਚਨਬੱਧਤਾ ਦੀ ਪੁਸ਼ਟੀ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ ਵਿ ਗੱਲਬਾਤ ਅਤੇ ਦਾ ਇਕੋ-ਇਕ ਰਸਤਾ ਹੈ ਅਤੇ ਹਰ ਭਾਰਤੀ ਯਤਨ ਤਣਾਅ ਨੂੰ ਘਟਾਉਣ ਅਤੇ ਦੁਸ਼ਮਣੀ ਨੂੰ ਖ਼ਤਮ ਕਰਨ ਵੱਲ ਸੇਧਿਤ ਹੈ।

# ਪੰਜਾਬ ਦੀਆਂ ਜੇਲ੍ਹਾਂ ਦੀ ਹਾਲਤ ਤਰਸਯੋਗ

## ਮਨੁੱਖੀ ਅਧਿਕਾਰ ਕਮਿਸ਼ਨ ਦੀ ਰਿਪੋਰਟ

**ਚੰਡੀਗੜ੍ਹ:** ਪੰਜਾਬ ਦੀਆਂ ਜੇਲ੍ਹਾਂ ਆਪਣੇ ਪ੍ਰਬੰਧਾਂ ਨੂੰ ਲੈ ਕੇ ਪਿਛਲੇ ਲੰਬੇ ਸਮੇਂ ਤੋਂ ਸਵਾਲਾਂ 'ਚ ਘਿਰੀਆਂ ਹੋਈਆਂ ਹਨ। ਹਾਲਾਂਕਿ ਸਾਰੀਆਂ ਹੀ ਸਰਕਾਰਾਂ ਇਹ ਦਾਅਵਾ ਕਰਦੀਆਂ ਆ ਰਹੀਆਂ ਹਨ ਕਿ ਜੇਲ੍ਹਾਂ 'ਚ ਸੁਰੱਖਿਆ ਤੇ ਨਿਗਰਾਨੀ ਦੀ ਕੋਈ ਘਾਟ ਨਹੀਂ ਹੈ। ਦੂਜੇ ਪਾਸੇ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਵਿਧਾਨ ਸਭਾ 'ਚ ਪੇਸ਼ ਕੀਤੀ ਗਈ ਰਿਪੋਰਟ ਇਸ ਤੋਂ ਉਲਟ ਸੰਕੇਤ ਦਿੰਦੀ ਨਜ਼ਰ ਆ ਰਹੀ ਹੈ। ਰਿਪੋਰਟ ਮੁਤਾਬਕ ਜੇਲ੍ਹਾ 'ਚ ਹੋਈਆਂ ਹਿਰਾਸਤੀ ਮੌਤਾਂ ਪਿੱਛੇ ਨਿਗਰਾਨੀ ਤੇ ਪ੍ਰਸ਼ਾਸਨਿਕ ਲਾਪਰਵਾਹੀ ਸਾਹਮਣੇ ਆ ਰਹੀ ਹੈ। ਕਈ ਮਾਮਲਿਆਂ 'ਚ ਕਮਿਸ਼ਨ ਨੇ ਪੀੜਤਾਂ ਨੂੰ ਸਰਕਾਰ ਤੋਂ ਮੁਆਵਜ਼ਾ ਵੀ ਦਿਵਾਇਆ ਹੈ। ਜੇਲ੍ਹ ਪ੍ਰਸ਼ਾਸਨ ਖ਼ੁਦ ਵੀ ਇਸ ਗੱਲ ਨੂੰ ਮੰਨਦਾ ਰਿਹਾ ਹੈ ਕਿ ਕਈ ਤਰ੍ਹਾਂ ਦੀਆਂ ਢਾਂਚਾਗਤ ਪਰੇਸ਼ਾਨੀਆਂ ਤੇ ਸਟਾਫ ਦੀ ਘਾਟ ਕਾਰਨ ਜੇਲ੍ਹਾਂ 'ਚ ਬੰਦੀਆਂ ਨਾਲ ਵਾਧ-ਘਾਟ ਹੁੰਦੀ ਹੈ। ਜੇਲ੍ਹਾਂ 'ਚ ਕੈਦੀਆਂ ਵੱਲੋਂ ਇਕ ਦੂਜੇ ਦੇ ਕਤਲ ਤੇ ਜਾਨਲੇਵਾ ਹਮਲਿਆਂ ਦੇ ਮਾਮਲੇ ਵੀ ਵਾਪਰ ਚੁੱਕੇ ਹਨ। ਸਾਲ 2016 'ਚ ਕੇਂਦਰੀ ਜੇਲ ਫ਼ਰੀਦਕੋਟ 'ਚ ਮੋਗਾ ਦੇ ਇਕ ਨੌਜਵਾਨ ਨੇ ਖ਼ੁਦਕੁਸ਼ੀ ਕਰ ਲਈ ਸੀ। ਉਸ ਮੌਤ ਪਿੱਛੇ ਵੀ ਅਜਿਹੇ ਹੀ ਕਾਰਨ ਦੱਸੇ ਗਏ ਸਨ। ਜੇਲ੍ਹਾਂ 'ਚ ਕੈਦੀ ਵੱਖਰੇ ਤਰੀਕੇ ਦਾ ਤਣਾਅ ਸਹਿੰਦੇ ਹਨ ਤੇ ਇਸੇ ਕਾਰਨ ਉਹ ਕਈ ਵਾਰ ਖ਼ੌਫ਼ਨਾਕ ਕਦਮ ਚੁੱਕਦੇ ਹਨ। ਸੂਬੇ ਦੀਆਂ ਸਾਰੀਆਂ ਜੇਲ੍ਹਾਂ 'ਚ ਸਮਰੱਥਾ ਤੋਂ ਵੱਧ ਕੈਦੀ ਬੰਦ ਹਨ। ਲੁਧਿਆਣਾ ਅਤੇ ਬਠਿੰਡਾ ਦੀਆਂ ਜੇਲ੍ਹਾਂ 'ਚ ਕੈਦੀਆਂ ਦੀ ਭੀੜ ਜ਼ਿਆਦਾ ਹੈ। ਇਕ ਰਿਪੋਰਟ ਮੁਤਾਬਕ ਮੌਜੂਦਾ ਸਮੇਂ ਪੰਜਾਬ ਦੀਆਂ ਜੇਲ੍ਹਾਂ 'ਚ 36000 ਤੋਂ 38000 ਤੱਕ ਕੈਦੀ ਬੰਦ ਹਨ। ਸਰਕਾਰੀ ਅੰਕੜਿਆਂ ਮੁਤਾਬਕ ਇਹ ਗਿਣਤੀ ਜੇਲ੍ਹਾਂ 'ਚ ਕੈਦੀ ਰੱਖਣ ਦੀ ਸਮਰੱਥਾ ਤੋਂ ਕਿਤੇ ਵੱਧ ਹੈ। ਇਨ੍ਹਾਂ 'ਚ 83 ਫ਼ੀਸਦ ਤੋਂ ਵੱਧ ਉਹ ਮੁਲਜ਼ਮ ਹਨ, ਜਿਹੜੇ ਅੰਡਰਟਰਾਇਲ ਹਨ। ਸਿਰਫ਼ 17-18 ਫ਼ੀਸਦ ਕੈਦੀ ਹੀ ਸਜ਼ਾ ਕੱਟ ਰਹੇ ਹਨ। ਹੈਰਾਨੀ ਵਾਲੀ ਗੱਲ ਹੈ ਕਿ ਕਈਆਂ ਦਾ ਲੰਬੇ ਸਮੇਂ ਤੋਂ ਅਦਾਲਤਾਂ 'ਚ ਟਰਾਇਲ ਚੱਲ ਰਿਹਾ ਹੈ। ਅਜਿਹੇ ਕੈਦੀਆਂ ਨੂੰ ਇਕ ਪ੍ਰਬੰਧ ਅਧੀਨ ਰੱਖਣ ਦਾ ਸਾਰਾ ਬੋਝ ਜੇਲ੍ਹ ਅਮਲੇ 'ਤੇ ਪੈਂਦਾ ਹੈ। ਔਰਤ ਤੇ ਮਰਦ ਕੈਦੀਆਂ ਨੂੰ ਜੇਲ੍ਹ 'ਚ ਰੱਖਣ ਦੀਆਂ ਚੁਣੌਤੀਆਂ ਵੀ ਵੱਖੋ-ਵੱਖ ਹਨ। ਜੇਲ੍ਹਾਂ ਦੇ ਅੰਦਰ ਹੋਣ ਵਾਲੇ ਅਪਰਾਧ ਜੇਲ੍ਹ ਪ੍ਰਸ਼ਾਸਨ ਨੂੰ ਵੱਖਰੇ ਨਜਿੱਠਣੇ ਪੈਂਦੇ ਹਨ। ਪੰਜਾਬ ਦੀਆਂ ਜੇਲ੍ਹਾਂ 'ਚ ਅੱਧੇ ਤੋਂ ਵੱਧ ਕੈਦੀ ਐੱਨਡੀਪੀਐੱਸ ਕੇਸਾਂ 'ਚ ਬੰਦ ਹਨ। ਇਸ ਤੋਂ ਇਲਾਵਾ ਉਹ ਕੈਦੀ ਹਨ, ਜਿਹੜੇ ਕਤਲ ਤੇ ਹੋਰ ਮਾਮਲਿਆਂ ਕਾਰਨ ਜੇਲ੍ਹ 'ਚ ਹਨ। ਅਸਲ 'ਚ ਜੇਲ੍ਹਾਂ 'ਚ ਬੰਦ 'ਕੈਦੀ ਸਿੱਧੇ ਤਰੀਕੇ ਨਾਲ ਕਾਨੂੰਨੀ ਪ੍ਰਕਿਰਿਆਵਾਂ ਨਾਲ ਜੁੜੇ ਹੋਏ ਹਨ। ਇਨਸਾਫ਼ ਦੇਣ 'ਚ ਲੱਗੀਆਂ ਅਦਾਲਤਾਂ ਦੀ ਲੇਟ ਲਤੀਫੀ ਵੀ ਜੇਲ੍ਹਾਂ 'ਚ ਕੈਦੀਆਂ ਨੂੰ ਡੱਕ ਕੇ ਰੱਖਣ ਲਈ ਵੱਡੀ ਭੂਮਿਕਾ ਨਿਭਾਉਂਦੀਆਂ ਹਨ। ਦੇਰੀ ਨਾ ਹੋਣ ਵਾਲੀ ਮਾਮਲਿਆਂ ਦੀ ਸੁਣਵਾਈ, ਪੁਲਿਸ ਵੱਲੋਂ ਮੁਲਜ਼ਮਾਂ ਨੂੰ ਸਮੇਂ ਸਿਰ ਅਦਾਲਤਾਂ 'ਚ ਪੇਸ਼ ਨਾ ਕਰਨਾ ਅਤੇ ਉਨ੍ਹਾਂ ਨੂੰ ਜ਼ਮਾਨਤ ਮਿਲਣ 'ਚ ਦੇਰੀ ਵੀ ਜੇਲ੍ਹਾਂ 'ਤੇ ਭਾਰ ਵਧਾਉਂਦੀ ਹੈ। ਜੇਲ੍ਹਾਂ ਅੰਦਰ ਨਿਗਰਾਨੀ ਦੀ ਘਾਟ ਕਈ ਮਾਮਲਿਆਂ 'ਚ ਕੈਦੀਆਂ ਨੂੰ ਸੁਧਾਰਨ ਦੀ ਥਾਂ, ਉਨ੍ਹਾਂ ਨੂੰ ਪਹਿਲਾਂ ਨਾਲੋਂ ਵੀ ਵੱਧ ਖ਼ਤਰਨਾਕ ਬਣਾ ਕੇ ਬਾਹਰ ਭੇਜਦੀ ਹੈ। ਵਿਧਾਨ ਸਭਾ 'ਚ ਪੇਸ਼ ਕੈਗ ਦੀ ਰਿਪੋਰਟ ਵੀ ਇਹ ਦਾਅਵਾ ਕਰ ਰਹੀ ਹੈ ਕਿ ਸੂਬੇ ਦੀਆਂ ਜੇਲ੍ਹਾਂ 'ਚ ਵਧ ਰਹੀ ਕੈਦੀਆਂ ਦੀ ਭੀੜ ਉਨ੍ਹਾਂ ਦੀ ਜ਼ਿੰਦਗੀ ਲਈ ਖ਼ਤਰਾ ਬਣ ਰਹੀ ਹੈ। ਦੁਨੀਆ ਨਾਲੋਂ ਹਰ ਪਾਸਿਓਂ ਟੁੱਟੇ ਕੈਦੀਆਂ ਦੀ ਮਾਨਸਿਕਤਾ ਨੂੰ ਸਮਝਣ ਤੇ ਉਨ੍ਹਾਂ ਨੂੰ ਸਹੀ ਰਸਤੇ ਪਾਉਣ ਦੀ ਲੋੜ ਹੈ। ਜੇਲ੍ਹਾਂ 'ਚ ਕੈਦੀਆਂ ਦੀ ਗਿਣਤੀ 'ਤੇ ਕਾਬੂ ਪਾਉਣ ਤੇ ਉਨ੍ਹਾਂ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਜੇਲ੍ਹ ਪ੍ਰਸ਼ਾਸਨ ਤੇ ਸਰਕਾਰ ਨੂੰ ਪਾਰਦਰਸ਼ਤੀ ਤਰੀਕੇ ਨਾਲ 'ਕੰਮ ਕਰਨਾ ਚਾਹੀਦਾ ਹੈ। ਜੇਲ੍ਹਾਂ ਨੂੰ ਸੁਧਾਰ ਘਰ ਕਿਹਾ ਜਾਂਦਾ ਹੈ ਤੇ ਸੁਧਾਰ ਇਕੱਲੇ ਦਾਅਵੇ ਕਰ ਕੇ ਨਹੀਂ ਕੀਤਾ ਜਾ ਸਕਦਾ।



# ਅਮਿਤ ਸ਼ਾਹ ਦੇ ਬਿਆਨ ਤੋਂ ਬਾਅਦ ਹੀ ਭੁੱਲਰ ਦੀ ਗ੍ਰਿਫ਼ਤਾਰੀ ਹੋਈ: ਜਾਖੜ



**ਅੰਮ੍ਰਿਤਸਰ:** ਪੰਜਾਬ ਰਾਜ ਗੁਦਾਮ ਨਿਗਮ ਦੇ ਜ਼ਿਲ੍ਹਾ ਮੈਨੇਜਰ ਗਗਨਦੀਪ ਸਿੰਘ ਰੰਧਾਵਾ ਦੇ ਪਰਿਵਾਰ ਨੂੰ ਮਿਲਣ ਪਹੁੰਚੇ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਦੇ ਸੀ. ਬੀ. ਆਈ. ਜਾਂਚ ਸੰਬੰਧੀ ਦਿੱਤੇ ਇਕ ਬਿਆਨ ਤੋਂ ਬਾਅਦ ਡਰ ਕੇ ਲਾਲਜੀਤ ਸਿੰਘ ਭੁੱਲਰ ਦੀ ਗ੍ਰਿਫਤਾਰੀ ਹੋਈ ਹੈ। ਉਨ੍ਹਾਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਵਲੋਂ ਸੀ. ਬੀ. ਆਈ. ਜਾਂਚ ਦੌਰਾਨ ਭੁੱਲਰ ਨੂੰ ਗ੍ਰਿਫਤਾਰ ਕੀਤਾ ਜਾਂਦਾ ਤਾਂ ਉਸ ਕੋਲੋਂ ਕਈ ਸੱਚਾਈਆਂ ਬਾਹਰ ਨਿਕਲ ਆਉਣੀਆਂ ਸਨ। ਇਸ ਲਈ ਪਹਿਲਾਂ ਹੀ ਲਾਲਜੀਤ ਸਿੰਘ ਭੁੱਲਰ ਨੂੰ ਗ੍ਰਿਫਤਾਰ ਕਰ ਲਿਆ। ਉਨ੍ਹਾਂ ਕਿਹਾ ਕਿ ਇਕ ਪਾਸੇ ਭੁੱਲਰ ਦੀ ਗ੍ਰਿਫਤਾਰੀ ਨੂੰ ਲੈ ਕੇ ਪੰਜਾਬ ਦੇ ਮੁੱਖ ਮੰਤਰੀ ਕਹਿ ਰਹੇ ਹਨ ਭੁੱਲਰ ਨੂੰ ਗ੍ਰਿਫਤਾਰ ਕਰਕੇ ਪੀੜਤ ਪਰਿਵਾਰ ਨੂੰ ਇਨਸਾਫ਼ ਦਿੱਤਾ ਗਿਆ ਹੈ ਜਦੋਂ ਕਿ ਲਾਲਜੀਤ ਸਿੰਘ ਭੁੱਲਰ ਵਲੋਂ ਆਤਮ ਸਮਰਪਨ ਕਰਨ ਦੀ ਗੱਲ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਮੌਜੂਦਾ ਸਰਕਾਰ ਤੋਂ ਭਾਜਪਾ ਨੂੰ ਇਨਸਾਫ਼ ਦੀ ਕੋਈ ਉਮੀਦ ਨਹੀਂ ਹੈ ਪਰ ਰੰਧਾਵਾ ਪਰਿਵਾਰ ਦੇ ਨਾਲ ਭਾਜਪਾ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਤੋਂ ਇਨਸਾਫ਼ ਦੀ ਕੋਈ ਉਮੀਦ ਨਹੀਂ ਹੈ ਉਹ ਤਾਂ ਜੇਲ੍ਹ ਅੰਦਰੋਂ ਵੀ ਗੈਂਗਸਟਰਾਂ ਦੀਆਂ ਇੰਟਰਵਿਊ ਕਰਾ ਰਹੀ ਹੈ। ਇਸ ਮੌਕੇ ਰਵੀਕਰਨ ਸਿੰਘ ਕਾਹਲੋਂ, ਅਮਰਪਾਲ ਸਿੰਘ ਬੋਨੀ ਅਜਨਾਲਾ, ਸ਼ਵੇਤ ਮਲਿਕ, ਹਰਵਿੰਦਰ ਸਿੰਘ ਸੰਧੂ, ਹਰਜਿੰਦਰ ਸਿੰਘ ਠੇਕੇਦਾਰ, ਸੁਖਮਿੰਦਰ ਸਿੰਘ ਪਿੰਟੂ, ਬਖ਼ਸ਼ੀ ਰਾਮ ਅਰੋੜਾ, ਸੁਨੀਲ ਦੇਵਗਨ, ਪਰਮਜੀਤ ਸਿੰਘ ਚੋਪੜਾ ਆਦਿ ਮੌਜੂਦ ਸਨ।

**ਸੁਨੀਲ ਜਾਖੜ ਨੇ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਸੀ. ਬੀ. ਆਈ. ਜਾਂਚ ਸੰਬੰਧੀ ਦਿੱਤੇ ਇਕ ਬਿਆਨ ਤੋਂ ਬਾਅਦ ਡਰ ਕੇ ਲਾਲਜੀਤ ਸਿੰਘ ਭੁੱਲਰ ਦੀ ਗ੍ਰਿਫਤਾਰੀ ਹੋਈ ਹੈ।**

# ਵਿਰਾਸਤੀ ਖੇਡ ਮੇਲੇ ਅਤੇ ਪਰਿਵਾਰਕ ਪਿਕਨਿਕ ਦੀਆਂ ਤਿਆਰੀਆਂ ਮੁਕੰਮਲ



**ਫਰਿਜ਼ਨੋ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਜੀ.ਐਚ.ਜੀ. ਅਕੈਡਮੀ ਫਰਿਜ਼ਨੋ ਦੇ ਪ੍ਰਬੰਧਕੀ ਬੋਰਡ, ਯੂਥ ਵਿੰਗ ਅਤੇ ਮਾਪਿਆਂ ਦੀ ਭਰਵੀਂ ਹਾਜ਼ਰੀ ਵਿਚ ਵਿਸ਼ੇਸ਼ ਮੀਟਿੰਗ ਜਸਵੰਤ ਸਿੰਘ ਖਾਲੜਾ ਪਾਰਕ ਵਿਖੇ ਹੋਈ, ਜਿਸ ਵਿਚ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਅਤੇ ਵਿਦੇਸ਼ਾਂ ਵਿਚ ਜਨਮੀ ਨਵੀਂ ਪੀੜ੍ਹੀ ਨੂੰ ਪੰਜਾਬੀਅਤ ਨਾਲ ਜੋੜਨ ਦੀਆਂ ਸਫਲ ਕੋਸ਼ਿਸ਼ਾਂ ਕਰਦੇ ਹੋਏ ਅਕੈਡਮੀ ਵੱਲੋਂ 28 ਮਾਰਚ ਨੂੰ ਜਸਵੰਤ ਸਿੰਘ ਖਾਲੜਾ ਪਾਰਕ ਵਿਖੇ ਹੋਣ ਵਾਲੇ ਵਿਰਾਸਤੀ ਖੇਡ ਮੇਲੇ ਅਤੇ ਪਰਿਵਾਰਕ ਪਿਕਨਿਕ ਸੰਬੰਧੀ ਵਿਚਾਰਾਂ ਕੀਤੀਆਂ ਗਈਆਂ। ਬੁਲਾਰਿਆਂ ਨੇ ਆਪਣੇ ਵਡਮੁੱਲੇ ਵਿਚਾਰ ਪੇਸ਼ ਕੀਤੇ ਅਤੇ ਸਭ ਨੇ ਤਿਆਰੀਆਂ ਸਬੰਧੀ ਪੂਰਨ ਤਸੱਲੀ ਪ੍ਰਗਟਾਈ।

ਇਸ ਖੇਡ ਮੇਲੇ ਦੌਰਾਨ ਪਿਛਲੇ ਚਾਰ ਹਫ਼ਤਿਆਂ ਤੋਂ ਵੱਡੀ ਗਿਣਤੀ ਵਿਚ ਵਿਰਾਸਤੀ ਖੇਡਾਂ ਦੀ ਸਿੱਖਿਆ ਲੈ ਰਹੇ ਬੱਚੇ ਖੇਡਾਂ ਦਾ ਪ੍ਰਦਰਸ਼ਨ ਕਰਨ ਦੇ ਨਾਲ-ਨਾਲ ਸੈਂਕੜੇ ਹੋਰ ਬੱਚਿਆਂ ਨੂੰ ਵੀ ਵਿਰਾਸਤੀ ਖੇਡਾਂ ਦੀਆਂ ਬਰੀਕੀਆਂ ਤੋਂ ਜਾਣੂ ਕਰਵਾਉਣਗੇ। ਮੇਲੇ ਦਾ ਦਾਖਲਾ ਬਿਲਕੁਲ ਮੁਫ਼ਤ ਹੋਵੇਗਾ ਅਤੇ ਸਾਰਾ ਦਿਨ ਗੁਰੂ ਦੇ ਲੰਗਰ ਅਤੁੱਟ ਵਰਤਣਗੇ। ਸਕਿਉਰਿਟੀ ਦਾ ਪੁਖਤਾ ਪ੍ਰਬੰਧ ਹੋਵੇਗਾ। ਰੱਸਾਕਸ਼ੀ ਦਾ ਮੁਕਾਬਲਾ ਹਰ ਸਾਲ ਵਾਂਗ ਰੌਚਕ ਹੋਵੇਗਾ। ਜੈਕਾਰਾ ਮੂਵਮੈਂਟ ਵੱਲੋਂ ਡਾਕਟਰ ਗੁਰਿੰਦਰ ਨਰਾਇਣ ਦੀ ਅਗਵਾਈ ਵਿਚ ਮੁਫਤ ਡਾਕਟਰੀ ਕੈਂਪ ਲਗਾਇਆ ਜਾਵੇਗਾ।

ਸਮੁੱਚੇ ਪੰਜਾਬੀ ਭਾਈਚਾਰੇ ਨੂੰ ਅਪੀਲ ਹੈ ਕਿ ਆਪਣੇ ਬੱਚਿਆਂ ਨੂੰ ਸੱਭਿਆਚਾਰ ਅਤੇ ਵਿਰਾਸਤੀ ਜੜ੍ਹਾਂ ਨਾਲ ਜੋੜਨ ਲਈ ਪਰਿਵਾਰਾਂ ਸਮੇਤ ਇਸ ਮੇਲੇ ਵਿਚ ਪਹੁੰਚੋ ਅਤੇ ਅਕੈਡਮੀ ਦਾ ਹਿੱਸਾ ਬਣਾਓ ਕਿਉਂਕਿ ਖੇਡਾਂ ਦੇ ਮੈਦਾਨ ਵਿਚੋਂ ਹੀ ਚੈਂਪੀਅਨ ਬਣਦੇ ਹਨ ਅਤੇ ਸੁਪਨੇ ਉਡਾਣ ਭਰਦੇ ਹਨ। ਪ੍ਰਬੰਧਕਾਂ ਅਨੁਸਾਰ ਤੁਹਾਡੀ ਹਾਜ਼ਰੀ ਤੁਹਾਡੇ ਆਪਣੇ ਹੀ ਬੱਚਿਆਂ ਦਾ ਹੌਸਲਾ ਵਧਾਏਗੀ।

ਖੇਡ ਮੇਲੇ ਦੀ ਵਧੇਰੇ ਜਾਣਕਾਰੀ ਲਈ ਗੁਰਦੀਪ ਸਿੰਘ ਸ਼ੇਰਗਿੱਲ (559)-349-1481, ਸੁਖਪ੍ਰੀਤ ਸਿੰਘ ਧਾਲੀਵਾਲ (559)-321-4591 ਜਾਂ ਜਸਪ੍ਰੀਤ ਸਿੰਘ ਸਿੱਧੂ (559)-274-6841 ਨਾਲ ਸੰਪਰਕ ਕਰ ਸਕਦੇ ਹੋ।

# ਈਰਾਨ ਦਾ ਵਫ਼ਾਦਾਰ ਦੋਸਤ ਹੈ ਰੂਸ: ਪੁਤਿਨ

**ਮਾਸਕੋ**:ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਨਵਰੋਜ਼ ਮੌਕੇ ਈਰਾਨੀ ਆਗੂਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਮਾਸਕੋ ਤਹਿਰਾਨ ਦਾ ਵਫ਼ਾਦਾਰ ਦੋਸਤ ਤੇ ਭਰੋਸੇਯੋਗ ਸਹਿਯੋਗੀ ਬਣਿਆ ਰਹੇਗਾ। ਹਾਲਾਂਕਿ ਈਰਾਨ ਨੂੰ ਮਾਸਕੋ ਦੇ ਸਮਰਥਨ ਦਾ ਦਾਇਰਾ ਵਿਵਾਦਤ ਹੈ। ਕੁਝ ਈਰਾਨੀ ਸੂਤਰਾਂ ਦਾ ਕਹਿਣਾ ਹੈ ਕਿ 1979 ਦੀ ਕ੍ਰਾਂਤੀ ਵਿਚ ਅਮਰੀਕਾ ਹਮਾਇਤੀ ਸ਼ਾਹ ਦੇ ਸੱਤਾ ਤੋਂ ਬੇਦਖ਼ਲ ਹੋਣ ਤੋਂ ਬਾਅਦ ਈਰਾਨ ਦੇ ਸਭ ਤੋਂ ਵੱਡੇ ਸੰਕਟ ਵਿਚ ਮਾਸਕੋ ਤੋਂ ਉਨ੍ਹਾਂ ਨੂੰ ਕੋਈ ਖ਼ਾਸ ਮਦਦ ਨਹੀਂ ਮਿਲੀ।

ਕੈਮਲਿਨ ਨੇ ਦੱਸਿਆ ਕਿ ਪੁਤਿਨ ਨੇ ਈਰਾਨ ਦੇ ਸਰਬਉੱਚ ਆਗੂ ਅਯਾਤੁੱਲਾ ਮੋਜਤਬਾ ਖਾਮਨੇਈ ਤੇ ਈਰਾਨੀ ਰਾਸ਼ਟਰਪਤੀ ਮਸੂਦ ਪੇਜੇਸ਼ਕੀਆਨ ਨੂੰ ਨਵੇਂ ਸਾਲ ਦੀ ਵਧਾਈ ਭੇਜੀ ਹੈ। ਪੁਤਿਨ ਨੇ ਈਰਾਨੀ ਜਨਤਾ ਵੱਲੋਂ ਮੁਸ਼ਕਲ ਹਾਲਾਤ ਦਾ ਸਨਮਾਨਜਨਕ ਤਰੀਕੇ ਨਾਲ ਸਾਹਮਣਾ ਕਰਨ ਦੀ ਉਮੀਦ ਪ੍ਰਗਟਾਈ। ਰੂਸ ਦਾ ਕਹਿਣਾ ਹੈ ਕਿ ਅਮਰੀਕਾ ਤੇ ਇਜ਼ਰਾਈਲ ਵੱਲੋਂ ਈਰਾਨ 'ਤੇ ਕੀਤੇ ਗਏ ਹਮਲਿਆਂ ਨੇ ਪੂਰੇ ਪੱਛਮੀ ਏਸ਼ੀਆ ਨੂੰ ਡੂੰਘੇ ਸੰਕਟ ਵਿਚ ਧੱਕ ਦਿੱਤਾ ਹੈ ਅਤੇ ਇਕ ਵੱਡਾ ਆਲਮੀ ਊਰਜਾ ਸੰਕਟ ਪੈਦਾ ਕੀਤਾ ਹੈ।

# .ਗ਼ਜ਼ਲ ਮੰਚ ਸਰੀ ਵੱਲੋਂ ਬਲਦੇਵ ਸੀਹਰਾ ਅਤੇ ਜਸਬੀਰ ਚਾਹਲ ਦੀਆਂ ਪੁਸਤਕਾਂ ਲੋਕ ਅਰਪਣ

ਸਰੀ: ਗ਼ਜ਼ਲ ਮੰਚ ਸਰੀ ਵੱਲੋਂ ਬੀਤੇ ਦਿਨੀਂ ਗਿਲਫੋਰਡ ਲਾਇਬਰੇਰੀ ਵਿਖੇ ਸਾਹਿਤਕ ਸਮਾਗਮ ਕਰਵਾਇਆ ਗਿਆ। ਜਿਸ ਵਿਚ ਸ਼ਾਇਰ ਬਲਦੇਵ ਸੀਹਰਾ ਦਾ ਗ਼ਜ਼ਲ ਸੰਗ੍ਰਹਿ 'ਗੁਜ਼ਾਰਿਸ਼' ਅਤੇ ਜਸਬੀਰ ਚਾਹਲ (ਕੈਲਗਰੀ) ਦਾ ਗ਼ਜ਼ਲ ਸੰਗ੍ਰਹਿ 'ਤਨਹਾਈਓਂ ਕੇ ਘੇਰੇ' ਲੋਕ ਅਰਪਿਤ ਕੀਤੇ ਗਏ। ਸਮਾਗਮ ਦੀ ਪ੍ਰਧਾਨਗੀ ਗ਼ਜ਼ਲ ਮੰਚ ਦੇ ਪ੍ਰਧਾਨ ਜਸਵਿੰਦਰ, ਸ਼ਾਇਰ ਬਲਦੇਵ ਸੀਹਰਾ, ਸ਼ਾਇਰ ਜਸਬੀਰ ਚਾਹਲ, ਦਵਿੰਦਰ ਗੌਤਮ ਅਤੇ ਪਾਕਿਸਤਾਨ ਤੋਂ ਆਏ ਵਿਸ਼ੇਸ਼ ਮਹਿਮਾਨ ਡਾ. ਖੋਲਾ ਚੀਮਾ ਨੇ ਕੀਤੀ।

ਸਮਾਗਮ ਦੀ ਸ਼ੁਰੂਆਤ ਅਭਿਸ਼ੇਕ ਵੱਲੋਂ ਆਪਣੀ ਸੁਹਜਮਈ ਆਵਾਜ਼ ਵਿਚ ਦੋਨਾਂ ਸ਼ਾਇਰਾਂ ਦੀਆਂ ਚੋਣਵੀਆਂ ਗ਼ਜ਼ਲਾਂ ਦੀ ਪੇਸ਼ਕਾਰੀ ਨਾਲ ਹੋਈ। ਉਪਰੰਤ ਸ਼ਾਇਰ ਇੰਦਰਜੀਤ ਧਾਮੀ ਨੇ ਗ਼ਜ਼ਲ ਸੰਗ੍ਰਹਿ 'ਗੁਜ਼ਾਰਿਸ਼' ਉੱਪਰ ਆਪਣਾ ਖੋਜ ਭਰਪੂਰ ਪਰਚਾ ਪੜ੍ਹਿਆ। ਉਨ੍ਹਾਂ ਕਿਹਾ ਕਿ ਸੀਹਰਾ ਦੀ ਸ਼ਾਇਰੀ ਵਿਚ ਇਸ਼ਕ ਅਤੇ ਮੁਹੱਬਤ ਜਿਸਮਾਨੀ ਹੱਦਾਂ ਤੋਂ ਪਾਰ ਹੋ ਕੇ ਅਧਿਆਤਮਕ ਅਨੁਭਵ ਬਣ ਜਾਂਦੇ ਹਨ। ਅੱਜ ਦੇ ਮਸ਼ੀਨੀ ਯੁੱਗ ਵਿਚ ਉਨ੍ਹਾਂ ਦੀ ਸ਼ਾਇਰੀ ਬਾਰਿਸ਼ ਤੋਂ ਬਾਅਦ ਮਿੱਟੀ ਦੀ ਖੁਸ਼ਬੂ ਵਰਗੀ ਤਾਜ਼ਗੀ ਪ੍ਰਦਾਨ ਕਰਦੀ ਹੈ। ਦੂਜੇ ਪਰਚੇ ਰਾਹੀਂ ਦਸ਼ਮੇਸ਼ ਗਿੱਲ ਫਿਰੋਜ਼ ਪੁਸਤਕ 'ਤਨਹਾਈਓਂ ਕੇ ਘੇਰੇ' ਬਾਰੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਤਨਹਾ ਸਾਹਿਬ ਵਰਗੇ ਸ਼ਾਇਰ ਖ਼ਿਆਲਾਂ ਦੀ ਗਹਿਰਾਈ ਵਿਚ ਜਾ ਕੇ ਮੋਤੀ ਲੱਭਣ ਨੂੰ ਤਰਜੀਹ ਦਿੰਦੇ ਹਨ ਅਤੇ ਉਨ੍ਹਾਂ ਦੀ ਸ਼ਾਇਰੀ ਪਾਠਕ ਦੇ ਦਿਲ ਦੀ ਧੜਕਣ ਨੂੰ ਆਪਣੇ ਅਹਿਸਾਸਾਂ ਨਾਲ ਜੋੜਨ ਦੀ ਸਮਰੱਥਾ ਰੱਖਦੀ ਹੈ।

ਬਲਦੇਵ ਸੀਹਰਾ ਅਤੇ ਜਸਬੀਰ ਚਾਹਲ ਨੇ ਆਪਣੀ ਰਚਨ ਪ੍ਰਕਿਰਿਆ ਬਾਰੇ ਵਿਚਾਰ ਸਾਂਝੇ ਕੀਤੇ ਅਤੇ ਆਪਣੀਆਂ ਚੋਣਵੀਆਂ ਗ਼ਜ਼ਲਾਂ ਪੇਸ਼ ਕੀਤੀਆਂ। ਇਸ ਮੌਕੇ ਰਾਜਵੰਤ ਰਾਜ, ਸੁਖਜੀਤ ਕੌਰ ਹੁੰਦਲ, ਹਰਦਮ ਮਾਨ, ਗੁਰਮੀਤ ਸਿੱਧੂ, ਰੂਬੀ ਔਲਖ, ਨਰਿੰਦਰ ਬਾਹੀਆ, ਮਨਜੀਤ ਕੌਰ ਕੰਗ, ਜਰਨੈਲ ਸਿੰਘ ਸੇਖਾ, ਕਰਨਜੀਤ, ਨਰਿੰਦਰ ਭਾਗੀ, ਮਹਿੰਦਰਪਾਲ ਸਿੰਘ ਪਾਲ, ਸ਼ਿਵਚਰਨ ਸਿੰਘ ਅਤੇ ਬਲਦੇਵ ਸੁੱਖੀ ਰੋਡੇ ਨੇ ਦੋਵਾਂ ਸ਼ਾਇਰਾਂ ਨੂੰ ਇਨ੍ਹਾਂ ਖੂਬਸੂਰਤ ਕਾਵਿਕ ਰਚਨਾਵਾਂ ਲਈ ਮੁਬਾਰਕਬਾਦ ਦਿੱਤੀ ਅਤੇ ਉਨ੍ਹਾਂ ਦੇ ਸਾਹਿਤਕ ਯੋਗਦਾਨ ਦੀ ਸ਼ਲਾਘਾ ਕੀਤੀ। ਡਾ. ਖੋਲਾ ਚੀਮਾ ਨੇ ਮਹਾਰਾਜਾ ਰਣਜੀਤ ਸਿੰਘ ਦੇ ਧਰਮ-ਨਿਰਪੱਖ ਸ਼ਾਸਨ ਅਤੇ ਪੰਜਾਬੀ ਸੱਭਿਆਚਾਰ ਦੀ ਸਾਂਝ ਬਾਰੇ ਗੱਲ ਕੀਤੀ। ਉਨ੍ਹਾਂ ਕਿਹਾ ਕਿ ਭਾਵੇਂ ਅੱਜ ਸਰਹੱਦਾਂ ਕਾਰਨ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਲੋਕ ਆਪਸ ਵਿਚ ਨਹੀਂ ਮਿਲ ਸਕਦੇ ਪਰ ਇੰਟਰਨੈੱਟ ਅਤੇ ਕੈਨੇਡਾ ਵਰਗੇ ਮੁਲਕਾਂ ਨੇ ਸਾਨੂੰ ਇੱਕ ਵਾਰ ਫਿਰ ਇੱਕ-ਦੂਜੇ ਦੇ ਨੇੜੇ ਲਿਆਂਦਾ ਹੈ। ਗ਼ਜ਼ਲ ਮੰਚ ਵੱਲੋਂ ਸ਼ਾਇਰ ਬਲਦੇਵ ਸੀਹਰਾ, ਸ਼ਾਇਰ ਜਸਬੀਰ ਚਾਹਲ ਅਤੇ ਡਾ. ਚੀਮਾ ਨੂੰ ਸ਼ਾਲ ਅਤੇ ਪਲੇਕ ਦੇ ਕੇ ਸਨਮਾਨਿਤ ਕੀਤਾ ਗਿਆ।





ਸਮਾਗਮ ਦੇ ਅੰਤ ਵਿਚ ਗ਼ਜ਼ਲ ਮੰਚ ਦੇ ਪ੍ਰਧਾਨ ਜਸਵਿੰਦਰ ਨੇ ਦੋਹਾਂ ਸ਼ਾਇਰਾਂ ਦੀ ਸ਼ਾਇਰੀ ਦੀ ਭਰਪੂਰ ਸ਼ਲਾਘਾ ਕਰਦਿਆਂ ਡੂੰਘੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਬਲਦੇਵ ਸੀਹਰਾ ਅਤੇ ਜਸਬੀਰ ਚਾਹਲ ਦੀਆਂ ਇਹ ਰਚਨਾਵਾਂ ਪੰਜਾਬੀ ਅਤੇ ਉਰਦੂ ਗ਼ਜ਼ਲ ਦੇ ਖ਼ਜ਼ਾਨੇ ਵਿਚ ਵਡਮੁੱਲਾ ਵਾਧਾ ਹਨ, ਜੋ ਪਾਠਕਾਂ ਨੂੰ ਮਾਨਸਿਕ ਸਕੂਨ ਅਤੇ ਚਿੰਤਨ ਪ੍ਰਦਾਨ ਕਰਦੀਆਂ ਹਨ। ਜਸਵਿੰਦਰ ਨੇ ਵਿਸ਼ੇਸ਼ ਤੌਰ 'ਤੇ ਜ਼ੋਰ ਦਿੱਤਾ ਕਿ ਕਵਿਤਾ ਸਿਰਫ਼ ਸ਼ਬਦਾਂ ਦਾ ਸੁਮੇਲ ਨਹੀਂ ਹੁੰਦੀ, ਸਗੋਂ ਇਹ ਮੋਹ-ਮੁਹੱਬਤ ਦਾ ਅਜਿਹਾ ਪੁਲ ਹੈ, ਜੋ ਦਿਲਾਂ ਨੂੰ ਆਪਸ ਵਿਚ ਜੋੜਦਾ ਹੈ। ਉਨ੍ਹਾਂ ਕਿਹਾ ਕਿ ਰਾਜਨੀਤੀ ਅਤੇ ਸਰਹੱਦਾਂ ਮਨੁੱਖਾਂ ਵਿਚ ਦੂਰੀਆਂ ਪੈਦਾ ਕਰ ਸਕਦੀਆਂ ਹਨ, ਪਰ ਕਵਿਤਾ ਸਦੀਵੀ ਹੈ ਅਤੇ ਇਹ ਹਮੇਸ਼ਾ ਇਨਸਾਨੀਅਤ ਤੇ ਸਾਂਝੀਵਾਲਤਾ ਦਾ ਰਾਹ ਦਿਖਾਉਂਦੀ ਰਹੇਗੀ।

ਡਾ. ਚੀਮਾ ਦਾ ਉਚੇਚੇ ਤੌਰ 'ਤੇ ਧੰਨਵਾਦ ਕਰਦਿਆਂ ਉਨ੍ਹਾਂ ਪਾਕਿਸਤਾਨ ਨੂੰ ਬਾਹਰਲੇ ਘਰ ਵਾਂਗ ਦੱਸਿਆ ਅਤੇ ਕਿਹਾ ਕਿ ਦੋਵਾਂ ਪਾਸਿਆਂ ਦੇ ਅਦੀਬ ਅਤੇ ਸ਼ਾਇਰ ਇਸ ਮੁਹੱਬਤ ਦੇ ਪੁਲ ਨੂੰ ਮਜ਼ਬੂਤ ਕਰਨ ਵਿਚ ਅਹਿਮ ਭੂਮਿਕਾ ਨਿਭਾ ਰਹੇ ਹਨ। ਉਨ੍ਹਾਂ ਅਨੁਸਾਰ ਜਦੋਂ ਤੱਕ ਕਵਿਤਾ ਜਿਉਂਦੀ ਹੈ, ਉਦੋਂ ਤੱਕ ਸਾਂਝੀ ਪੰਜਾਬੀਅਤ ਦਾ ਅਹਿਸਾਸ ਵੀ ਜਿਉਂਦਾ ਰਹੇਗਾ। ਸਮੁੱਚੇ ਸਮਾਗਮ ਦੌਰਾਨ ਸਟੇਜ ਦਾ ਸੰਚਾਲਨ ਗ਼ਜ਼ਲ ਮੰਚ ਦੇ ਜਨਰਲ ਸਕੱਤਰ ਦਵਿੰਦਰ ਗੌਤਮ ਨੇ ਬਾਖ਼ੂਬੀ ਕੀਤਾ।

***ਰਿਪੋਰਟ: ਹਰਦਮ ਮਾਨ***


## 'ਹਿਸਟੋਰੀਕਲ ਸਿੱਖ ਸ਼ਰਾਈਨਜ਼' ਕਿਤਾਬ ਖਰੀਦੋ

## HISTORICAL SIKH SHRINES

ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਤੀਕ ਦੇ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਇਤਿਹਾਸ, ਪਿੰਡ/ਨਗਰ ਦਾ ਨਕਸ਼ਾ ਅਤੇ ਰੰਗੀਨ ਤਸਵੀਰਾਂ ਦੀ ਇੱਕੋ-ਇਕ ਕਿਤਾਬ।

ਦਰਅਸਲ ਇਹ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਐਨਸਾਈਕਲੋਪੀਡੀਆ ਹੈ।

ਇਹੋ ਜਿਹੀ ਕਿਤਾਬ ਨਾ ਪਹਿਲਾਂ ਛਪੀ ਹੈ ਤੇ ਇਹ ਐਡੀਸ਼ਨ ਖ਼ਤਮ ਹੋਣ ਮਗਰੋਂ ਦੋਬਾਰਾ ਛਪਣ ਦਾ ਕੋਈ ਪਤਾ ਨਹੀਂ।

ਇਸ ਕਰ ਕੇ ਅੱਜ ਹੀ ਇਸ ਦਾ ਆਰਡਰ ਦਿਓ ਤੇ ਆਪਣੇ ਘਰ ਬੈਠੇ ਹਾਸਿਲ ਕਰੋ।

ਇਹ ਕਿਤਾਬ ਆਰਟ ਪੇਪਰ 'ਤੇ ਚਾਰ ਰੰਗੀ ਛਪਾਈ ਵਿਚ ਛਪੀ ਹੈ। ਇਸ ਦੀ ਬਹੁਤ ਵਧੀਆ ਜਿਲਦ ਹੈ ਅਤੇ ਇਹ ਇਕ ਖ਼ੂਬਸੂਰਤ ਮਜ਼ਬੂਤ ਡੱਬੇ ਵਿਚ ਭੇਜੀ ਜਾਂਦੀ ਹੈ। ਇਹ ਏਡੀ ਵੱਡੀ ਕਿਤਾਬ ਹੈ ਕਿ ਇਸ ਦੀ ਇਕ ਕਾਪੀ ਦਾ ਭਾਰ 4 ਕਿਲੋ ਹੈ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 3500 ਰੁਪੈ ਹੈ। ਅਮਰੀਕਾ ਵਿਚ ਇਹ ਤੁਹਾਨੂੰ ਸਿਰਫ਼ 125 ਡਾਲਰ ਵਿਚ ਮਿਲੇਗੀ


### ਨਵਾਂ ਤੇ ਵੱਡਾ ਮਹਾਨ ਕੋਸ਼

ਚਾਰ ਜਿਲਦਾਂ ਵਿਚ, 2748 ਸਫ਼ੇ ਦੀ ਇਹ ਮਹਾਨ ਰਚਨਾ ਇਸ ਸਦੀ ਦੀ ਸਭ ਤੋਂ ਵੱਡੀ ਤੇ ਮਹੱਤਵਪੂਰਨ ਕਿਤਾਬ ਹੈ। ਇਸ ਵਿਚ ਗੁਰੂ ਗ੍ਰੰਥ ਸਾਹਿਬ ਦੇ ਇਕ-ਇਕ ਲਫ਼ਜ਼ ਤੇ ਸ਼ਬਦ ਦੇ ਅਰਥ ਅਤੇ ਉਸ ਲਫ਼ਜ਼ ਦਾ ਪ੍ਰਾਕ੍ਰਿਤ, ਅਪਭ੍ਰੰਸ਼, ਪਾਲੀ, ਸੰਸਕ੍ਰਿਤ, ਫ਼ਾਰਸੀ ਤੇ ਅਰਬੀ ਬੋਲੀਆਂ ਦਾ ਪਿਛੋਕੜ ਵੀ ਦੱਸਿਆ ਗਿਆ ਹੈ।

ਇਸ ਵਿਚ 2500 ਦੇ ਕਰੀਬ ਜੀਵਨੀਆਂ ਹਨ। ਇਸ ਵਿਚ 1000 ਤੋਂ ਵਧ ਗੁਰਦੁਆਰਿਆਂ, ਮੰਦਰਾਂ, ਸ਼ਹਿਰਾਂ ਅਤੇ ਦੇਸ਼ਾਂ ਬਾਰੇ ਜਾਣਕਾਰੀ ਮਿਲਦੀ ਹੈ। ਇਸ ਵਿਚ ਹਰ ਇਕ ਸਿੱਖ ਸਿਧਾਂਤ (ਫ਼ਿਲਾਸਫ਼ੀ) ਬਾਰੇ ਤਫ਼ਸੀਲ ਨਾਲ ਬਿਆਨ ਕੀਤਾ ਹੋਇਆ ਮਿਲਦਾ ਹੈ। ਇਸ ਸੈਟ ਦਾ ਭਾਰ ਸਾਢੇ 8 ਕਿਲੋ ਹੈ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 7000 ਰੁਪੈ ਹੈ। ਅਮਰੀਕਾ ਵਿਚ ਇਹ ਤੁਹਾਨੂੰ ਸਿਰਫ਼ 135 ਡਾਲਰ ਵਿਚ ਮਿਲੇਗੀ (ਸਣੇ ਕੋਰੀਅਰ ਖ਼ਰਚ)।

### ਗੁਰੂ ਗ੍ਰੰਥ ਸਾਹਿਬ (English translation)

ਗੁਰੂ ਗ੍ਰੰਥ ਸਾਹਿਬ (ਅੰਗ੍ਰੇਜ਼ੀ ਟਰਾਂਸਲੇਸ਼ਨ): ਗੁਰੂ ਗ੍ਰੰਥ ਸਾਹਿਬ ਦਾ ਇੱਕੋ ਇਕ ਅੰਗ੍ਰੇਜ਼ੀ ਟਰਾਂਸਲੇਸ਼ਨ ਜਿਸ ਨੂੰ ਅਜਿਹੀ ਬੋਲੀ ਵਿਚ ਲਿਖਿਆ ਹੈ ਕਿ ਹਰ ਇਕ ਨੂੰ ਸੌਖਿਆਂ ਸਮਝ ਆ ਜਾਵੇ। ਇਸ ਵਿਚ ਗੁਰਮੁਖੀ ਵਿਚ ਗੁਰਬਾਣੀ ਦੇ ਸ਼ਬਦ, ਅੰਗ੍ਰੇਜ਼ੀ (ਰੋਮਨ) ਵਿਚ ਗੁਰਬਾਣੀ (ਟਰਾਂਸਲਿਟਰੇਸ਼ਨ), ਅਤੇ ਅੰਗ੍ਰੇਜ਼ੀ ਵਿਚ ਟੀਕਾ (ਟਰਾਂਸਲੇਸ਼ਨ) ਸ਼ਾਮਿਲ ਹੈ। ਸੱਤ ਜਿਲਦਾਂ ਵਿਚ ਸੰਪੂਰਨ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 8000 ਰੁਪੈ ਹੈ। ਸਿਰਫ਼ 150 ਡਾਲਰ ਵਿਚ (ਸਣੇ ਕੋਰੀਅਰ ਖ਼ਰਚ)।




ਕਿਸੇ ਵੀ ਕਿਤਾਬ/ਕਿਤਾਬਾਂ ਨੂੰ ਖ਼ਰੀਦਣਾ ਚਾਹੁਣ ਵਾਲੇ ਹੇਠ ਲਿਖੇ ਪਤੇ 'ਤੇ ਰਕਮ ਜਮ੍ਹਾਂ ਕਰਵਾ ਕੇ ਕਿਤਾਬਾਂ ਹਾਸਲ ਕਰ ਸਕਦੇ ਹਨ:

**ਜਸਪ੍ਰੀਤ ਕੌਰ, ਫੋਨ: 224-422-4773**

**Punjab Times**
**Established in 2000**
**26th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 135 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਰੰਧਾਵਾ ਦੀ ਪਤਨੀ ਵਲੋਂ ਸਾਬਕਾ ਮੰਤਰੀ ਉਤੇ ਧਮਕਾਉਣ ਦੇ ਦੋਸ਼



**ਅੰਮ੍ਰਿਤਸਰ:** ਗਗਨਦੀਪ ਸਿੰਘ ਰੰਧਾਵਾ ਦੀ ਪਤਨੀ ਉਪਿੰਦਰਜੀਤ ਕੌਰ ਨੇ ਕਿਹਾ ਕਿ ਲਾਲਜੀਤ ਸਿੰਘ ਭੁੱਲਰ ਨੇ ਉਨ੍ਹਾਂ ਦੇ ਪਤੀ ਨੂੰ ਧਮਕਾਇਆ ਸੀ ਕਿ ਉਹ ਉਨ੍ਹਾਂ ਦੇ ਪਰਿਵਾਰ ਨੂੰ ਗੈਂਗਟਰਾਂ ਹੱਥੋਂ ਨੁਕਸਾਨ ਪਹੁੰਚਾ ਸਕਦਾ ਹੈ। ਉਨ੍ਹਾਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਦੇ ਪਰਿਵਾਰ ਨੂੰ ਸੁਰੱਖਿਆ ਮੁਹਈਆ ਕਰਵਾਈ ਜਾਵੇ। ਇਸ ਦੇ ਨਾਲ ਹੀ ਉਨ੍ਹਾਂ ਨੇ ਹੋਰ ਮੁਲਜ਼ਮਾਂ ਨੂੰ ਵੀ ਛੇਤੀ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਨੇਂ ਮਾਮਲੇ ਦੀ ਜਾਂਚ ਸੀਬੀਆਈ ਤੋਂ ਕਰਵਾਉਣ ਲਈ ਇਕ ਪੱਤਰ ਗ੍ਰਹਿ ਮੰਤਰੀ ਨੂੰ ਲਿਖਿਆ ਹੈ।

## ਧੀ ਨੇ ਕਿਹਾ, ਪਾਪਾ ਬਹੁਤ ਤਕਲੀਫ਼ 'ਚ ਸਨ




ਗਗਨਦੀਪ ਸਿੰਘ ਰੰਧਾਵਾ ਦੀ ਧੀ ਹਰਸੀਰਤ ਕੌਰ (17) ਨੇ ਪ੍ਰੈੱਸ ਕਾਨਫਰੰਸ 'ਚ ਪੁਲਿਸ ਦੀ ਜਾਂਚ 'ਤੇ ਸਵਾਲ ਉਠਾਏ ਹਨ। ਉਸ ਦਾ ਕਹਿਣਾ ਹੈ ਕਿ ਉਸ ਦੇ ਪਿਤਾ ਦੀ ਮੌਤ ਤੋਂ ਬਾਅਦ ਪੁਲਿਸ ਨੇ ਕੀ ਜਾਂਚ ਕੀਤੀ ਹੈ। ਸਾਈਬਰ ਸੈੱਲ ਆਪਣੇ ਪੱਧਰ 'ਤੇ ਵੀ ਪਤਾ ਲਗਾ ਸਕਦਾ ਹੈ ਕਿ 10 ਲੱਖ ਰਿਸ਼ਵਤ ਲੈਣ ਦੀ ਵੀਡੀਓ ਕਦੋਂ ਤੇ ਕਿਸ ਦੇ ਮੋਬਾਈਲ ਤੋਂ ਬਣੀ। ਉਸ ਦਾ ਉਦੇਸ਼ ਕੀ ਸੀ। ਪਾਪਾ ਕਾਫ਼ੀ ਤਕਲੀਫ਼ 'ਚ ਸਨ, ਪਰ ਉਨ੍ਹਾਂ ਨੇ ਮੈਨੂੰ ਕੁਝ ਨਹੀਂ ਦੱਸਿਆ। ਹਾਲਾਤ ਅਜਿਹੇ ਸਨ ਕਿ ਮੈਂ ਸਕੂਲ ਤੋਂ ਬਾਅਦ ਆਪਣੇ ਦੋਸਤ ਦੇ ਘਰ ਹੀ ਚਲੀ ਜਾਂਦੀ ਸੀ।

# 'ਆਪ' ਕਾਰਵਾਈ ਤੋਂ ਪਿੱਛੇ ਨਹੀਂ ਹਟਦੀ: ਕੇਜਰੀਵਾਲ



**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਭਗਵੰਤ ਮਾਨ ਸਰਕਾਰ ਦੇ ਇਸ ਸਖ਼ਤ ਐਕਸ਼ਨ ਦੀ ਖੁੱਲ੍ਹੇ ਦਿਲ ਨਾਲ ਪ੍ਰਸ਼ੰਸਾ ਕਰਦੇ ਹੋਏ ਭਾਜਪਾ ਨੂੰ ਸ਼ੀਸ਼ਾ ਵੀ ਦਿਖਾਇਆ ਹੈ। ਉਨ੍ਹਾਂ ਕਿਹਾ ਕਿ ਇਨਸਾਫ਼ ਲਈ 'ਆਪ' ਆਪਣੀ ਸਰਕਾਰ ਦੇ ਮੰਤਰੀ 'ਤੇ ਵੀ ਕਾਰਵਾਈ ਕਰਨ ਤੋਂ ਪਿੱਛੇ ਨਹੀਂ ਹਟਦੀ ਜਦਕਿ ਭਾਜਪਾ ਆਪਣੇ ਲੋਕਾਂ ਨੂੰ ਬਚਾਉਣ ਲਈ ਇਨਸਾਫ਼ ਦੀ ਬਲੀ ਚੜ੍ਹਾ ਦਿੰਦੀ ਹੈ। ਜਦੋਂ ਹਰਿਆਣਾ 'ਚ ਏਡੀਜੀਪੀ ਨੇ ਖ਼ੁਦਕੁਸ਼ੀ ਕੀਤੀ ਤਾਂ ਕਈ ਲੋਕਾਂ 'ਤੇ ਗੰਭੀਰ ਦੋਸ਼ ਲੱਗੇ, ਪਰ ਭਾਜਪਾ ਤੇ ਉਸ ਦੀ ਸਰਕਾਰ ਦੋਸ਼ੀਆਂ ਨੂੰ ਬਚਾਉਣ 'ਚ ਉਤਰ ਗਈ। ਜਦਕਿ ਪੰਜਾਬ 'ਚ ਸਾਡੀ ਸਰਕਾਰ ਦੇ ਮੰਤਰੀ 'ਤੇ ਗੰਭੀਰ ਦੋਸ਼ ਲੱਗੇ ਤਾਂ ਕਿਸੇ ਦੇਰੀ ਦੇ ਉਸ ਨੂੰ ਨਾ ਸਿਰਫ਼ ਅਹੁਦੇ ਤੋਂ ਹਟਾਇਆ, ਬਲਕਿ ਗ੍ਰਿਫ਼ਤਾਰ ਵੀ ਕਰਵਾਇਆ।

## ਸਾਬਕਾ ਮੰਤਰੀ ਲਾਲਜੀਤ..

*(ਪਹਿਲੇ ਸਫ਼ੇ ਦਾ ਬਾਕੀ)*



ਪੁੱਛਗਿੱਛ ਕੀਤੀ ਜਾਵੇਗੀ ਅਤੇ ਮਾਮਲੇ ਨਾਲ ਸੰਬੰਧਿਤ ਹੋਰ ਤੱਥਾਂ ਦੀ ਜਾਂਚ ਕੀਤੀ ਜਾਵੇਗੀ। ਇਸ ਮਾਮਲੇ ਨੇ ਸਿਆਸੀ ਹਲਕਿਆਂ ਵਿੱਚ ਚਰਚਾ ਨੂੰ ਹੋਰ ਤੇਜ਼ ਕਰ ਦਿੱਤਾ ਹੈ।

ਆਪਣੀ ਗ੍ਰਿਫ਼ਤਾਰੀ ਤੋਂ ਪਹਿਲਾਂ ਮੀਡੀਆ 'ਤੇ ਇਕ ਪੋਸਟ ਸਾਂਝੀ ਕਰ ਕੇ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਸੀ ਕਿ ਉਹ ਬੇਕੂਸਰ ਹਨ ਤੇ ਕਾਨੂੰਨ ਦਾ ਸਨਮਾਨ ਕਰਦੇ ਹਨ, ਲਿਹਾਜ਼ਾ ਉਹ ਮੰਡੀ ਗੋਬਿੰਦਗੜ੍ਹ 'ਚ ਆਤਮ-ਸਮਰਪਣ ਕਰ ਰਹੇ ਹਨ। ਇਸੇ ਵਿਚਾਲੇ ਸੂਬੇ ਦੀਆਂ ਵੱਖ-ਵੱਖ ਖ਼ਰੀਦ ਏਜੰਸੀਆਂ ਦੇ ਮੁਲਾਜ਼ਮ ਵੀ ਪੀੜਤ ਪਰਿਵਾਰ ਦੇ ਸਮਰਥਨ 'ਚ ਆ ਗਏ ਹਨ। ਵੇਅਰਹਾਊਸਿੰਗ ਕਾਰਪੋਰੇਸ਼ਨ, ਪਨਸਪ ਤੇ ਪਨਗ੍ਰੇਨ ਦੇ ਮੁਲਾਜ਼ਮਾਂ ਨੇ ਸਾਫ਼ ਕਰ ਦਿੱਤਾ ਹੈ ਕਿ ਜੇ ਪੀੜਤ ਪਰਿਵਾਰ ਨੂੰ ਇਨਸਾਫ਼ ਨਾ ਮਿਲਿਆ ਤਾਂ ਉਹ ਇਕ ਅਪ੍ਰੈਲ ਤੋਂ ਸੂਬੇ 'ਚ ਕਣਕ ਦੀ ਖ਼ਰੀਦ ਸ਼ੁਰੂ ਨਹੀਂ ਕਰਨਗੇ। 20 ਮਾਰਚ ਨੂੰ ਦੇਰ ਰਾਤ ਡਾ. ਗਗਨਦੀਪ ਸਿੰਘ ਰੰਧਾਵਾ ਨੇ ਜ਼ਹਿਰੀਲਾ ਪਦਾਰਥ ਨਿਗਲ ਕੇ ਆਤਮਹੱਤਿਆ ਕਰ ਲਈ ਸੀ। ਇਸ ਤੋਂ ਪਹਿਲਾਂ ਉਨ੍ਹਾਂ ਨੇ ਇਕ ਵੀਡੀਓ ਇੰਟਰਨੈੱਟ ਮੀਡੀਆ 'ਤੇ ਵਾਇਰਲ ਕਰ ਕੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ 'ਤੇ ਪਰੇਸ਼ਾਨ ਕਰਨ ਦੇ ਗੰਭੀਰ ਦੋਸ਼ ਲਾਏ ਸਨ।

## ਹਰਪਾਲ ਚੀਮਾ ਬਣੇ ਟਰਾਂਸਪੋਰਟ ਮੰਤਰੀ

ਲਾਲਜੀਤ ਸਿੰਘ ਭੁੱਲਰ ਦੇ ਅਸਤੀਫ਼ੇ ਅਤੇ ਗ੍ਰਿਫ਼ਤਾਰੀ ਤੋਂ ਬਾਅਦ ਕੈਬਨਿਟ ਮੰਤਰੀਆਂ ਦੇ ਵਿਭਾਗਾਂ ਵਿੱਚ ਫੇਰਬਦਲ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਵਿੱਤ



ਮੰਤਰੀ ਹਰਪਾਲ ਚੀਮਾ ਨੂੰ ਟਰਾਂਸਪੋਰਟ ਵਿਭਾਗ ਦਿੱਤਾ ਗਿਆ ਹੈ। ਡਾ. ਰਵਜੋਤ ਨੂੰ ਜੇਲ੍ਹ ਵਿਭਾਗ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

# ਈਰਾਨ ਵਲੋਂ ਅਮਰੀਕਾ ਨਾਲ ਗੱਲਬਾਤ ਤੋਂ ਇਨਕਾਰ

**ਦੁਬਈ:** ਈਰਾਨ ਦੇ ਸੰਸਦ ਸਪੀਕਰ ਰੰਪ ਨੇ ਅਮਰੀਕਾ ਨਾਲ ਕੋਈ ਗੱਲਬਾਤ ਹੋਣ ਤੋਂ ਇਨਕਾਰ ਕੀਤਾ ਹੈ। ਮੁਹੰਮਦ ਬਾਘੇਰ ਕਾਲੀਬਾਫ ਨੇ ਐਕਸ 'ਤੇ ਲਿਖਿਆ ਕਿ ''ਅਮਰੀਕਾ ਨਾਲ ਕੋਈ ਗੱਲਬਾਤ ਨਹੀਂ ਹੋਈ ਹੈ ਤੇ ਫਰਜ਼ੀ ਖਬਰਾਂ ਦੀ ਵਰਤੋਂ ਵਿੱਤੀ ਤੇ ਤੇਲ ਬਾਜ਼ਾਰਾਂ ਨੂੰ ਪ੍ਰਭਾਵਿਤ ਕਰਨ ਲਈ ਕੀਤੀ ਜਾਂਦੀ ਹੈ।



ਉਨ੍ਹਾਂ ਦੀ ਪੋਸਟ ਅਮਰੀਕੀ ਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਇਹ ਕਹਿਣ ਤੋਂ ਬਾਅਦ ਆਈ ਹੈ ਕਿ ਈਰਾਨ ਸਮਝੌਤਾ ਕਰਨ ਲਈ ਉਤਸੁਕ ਹੈ ਤੇ ਅਮਰੀਕੀ ਰਾਜਦੂਤ ਇਕ "ਸਤਿਕਾਰਯੋਗ" ਈਰਾਨੀ ਨੇਤਾ ਨਾਲ ਗੱਲ ਕਰ ਰਹੇ ਹਨ।

## ਈਰਾਨ ਨਾਲ ਜੰਗ ...

*(ਪਹਿਲੇ ਸਫ਼ੇ ਦਾ ਬਾਕੀ)*

ਟਰੰਪ ਨੇ ਏਨਾ ਜ਼ਰੂਰ ਕਿਹਾ ਕਿ ਗੱਲਬਾਤ 'ਚ ਸਰਬ ਉੱਚ ਨੇਤਾ. ਮੋਜ਼ਤਬਾ ਖਾਮਨੇਈ ਸ਼ਾਮਲ ਨਹੀਂ ਹਨ।

ਨਿਊਯਾਰਕ ਟਾਈਮਜ਼ ਮੁਤਾਬਕ, ਈਰਾਨ ਦੀ ਅਧਿਕਾਰਤ ਫਾਰਸ ਨਿਊਜ਼ ਏਜੰਸੀ ਨੇ ਅਮਰੀਕੀ ਦਾਅਵੇ ਨੂੰ ਖ਼ਾਰਜ ਕਰਦੇ ਹੋਏ ਕਿਹਾ ਕਿ ਅਮਰੀਕਾ ਨਾਲ ਨਾ ਸਿੱਧੀ ਤੇ ਨਾ ਹੀ ਅਸਿੱਧੀ ਕੋਈ ਗੱਲਬਾਤ ਚੱਲ ਰਹੀ ਹੈ। ਸਰਕਾਰੀ ਟੀਵੀ ਨੇ ਇਸ ਨੂੰ ਈਰਾਨ ਦੀ ਚਿਤਾਵਨੀ ਦੇ ਬਾਅਦ ਅਮਰੀਕੀ ਰੁਖ਼ 'ਚ ਨਰਮੀ ਦੱਸਿਆ।

## ਲੋਕ ਸਭਾ 'ਚ ਗੂੰਜਿਆ ਰੰਧਾਵਾ...

*(ਪਹਿਲੇ ਸਫ਼ੇ ਦਾ ਬਾਕੀ)*

ਦੀ ਖ਼ੁਦਕੁਸ਼ੀ ਤੇ ਇਸ ਖ਼ੁਦਕੁਸ਼ੀ ਨੂੰ ਉਕਸਾਉਣ ਲਈ ਮਜਬੂਰ ਕਰਨ ਦੇ ਮਾਮਲੇ 'ਚ ਨਾਮਜ਼ਦ ਪੰਜਾਬ ਦੇ ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਗ੍ਰਿਫ਼ਤਾਰੀ ਨਾ ਹੋਣ ਦਾ ਮਾਮਲਾ ਚੁੱਕਿਆ। ਉਨ੍ਹਾਂ ਇਸਦੀ ਸੀਬੀਆਈ ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ। ਇਸ 'ਤੇ ਗ੍ਰਹਿ ਮੰਤਰੀ ਨੇ ਕਿਹਾ ਕਿ ਇਹ ਮਾਮਲਾ ਪੰਜਾਬ ਰਾਜ ਨਾਲ ਸਬੰਧਤ ਹੈ ਪਰ ਜੇਕਰ ਪੰਜਾਬ ਦੇ ਸੰਸਦ ਮੈਂਬਰ ਲਿਖਤੀ ਬੇਨਤੀ ਕਰਨਗੇ ਤਾਂ ਉਹ ਜਾਂਚ ਸੀਬੀਆਈ ਨੂੰ ਸੌਂਪ ਦੇਣਗੇ।

ਔਜਲਾ ਨੇ ਸਦਨ 'ਚ ਦੱਸਿਆ ਕਿ ਪੰਜਾਬ 'ਚ 50,000 ਟਨ ਅਨਾਜ ਸਟੋਰ ਕਰਨ ਲਈ ਗੋਦਾਮ ਬਣਾਏ ਜਾਣੇ ਸਨ। ਇਸ 'ਚੋਂ 20,000 ਟਨ ਦਾ ਠੇਕਾ ਪੰਜਾਬ ਦੇ ਸਾਬਕਾ ਮੰਤਰੀ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਪਿਤਾ ਨੂੰ ਪਹਿਲਾਂ ਹੀ ਪ੍ਰਾਪਤ ਹੋ ਚੁੱਕਾ ਸੀ, ਪਰ ਉਹ ਜ਼ਿਲ੍ਹਾ ਮੈਨੇਜਰ 'ਤੇ 30,000 ਟਨ ਹੋਰ ਹਾਸਲ ਕਰਨ ਲਈ ਦਬਾਅ ਪਾ ਰਹੇ ਸਨ। ਇਸ 'ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਇਹ ਮਾਮਲਾ ਪੰਜਾਬ ਰਾਜ ਨਾਲ ਸਬੰਧਤ ਹੈ, ਪਰ ਜੇਕਰ ਪੰਜਾਬ ਦੇ ਸਾਰੇ ਸੰਸਦ ਮੈਂਬਰ ਲਿਖਤੀ - ਬੇਨਤੀ ਕਰਦੇ ਹਨ, ਤਾਂ ਉਹ ਤੁਰੰਤ ਸੀਬੀਆਈ ਤੋਂ ਇਸਦੀ ਜਾਂਚ ਕਰਵਾਉਣਗੇ। ਔਜਲਾ ਤੋਂ ਇਲਾਵਾ ਰੇਲਵੇ ਰਾਜ ਮੰਤਰੀ ਰਵਨੀਤ ਬਿੱਟੂ ਨੇ ਵੀ ਲੋਕ ਸਭਾ 'ਚ ਇਹ ਮੁੱਦਾ ਚੁੱਕਿਆ। ਉਨ੍ਹਾਂ ਕਿਹਾ ਕਿ ਗਗਨਦੀਪ ਸਿੰਘ ਰੰਧਾਵਾ ਨੇ ਆਪਣੀ ਧੀ ਤੇ ਪਤਨੀ ਦੀ ਇੱਜ਼ਤ ਦੀ ਰੱਖਿਆ ਲਈ ਸਲਫਾਸ ਦੀਆਂ ਗੋਲੀਆਂ ਖਾਧੀਆਂ ਹਨ।

### ਪੰਜ ਸੰਸਦ ਮੈਂਬਰਾਂ ਨੇ ਲਿਖੀ ਅਮਿਤ ਸ਼ਾਹ ਨੂੰ ਚਿੱਠੀ

ਅਮਿਤ ਸ਼ਾਹ ਦੇ ਬਿਆਨ ਤੋਂ ਬਾਅਦ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਦੇ ਅੱਠ 'ਚੋਂ ਪੰਜ ਸੰਸਦ ਮੈਂਬਰਾਂ ਨੇ ਫ਼ੌਰੀ ਤੌਰ 'ਤੇ ਕੇਂਦਰੀ ਗ੍ਰਹਿ ਮੰਤਰੀ ਨੂੰ ਇਸ ਮਾਮਲੇ ਦੀ ਸੀਬੀਆਈ ਜਾਂਚ ਕਰਵਾਉਣ ਦੀ ਮੰਗ ਬਾਰੇ ਲਿਖ ਕੇ ਦੇ ਦਿੱਤਾ। ਜਿਨ੍ਹਾਂ ਸੰਸਦ ਮੈਂਬਰਾਂ ਨੇ ਸ਼ਾਹ ਨੂੰ ਚਿੱਠੀ ਲਿਖੀ ਹੈ ਉਨ੍ਹਾਂ 'ਚ ਕਾਂਗਰਸ ਦੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ, ਚਰਨਜੀਤ ਸਿੰਘ ਚੰਨੀ, ਡਾ.ਧਰਮਬੀਰ ਗਾਂਧੀ, ਗੁਰਜੀਤ ਸਿੰਘ ਔਜਲਾ ਤੇ ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਸ਼ਾਮਲ ਹਨ। ਆਮ ਆਦਮੀ ਪਾਰਟੀ ਦੇ ਤਿੰਨੇ ਸੰਸਦ ਮੈਂਬਰਾਂ ਪਾਰਟੀ ਦੇ ਫ਼ੈਸਲੇ ਦੀ ਉਡੀਕ ਕਰ ਰਹੇ ਹਨ। ਫ਼ਰੀਦਕੋਟ ਤੋਂ ਆਜ਼ਾਦ ਉਮੀਦਵਾਰ ਸਰਬਜੀਤ ਸਿੰਘ ਖ਼ਾਲਸਾ ਨੇ ਵੀ ਸ਼ਾਹ ਨੂੰ ਪੱਤਰ ਲਿਖਣ ਦੀ ਗੱਲ ਕਹੀ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਈਰਾਨ ਨੇ ਜੰਗ ਖ਼ਤਮ ਕਰਨ ਲਈ ਰੱਖੀਆਂ 6 ਸ਼ਰਤਾਂ



**ਨਵੀਂ ਦਿੱਲੀ/ਤਹਿਰਾਨ:** ਈਰਾਨ ਨੇ ਮੱਧ ਪੂਰਬ 'ਚ ਜੰਗ ਨੂੰ ਖ਼ਤਮ ਕਰਨ ਲਈ ਇਕ ਨਵੇਂ ਕਾਨੂੰਨੀ ਅਤੇ ਰਣਨੀਤਕ ਢਾਂਚੇ ਦੇ ਹਿੱਸੇ ਵਜੋਂ ਛੇ ਸ਼ਰਤਾਂ ਰੱਖੀਆਂ ਹਨ। ਇਹ ਸ਼ਰਤਾਂ ਹਨ- ਹੋਰਮੁਜ਼ ਜਲਡਮਰੂ ਲਈ ਇਕ ਨਵਾਂ ਕਾਨੂੰਨੀ ਢਾਂਚਾ ਸਥਾਪਤ ਕਰਨਾ, ਜੰਗ ਦੇ ਮੁੜ ਵਾਪਰਨ ਨੂੰ ਰੋਕਣ ਦੀ ਗਾਰੰਟੀ ਦੇਣਾ, ਇਸ ਖੇਤਰ 'ਚ ਅਮਰੀਕੀ ਫ਼ੌਜੀ ਟਿਕਾਣਿਆਂ ਨੂੰ ਬੰਦ ਕਰਨਾ, ਇਸਲਾਮੀ ਗਣਰਾਜ (ਈਰਾਨ) ਨੂੰ ਮੁਆਵਜ਼ੇ ਦੀ ਅਦਾਇਗੀ, ਸਾਰੇ ਖੇਤਰੀ ਮੋਰਚਿਆਂ 'ਤੇ ਜੰਗਾਂ ਨੂੰ ਸਮਾਪਤ ਕਰਨਾ ਅਤੇ ਉਨ੍ਹਾਂ ਮੀਡੀਆ ਹਸਤੀਆਂ 'ਤੇ ਮੁਕੱਦਮਾ ਚਲਾਉਣਾ' ਅਤੇ ਉਨ੍ਹਾਂ ਦੀ ਹਵਾਲਗੀ ਕਰਨ, ਜਿਨ੍ਹਾਂ ਨੂੰ ਈਰਾਨ ਵਿਰੋਧੀ ਮੰਨਿਆ ਜਾਂਦਾ ਹੈ।

ਮਾਰੂਥਲ 'ਚ ਸਥਿਤ ਪ੍ਰਮਾਣੂ ਕੇਂਦਰ ਦੇ ਨੇੜੇ ਸਭ ਤੋਂ ਵੱਡਾ ਸ਼ਹਿਰ ਹਨ। ਇਹ ਪਹਿਲੀ ਵਾਰ ਸੀ ਜਦੋਂ ਈਰਾਨੀ ਮਿਜ਼ਾਈਲਾਂ ਨੇ ਪ੍ਰਮਾਣੂ ਸਥਾਨ ਦੇ ਆਲੇ ਦੁਆਲੇ ਦੇ ਖੇਤਰ 'ਚ ਇਜ਼ਰਾਈਲ ਦੀਆਂ ਹਵਾਈ ਰੱਖਿਆ ਪ੍ਰਣਾਲੀਆਂ ਵਿਚ ਪ੍ਰਵੇਸ਼ ਕੀਤਾ। ਬਚਾਅ ਕਰਮਚਾਰੀਆਂ ਨੇ ਕਿਹਾ ਕਿ ਅਰਾਦ 'ਚ ਸਿੱਧੇ ਹਮਲੇ ਨਾਲ ਘੱਟੋ-ਘੱਟ 10 ਅਪਾਰਟਮੈਂਟ ਇਮਾਰਤਾਂ 'ਚ ਵਿਆਪਕ ਨੁਕਸਾਨ ਹੋਇਆ ਹੈ, ਘੱਟੋ-ਘੱਟ 64 ਲੋਕਾਂ ਨੂੰ ਹਸਪਤਾਲ ਲਿਜਾਇਆ ਗਿਆ ਹੈ। ਡਿਮੋਨਾ, ਪ੍ਰਮਾਣੂ ਖੋਜ ਕੇਂਦਰ ਤੋਂ ਲਗਭਗ 20 ਕਿਲੋਮੀਟਰ (12 ਮੀਲ) ਪੱਛਮ ਵਿਚ ਹੈ ਅਤੇ ਅਰਾਦ, ਲਗਭਗ 35 ਕਿਲੋਮੀਟਰ (22 ਮੀਲ) ਉੱਤਰ ਵਿਚ ਹੈ। ਡਿਮੋਨਾ ਸ਼ਹਿਰ ਆਪਣੇ ਪ੍ਰਮਾਣੂ ਕੇਂਦਰ ਉਪਰ ਬਣੇ ਗੁੰਬਦ ਵਰਗੇ ਢਾਂਚੇ ਲਈ ਪ੍ਰਸਿੱਧ ਹੈ ਤੇ ਇਸ ਨੂੰ ਆਮ ਤੌਰ 'ਤੇ 'ਲਿਟਲ ਇੰਡੀਆ' ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ।

# ਪੂਰੀ ਦੁਨੀਆ ਲਈ ਲੜ ਰਹੇ ਨੇ ਅਮਰੀਕਾ-ਇਜ਼ਰਾਈਲ: ਨੇਤਨਯਾਹੂ



**ਯੇਰੂਸਲਮ:** ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਕਿ ਡਿਏਗੋ ਗਾਰਸੀਆ 'ਤੇ ਹਾਲ ਹੀ 'ਚ ਹੋਏ ਮਿਜ਼ਾਈਲ ਹਮਲੇ ਦਰਸਾਉਂਦੇ ਹਨ ਕਿ ਈਰਾਨ ਕੋਲ ਯੂਰਪ ਦੇ ਅੰਦਰ ਤੱਕ ਪਹੁੰਚਣ ਦੀ ਸਮਰੱਥਾ ਹੈ ਅਤੇ ਉਹ ਪੂਰੀ ਦੁਨੀਆ ਲਈ ਖ਼ਤਰਾ ਹੈ। ਨੇਤਨਯਾਹੂ ਦੱਖਣੀ ਇਜ਼ਰਾਈਲੀ ਸ਼ਹਿਰ ਅਰਾਦ ਦਾ ਦੌਰਾ ਕਰ ਰਹੇ ਸਨ, ਜਿਥੇ ਈਰਾਨੀ ਮਿਜ਼ਾਈਲ ਹਮਲੇ ਹੋਏ। ਇਸ ਦੌਰਾਨ ਉਨ੍ਹਾਂ ਨੇ ਇਹ ਵੀ ਕਿਹਾ ਕਿ ਉਨ੍ਹਾਂ ਦਾ ਦੇਸ਼ ਅਤੇ ਅਮਰੀਕਾ ਪੂਰੀ ਦੁਨੀਆ ਲਈ ਲੜ ਰਹੇ ਹਨ। ਨੇਤਨਯਾਹੂ ਨੇ ਕਿਹਾ ਕਿ ਈਰਾਨ ਸਮੁੰਦਰੀ ਅੰਤਰਰਾਸ਼ਟਰੀ ਮਾਰਗ, ਊਰਜਾ ਮਾਰਗ ਰੋਕ ਰਿਹਾ ਹੈ ਅਤੇ ਪੂਰੀ ਦੁਨੀਆ ਨੂੰ ਬਲੈਕਮੇਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਉਨ੍ਹਾਂ ਅੰਤਰਰਾਸ਼ਟਰੀ ਭਾਈਚਾਰੇ ਨੂੰ ਈਰਾਨ ਵਿਰੁੱਧ ਲੜਾਈ 'ਚ ਇਕੱਠੇ ਹੋਣ ਦਾ ਸੱਦਾ ਦਿੱਤਾ।

# ਖਾੜੀ 'ਚ ਪੈਦਾ ਹੋਏ ਤਣਾਅ ਬਾਰੇ ਮੰਥਨ ਕਰਨਗੇ ਭਾਰਤ ਤੇ ਰੂਸ




**ਮਾਸਕੋ:** ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਤੇ ਉਨ੍ਹਾਂ ਦੇ ਰੂਸੀ ਹਮਰੁਤਬਾ ਸਰਗੇਈ ਲਾਵਰੋਵ ਸੋਮਵਾਰ ਨੂੰ ਇਕ ਵਰਚੁਅਲ ਸੰਮੇਲਨ ਨੂੰ ਸੰਬੋਧਨ ਕਰਨਗੇ। ਇਸ ਸੰਮੇਲਨ ਵਿਚ ਦੋਵੇਂ ਧਿਰਾਂ ਖਾੜੀ ਖੇਤਰ, ਵਿਚ ਤਣਾਅ ਦੌਰਾਨ ਪੈਦਾ ਹੋ ਰਹੀਆਂ ਅਸਥਿਰ ਹਾਲਤਾਂ ਨਾਲ ਨਜਿੱਠਣ ਦੇ ਤਰੀਕਿਆਂ 'ਤੇ ਵਿਚਾਰ-ਚਰਚਾ ਕਰਨਗੇ। ਮਾਸਕੋ ਸਥਿਤ ਭਾਰਤੀ ਦੂਤਘਰ ਅਤੇ 'ਅੰਤਰਰਾਸ਼ਟਰੀ ਮਾਮਲਿਆਂ ਦੀ ਰੂਸੀ ਕੌਂਸਲ (ਆਰਆਈਏਸੀ) ਵੱਲੋਂ ਕਰਵਾਇਆ ਗਿਆ ਇਕ ਦਿਨਾ ਸੰਮੇਲਨ ਖਾੜੀ ਖੇਤਰ ਵਿਚ ਚੱਲ ਰਹੇ ਸੰਘਰਸ਼ ਦੇ ਅੰਤਰਰਾਸ਼ਟਰੀ ਉੱਤਰ- ਦੱਖਣ ਆਵਾਜਾਈ ਗਲਿਆਰੇ (ਆਈਐੱਨਐੱਸਟੀਸੀ) 'ਤੇ ਪੈਣ ਵਾਲੇ ਪ੍ਰਭਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਖਾਸ ਤੌਰ 'ਤੇ ਮਹੱਤਵਪੂਰਨ ਹੈ।

# ਸਭ ਤੋਂ ਜ਼ਿਆਦਾ ਸਮਾਂ ਸਰਕਾਰਾਂ ਦੇ ਮੁਖੀ ਰਹਿਣ ਵਾਲੇ ਨੇਤਾ ਬਣੇ ਮੋਦੀ



**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਭਾਰਤ ਵਿਚ ਸਭ ਤੋਂ ਲੰਮੇ ਸਮੇਂ ਤੱਕ ਕਿਸੇ ਸਰਕਾਰ ਦੇ ਪ੍ਰਮੁੱਖ ਰਹਿਣ ਵਾਲੇ ਆਗੂ ਬਣ ਗਏ ਹਨ। ਗੁਜਰਾਤ ਦੇ ਮੁੱਖ ਮੰਤਰੀ ਅਤੇ ਪ੍ਰਧਾਨ ਮੰਤਰੀ ਦੇ ਤੌਰ 'ਤੇ ਸਰਕਾਰ ਦੇ ਪ੍ਰਮੁੱਖ ਦੇ ਰੂਪ ਵਿਚ 8931 ਦਿਨ ਪੂਰੇ ਕਰਨ ਦੇ ਨਾਲ ਹੀ ਪੀ. ਐੱਮ ਮੋਦੀ ਨੇ ਚਾਮਲਿੰਗ ਦੇ 8930 ਦਿਨਾਂ ਦੇ ਰਿਕਾਰਡ ਨੂੰ ਤੋੜ ਦਿੱਤਾ ਹੈ। ਮੋਦੀ ਨੇ ਸਿੱਕਮ ਦੇ ਸਾਬਕਾ ਮੁੱਖ ਮੰਤਰੀ ਪਵਨ ਕੁਮਾਰ ਚਾਮਲਿੰਗ ਨੂੰ ਪਿੱਛੇ ਛੱਡ ਦਿੱਤਾ ਹੈ। ਮੋਦੀ ਇਸ ਤੋਂ ਪਹਿਲਾਂ ਗੁਜਰਾਤ ਦੇ ਸਭ ਤੋਂ ਲੰਮੇ ਸਮੇਂ ਤੱਕ ਸੇਵਾ ਕਰਨ ਵਾਲੇ ਮੁੱਖ ਮੰਤਰੀ ਰਹਿ ਚੁੱਕੇ ਹਨ ਅਤੇ ਉਹ ਅਜਿਹੇ ਪ੍ਰਧਾਨ ਮੰਤਰੀ ਵੀ ਹਨ ਜਿਨ੍ਹਾਂ ਕੋਲ ਮੁੱਖ ਮੰਤਰੀ ਦੇ ਤੌਰ 'ਤੇ ਕੰਮ ਕਰਨ ਦਾ ਸਭ ਤੋਂ ਲੰਮਾ ਤਜਰਬਾ ਹੈ। ਇਹ ਵੀ ਦੱਸਣਯੋਗ ਹੈ ਕਿ ਨਰਿੰਦਰ ਮੋਦੀ ਭਾਰਤ ਦੇ ਲਗਾਤਾਰ ਲੰਮੇ ਸਮੇਂ ਤਕ ਪ੍ਰਧਾਨ ਮੰਤਰੀ ਰਹਿਣ ਵਾਲੇ ਦੂਜੇ ਪੀ. ਐੱਮ. ਵੀ ਹਨ। ਉਹ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ 4077 ਦਿਨਾਂ ਦਾ ਰਿਕਾਰਡ ਤੋੜ ਚੁੱਕੇ ਹਨ। 22 ਮਾਰਚ 2026 ਤੱਕ ਬਤੌਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ 4318 ਪੂਰੇ ਕਰ ਚੁੱਕੇ ਹਨ। ਹਾਲਾਂਕਿ ਸਭ ਤੋਂ ਲੰਮੇ ਸਮੇਂ ਤਕ ਪ੍ਰਧਾਨ ਮੰਤਰੀ ਰਹਿਣ ਦਾ ਰਿਕਾਰਡ ਜਵਾਹਰ ਲਾਲ ਨਹਿਰੂ ਦੇ ਨਾਅ ਹੈ ਜੋ ਲਗਾਤਾਰ ਕੁਲ 6126 ਦਿਨ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਰਹੇ ਸਨ।

# ਰਾਤ ਨੂੰ ਵੀ ਜਿੱਥੇ ਚਾਹੋਗੇ ਉਥੇ ਪੁੱਜੇਗੀ ਸੂਰਜ ਦੀ ਰੌਸ਼ਨੀ



**ਜਨਵੀਂ ਦਿੱਲੀ:** ਹੁਣ ਮੱਸਿਆ ਦੀ ਰਾਤ ਨੂੰ ਵੀ ਪੁਲਾੜ ਤੋਂ ਉਤਾਰੀ ਗਈ ਸੂਰਜ ਦੀ ਰੋਸ਼ਨੀ ਧਰਤੀ ਨੂੰ ਰੋਸ਼ਨ ਕਰ ਸਕਦੀ ਹੈ। 'ਰਿਫਲੈਕਟ ਆਰਬਿਟਲ' ਨਾਂ ਦੇ ਅਮਰੀਕੀ ਸਟਾਰਟਅਪ ਦਾ ਦਾਅਵਾ ਹੈ ਕਿ ਉਹ ਉਪਗ੍ਰਹਿਆਂ 'ਤੇ ਲੱਗੇ ਵਿਸ਼ਾਲ ਪਰਾਵਰਤਕ ਸ਼ੀਸ਼ਿਆਂ ਜ਼ਰੀਏ ਰਾਤ ਵੇਲੇ ਧਰਤੀ ਦੇ ਚੋਣਵੇਂ ਹਿੱਸਿਆਂ 'ਤੇ ਸੂਰਜ ਦੀ ਰੋਸ਼ਨੀ ਪਹੁੰਚਾ ਸਕੇਗਾ। ਹਾਲਾਂਕਿ ਇਹ ਰੋਸ਼ਨੀ ਪੁੰਨਿਆ ਦੀ ਚਾਂਦਨੀ ਵਰਗੀ ਹੋਵੇਗੀ। ਕੰਪਨੀ ਮੁਤਾਬਕ, ਇਸ ਸੇਵਾ ਲਈ ਹੁਣ ਤੱਕ ਲਗਪਗ 2.6 ਲੱਖ ਅਰਜ਼ੀਆਂ ਮਿਲ ਚੁੱਕੀਆਂ ਹਨ ਜਦਕਿ ਇਸ ਦੀ ਸ਼ੁਰੂਆਤੀ ਕੀਮਤ ਪ੍ਰਤੀ ਘੰਟਾ ਲਗਪਗ 5,000 ਡਾਲਰ ਯਾਨੀ ਕਰੀਬ 4.5 ਤੋਂ 4.7 ਲੱਖ ਰੁਪਏ ਰੱਖੀ ਗਈ ਹੈ।

ਰਿਪੋਰਟਾਂ ਅਨੁਸਾਰ, ਕੈਲੀਫੋਰਨੀਆ ਸਥਿਤ ਕੰਪਨੀ ਦੀ ਯੋਜਨਾ ਸੂਰਜ-ਸਿੰਕੋਨਸ ਧਰੁਵੀ ਪੰਧ ਵਿਚ ਉਪਗ੍ਰਹਿ ਸਥਾਪਿਤ ਕਰਨ ਦੀ ਹੈ। ਇਹ ਪੰਧ ਧਰਤੀ ਤੋਂ ਲਗਪਗ 600 ਤੋਂ 625 ਕਿਲੋਮੀਟਰ ਉੱਪਰ ਹੁੰਦਾ ਹੈ ਜਿੱਥੇ ਉਪਗ੍ਰਹਿ ਲਗਾਤਾਰ ਸੂਰਜ ਦੇ ਸੰਪਰਕ ਵਿਚ ਰਹਿੰਦੇ ਹਨ ਅਤੇ ਦਿਨ-ਰਾਤ ਦੀ ਸੀਮਾ, ਜਿਸ ਨੂੰ ਟਰਮੀਨੇਟਰ ਲਾਈਨ ਕਿਹਾ ਜਾਂਦਾ ਹੈ, ਨਾਲ ਚਲਦੇ ਹਨ। ਹਰ ਉਪਗ੍ਰਹਿ ਵਿਚ ਮਾਇਲਰ ਵਰਗੀ ਹਲਕੀ ਸਮੱਗਰੀ ਨਾਲ ਬਣਿਆ 10 ਤੋਂ 54 ਮੀਟਰ ਚੌੜਾ ਪਰਾਵਰਤਕ ਸ਼ੀਸ਼ਾ ਲਗਾਇਆ ਜਾਵੇਗਾ ਜੋ ਪੁਲਾੜ 'ਚ ਖੁੱਲ੍ਹ ਕੇ ਮੋਟਰ ਚਾਲਿਤ ਪ੍ਰਣਾਲੀ ਰਾਹੀਂ ਸੂਰਜ ਦੀ ਰੋਸ਼ਨੀ ਧਰਤੀ ਵੱਲ ਮੋੜੇਗਾ।ਕੰਪਨੀ ਮੋਬਾਈਲ ਐਪ ਜਾਂ ਵੈੱਬਸਾਈਟ ਜ਼ਰੀਏ ਗਾਹਕਾਂ ਤੋਂ ਵਿਸ਼ੇਸ਼ 'ਨਿਰਦੇਸ਼ ਅੰਕ (ਅਕਸ਼ਾਂਸ਼-ਦੇਸ਼ਾਂਤਰ) ਹਾਸਲ ਕਰ ਕੇ ਸੰਬੰਧਿਤ ਖੇਤਰ ਨੂੰ ਰੋਸ਼ਨ ਕਰਨ ਦੀ ਸਹੂਲਤ ਦੇਣ ਦੀ ਤਿਆਰੀ ਕਰ ਰਹੀ ਹੈ। ਹਾਲਾਂਕਿ ਇਹ ਰੋਸ਼ਨੀ ਸੀਮਤ ਸਮੇਂ ਲਈ ਹੀ ਉਪਲਬਧ ਹੋਵੇਗੀ, ਕਿਉਂਕਿ ਧਰਤੀ ਦੇ ਹੇਠਲੇ ਪੰਧ ਵਿਚ ਉਪਗ੍ਰਹਿ ਬਹੁਤ ਤੇਜ਼ੀ ਨਾਲ ਚਲਦੇ ਹਨ ਅਤੇ ਕਿਸੇ ਥਾਂ 'ਤੇ ਇਕ ਵਾਰ ਵਿਚ ਲਗਪਗ ਚਾਰ ਮਿੰਟ ਤੱਕ ਹੀ ਰੋਸ਼ਨੀ ਦੇ ਸਕਦੇ ਹਨ। ਲਗਾਤਾਰ ਰੋਸ਼ਨੀ ਲਈ ਕੰਪਨੀ ਹਜ਼ਾਰਾਂ ਦੀ ਗਣਤੀ ਵਿਚ ਉਪਗ੍ਰਹਿ ਲਾਂਚ ਕਰੇਗੀ। ਇਕ ਉਪਗ੍ਰਹਿ ਲਗਪਗ ਪੰਜ ਕਿਲੋਮੀਟਰ ਚੌੜੇ ਡੱਕਰਾਕਾਰ ਖੇਤਰ ਨੂੰ ਰੋਸ਼ਨ ਕਰ ਸਕੇਗਾ। ਕੰਪਨੀ ਦਾ ਅਨੁਮਾਨ ਹੈ ਕਿ ਰੋਸ਼ਨੀ ਦੀ ਚਮਕ 0.8 ਤੋਂ 2.3 ਲਕਸ ਦਰਮਿਆਨ ਹੋਵੇਗੀ ਜੋ ਪੁੰਨਿਆ ਦੀ ਚਾਂਦਨੀ ਦੇ ਬਰਾਬਰ ਜਾਂ ਉਸ ਤੋਂ ਥੋੜ੍ਹੀ ਜ਼ਿਆਦਾ ਮਹਿਸੂਸ ਹੋਵੇਗੀ ਪਰ ਦਿਨ ਦੇ ਉਜਾਲੇ ਵਰਗੀ ਨਹੀਂ ਹੋਵੇਗੀ। ਇਸ ਤਕਨੀਕ ਦਾ ਇਸਤੇਮਾਲ ਆਫ਼ਤ ਪ੍ਰਭਾਵਤ ਖੇਤਰਾਂ, ਜੰਗਲਾਂ, ਸਮੁੰਦਰੀ ਬਚਾਅ ਮੁਹਿੰਮਾਂ ਅਤੇ ਖੋਜ ਮੁਹਿੰਮਾਂ 'ਚ ਕੀਤਾ ਜਾ ਸਕਦਾ ਹੈ ਜਿੱਥੇ ਤੁਰੰਤ ਰੋਸ਼ਨੀ ਮੁਹੱਈਆ ਕਰਨਾ ਮੁਸ਼ਕਲ ਹੁੰਦਾ ਹੈ।

# ਸਾਊਦੀ ਅਰਬ ਨੇ ਈਰਾਨੀ ਫ਼ੌਜੀ ਅਟੈਚੀ ਤੇ ਸਟਾਫ਼ ਕੱਢਿਆ




**ਰਿਆਧ:** ਸਾਊਦੀ ਅਰਬ ਨੇ ਈਰਾਨੀ ਹਵਾਈ ਹਮਲਿਆਂ ਖ਼ਿਲਾਫ਼ ਕੂਟਨੀਤਕ ਕਾਰਵਾਈ ਕਰਦਿਆਂ ਰਿਆਧ ਵਿਚ ਈਰਾਨੀ ਦੂਤਘਰ ਤੋਂ ਫ਼ੌਜੀ ਅਟੈਚੀ, ਸਹਾਇਕ ਫ਼ੌਜੀ ਅਟੈਚੀ ਤੇ ਮਿਸ਼ਨ ਸਟਾਫ ਦੇ ਤਿੰਨ ਮੈਂਬਰਾਂ ਨੂੰ ਸਾਊਦੀ ਅਰਬ 'ਚੋਂ ਕੱਢ ਦਿੱਤਾ ਹੈ ਗਲਫ ਨਿਊਜ਼ ਅਨੁਸਾਰ, ਸਾਊਦੀ ਅਰਬ ਦੇ ਵਿਦੇਸ਼ ਮੰਤਰੀ ਨੇ ਈਰਾਨੀ ਹਮਲਾਵਰਤਾ ਦੀ ਵਿਆਪਕ ਨਿੰਦਾ ਕੀਤੀ ਹੈ ਜਿਸ ਨੂੰ ਉਸ ਨੇ ਆਪਣੇ ਦੇਸ਼ ਤੇ ਇਸ ਦੇ ਖੇਤਰੀ ਭਾਈਵਾਲਾਂ ਦੇ ਖ਼ਿਲਾਫ਼ ਦੱਸਿਆ ਹੈ।

ਅਧਿਕਾਰਤ ਬਿਆਨ ਵਿਚ ਕਿਹਾ ਗਿਆ ਕਿ ਈਰਾਨੀ ਹਮਲੇ ਖਾੜੀ- ਸਹਿਯੋਗ ਕੌਂਸਲ ਦੇ ਮੈਂਬਰਾਂ ਅਤੇ ਕਈ ਹੋਰ, ਅਰਬ ਤੇ ਇਸਲਾਮੀ ਦੇਸ਼ਾਂ ਨੂੰ ਵੀ ਨਿਸ਼ਾਨਾ ਬਣਾ ਰਹੇ ਹਨ। ਮੰਤਰੀ ਨੇ ਕਿਹਾ ਕਿ ਸਾਊਦੀ ਅਰਬ ਨੂੰ ਨਿਸ਼ਾਨਾ ਬਣਾਉਣਾ ਖਾਸ ਕਰ ਕੇ ਇਸ ਦੀ ਖ਼ੁਦਮੁਖ਼ਤਾਰੀ, ਨਾਗਰਿਕ ਵਸਤਾਂ, ਆਲਮੀ ਕਾਨੂੰਨੀ ਮਿਆਰਾਂ ਦੀ ਉਲੰਘਣਾ ਹੈ।

# ਈਰਾਨ 'ਤੇ ਜ਼ਮੀਨੀ ਹਮਲੇ ਦੀ ਰਣਨੀਤੀ ਬਣਾ ਰਿਹੈ ਪੈਂਟਾਗਨ

**ਵਾਸ਼ਿੰਗਟਨ:** ਪੱਛਮੀ ਏਸ਼ੀਆ ਵਿਚ ਚੱਲ ਰਹੇ ਸੰਘਰਸ਼ ਦਰਮਿਆਨ ਪੈਂਟਾਗਨ ਨੇ ਈਰਾਨ 'ਤੇ ਜ਼ਮੀਨੀ ਹਮਲੇ ਲਈ ਵਿਆਪਕ ਰਣਨੀਤੀ ਤਿਆਰ ਕੀਤੀ ਹੈ। ਉੱਚ ਫ਼ੌਜੀ ਆਗੂਆਂ ਨੇ ਤਿਆਰੀ ਨੂੰ ਯਕੀਨੀ ਬਣਾਉਣ, ਦੀ ਅਪੀਲ ਕੀਤੀ ਹੈ ਕਿਉਂਕਿ ਰਾਸ਼ਟਰਪਤੀ ਡੋਨਾਲਡ ਟਰੰਪ ਅਗਲੇ ਕਦਮਾਂ 'ਤੇ ਵਿਚਾਰ ਕਰ ਰਹੇ ਹਨ।



ਕਿਹਾ ਜਾ ਰਿਹਾ ਹੈ ਕਿ ਰਾਸ਼ਟਰਪਤੀ ਟਰੰਪ ਪੱਛਮੀ ਏਸ਼ੀਆ ਵਿਚ ਜ਼ਮੀਨੀ ਕਾਰਵਾਈ ਦੀ ਸੰਭਾਵਨਾ 'ਤੇ ਵਿਚਾਰ ਕਰ ਰਹੇ ਹਨ। ਹਾਲਾਂਕਿ, ਸੀਬੀਐੱਸ ਨਿਊਜ਼ ਨੇ ਦੱਸਿਆ ਕਿ ਉਨ੍ਹਾਂ ਨੇ ਹਾਲੇ ਤੱਕ ਇਹ ਸਪੱਸ਼ਟ ਨਹੀਂ ਕੀਤਾ ਕਿ ਉਹ ਕਿਨ੍ਹਾਂ ਸ਼ਰਤ 'ਤੇ ਇਨ੍ਹਾਂ ਦੀ ਤਾਇਨਾਤੀ ਨੂੰ ਮਨਜ਼ੂਰੀ ਦੇਣਗੇ। ਇਹ ਵਿਚਾਰ-ਚਰਚਾ ਗੁਪਤ ਤਰੀਕੇ ਨਾਲ ਕੀਤੀ ਗਈ ਹੈ, ਕਿਉਂਕਿ ਇਸ ਵਿਚ ਸ਼ਾਮਲ ਲੋਕਾਂ ਨੂੰ ਇਸ ਸੰਵੇਦਨਸ਼ੀਲ ਯੋਜਨਾ 'ਤੇ ਜਨਤਕ ਤੌਰ 'ਤੇ ਗੱਲ ਕਰਨ ਦੀ ਆਗਿਆ ਨਹੀਂ ਹੈ। ਵੀਰਵਾਰ ਨੂੰ ਓਵਲ ਦਫਤਰ ਵਿਚ ਜ਼ਮੀਨੀ ਕਾਰਵਾਈ ਦੀ ਸੰਭਾਵਨਾ ਬਾਰੇ ਪੁੱਛੇ ਜਾਣ 'ਤੇ ਟਰੰਪ ਨੇ ਪੱਤਰਕਾਰਾਂ ਨੂੰ ਕਿਹਾ- ਨਹੀਂ, ਮੈਂ ਕਿਤੇ ਵੀ ਫੌਜ ਨਹੀਂ ਤਾਇਨਾਤ ਕਰ ਰਿਹਾ। ਪਰ ਨਾਲ ਹੀ ਇਹ ਵੀ ਜੋੜਿਆ ਕਿ ਜੇ ਮੈਂ ਅਜਿਹਾ ਕਰ ਰਿਹਾ ਹੁੰਦਾ ਤਾਂ ਮੈਂ ਨਿਸ਼ਚਿਤ ਤੌਰ 'ਤੇ ਤੁਹਾਨੂੰ ਨਹੀਂ ਦੱਸਦਾ।

# 31 ਮਾਰਚ ਤੱਕ ਪਾਸਪੋਰਟ ਜਮ੍ਹਾਂ ਕਰਵਾਉਣ ਸਿੱਖ ਸ਼ਰਧਾਲੂ: ਐੱਸ. ਜੀ. ਪੀ. ਸੀ.



**ਅੰਮ੍ਰਿਤਸਰ:** ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਉਣ ਜੂਨ 'ਚ ਪਾਕਿਸਤਾਨ ਭੇਜੇ ਜਾਣ ਵਾਲੇ ਜਥੇ ਲਈ ਸ਼੍ਰੋਮਣੀ ਕਮੇਟੀ ਨੇ ਸ਼ਰਧਾਲੂਆਂ ਤੋਂ ਪਾਸਪੋਰਟ ਜਮ੍ਹਾਂ ਕਰਵਾਉਣ ਦੀ ਅਪੀਲ ਕੀਤੀ ਹੈ। ਐੱਸ.ਜੀ.ਪੀ.ਸੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਮੁਤਾਬਕ ਇੱਛਕ ਆਪਣੇ ਪਾਸਪੋਰਟ, ਅਧਾਰ ਕਾਰਡ ਜਾਂ ਵੋਟਰ ਕਾਰਡ ਦੀ ਕਾਪੀ, 31 ਮਾਰਚ ਤੱਕ ਮੁੱਖ ਦਫ਼ਤਰ 'ਚ ਯਾਤਰਾ ਵਿਭਾਗ ਕੋਲ ਜਮ੍ਹਾਂ ਕਰਵਾਉਣ।

# 'ਵਿਸ਼ਵ ਅੱਤਵਾਦ ਸੂਚਕ ਅੰਕ' ਵਿਚ ਪਾਕਿਸਤਾਨ ਦਾ ਪਹਿਲਾ ਨੰਬਰ

**ਇਸਲਾਮਾਬਾਦ:** ਭਾਰਤ ਖਿਲਾਫ਼ ਅੱਤਵਾਦ ਦੀ ਫ਼ਸਲ ਉਗਾਉਣ ਵਾਲੇ ਪਾਕਿਸਤਾਨ ਵਿਚ ਇਹ ਜ਼ਹਿਰੀਲੀ ਪਨੀਰੀ ਏਨੀ ਡੂੰਘਾਈ ਤੱਕ ਜੜ੍ਹਾਂ ਮਜ਼ਬੂਤ ਕਰ ਚੁੱਕੀ ਹੈ ਕਿ ਹੁਣ ਇਸ ਦੇਸ਼ ਨੂੰ ਜੜ੍ਹ ਤੋਂ ਤਬਾਹ ਕਰਨ ਲੱਗੀ ਹੈ। ਅੱਤਵਾਦ ਦੇ ਬੋਲਬਾਲੇ ਵਾਲੇ ਪਾਕਿਸਤਾਨ ਵਿਚ 2025 ਦੌਰਾਨ ਅੱਤਵਾਦ ਨਾਲ ਸਬੰਧਤ ਮੌਤਾਂ ਵਿਚ 6 ਫ਼ੀਸਦ ਦਾ ਵਾਧਾ ਹੋਇਆ। ਇਸ ਲਈ ਪਹਿਲੀ ਵਾਰ ਇਹ ਮੁਲਕ ਆਲਮੀ ਅੱਤਵਾਦ ਸੂਚਕ ਅੰਕਾ ਵਿਚ ਸਰਕਾਰੀ ਤੌਰ 'ਤੇ ਨੰਬਰ ਇਕ ਬਣ ਗਿਆ ਹੈ। ਅਰਥਚਾਰਾ ਅਤੇ ਅਮਨ ਸੰਸਥਾ (ਆਈਈਪੀ) ਵੱਲੋਂ ਪ੍ਰਕਾਸ਼ਤ ਆਲਮੀ 'ਅੱਤਵਾਦ ਸੂਚਕ ਅੰਕ 2026 ਮੁਤਾਬਕ ਗੁਆਂਢੀ ਮੁਲਕ ਵਿਚ ਪਿਛਲੇ ਸਾਲ 1,139 ਮੌਤਾਂ ਦਰਜ ਕੀਤੀਆਂ ਗਈਆਂ ਹਨ।



163 ਮੁਲਕਾਂ ਵਿਚ ਅੱਤਵਾਦ ਦੇ ਅਸਰ ਦਾ ਮੁਲਾਂਕਣ ਕਰਨ ਵਾਲੀ ਇਸ ਰਿਪੋਰਟ ਮੁਤਾਬਕ ਪਾਕਿਸਤਾਨ ਹੁਣ ਬੁਰਕੀਨਾ ਫਾਸੋ, ਨਾਈਜੀਰੀਆ, ਨਾਈਜਰ ਅਤੇ ਲੋਕਤੰਤਰੀ ਗਣਰਾਜ ਕਾਂਗੋ ਦੇ ਨਾਲ ਉਨ੍ਹਾਂ ਪੰਜ ਦੇਸ਼ਾਂ ਵਿਚ ਸ਼ਾਮਲ ਹੈ ਜਿੱਥੇ 70 ਫ਼ੀਸਦ ਮੌਤਾਂ, ਆਲਮੀ ਅੱਤਵਾਦ ਕਾਰਨ ਹੁੰਦੀਆਂ ਹਨ। ਪਾਕਿਸਤਾਨ ਦੇ ਅਫ਼ਗਾਨਿਸਤਾਨ ਸਮੇਤ ਆਪਣੇ ਗੁਆਂਢੀ ਦੇਸ਼ਾਂ ਨਾਲ ਤਣਾਅਪੂਰਨ ਸਬੰਧਾਂ ਦੇ ਨਾਲ ਹੀ ਪਾਬੰਦੀਸ਼ੁਦਾ ਟੀਟੀਪੀ ਅਤੇ ਬਲੋਚਿਸਤਾਨ ਲਿਬਰੇਸ਼ਨ ਆਰਮੀ (ਬੀਐੱਲਏ) ਵੱਲੋਂ ਵੱਧ ਰਹੀ ਹਿੰਸਾ ਨੇ "ਵੱਡੇ ਸੁਰੱਖਿਆ" ਖ਼ਤਰੇ ਪੈਦਾ ਕੀਤੇ ਹਨ। ਪਾਕਿਸਤਾਨ ਵਿਚ ਅੱਤਵਾਦ ਕਾਰਨ ਹੋਣ ਵਾਲੀਆਂ ਮੌਤਾਂ ਹੁਣ 2013 ਤੋਂ ਬਾਅਦ ਦੇ ਉੱਚੇ ਪੱਧਰ 'ਤੇ ਹਨ। 2025 ਵਿਚ ਇਸ ਦੇਸ਼ ਵਿਚ ਅੱਤਵਾਦ ਨਾਲ ਸਬੰਧਤ 1,139 ਮੌਤਾਂ ਤੇ 1,045 ਘਟਨਾਵਾਂ ਦਰਜ ਕੀਤੀਆਂ ਹਨ। ਇਹ ਹਮਲੇ ਅਫ਼ਗਾਨ ਹੱਦ ਨੇੜੇ - ਖ਼ੈਬਰ ਪਖ਼ਤੂਨਖ਼ਵਾ ਵਿਚ ਕੇਂਦਰਤ ਸਨ, ਜਿਸ ਦੇ ਨਤੀਜੇ ਵਜੋਂ 637 ਮੌਤਾਂ ਹੋਈਆਂ, ਜੋ 2011 ਤੋਂ ਬਾਅਦ ਦਾ ਸਭ ਤੋਂ ਉੱਚਾ ਅੰਕੜਾ ਹੈ।

ਆਈਈਪੀ ਮੁਤਾਬਕ, ਪਾਕਿ ਵਿਚ ਬੰਧਕ ਬਣਾਉਣ ਦੀਆਂ ਘਟਨਾਵਾਂ ਵਿਚ ਵੱਡਾ ਵਾਧਾ ਹੋਇਆ, ਪੀੜਤਾਂ ਦੀ ਗਿਣਤੀ 2024 ਵਿਚ 101 ਦੇ ਮੁਕਾਬਲੇ 2025 ਵਿਚ 655 ਹੋ ਗਈ। ਅੰਦਰੂਨੀ ਸੁਰੱਖਿਆ ਦਾ ਇਹ ਖਾਲੀਪਣ ਖੈਬਰ ਪਖ਼ਤੂਨਖ਼ਵਾ ਤੇ ਬਲੋਚਿਸਤਾਨ ਵਿਚ ਸਭ ਤੋਂ ਵੱਧ ਹੈ, ਉਥੇ 2025 ਵਿਚ ਪਾਕਿਸਤਾਨ ਵਿਚ ਅੱਤਵਾਦੀ ਹਮਲਿਆਂ ਦਾ 74 ਫ਼ੀਸਦ ਅਤੇ ਮੌਤਾਂ ਦੇ 67 ਫ਼ੀਸਦ ਦਰਜ ਕੀਤਾ ਗਿਆ ਹੈ।

# 'ਲਿਟਲ ਇੰਡੀਆ' ਕਹਾਉਂਦੈ ਇਜ਼ਰਾਇਲੀ ਸ਼ਹਿਰ ਡਿਮੋਨਾ

**ਨਵੀਂ ਦਿੱਲੀ:** ਨਤਾਂਜ਼ ਪਰਮਾਣੂ ਪਲਾਂਟ 'ਤੇ ਹਮਲੇ ਤੋਂ ਬਾਅਦ ਜਵਾਬੀ ਕਾਰਵਾਈ ਕਰਦੇ ਹੋਏ। ਈਰਾਨ ਨੇ ਸ਼ਨਿਚਰਵਾਰ ਨੂੰ ਦੱਖਣੀ ਇਜ਼ਰਾਈਲ ਦੇ ਸ਼ਹਿਰ ਡਿਮੋਨਾ ਨੂੰ ਮਿਜ਼ਾਈਲਾਂ ਨਾਲ ਨਿਸ਼ਾਨਾ ਬਣਾਇਆ। ਇਜ਼ਰਾਇਲੀ ਫ਼ੌਜ ਨੇ ਕਿਹਾ ਕਿ ਉਹ ਇੰਨ੍ਹਾਂ ਮਿਜ਼ਾਈਲਾਂ ਨੂੰ ਰੋਕਣ ਵਿਚ ਨਾਕਾਮ ਰਹੀ।



ਇਨ੍ਹਾਂ ਹਮਲਿਆਂ ਵਿਚ 33 ਲੋਕ ਜ਼ਖ਼ਮੀ ਹੋ ਗਏ ਅਤੇ ਸ਼ਹਿਰ ਦਾ ਵੱਡਾ ਹਿੱਸਾ ਮਲਬੇ ਦੇ ਢੇਰ ਵਿਚ ਬਦਲ ਗਿਆ। ਇਜ਼ਰਾਈਲ ਦੇ ਪਰਮਾਣੂ ਹਥਿਆਰਾਂ ਦੇ ਮੁੱਖ ਟਿਕਾਣਿਆਂ ਵਿਚੋਂ ਇਕ ਤੋਂ ਲਗਪਗ 20 ਕਿਲੋਮੀਟਰ ਦੂਰ ਸਥਿਤ ਡਿਮੋਨਾ ਇਕ ਅਜਿਹਾ ਸ਼ਹਿਰ ਹੈ ਜਿੱਥੇ ਕਾਫੀ ਗਿਣਤੀ 'ਚ ਭਾਰਤੀ ਮੂਲ ਦੀ ਆਬਾਦੀ ਵਸਦੀ ਹੈ, ਇਸ ਲਈ ਇਸ ਨੂੰ 'ਲਿਟਲ ਇੰਡੀਆ' ਦਾ ਖਿਤਾਬ ਮਿਲਿਆ ਹੈ।

ਡਿਮੋਨਾ ਵਿਚ ਭਾਰਤੀ-ਯਹੂਦੀ ਭਾਈਚਾਰੇ ਦੇ ਲਗਪਗ 7500 ਲੋਕ ਵਸਦੇ ਹਨ ਜੋ ਸ਼ਹਿਰ ਦੀ ਕੁੱਲ ਆਬਾਦੀ ਦਾ ਲਗਪਗ 30 ਫ਼ੀਸਦੀ ਹਨ। ਇੱਥੇ ਲੋਕਾਂ ਨੂੰ ਫਰਾਟੇਦਾਰ / ਮਰਾਠੀ ਅਤੇ ਥੋੜ੍ਹੀ ਬਹੁਤ ਹਿੰਦੀ ਬੋਲਦੇ ਸੁਣਿਆ ਜਾ ਸਕਦਾ ਹੈ। ਇੱਥੇ ਕ੍ਰਿਕਟ ਪ੍ਰਤੀ ਦੀਵਾਨਗੀ ਵਾਲੇ ਪ੍ਰਸ਼ੰਸਕ ਵੀ ਹਨ। ਇੱਥੇ ਦੁਕਾਨਾਂ 'ਤੇ ਜਲੇਬੀ, ਚਾਟ, ਸੋਨਪਾਪੜੀ, ਗੁਲਾਬ ਜਾਮੁਨ, ਪਾਪੜੀ ਚਾਟ ਤੇ ਭੇਲਪੁਰੀ ਵਰਗੇ ਸਥਾਨਕ ਭਾਰਤੀ ਨਾਸ਼ਤੇ ਵੀ ਮਿਲਦੇ ਹਨ। ਤਲ ਅਵੀਵ ਸਥਿਤ ਭਾਰਤੀ ਦੂਤਘਰ ਮੁਤਾਬਕ, ਭਾਰਤ ਤੋਂ ਇਜ਼ਰਾਈਲ ਵਿਚ ਇਮੀਗ੍ਰੇਸ਼ਨ ਮੁੱਖ ਤੌਰ 'ਤੇ ਪਿਛਲੀ ਸਦੀ ਦੇ ਹਨ। ਪੰਜਵੇਂ ਤੇ ਛੇਵੇਂ ਦਹਾਕੇ ਵਿਚ ਹੋਇਆ ਸੀ। ਇਨ੍ਹਾਂ ਵਿਚੋਂ ਬਹੁਤ ਸਾਰੇ ਲੋਕ ਮਹਾਰਾਸ਼ਟਰ (ਬੇਨੇ ਇਜ਼ਰਾਇਲੀ) ਤੋਂ ਸਨ, ਜਦਕਿ ਕੇਰਲ (ਕੋਚਿਨੀ ਯਹੂਦੀ) ਅਤੇ ਕੋਲਕਾਤਾ (ਬਗਦਾਦੀ ਯਹੂਦੀ) ਤੋਂ ਆਉਣ ਵਾਲਿਆਂ ਦੀ ਗਿਣਤੀ ਮੁਕਾਬਲਤਨ ਘੱਟ ਸੀ। ਹਾਲੀਆ ਸਾਲਾਂ ਵਿਚ ਮਿਜ਼ੋਰਮ ਅਤੇ ਮਨੀਪੁਰ (ਬਨੇਈ ਮੇਨਾਸ਼ੇ) ਦੇ ਕੁਝ ਭਾਰਤੀ ਯਹੂਦੀ ਵੀ ਇਜ਼ਰਾਈਲ ਵਿਚ ਆ ਕੇ ਵਸ ਰਹੇ ਹਨ। ਇਹ ਲੋਕ ਮੁੱਖ ਤੌਰ 'ਤੇ ਹੀਰੇ ਦੇ ਵਪਾਰੀ, ਆਈਟੀ ਪੇਸ਼ੇਵਰ ਅਤੇ ਬਜ਼ੁਰਗਾਂ ਦੀ ਦੇਖਭਾਲ ਕਰਨ ਵਾਲੇ (ਕੇਅਰਗਿਵਰ) ਦੇ ਰੂਪ ਵਿਚ ਕੰਮ ਕਰਦੇ ਹਨ।

ਇਹ ਭਾਈਚਾਰਾ ਨਾ ਸਿਰਫ਼ ਖਾਣ-ਪੀਣ ਜ਼ਰੀਏ ਸਗੋਂ ਪਰੰਪਰਾਵਾਂ, ਤਿਉਹਾਰਾਂ ਤੇ ਸੰਸਕ੍ਰਿਤੀ ਜ਼ਰੀਏ ਵੀ ਆਪਸ ਵਿਚ ਘੁਲਦਾ-ਮਿਲਦਾ ਹੈ। ਇਕ ਕੋਚਿਨੀ ਯਹੂਦੀ ਓਣਮ ਮਨਾਉਂਦਾ ਹੈ ਤਾਂ ਉੱਥੇ ਹੀ ਬੇਨੇ ਇਜ਼ਰਾਇਲੀ ਤੇ ਬਗਦਾਦੀ ਯਹੂਦੀ ਦੀਵਾਲੀ ਇਕੱਠੇ ਮਨਾਉਂਦੇ ਹਨ। ਉਹ ਚਾਹ ਨਾਲ ਰਸ ਦਾ ਮਜ਼ਾ ਲੈਂਦੇ ਹਨ ਜੋ ਇਜ਼ਰਾਈਲ ਦੇ ਸੁਪਰ ਮਾਰਕੀਟਾਂ ਵਿਚ ਮਿਲ ਜਾਂਦਾ ਹੈ। ਨਵੰਬਰ, ,2025 ਵਿਚ ਹੋਏ 'ਇੰਡੀਅਨ ਫਿਲਮ ਫੈਸਟ' ਦੌਰਾਨ ਸਿਨੇਮਾਘਰ ਖਚਾਖਚ ਭਰੇ ਰਹੇ ਜਦਕਿ ਕੁਝ ਮਹੀਨੇ ਪਹਿਲਾਂ ਕਰਵਾਇਆ ਗਿਆ ਪਹਿਲਾ 'ਇੰਡੀਅਨ ਮਿਊਜ਼ਿਕ ਫੈਸਟੀਵਲ, ਵੀ ਪੂਰੀ ਤਰ੍ਹਾਂ ਹਾਊਸ ਫੁੱਲ ਰਿਹਾ ਸੀ। ਭਾਰਤੀ ਮੂਲ ਦੀ ਆਬਾਦੀ ਹਾਇਫਾ, ਤਲ ਅਵੀਵ, ਅਰਾਦ, ਨੇਤਨਿਆ ਤੇ ਅਫੁਲਾ ਵਰਗੇ ਸ਼ਹਿਰਾਂ ਵਿਚ ਵੀ ਵਸਦੀ ਹੈ।

# ਬੇਅਦਬੀਆਂ ਵਿਰੁੱਧ ਲਿਆਂਦਾ ਜਾਵੇਗਾ ਸਖ਼ਤ ਕਾਨੂੰਨ: ਮਾਨ

## ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ 13 ਅਪ੍ਰੈਲ ਨੂੰ

**ਅੰਮ੍ਰਿਤਸਰ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਲਾਨ ਕੀਤਾ ਹੈ ਕਿ ਸੂਬਾ ਸਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਾਨੂੰਨ-2008 ਵਿਚ ਸੋਧ ਕਰਨ ਤੇ ਸਖ਼ਤ ਕਾਨੂੰਨ ਲਿਆਉਣ ਲਈ 13 ਅਪ੍ਰੈਲ ਨੂੰ ਵਿਧਾਨ ਸਭਾ ਦਾ ਖ਼ਾਸ ਸੈਸ਼ਨ ਬੁਲਾਏਗੀ। ਪ੍ਰਸਤਾਵਤ ਕਾਨੂੰਨ ਵਿਚ ਸਖ਼ਤ ਸਜ਼ਾ, ਭਾਰੀ ਜੁਰਮਾਨਾ, ਜਾਇਦਾਦ ਜ਼ਬਤ ਕਰਨ ਤੇ ਡਿਜੀਟਲ ਸਮੱਗਰੀ ਰਾਹੀਂ ਕੀਤੇ ਗਏ ਅਪਰਾਧਾਂ ਨੂੰ ਇਸ ਦੇ ਦਾਇਰੇ ਹੇਠ ਲਿਆਉਣ ਦੀ ਵਿਵਸਥਾ ਹੋਵੇਗੀ, ਜਿਸ ਦਾ ਖਰੜਾ ਕਾਨੂੰਨੀ ਮਾਹਿਰਾਂ ਤੇ ਸੰਤ ਸਮਾਜ ਨਾਲ ਸਲਾਹ- ਮਸ਼ਵਰਾ ਕਰ ਕੇ ਤਿਆਰ ਕੀਤਾ ਜਾ ਰਿਹਾ ਹੈ। ਕੋਈ ਲਿਹਾਜ਼ ਨਾ ਵਰਤਣ ਦੇ ਸਟੈਂਡ 'ਤੇ ਜ਼ੋਰ ਦਿੰਦੇ ਹੋਏ ਸਰਕਾਰ ਨੇ ਕਿਹਾ ਕਿ 'ਬੇਅਦਬੀ' ਦੇ ਕਿਸੇ ਵੀ ਦੋਸ਼ੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ।



ਅੰਮ੍ਰਿਤਸਰ ਸਰਕਟ ਹਾਊਸ ਵਿਚ ਸੰਤ ਸਮਾਜ ਦੇ ਮੈਂਬਰਾਂ ਤੇ ਧਾਰਮਿਕ l ਆਗੂਆਂ ਨਾਲ ਮੀਟਿੰਗ ਦੌਰਾਨ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਖ਼ਾਲਸੇ ਦੇ ਸਾਜਨਾ ਦਿਵਸ ਦੇ ਮੌਕੇ ਖ਼ਾਸ ਇਜਲਾਸ ਬੁਲਾਇਆ ਜਾਵੇਗਾ। ਇਸ ਘਿਨਾਉਣੇ ਅਪਰਾਧ ਦੇ ਦੋਸ਼ੀਆਂ ਲਈ ਮਿਸਾਲੀ ਸਜ਼ਾ ਯਕੀਨੀ ਬਣਾਉਣ ਲਈ ਕਾਨੂੰਨ ਦਾ ਖਰੜਾ ਤਿਆਰ ਕਰਨ ਸਮੇਂ ਉੱਘੇ ਵਕੀਲਾਂ ਤੋਂ ਵੀ ਰਾਏ ਲਈ ਜਾਵੇਗੀ।

ਮੁੱਖ ਮੰਤਰੀ ਮਾਨ ਨੇ ਕਿਹਾ ਕਿ ਸੈਸ਼ਨ ਦੌਰਾਨ ਪੰਜਾਬ ਸਰਕਾਰ ਦੁਆਰਾ ਲਾਗੂ ਕੀਤੇ ਗਏ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਾਨੂੰਨ-2008 ਵਿੱਚ ਜ਼ਰੂਰੀ ਸੋਧਾਂ ਕੀਤੀਆਂ ਜਾਣਗੀਆਂ।

ਕਾਬਿਲੇ ਜ਼ਿਕਰ ਹੈ ਕਿ ਸੰਤ ਸਮਾਜ, ਵੱਖ-ਵੱਖ ਸੰਪਰਦਾਵਾਂ, ਟਕਸਾਲਾਂ, ਨਿਹੰਗ ਸਿੰਘ ਸਮੂਹਾਂ, ਉਦਾਸੀ ਸੰਪਰਦਾਵਾਂ, ਨਿਰਮਲਾ ਸੰਪਰਦਾਵਾਂ, ਕਾਰ ਸੇਵਾ ਜਥਿਆਂ, ਰਾਗੀਆਂ ਅਤੇ ਕਥਾਵਾਚਕਾਂ ਨੂੰ ਸੱਦਾ ਦਿੰਦੇ ਹੋਏ ਮੁੱਖ ਮੰਤਰੀ ਮਾਨ ਨੇ ਉਨ੍ਹਾਂ ਨੂੰ ਖਾਸ ਇਜਲਾਸ ਵਿਚ ਸ਼ਾਮਲ ਹੋਣ ਅਤੇ ਇਸ ਇਤਿਹਾਸਕ ਕਾਨੂੰਨ ਦੇ ਪਾਸ ਹੋਣ ਦਾ ਗਵਾਹ ਬਣਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਪੀਕਰ ਕੁਲਤਾਰ ਸਿੰਘ ਸੰਧਵਾਂ ਤੇ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਝਰ ਜਲਦੀ ਸਮਾਣਾ ਦਾ ਦੌਰਾ ਕਰਨਗੇ ਤਾਂ ਜੋ ਗੁਰਜੀਤ ਸਿੰਘ ਖ਼ਾਲਸਾ ਨੂੰ ਆਪਣਾ ਰੋਸ ਮੁਜ਼ਾਹਰਾ ਖ਼ਤਮ ਕਰਨ ਲਈ ਮਨਾਉਣ ਅਤੇ ਉਨ੍ਹਾਂ ਨੂੰ ਵਿਧਾਨ ਸਭਾ ਦੇ ਖ਼ਾਸ ਇਜਲਾਸ ਵਿਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਜਾ ਸਕੇ। ਮੁੱਖ ਮੰਤਰੀ ਮਾਨ ਨੇ ਕਿਹਾ ਕਿ ਕਾਨੂੰਨ ਵਿਚ ਸਖ਼ਤ ਸਜ਼ਾਵਾਂ, ਭਾਰੀ ਜੁਰਮਾਨੇ ਤੇ ਇੱਥੋਂ ਤੱਕ ਕਿ ਦੋਸ਼ੀਆਂ ਦੀ ਜਾਇਦਾਦ ਜ਼ਬਤ ਕਰਨ ਦੀ ਵਿਵਸਥਾ ਵੀ ਸ਼ਾਮਲ ਹੋਵੇਗੀ।

# ਧੁਰੰਧਰ: ਦਿ ਰਿਵੈਂਜ' ਦੀ ਕਮਾਈ 454 ਕਰੋੜ ਤੋਂ ਪਾਰ

**ਨਵੀਂ ਦਿੱਲੀ:** ਕਮਾਈ ਦੇ ਸਾਰੇ ਰਿਕਾਰਡ ਤੋੜ ਚੁੱਕੀ ਰਣਵੀਰ ਸਿੰਘ ਦੀ ਫਿਲਮ 'ਧੁਰੰਦਰ : ਦਿ ਰਿਵੈਂਜ' ਰਿਲੀਜ਼ ਤੋਂ ਲੈ ਕੇ ਐਤਵਾਰ ਦੁਪਹਿਰ ਤੱਕ 454 ਕਰੋੜ ਰੁਪਏ ਦੀ ਕਮਾਈ ਕਰ ਚੁੱਕੀ ਹੈ। ਫਿਲਮ ਦੀ ਆਲਮੀ ਕਮਾਈ ਸ਼ਨਿਚਰਵਾਰ ਨੂੰ ਹੀ 500 ਕਰੋੜ ਰੁਪਏ ਦੇ ਪਾਰ ਹੋ ਚੁੱਕੀ ਹੈ। ਟ੍ਰੇਡ ਟ੍ਰੈਕਿੰਗ ਵੈਬਸਾਈਟ ਮੁਤਾਬਕ ਨਿਰਮਾਤਾ, ਨਿਰਦੇਸ਼ਕ ਤੇ ਲੇਖਕ ਆਦਿੱਤਿਆ ਧਰ ਦੀ ਫਿਲਮ 'ਧੁਰੰਧਰ : ਦਿ ਰਿਵੈਂਜ' ਨੇ ਐਤਵਾਰ ਦੁਪਹਿਰ ਤੱਕ ਹੀ 79.32 ਕਰੋੜ ਰੁਪਏ ਦਾ ਬਾਕਸ ਆਫਿਸ ਕੁਲੈਕਸ਼ਨ ਕਰ ਲਿਆ। ਇਸ ਸਮੇਂ ਤੱਕ ਦੇਸ਼ 'ਚ ਫਿਲਮ ਦੀ ਕੁਲ ਕਮਾਈ 412.59 ਕਰੋੜ ਰੁਪਏ ਪਾਰ ਹੋ ਗਈ ਸੀ। ਬੀਤੇ ਤਿੰਨ ਦਿਨਾਂ 'ਚ ਫਿਲਮ ਨੇ ਵੀਰਵਾਰ ਨੂੰ 102.55 ਕਰੋੜ ਰੁਪਏ, ਸ਼ੁੱਕਰਵਾਰ ਨੂੰ 80.72 ਕਰੋੜ ਤੇ ਸ਼ਨਿਚਰਵਾਰ ਨੂੰ 113 ਕਰੋੜ ਰੁਪਏ ਦਾ ਬਾਕਸ ਆਫਿਸ ਕੁਲੈਕਸ਼ਨ ਕੀਤਾ।



ਫਿਲਮ ਨੇ ਬੁੱਧਵਾਰ ਨੂੰ ਸ਼ਾਮ ਪੰਜ ਵਜੇ ਤੋਂ ਸ਼ੁਰੂ ਹੋਏ ਪੇਡ ਪ੍ਰੀਵਿਊਜ਼ 'ਚ ਵੀ 43 ਕਰੋੜ ਰੁਪਏ ਦੀ ਕਮਾਈ ਕੀਤੀ ਸੀ।

# ਟਵਿੱਟਰ ਖ਼ਰੀਦ ਮਾਮਲੇ 'ਚ ਮਸਕ ਦੋਸ਼ੀ ਪਾਏ

**ਸਾਨ ਫਰਾਂਸਿਸਕੋ:** ਸਾਨ ਫਰਾਂਸਿਸਕੋ ਦੀ ਜਿਊਰੀ ਨੇ ਟੈਸਲਾ ਦੇ ਸੀਈਓ ਐਲਨ ਮਸਕ ਨੂੰ 2022 ਵਿਚ ਟਵਿੱਟਰ (ਹੁਣ ਐਕਸ) ਨੂੰ ਐਕਵਾਇਰ ਕਰਨ ਦੌਰਾਨ ਨਿਵੇਸ਼ਕਾਂ ਨੂੰ ਧੋਖਾ ਦੇਣ ਅਤੇ ਸ਼ੇਅਰ ਦੀਆਂ ਕੀਮਤਾਂ ਵਿਚ ਹੇਰਫੇਰ ਕਰਨ ਦਾ ਦੋਸ਼ੀ ਪਾਇਆ ਹੈ। ਹਾਲਾਂਕਿ ਕੋਰਟ ਨੇ ਉਨ੍ਹਾਂ ਨੂੰ ਧੋਖਾਧੜੀ ਦੀ ਵੱਡੀ ਸਾਜ਼ਿਸ਼ ਰਚਣ ਦੇ ਦੋਸ਼ਾਂ, ਤੋਂ ਬਰੀ ਕਰ ਦਿੱਤਾ।



ਇਹ ਮਾਮਲਾ ਮਸਕ ਵੱਲੋਂ ਟਵਿੱਟਰ ਨੂੰ 44 ਅਰਬ ਡਾਲਰ 'ਚ ਖ਼ਰੀਦਣ ਤੋਂ ਪਹਿਲਾਂ ਕੀਤੇ ਗਏ ਟਵੀਟਾਂ, ਨਾਲ ਜੁੜਿਆ ਹੈ।

# ਨਿੱਜਰ ਹੱਤਿਆ ਮਾਮਲੇ 'ਚ ਟਰੂਡੋ ਨੂੰ ਦਿੱਤੀ ਗਈ ਸੀ ਗ਼ਲਤ ਸਲਾਹ

**ਨਵੀਂ ਦਿੱਲੀ:** ਕੈਨੇਡਾ ਵਿਚ ਭਾਰਤ ਦੇ ਸਾਬਕਾ ਹਾਈ ਕਮਿਸ਼ਨਰ ਸੰਜੇ ਵਰਮਾ ਨੇ ਕਿਹਾ ਹੈ ਕਿ ਖ਼ਾਲਿਸਤਾਨੀ ਅੱਤਵਾਦੀ ਹਰਦੀਪ ਸਿੰਘ ਨਿੱਜਰ ਦੀ ਹੱਤਿਆ ਨਾਲ ਭਾਰਤ ਨੂੰ ਜੋੜਨ ਵਾਲੇ ਦੋਸ਼ ਜਨਤਕ ਤੌਰ 'ਤੇ ਉਠਾਉਣ ਲਈ ਸਾਬਕਾ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਗਲਤ ਸਲਾਹ ਦਿੱਤੀ ਗਈ ਸੀ। ਇਸ ਨਾਲ ਬਿਨਾਂ ਕਿਸੇ ਕਾਰਨ ਦੋਵਾਂ ਦੇਸ਼ਾਂ ਵਿਚਾਲੇ ਦੁਵੱਲੇ ਸੰਬੰਧ ਵਿਗੜ ਗਏ ਸਨ। ਵਰਮਾ ਨੇ ਕੈਨੇਡਾ ਪੁਲਿਸ ਮੁਖੀ ਦੇ ਉਸ ਬਿਆਨ ਦਾ ਸਵਾਗਤ ਕੀਤਾ ਹੈ ਜਿਸ ਵਿਚ ਉਨ੍ਹਾਂ ਨੇ ਨਿੱਜਰ ਦੀ ਹੱਤਿਆ ਤੇ ਭਾਰਤ ਵਿਚਾਲੇ ਕਿਸੇ ਵੀ ਸੰਬੰਧ ਤੋਂ ਇਨਕਾਰ ਕੀਤਾ ਹੈ। ਵਰਮਾ ਨੇ ਇਸ ਨੂੰ ਭਾਰਤ ਦੇ ਲੰਬੇ ਸਮੇਂ ਤੋਂ





ਚੱਲ ਰਹੇ ਰੁਖ਼ ਦੀ ਪੁਸ਼ਟੀ ਦੱਸਿਆ। ਸਾਬਕਾ ਰਾਜਦੂਤ ਨੇ ਦੱਸਿਆ ਕਿ ਨਿੱਜਰ ਦੀ ਹੱਤਿਆ ਵਿਚ ਸ਼ਾਮਲ ਮੁਲਜ਼ਮ ਕਥਿਤ ਤੌਰ 'ਤੇ ਕੈਨੇਡਾ ਵਿਚ ਵਿਦਿਆਰਥੀ ਬਣ ਕੇ ਦਾਖ਼ਲ ਹੋਏ ਸਨ। ਉਨ੍ਹਾਂ ਦਾ ਮੁਕੱਦਮਾ ਫ਼ਿਲਹਾਲ ਚੱਲ ਰਿਹਾ ਹੈ।

ਵਰਮਾ ਦੀਆਂ ਇਹ ਟਿੱਪਣੀਆਂ ਉਸ ਸਮੇਂ ਆਈਆਂ ਹਨ ਜਦੋਂ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰਸੀਐੱਮਪੀ) ਦੇ ਕਮਿਸ਼ਨਰ ਮਾਈਕ ਡੁਹੇਮ ਨੇ ਕਿਹਾ ਹੈ ਕਿ ਭਾਰਤ ਨਾਲ ਜੁੜੇ ਕਿਸੇ ਵੀ ਏਜੰਟ ਤੋਂ ਕੈਨੇਡੀਅਨ ਨਾਗਰਿਕਾਂ ਨੂੰ ਕੋਈ ਖ਼ਤਰਾ ਨਹੀਂ। ਸੀਟੀਵੀ ਨੂੰ ਦਿੱਤੀ ਇਕ ਇੰਟਰਵਿਊ ਵਿਚ ਡੁਹੇਮ ਨੇ ਕਿਹਾ ਕਿ ਇਨ੍ਹਾਂ ਕੜੀਆਂ ਦਾ ਕਿਸੇ ਵਿਦੇਸ਼ੀ ਸੰਸਥਾ ਨਾਲ ਕੋਈ ਸੰਬੰਧ ਨਹੀਂ। ਮੈਂ 2024 ਵਿਚ ਜੋ ਕਿਹਾ ਸੀ, ਉਹ ਉਸ ਸਮੇਂ ਚੱਲ ਰਹੀ ਅਪਰਾਧਕ ਜਾਂਚ 'ਤੇ ਆਧਾਰਿਤ ਸੀ। ਜਿਸ ਸਰਕਾਰੀ ਅਧਿਕਾਰੀ ਨੇ ਉਹ ਬਿਆਨ ਦਿੱਤਾ ਸੀ, ਮੈਨੂੰ ਯਾਦ ਨਹੀਂ ਕਿ ਉਸ ਨੂੰ ਇਹ ਜਾਣਕਾਰੀ ਕਿਸ ਨੇ ਦਿੱਤੀ ਸੀ।

# ਸੀ.ਐੱਮ. ਦੀ ਰਿਹਾਇਸ਼ ਘੇਰਨ ਜਾ ਰਹੇ ਵਿਰੋਧੀ ਹਿਰਾਸਤ 'ਚ ਲਏ

**ਅੰਮ੍ਰਿਤਸਰ:**ਐਤਵਾਰ ਨੂੰ ਸੂਬੇ ਦੇ ਇਤਿਹਾਸ 'ਚ ਪਹਿਲੀ ਵਾਰ ਪੂਰੀ ਵਿਰੋਧੀ ਧਿਰ ਸਰਕਾਰ ਖ਼ਿਲਾਫ਼ ਇਕਜੁੱਟ ਨਜ਼ਰ ਆਈ। ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੇ



ਦੇ ਸੀਨੀਅਰ ਨੇਤਾਵਾਂ ਨੇ ਚੰਡੀਗੜ੍ਹ 'ਚ ਭੁੱਲਰ ਦੀ ਗ੍ਰਿਫ਼ਤਾਰੀ ਦੀ ਮੰਗ ਕਰਦਿਆਂ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਕਰਨ ਦਾ ਯਤਨ ਕੀਤਾ। ਖ਼ੁਦਕੁਸ਼ੀ ਦੇ ਮਾਮਲੇ ਦੀ ਸੀਬੀਆਈ ਜਾਂਚ ਤੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਐਤਵਾਰ ਨੂੰ ਕਾਂਗਰਸ, ਭਾਜਪਾ, ਸ਼੍ਰੋਮਣੀ ਅਕਾਲੀ ਦਲ, ਅਕਾਲੀ ਦਲ ਮੁੜ ਸੁਰਜੀਤ ਤੇ ਏਟਕ ਨੇਤਾ ਚੰਡੀਗੜ੍ਹ 'ਚ ਸੀਐਮ ਦੀ ਰਿਹਾਇਸ਼ ਘੇਰਨ ਪੁੱਜੇ। ਸੈਕਟਰ-3 ਸਥਿਤ ਐੱਮਐੱਲਏ ਹੋਸਟਲ ਦੇ ਗੇਟ 'ਤੇ ਹੀ ਚੰਡੀਗੜ੍ਹ ਪੁਲਿਸ ਨੇ ਉਨ੍ਹਾਂ ਨੂੰ ਰੋਕ ਲਿਆ। ਕਰੀਬ ਅੱਧਾ ਘੰਟਾ ਪਾਣੀ ਦੀਆਂ ਚੱਲੀਆਂ ਵਾਛੜਾਂ ਤੋਂ ਬਾਅਦ ਪੁਲਿਸ ਨੇ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ, ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਸਮੇਤ ਚਾਰ ਦਰਜਨ ਤੋਂ ਵਰਕਰਾਂ ਨੂੰ ਹਿਰਾਸਤ 'ਚ ਲੈ ਲਿਆ ਜਿਨ੍ਹਾਂ ਨੂੰ ਬਾਅਦ 'ਚ ਛੱਡ ਦਿੱਤਾ ਗਿਆ।

# ਪੰਜਾਬ 'ਚ ਲਾਗੂ ਹੋਣਾ ਚਾਹੀਦੈ ਰਾਸ਼ਟਰਪਤੀ ਰਾਜ: ਚੰਨੀ

**ਮੋਰਿੰਡਾ:**ਸਾਬਕਾ ਮੁੱਖ ਮੰਤਰੀ ਪੰਜਾਬ ਤੇ ਲੋਕ ਸਭਾ ਮੈਂਬਰ ਚਰਨਜੀਤ ਸਿੰਘ ਚੰਨੀ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੰਜਾਬ 'ਚ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾਵੇ ਤੇ ਗੁਗਨਦੀਪ ਸਿੰਘ ਦੀ ਮੌਤ ਦੀ ਸੀਬੀਆਈ ਤੋਂ ਜਾਂਚ ਕਰਵਾਈ ਜਾਵੇ।

ਮੋਰਿੰਡਾ ਵਿਖੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਮਾਰਕਫੈੱਡ ਦੇ ਜ਼ਿਲ੍ਹਾ ਜਨਰਲ ਮੈਨੇਜਰ ਗਗਨਦੀਪ ਸਿੰਘ ਰੰਧਾਵਾ ਨੂੰ ਕੈਬਨਿਟ ਮੰਤਰੀ ਲਾਲਜੀਤ ਭੁੱਲਰ ਵੱਲੋਂ ਆਪਣੇ ਨਜ਼ਦੀਕੀ ਨੂੰ ਟੈਂਡਰ ਨਾ ਦੇਣ 'ਤੇ ਆਪਣੇ ਕੋਲ ਬੁਲਾ ਕੇ ਬੁਰੀ ਤਰ੍ਹਾਂ ਕੁੱਟਿਆ ਤੇ ਮਨਮਰਜ਼ੀ ਦੇ ਬਿਆਨ ਦਿਵਾਏ ਗਏ। ਉਨ੍ਹਾਂ ਕਿਹਾ ਕਿ ਮੰਤਰੀ ਭੁੱਲਰ ਨੇ ਗਗਨਦੀਪ ਨੂੰ ਸਲਫਾਸ ਖਾਣ ਲਈ ਮਜਬੂਰ ਕਰ ਦਿੱਤਾ। ਇਸ ਦਾ ਖੁਲਾਸਾ ਮ੍ਰਿਤਕ ਗਗਨਦੀਪ ਸਿੰਘ ਨੇ ਖ਼ੁਦ ਵੀਡੀਓ ਵਾਇਰਲ ਕਰ ਕੇ ਕੀਤਾ ਹੈ। ਪੰਜਾਬ 'ਚ ਸ਼ਰੇਆਮ ਦਿਨ- ਦਿਹਾੜੇ ਨਿਰਦੋਸ਼ ਤੇ ਆਮ ਲੋਕਾਂ ਨੂੰ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰਿਆ ਜਾ ਰਿਹਾ ਹੈ।




# ਆਸਿਮ ਮੁਨੀਰ ਕਰ ਰਿਹੈ ਸ਼ੀਆ-ਸੁੰਨੀ ਟਕਰਾਅ ਭੜਕਾਉਣ ਦੀ ਸਾਜ਼ਿਸ਼

**ਨਵੀਂ ਦਿੱਲੀ:**ਪਾਕਿਸਤਾਨ ਇਸ ਸਮੇਂ ਹਰ ਮੋਰਚੇ 'ਤੇ ਫੇਲ੍ਹ ਹੁੰਦਾ ਦਿਖਾਈ ਦੇ ਰਿਹਾ ਹੈ ਭਾਵੇਂ ਅਫ਼ਗਾਨਿਸਤਾਨ 'ਚ ਚੱਲ ਰਿਹਾ ਸੰਘਰਸ਼ ਹੋਵੇ, ਬਲੋਚਿਸਤਾਨ ਲਿਬਰੇਸ਼ਨ ਆਰਮੀ ਅਤੇ ਤਹਿਰੀਕ-ਏ- ਤਾਲਿਬਾਨ ਪਾਕਿਸਤਾਨ ਦਾ ਅੱਤਵਾਦੀ ਦਬਾਅ ਹੋਵੇ ਜਾਂ ਡਾਵਾਂਡੋਲ ਹੁੰਦਾ ਅਰਥਚਾਰਾ। ਇਸ ਹਾਲਤ 'ਚ ਫ਼ੌਜ ਮੁਖੀ ਆਸਿਮ ਮੁਨੀਰ ਆਪਣੀਆਂ ਨਾਕਾਮੀਆਂ 'ਤੇ ਪਰਦਾ ਪਾਉਣ ਤੇ ਆਪਣਾ ਅਕਸ ਚਮਕਾਉਣ ਲਈ ਹੁਣ ਇਕ ਖ਼ਤਰਨਾਕ ਖੇਡ ਖੇਡਦੇ ਦਿਖਾਈ ਦੇ ਰਹੇ ਹਨ, ਜਿਸ ਵਿਚ ਉਹ ਪਾਕਿ 'ਚ ਸ਼ੀਆ-ਸੁੰਨੀ ਭਾਈਚਾਰਿਆਂ ਵਿਚਾਲੇ ਟਕਰਾਅ ਭੜਕਾਉਣ ਦੀ ਸਾਜ਼ਿਸ਼ ਰਚ ਰਹੇ ਹਨ।



ਸੂਤਰਾਂ ਮੁਤਾਬਕ, ਆਸਿਮ ਮੁਨੀਰ 'ਤੇ ਇਸ ਸਮੇਂ ਭਾਰੀ ਦਬਾਅ ਹੈ। ਇਕ ਪਾਸੇ ਸਰਹੱਦਾਂ 'ਤੇ ਅਸਥਿਰਤਾ, ਦੂਜੇ ਪਾਸੇ ਅੱਤਵਾਦੀ ਸੰਗਠਨਾਂ ਦਾ ਵਧਦਾ ਪ੍ਰਭਾਵ ਤੇ ਉੱਪਰੋਂ ਡਾਵਾਂਡੋਲ ਹੁੰਦਾ ਅਰਥਚਾਰਾ, ਇਨ੍ਹਾਂ ਸਾਰਿਆਂ ਨੇ ਪਾਕਿਸਤਾਨ ਦੀ ਸੁਰੱਖਿਆ ਵਿਵਸਥਾ ਨੂੰ ਕਮਜ਼ੋਰ ਕਰ ਦਿੱਤਾ ਹੈ। ਇਸ ਲਈ ਧਿਆਨ ਭਟਕਾਉਣ ਲਈ ਫਿਰਕੂ ਅੱਗ ਭੜਕਾਉਣਾ ਪੁਰਾਣਾ ਤੇ ਖ਼ਤਰਨਾਕ ਹਥਿਆਰ ਬਣਦਾ ਦਿਖਾਈ ਦੇ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਮੁਨੀਰ ਉਸੇ ਰਾਹ 'ਤੇ ਚੱਲ ਰਹੇ ਹਨ ਜਿਸ 'ਤੇ ਕਦੇ ਮੁਹੰਮਦ ਜ਼ਿਆ- ਉਲ-ਹੱਕ ਨੇ ਪਾਕਿਸਤਾਨ ਨੂੰ ਧੱਕਿਆ ਸੀ, ਜਿੱਥੇ ਸ਼ੀਆ ਭਾਈਚਾਰੇ ਨੂੰ ਵਿਵਸਥਿਤ ਤੌਰ 'ਤੇ ਨਿਸ਼ਾਨਾ ਬਣਾਇਆ ਗਿਆ ਸੀ।

# ਤਸ਼ੱਦਦ ਦੇ ਸੱਤ ਦਿਨਾਂ ਨੂੰ ਭੁੱਲਣਾ ਔਖਾ: ਉਪਿੰਦਰ ਕੌਰ

**ਅੰਮ੍ਰਿਤਸਰ:**ਗਗਨਦੀਪ ਸਿੰਘ ਰੰਧਾਵਾ ਦੀ ਵਿਧਵਾ ਉਪਿੰਦਰ ਕੌਰ ਨੇ ਦੱਸਿਆ ਕਿ 13 ਮਾਰਚ ਤੋਂ 19 ਮਾਰਚ ਤੱਕ ਦੇ ਸੱਤ ਦਿਨਾਂ ਦੀ ਪਰੇਸ਼ਾਨੀ ਉਨ੍ਹਾਂ ਨੂੰ ਕਦੇ ਨਹੀਂ ਭੁੱਲ ਸਕਦੀ ਤੇ ਨਾ ਹੀ ਬਿਆਨ ਕਰ ਸਕਦੇ ਹਨ। ਪ੍ਰਮਾਤਮਾ ਕਿਸੇ ਵੀ ਪਰਿਵਾਰ 'ਤੇ ਅਜਿਹਾ ਮਾਨਸਿਕ ਦਬਾਅ ਨਾ ਪਾਵੇ। 13 ਮਾਰਚ ਮਾਰਚ ਨੂੰ ਦੇਰ ਦੇ ਰਾਤ ਗਗਨਦੀਪ ਘਰ ਪੁੱਜੇ ਤਾਂ ਕਾਫੀ ਡਰੇ ਹੋਏ ਸਨ। ਉਨ੍ਹਾਂ ਦੇ ਸਿਰ ਤੋਂ ਖ਼ੂਨ ਵਗ ਰਿਹਾ ਸੀ। ਪੁੱਛਣ 'ਤੇ ਦੱਸਿਆ ਕਿ ਮੰਤਰੀ ਨੇ ਮਾਰਕੁੱਟ ਕੀਤੀ ਤੇ ਧਮਕਾਇਆ ਕਿ ਸਾਰੇ ਗੈਂਗਸਟਰ ਉਸ ਦੇ ਪਾਲੇ ਹੋਏ ਹਨ। ਕੰਮ ਨਾ ਕਰਨ ਦਾ ਖ਼ਮਿਆਜ਼ਾ ਸਾਰਾ ਪਰਿਵਾਰ ਭੁਗਤਣ ਨੂੰ ਤਿਆਰ ਰਹੇ। ਸਾਰੇ ਏਨੇ ਡਰ ਗਏ ਸਨ ਕਿ ਗਗਨਦੀਪ ਨੇ ਮਾਂ ਭਾਗ ਕੌਰ ਨੂੰ ਉਨ੍ਹਾਂ ਦੇ ਪੇਕੇ ਭੇਜ ਦਿੱਤਾ ਸੀ। ਉਪਿੰਦਰ ਨੇ ਦੱਸਿਆ ਉਹ ਸਰਕਾਰੀ ਅਧਿਆਪਕਾ ਹਨ। ਸਕੂਲ ਜਾਂਦੇ ਸਨ, ਪਰ ਘਰ ਆਉਣ ਦੀ ਬਜਾਏ ਰਿਸ਼ਤੇਦਾਰਾਂ ਦੇ ਘਰ ਰੁਕ ਜਾਂਦੇ ਸਨ। ਇੱਥੋਂ ਤੱਕ ਕਿ ਧੀ ਵੀ ਸਕੂਲ ਤੋਂ ਆਪਣੀ ਸ਼ਹੇਲੀ ਦੇ ਘਰ ਚਲੀ ਜਾਂਦੀ ਸੀ।



# ਸੀ.ਬੀ.ਆਈ. ਕਰੇ ਆਤਮਹੱਤਿਆ ਮਾਮਲੇ ਦੀ ਜਾਂਚ: ਮਜੀਠੀਆ

ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਜੋ ਕੇਸ 21 ਮਾਰਚ ਨੂੰ ਦਰਜ ਹੋਣਾ ਸੀ ਉਹ 22-ਮਾਰਚ ਦੀ ਸਵੇਰੇ 1 ਵਜੇ ਦਰਜ




ਹੋਇਆ। ਮੁੱਖ ਮੰਤਰੀ ਭਗਵੰਤ ਮਾਨ ਜੇਕਰ ਲਾਲਜੀਤ ਭੁੱਲਰ ਦਾ ਬਚਾਅ ਨਹੀਂ ਕਰ ਰਹੇ ਤਾਂ ਇਸ ਮਾਮਲੇ ਦੀ ਜਾਂਚ ਸੀ.ਬੀ.ਆਈ. ਦੁਆਰਾ ਕਰਵਾਈ ਜਾਵੇ। ਮੁੱਖ ਮੰਤਰੀ ਕਹਿ ਰਹੇ ਹਨ ਕਿ ਉਨ੍ਹਾਂ ਭੁੱਲਰ ਦਾ ਅਸਤੀਫ਼ਾ ਲਿਆ। ਜਦਕਿ ਭੁੱਲਰ ਕਹਿ ਰਹੇ ਹਨ ਕਿ ਉਨ੍ਹਾਂ ਨੈਤਿਕਤਾ ਦੇ ਆਧਾਰ 'ਤੇ ਅਸਤੀਫ਼ਾ ਦਿੱਤਾ। ਇੰਨਾ ਘਟੀਆ ਤੇ ਘਿਨੌਣਾ ਕੰਮ ਕਰਨ ਦੇ ਬਾਅਦ ਵੀ ਲਾਲਜੀਤ ਭੁੱਲਰ ਨੈਤਿਕਤਾ ਦਿਖਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਦੇ ਥਾਣੇ ਤੇ ਪੀੜਤ ਪਰਿਵਾਰ ਦੇ ਘਰ 'ਤੇ ਧਰਨੇ ਦੇਣ ਤੇ ਸਰਕਾਰ 'ਤੇ ਦਬਾਅ ਬਣਾਉਣ ਦੇ ਬਾਅਦ ਹੀ ਕੱਲ੍ਹ ਰਾਤ ਕੇਸ ਦਰਜ ਹੋਇਆ, ਪਰ ਸਰਕਾਰ ਹਾਲੇ ਵੀ ਮੰਤਰੀ ਨੂੰ ਗ੍ਰਿਫ਼ਤਾਰ ਨਹੀਂ ਕਰਨ ਦੇ ਰਹੀ। ਜਦਕਿ ਪੁਲਿਸ ਕਮਿਸ਼ਨਰ ਗੁਰਪ੍ਰੀਤ ਭੁੱਲਰ ਪਰਿਵਾਰ 'ਤੇ ਸਮਝੌਤਾ ਕਰਨ ਤੇ ਅੰਤਿਮ ਸੰਸਕਾਰ ਕਰਨ ਦਾ ਦਬਾਅ ਬਣਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਬਹੁਤ ਸ਼ਰਮ ਦੀ ਗੱਲ ਹੈ ਕਿ ਪਰਿਵਾਰ ਨੂੰ ਇਨਸਾਫ਼ ਦੇਣ ਦੇ ਬਜਾਏ ਕਾਰਜਕਾਰੀ ਡੀਜੀਪੀ ਗੌਰਵ ਯਾਦਵ ਦੀ ਲੀਡਰਸ਼ਿਪ 'ਚ ਪੁਲਿਸ ਉਨ੍ਹਾਂ ਨੂੰ ਸਮਝੌਤੇ ਲਈ ਧਮਕਾਉਣ 'ਤੇ ਧਿਆਨ ਕੇਂਦਰਿਤ ਕਰ ਰਹੀ ਹੈ।

# ਅਫ਼ਸਰ ਹੀ ਸੁਰੱਖਿਅਤ ਨਹੀਂ ਤਾਂ ਜਨਤਾ ਕਿਵੇਂ ਰਹਿ ਸਕਦੀ ਹੈ: ਖਹਿਰਾ

**ਅੰਮ੍ਰਿਤਸਰ:**ਕਾਂਗਰਸ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ 'ਚ ਪੂਰੀ ਤਰ੍ਹਾਂ ਅਸਫਲ ਹੋ ਗਈ ਹੈ। ਜੇਕਰ ਇਸ ਸਰਕਾਰ ਅਧੀਨ ਸੀਨੀਅਰ ਅਫ਼ਸਰ ਸੁਰੱਖਿਅਤ ਨਹੀਂ ਹਨ,



ਤਾਂ ਆਮ ਲੋਕਾਂ ਦਾ ਕੀ ਹਾਲ ਹੋਵੇਗਾ। ਇਹ ਸਭ ਨੂੰ ਸਪੱਸ਼ਟ ਹੈ। ਸੁਖਪਾਲ ਖਹਿਰਾ ਐਤਵਾਰ ਸ਼ਾਮ ਨੂੰ ਵੇਅਰਹਾਊਸ ਮੈਨੇਜਰ ਗਗਨਦੀਪ ਸਿੰਘ ਰੰਧਾਵਾ (ਮ੍ਰਿਤਕ) ਦੇ ਘਰ ਪੁੱਜੇ ਸਨ। ਕਾਂਗਰਸ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਰੰਧਾਵਾ' ਦੀ ਪਤਨੀ ਉਪਿੰਦਰ ਕੌਰ, ਮਾਂ ਭਾਗ ਕੌਰ ਤੇ ਹੋਰ ਪਰਿਵਾਰਕ ਮੈਂਬਰਾਂ ਨਾਲ ਗੱਲ ਕੀਤੀ ਤੇ ਇਨਸਾਫ਼ ਦੀ ਲੜਾਈ 'ਚ ਉਨ੍ਹਾਂ ਦਾ ਸਮਰਥਨ ਕਰਨ ਦਾ ਵਾਅਦਾ ਕੀਤਾ। ਉਨ੍ਹਾਂ ਕਿਹਾ ਕਿ ਉਹ ਹਮੇਸ਼ਾ ਉਨ੍ਹਾਂ ਨਾਲ ਖੜ੍ਹੇ ਰਹਿਣਗੇ।

# ਮੰਤਰੀ ਹੋਵੇ ਜਾਂ ਸੰਤਰੀ, ਬਖ਼ਸ਼ੇ ਨਹੀਂ ਜਾਣਗੇ: ਮਾਨ

**ਜਲਾਲਾਬਾਦ:**ਮੁੱਖ ਮੰਤਰੀ ਭਗਵੰਤ ਮਾਨ ਨੇ ਸਪਸ਼ਟ ਕੀਤਾ ਹੈ ਕਿ ਸਰਕਾਰ ਦੀ ਭ੍ਰਿਸ਼ਟਾਚਾਰ ਖ਼ਿਲਾਫ਼ ਜ਼ੀਰੋ ਟਾਲਰੈਂਸ ਨੀਤੀ ਹੈ। ਭਾਵੇਂ ਕੋਈ ਮੰਤਰੀ ਹੋਵੇ ਜਾਂ ਸੰਤਰੀ, ਜੇਕਰ ਕੋਈ ਭ੍ਰਿਸ਼ਟਾਚਾਰ ਜਾਂ ਗ਼ਲਤ ਕੰਮ ਕਰਦਾ ਹੈ ਤਾਂ ਉਸ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਮੁੱਖ ਮੰਤਰੀ ਐਤਵਾਰ ਨੂੰ ਜਲਾਲਾਬਾਦ 'ਚ 350 ਕਿਲੋਮੀਟਰ ਸੜਕਾਂ ਦੇ ਨਵੀਨੀਕਰਨ ਦਾ ਵੀ ਨੀਂਹ ਪੱਥਰ ਰੱਖਣ ਪੁੱਜੇ ਸਨ। ਸਮਾਗਮ ਦੌਰਾਨ ਪੱਤਰਕਾਰਾਂ ਵੱਲੋਂ ਅੰਮ੍ਰਿਤਸਰ 'ਚ ਵੇਅਰ ਹਾਊਸ ਦੇ ਜ਼ਿਲ੍ਹਾ ਮੈਨੇਜਰ ਗਗਨਦੀਪ ਸਿੰਘ ਵੱਲੋਂ ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਪਰੇਸ਼ਾਨ ਕੀਤੇ ਜਾਣ ਮਗਰੋਂ ਖ਼ੁਦਕੁਸ਼ੀ ਕਰਨ ਦੇ ਮਾਮਲੇ ਬਾਰੇ ਪੁੱਛੇ ਗਏ ਇਕ ਸਵਾਲ ਦੇ ਜਵਾਬ 'ਚ ਮੁੱਖ ਮੰਤਰੀ ਨੇ ਕਿਹਾ ਕਿ ਕਿਸੇ ਨੂੰ ਜਾਨ ਦੇਣ ਲਈ ਮਜਬੂਰ ਕਰਨਾ ਜਾਂਚ ਦਾ ਵਿਸ਼ਾ ਹੈ। ਕਾਨੂੰਨ ਸਾਰਿਆਂ ਲਈ ਬਰਾਬਰ ਹੈ। ਭਾਵੇਂ ਮੰਤਰੀ ਹੋਵੇ ਜਾਂ ਸੰਤਰੀ ਜੇਕਰ ਕੋਈ ਗ਼ਲਤ ਕੰਮ ਕਰਦਾ ਹੈ ਤਾਂ ਉਸ ਖ਼ਿਲਾਫ਼ ਕਾਨੂੰਨ ਤਹਿਤ ਕਾਰਵਾਈ ਹੋਵੇਗੀ। ਮਾਨ ਨੇ ਇਸ ਦੇ ਨਾਲ ਹੀ ਕਿਹਾ ਇਹ ਪਹਿਲਾ ਮਾਮਲਾ ਨਹੀਂ ਹੈ ਜਦੋਂ ਅਸੀਂ ਆਪਣੇ ਕਿਸੇ ਮੰਤਰੀ ਖ਼ਿਲਾਫ਼ ਕੋਈ ਸ਼ਿਕਾਇਤ ਆਈ ਹੋਵੇ ਤਾਂ ਫ਼ੌਰੀ ਕਾਰਵਾਈ ਕੀਤੀ ਹੋਵੇ। ਇਸ ਤੋਂ ਪਹਿਲਾਂ ਅਸੀਂ ਦਿੱਲੀ 'ਚ ਆਪਣੀ ਸਰਕਾਰ ਦੌਰਾਨ ਤੇ ਇੱਥੋਂ ਤੱਕ ਕਿ ਪੰਜਾਬ 'ਚ ਵੀ ਅਜਿਹੀ ਸ਼ਿਕਾਇਤ 'ਤੇ ਫ਼ਰੀ ਕਾਰਵਾਈ ਕੀਤੀ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੇ ਅਨਾਜ ਮੰਡੀ 'ਚ ਰੈਲੀ ਨੂੰ ਸੰਬੋਧਨ ਕਰਦਿਆਂ ਵਿਕਾਸ ਦੇ ਮੁੱਦੇ 'ਤੇ ਪਿਛਲੀਆਂ ਸਰਕਾਰ ਨੂੰ ਲੰਬੇ ਹੱਥੀਂ ਲਿਆ।



# ਅਮਰੀਕਾ 'ਚ ਭਾਰਤਵੰਸ਼ੀ ਜੱਜ ਮਨੀ ਲਾਂਡਿੰਗ ਮਾਮਲੇ 'ਚ ਦੋਸ਼ੀ ਕਰਾਰ

**ਹਿਊਸਟਨ:**ਅਮਰੀਕਾ ਦੇ ਟੈਕਸਾਸ 'ਚ ਭਾਰਤਵੰਸ਼ੀ ਕਾਊਂਟੀ ਜੱਜ ਕੇਪੀ ਜਾਰਜ ਨੂੰ ਮਨੀ ਲਾਂਡਿੰਗ ਮਾਮਲੇ 'ਚ ਦੋਸ਼ੀ ਕਰਾਰ ਦਿੱਤਾ ਗਿਆ ਹੈ। ਉਨ੍ਹਾਂ: ਉਨ੍ਹਾਂ ਨੂੰ 16 ਜੂਨ ਨੂੰ ਸਜ਼ਾ ਸੁਣਾਈ ਜਾਵੇਗੀ। ਫੋਰਟ ਬੈਂਡ ਕਾਊਂਟੀ ਦੇ ਜੱਜ ਜਾਰਜ 'ਤੇ ਚੋਣ ਫੰਡ ਦੀ ਦੁਰਵਰਤੋਂ ਦਾ ਦੋਸ਼ ਸੀ। ਪਟੀਸ਼ਨਰ ਮੁਤਾਬਕ, ਉਨ੍ਹਾਂ ਨੇ ਆਪਣੇ ਕੈਂਪੇਨ ਅਕਾਊਂਟ ਤੋਂ 46 ਹਜ਼ਾਰ ਡਾਲਰ ਤੋਂ ਜ਼ਿਆਦਾ ਰਕਮ ਨਿੱਜੀ ਖਾਤਿਆਂ 'ਚ ਟਰਾਂਸਫਰ ਕਰ ਕੇ ਨਿੱਜੀ ਖ਼ਰਚਿਆਂ 'ਚ ਵਰਤੋਂ ਕੀਤੀ। ਫ਼ੈਸਲੇ ਤੋਂ ਬਾਅਦ ਉਨ੍ਹਾਂ ਨੂੰ ਅਦਾਲਤ 'ਚ ਹਿਰਾਸਤ 'ਚ ਲਿਆ ਗਿਆ। ਹਾਲਾਂਕਿ ਬਾਅਦ 'ਚ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ। ਟੈਕਸਾਸ ਕਾਨੂੰਨ ਤਹਿਤ ਇਹ ਅਪਰਾਧ ਤੀਜੀ ਸ਼੍ਰੇਣੀ ਦਾ ਫੇਲੋਨੀ ਹੈ, ਜਿਸ ਵਿਚ ਦੋ ਤੋਂ 10 ਸਾਲ ਤੱਕ ਦੀ ਸਜ਼ਾ ਤੇ 10 ਹਜ਼ਾਰ ਡਾਲਰ ਤੱਕ ਜੁਰਮਾਨੇ ਦੀ ਵਿਵਸਥਾ ਹੈ। ਕਾਨੂੰਨ ਮੁਤਾਬਕ, ਸਜ਼ਾ ਸੁਣਾਏ ਜਾਣ ਤੋਂ ਬਾਅਦ ਉਨ੍ਹਾਂ ਨੂੰ ਅਹੁਦੇ ਤੋਂ ਹਟਾਇਆ ਜਾ ਸਕਦਾ ਹੈ। ਹਾਲਾਂਕਿ ਉਦੋਂ ਤੱਕ ਉਹ ਆਪਣੇ ਅਹੁਦੇ 'ਤੇ ਬਣੇ ਰਹਿ ਸਕਦੇ ਹਨ।



ਪੰਜਾਬ ਟਾਈਮਜ਼

*28 ਮਾਰਚ, ਸ਼ਨਿਚਰਵਾਰ*

# ਨਵਾਂ 'ਟਰੰਪ ਕਾਰਡ'

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਹ ਦਾਅਵਾ ਕਰਕੇ ਕਿ ਜੰਗ ਰੋਕਣ ਲਈ ਅਮਰੀਕਾ ਅਤੇ ਈਰਾਨ ਵਿਚਾਲੇ ਗੱਲਬਾਤ ਚੱਲ ਰਹੀ ਹੈ ਅਤੇ ਪ੍ਰਮੁੱਖ ਮੁੱਦਿਆਂ 'ਤੇ ਲਗਪਗ ਸਹਿਮਤੀ ਬਣ ਗਈ ਹੈ, ਦੁਨੀਆ ਨੂੰ ਹੈਰਾਨ ਕਰ ਦਿੱਤਾ ਹੈ। ਟਰੰਪ ਨੇ ਆਪਣੇ ਇੰਟਰਨੈੱਟ ਮੀਡੀਆ ਪਲੇਟਫਾਰਮ ਟਰੁੱਥ ਸੋਸ਼ਲ 'ਤੇ ਕਿਹਾ ਕਿ ਸਮਝੌਤੇ ਦੀ ਸੰਭਾਵਨਾ ਹੈ। ਇਸੇ ਕਾਰਨ ਈਰਾਨ ਦੇ ਊਰਜਾ ਕੇਂਦਰਾਂ 'ਤੇ ਤਜਵੀਜ਼ਸ਼ੁਦਾ ਹਮਲੇ ਅਗਲੇ ਪੰਜ ਦਿਨਾਂ ਲਈ ਟਾਲ ਦਿੱਤੇ ਗਏ ਹਨ। ਈਰਾਨ ਨੇ ਟਰੰਪ ਦੇ ਦਾਅਵੇ ਨੂੰ ਖ਼ਾਰਜ ਕਰਦਿਆਂ ਕਿਹਾ ਕਿ ਅਮਰੀਕਾ ਨਾਲ ਕਿਸੇ ਤਰ੍ਹਾਂ ਦੀ ਗੱਲਬਾਤ ਨਹੀਂ ਚੱਲ ਰਹੀ। ਟਰੰਪ ਦੇ ਐਲਾਨ ਤੋਂ ਬਾਅਦ ਵਿਸ਼ਵ ਵਿੱਤੀ ਬਾਜ਼ਾਰਾਂ 'ਚ ਵੱਡੀ ਰਾਹਤ ਦਿਸੀ। ਕੱਚੇ ਤੇਲ ਦੀ ਕੀਮਤ 10.5 ਫ਼ੀਸਦੀ ਡਿੱਗ ਕੇ 100.37 ਡਾਲਰ ਪ੍ਰਤੀ ਬੈਰਲ 'ਤੇ ਆ ਗਈ, ਜਦਕਿ ਇਹ ਲਗਪਗ 120 ਡਾਲਰ ਤੱਕ ਪਹੁੰਚ ਗਈ ਸੀ। ਇਸ ਪੂਰੇ ਮਾਮਲੇ 'ਤੇ ਨਾ ਤਾਂ ਵ੍ਹਾਈਟ ਹਾਊਸ ਤੇ ਨਾ ਹੀ ਇਜ਼ਰਾਈਲ ਵਲੋਂ ਕੋਈ ਪ੍ਰਤੀਕਿਰਿਆ ਦਿੱਤੀ ਗਈ। 'ਨਿਊਯਾਰਕ ਟਾਈਮਜ਼' ਮੁਤਾਬਕ, ਈਰਾਨ ਦੀ ਅਧਿਕਾਰਤ ਫਾਰਸ ਨਿਊਜ਼ ਏਜੰਸੀ ਨੇ ਅਮਰੀਕੀ ਦਾਅਵੇ ਨੂੰ ਖ਼ਾਰਜ ਕਰਦਿਆਂ ਕਿਹਾ ਕਿ ਅਮਰੀਕਾ ਨਾਲ ਨਾ ਸਿੱਧੀ ਤੇ ਨਾ ਹੀ ਅਸਿੱਧੀ ਕੋਈ ਗੱਲਬਾਤ ਚੱਲ ਰਹੀ ਹੈ। ਸਰਕਾਰੀ ਟੀ.ਵੀ. ਨੇ ਇਸ ਨੂੰ ਈਰਾਨ ਦੀ ਚਿਤਾਵਨੀ ਦੇ ਬਾਅਦ ਅਮਰੀਕੀ ਰੁਖ਼ 'ਚ ਨਰਮੀ ਦੱਸਿਆ। ਈਰਾਨ ਦੇ ਸੰਸਦ ਸਪੀਕਰ ਰੰਪ ਨੇ ਅਮਰੀਕਾ ਨਾਲ ਕੋਈ ਗੱਲਬਾਤ ਹੋਣ ਤੋਂ ਇਨਕਾਰ ਕੀਤਾ ਹੈ। ਮੁਹੰਮਦ ਬਾਘੇਰ ਕਾਲੀਬਾਫ ਨੇ ਐਕਸ 'ਤੇ ਲਿਖਿਆ ਕਿ 'ਅਮਰੀਕਾ ਨਾਲ ਕੋਈ ਗੱਲਬਾਤ ਨਹੀਂ ਹੋਈ ਹੈ'। ਉਨ੍ਹਾਂ ਦੀ ਪੋਸਟ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਇਹ ਕਹਿਣ ਤੋਂ ਬਾਅਦ ਆਈ ਹੈ ਕਿ ਈਰਾਨ ਸਮਝੌਤਾ ਕਰਨ ਲਈ ਉਤਸੁਕ ਹੈ ਤੇ ਅਮਰੀਕੀ ਰਾਜਦੂਤ ਇਕ 'ਸਤਿਕਾਰਯੋਗ' ਈਰਾਨੀ ਨੇਤਾ ਨਾਲ ਗੱਲ ਕਰ ਰਹੇ ਹਨ।

ਓਧਰ, ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਕਿ ਡਿਏਗੋ ਗਾਰਸੀਆ 'ਤੇ ਹਾਲ ਹੀ 'ਚ ਹੋਏ ਮਿਜ਼ਾਈਲ ਹਮਲੇ ਦਰਸਾਉਂਦੇ ਹਨ ਕਿ ਈਰਾਨ ਕੋਲ ਯੂਰਪ ਦੇ ਅੰਦਰ ਤੱਕ ਪਹੁੰਚਣ ਦੀ ਸਮਰੱਥਾ ਹੈ ਅਤੇ ਉਹ ਪੂਰੀ ਦੁਨੀਆ ਲਈ ਖ਼ਤਰਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਦਾ ਦੇਸ਼ ਅਤੇ ਅਮਰੀਕਾ ਪੂਰੀ ਦੁਨੀਆ ਲਈ ਲੜ ਰਹੇ ਹਨ।

ਖ਼ਬਰ ਇਹ ਵੀ ਹੈ ਕਿ ਈਰਾਨ ਨੇ ਜੰਗ ਨੂੰ ਖਤਮ ਕਰਨ ਲਈ ਛੇ ਸ਼ਰਤਾਂ ਰੱਖੀਆਂ ਹਨ। ਇਹ ਸ਼ਰਤਾਂ ਹਨ-ਹੋਰਮੁਜ਼ ਜਲਡਮਰੂ ਲਈ ਇਕ ਨਵਾਂ ਕਾਨੂੰਨੀ ਢਾਂਚਾ ਸਥਾਪਤ ਕਰਨਾ, ਜੰਗ ਦੇ ਮੁੜ ਵਾਪਰਨ ਨੂੰ ਰੋਕਣ ਦੀ ਗਾਰੰਟੀ ਦੇਣਾ, ਇਸ ਖੇਤਰ 'ਚ ਅਮਰੀਕੀ ਫ਼ੌਜੀ ਟਿਕਾਣਿਆਂ ਨੂੰ ਬੰਦ ਕਰਨਾ, ਇਸਲਾਮੀ ਗਣਰਾਜ (ਈਰਾਨ) ਨੂੰ ਮੁਆਵਜ਼ੇ ਦੀ ਅਦਾਇਗੀ, ਸਾਰੇ ਖੇਤਰੀ ਮੋਰਚਿਆਂ 'ਤੇ ਜੰਗਾਂ ਨੂੰ ਸਮਾਪਤ ਕਰਨਾ ਅਤੇ ਉਨ੍ਹਾਂ ਮੀਡੀਆ ਹਸਤੀਆਂ 'ਤੇ ਮੁਕੱਦਮਾ ਚਲਾਉਣਾ' ਅਤੇ ਉਨ੍ਹਾਂ ਦੀ ਹਵਾਲਗੀ ਕਰਨਾ, ਜਿਨ੍ਹਾਂ ਨੂੰ ਈਰਾਨ ਵਿਰੋਧੀ ਮੰਨਿਆ ਜਾਂਦਾ ਹੈ। ਹਾਲਾਂਕਿ ਯੁੱਧ ਦੇ ਸ਼ੁਰੂ ਹੁੰਦਿਆਂ ਹੀ ਈਰਾਨ ਦੇ ਪ੍ਰਮੁੱਖ ਆਗੂਆਂ ਅਤੇ ਜਰਨੈਲਾਂ ਸਮੇਤ ਬਹੁਤ ਸਾਰੇ ਅਹੁਦੇਦਾਰਾਂ ਨੂੰ ਖ਼ਤਮ ਕਰ ਦਿੱਤਾ ਗਿਆ ਸੀ ਫੇਰ ਵੀ ਇਹ ਲੜਾਈ ਲਗਾਤਾਰ ਭਿਆਨਕ ਹੁੰਦੀ ਜਾ ਰਹੀ ਹੈ। ਈਰਾਨ ਵਲੋਂ ਖਾੜੀ ਦੇਸ਼ਾਂ ਦੇ ਤੇਲ ਭੰਡਾਰਾਂ ਤੇ ਗੈਸ ਭੰਡਾਰਾਂ ਉੱਤੇ ਕੀਤੇ ਮਿਜ਼ਾਈਲ ਹਮਲਿਆਂ ਕਾਰਨ ਉੱਥੋਂ ਬਹੁਤੇ ਦੇਸ਼ਾਂ ਨੇ ਤੇਲ ਤੇ ਗੈਸ ਕੱਢਣਾ ਰੋਕ ਦਿੱਤਾ ਹੈ। ਇਸ ਨਾਲ ਤੇਲ ਤੇ ਗੈਸ ਦੀਆਂ ਕੌਮਾਂਤਰੀ ਕੀਮਤਾਂ 'ਚ ਹੁਣ 60 ਫ਼ੀਸਦੀ ਤੋਂ ਵੱਧ ਵਾਧਾ ਦਰਜ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਇਜ਼ਰਾਈਲ ਨੇ ਈਰਾਨ ਦੇ ਤੇਲ ਤੇ ਗੈਸ ਨਾਲ ਭਰਪੂਰ ਇਲਾਕੇ ਸਾਊਥ ਪਾਰਸ 'ਤੇ ਹਮਲਾ ਕੀਤਾ ਸੀ, ਜਿਸ ਦੇ ਪ੍ਰਤੀਕਰਮ ਵਜੋਂ ਈਰਾਨ ਨੇ ਖਾੜੀ ਦੇਸ਼ਾਂ ਦੇ ਇਨ੍ਹਾਂ ਸਰੋਤਾਂ 'ਤੇ ਲਗਾਤਾਰ ਹਮਲੇ ਸ਼ੁਰੂ ਕਰ ਦਿੱਤੇ ਸਨ। ਕਤਰ ਉੱਤੇ ਇਸ ਜੰਗ ਦੇ ਪਏ ਅਸਰ ਨਾਲ ਵੱਡੀ ਚਿੰਤਾ ਪੈਦਾ ਹੋਈ ਹੈ। ਕਤਰ 'ਚੋਂ ਗੈਸ ਦੀ ਵੱਡੀ ਸਪਲਾਈ ਇਟਲੀ, ਬੈਲਜੀਅਮ, ਦੱਖਣੀ ਕੋਰੀਆ ਤੇ ਚੀਨ ਨੂੰ ਜਾਂਦੀ ਸੀ।

ਇਸ ਸੰਕਟ ਨੂੰ ਦੇਖਦਿਆਂ ਹਰ ਦੇਸ਼ ਨੇ ਆਪੋ-ਆਪਣੀ ਯੋਜਨਾਬੰਦੀ ਸ਼ੁਰੂ ਕਰ ਦਿੱਤੀ ਹੈ। ਅਮਰੀਕਾ ਦੇ ਰੱਖਿਆ ਸਕੱਤਰ ਪੀਟ ਹੈਗਸੇਥ ਨੇ ਧਮਕੀ ਦਿੱਤੀ ਹੈ ਕਿ ਉਸ ਦੇ ਦੇਸ਼ ਦਾ ਨਿਸ਼ਾਨਾ ਈਰਾਨ ਦੇ ਮਿਜ਼ਾਈਲ ਸਟੇਸ਼ਨਾਂ ਨੂੰ ਤਬਾਹ ਕਰਨ ਦੇ ਨਾਲ-ਨਾਲ ਉਸ ਦੀ ਸਮੁੰਦਰੀ ਫ਼ੌਜ ਦਾ ਨੁਕਸਾਨ ਕਰਨਾ ਤੇ ਈਰਾਨ ਨੂੰ ਪ੍ਰਮਾਣੂ ਬੰਬ ਬਣਾਉਣ ਤੋਂ ਰੋਕਣਾ ਹੈ। ਉਸ ਨੇ ਦੱਸਿਆ ਕਿ ਹੁਣ ਤੱਕ ਈਰਾਨ ਵਿਚ 7 ਹਜ਼ਾਰ ਨਿਸ਼ਾਨੇ ਸਾਧੇ ਗਏ ਹਨ। ਉਸ ਦੇ 40 ਜਹਾਜ਼ ਤੇ 11 ਪਣਡੁੱਬੀਆਂ ਵੀ ਤਬਾਹ ਕਰ ਦਿੱਤੀਆਂ ਗਈਆਂ ਹਨ। ਅਜੇਹੇ ਵਿਚ ਭਾਰਤ ਸਰਕਾਰ ਦੀ ਚਿੰਤਾ ਵੀ ਵਧੀ ਹੈ। ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਲੋਕ ਸਭਾ ਅਤੇ ਰਾਜ ਸਭਾ ਵਿਚ ਦੱਸਿਆ ਕਿ ਪੱਛਮੀ ਏਸ਼ੀਆ ਵਿਚ ਪੈਦਾ ਹੋਈ ਸਥਿਤੀ ਦੇ ਸਾਡੇ 'ਤੇ ਕਈ ਪਹਿਲੂਆਂ ਤੋਂ ਪ੍ਰਭਾਵ ਪੈ ਰਹੇ ਹਨ। ਇਸ ਦੇ ਨਾਲ ਹੀ ਉਨ੍ਹਾਂ ਭਰੋਸਾ ਦਿਵਾਇਆ ਕਿ ਸਰਕਾਰ ਯੁੱਧ ਕਾਰਨ ਪੈਦਾ ਹੋਏ ਸੰਕਟ ਨਾਲ ਨਿਪਟਣ ਲਈ ਹਰ ਸੰਭਵ ਕਦਮ ਚੁੱਕ ਰਹੀ ਹੈ। ਸਾਨੂੰ ਕੋਰੋਨਾ ਦੇ ਸਮੇਂ ਵਾਂਗ ਆਪਸੀ ਏਕਤਾ ਨਾਲ ਇਸ ਸੰਕਟ ਦਾ ਸਾਹਮਣਾ ਕਰਨਾ ਚਾਹੀਦਾ ਹੈ।

ਟਰੰਪ ਦੇ ਦਾਅਵਿਆਂ, ਨੇਤਨਯਾਹੂ ਦੀਆਂ ਧਮਕੀਆਂ ਅਤੇ ਈਰਾਨ ਦੇ ਹੌਸਲੇ ਨੂੰ ਵੇਖਦਿਆਂ ਇਹ ਅੰਦਾਜ਼ਾ ਲਗਾਉਣਾ ਮੁਸ਼ਕਿਲ ਹੈ ਕਿ ਜੰਗ ਕਿੰਨਾ ਚਿਰ ਚੱਲੇਗੀ, ਅਤੇ ਇਹ ਸਮਝਣਾ ਵੀ ਬਹੁਤ ਮੁਸ਼ਕਿਲ ਹੈ ਕਿ ਟਰੰਪ ਦੇ ਦਾਅਵਿਆਂ ਦਾ ਸੱਚ ਕੀ ਹੈ?

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਹੱਥ ਸੋਚ ਕੇ ਪਾਈਏ!

'ਪਵੇ ਗਲ਼' ਤਾਂ 'ਠੋਕ ਕੇ' ਰੱਖ ਦੇਈਏ, ਖਾ-ਮੁਖਾਹ ਨਾ ਟੰਗ ਅੜਾਈਏ ਜੀ।
ਲਾਏ ਹੋਏ ਅਨੁਮਾਨ ਜੇ ਗਲਤ ਹੋਵਣ, ਜੁਗਤੀ ਨਾਲ ਪਿੱਛੇ ਹਟ ਜਾਈਏ ਜੀ।
ਸੁਪਨੇ ਵਿਚ ਜੇ ਮਹਿਲ ਕੋਈ ਖੜ੍ਹੇ ਕੀਤੇ, ਅੱਖਾਂ ਖੁਲ੍ਹਦੇ ਸਾਰ ਉਹ 'ਢਾਹੀਏ' ਜੀ।
'ਪੱਥਰ ਚੱਟ' ਕੇ ਪਿੱਛਾਂਹ ਨੂੰ ਪਰਤਦੇ ਜੇ, ਦੇਖ ਹੋਰਾਂ ਨੂੰ 'ਅਕਲ' ਵੀ ਚਾਹੀਏ ਜੀ।
ਸੁੱਤੀ ਪਈ ਜ਼ਮੀਰ ਜੇ 'ਜਾਗਦੀ' ਨਹੀਂ, ਥੋੜ੍ਹੀ ਬਹੁਤ ਤਾਂ ਸ਼ਰਮ ਫਿਰ ਖਾਈਏ ਜੀ।
ਵਿਰਸਾ ਅਗਲੇ ਦਾ ਪਰਖ ਪੜਚੋਲ ਕੇ ਤੇ, ਹੱਥ ਫੇਰ ਹੀ ਦੁਸ਼ਮਣ ਤਾਈਂ ਪਾਈਏ ਜੀ!

# ਗਗਨਦੀਪ ਸਿੰਘ ਰੰਧਾਵਾ ਦੀ ਖੁਦਕੁਸ਼ੀ ਨੇ ਖੋਲ੍ਹੀਆਂ ਹਕੂਮਤੀ ਭ੍ਰਿਸ਼ਟਾਚਾਰ ਦੀਆਂ ਪਰਤਾਂ







ਨਵਕਿਰਨ ਸਿੰਘ ਪੱਤੀ
ਫੋਨ: 98885-44001

ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੀਆਂ ਕਥਿਤ ਵਧੀਕੀਆਂ ਤੋਂ ਤੰਗ ਆ ਕੇ ਲੰਘੇ ਸ਼ਨਿਚਰਵਾਰ ਅੰਮ੍ਰਿਤਸਰ ਸਾਹਿਬ ਵਿਚ ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਦੇ ਡੀਐਮ (ਡਿਸਟ੍ਰਿਕਟ ਮੈਨੇਜਰ) ਗਗਨਦੀਪ ਸਿੰਘ ਰੰਧਾਵਾ ਵੱਲੋਂ ਕੀਤੀ ਖ਼ੁਦਕੁਸ਼ੀ ਨੇ ਜਿੱਥੇ ਪੂਰੇ ਸੂਬੇ ਨੂੰ ਝੰਜੋੜ ਕੇ ਰੱਖ ਦਿੱਤਾ ਹੈ, ਉੱਥੇ ਹੀ ਇਸ ਮਾਮਲੇ ਨੇ ਭਗਵੰਤ ਮਾਨ ਸਰਕਾਰ ਦੀ 'ਜ਼ੀਰੋ-ਟਾਲਰੇਂਸ' ਨੀਤੀ ਦੀਆਂ ਪਰਤਾਂ ਉਧੇੜ ਕੇ ਅਸਲ ਹਕੀਕਤ ਜੱਗ ਜ਼ਾਹਰ ਕਰ ਦਿੱਤੀ ਹੈ। ਗਗਨਦੀਪ ਸਿੰਘ ਰੰਧਾਵਾ ਦੇ ਆਖ਼ਰੀ ਪਲਾਂ ਦੀ ਵਾਇਰਲ ਹੋਈ 12 ਸੈਕਿੰਡ ਦੀ ਵੀਡੀਓ ਨੇ ਇਹ ਸਾਬਤ ਕਰ ਦਿੱਤਾ ਸੀ ਕਿ 'ਸੱਤਾ' ਦੇ ਗ਼ਰੂਰ 'ਚ ਮੰਤਰੀ ਲਾਲਜੀਤ ਨੇ ਇਕ ਅਫ਼ਸਰ ਨੂੰ ਕਿਸ ਕਦਰ ਤੰਗ ਪ੍ਰੇਸ਼ਾਨ ਕੀਤਾ ਹੈ। ਦਰਅਸਲ, ਕਈ ਅਧਿਕਾਰੀ ਭਾਵੇਂ ਅਜੇ ਖੁੱਲ੍ਹ ਕੇ ਨਹੀਂ ਬੋਲ ਰਹੇ ਪਰ ਆਮ ਆਦਮੀ ਪਾਰਟੀ ਦੇ ਆਗੂਆਂ ਦੇ ਧੌਂਸਬਾਜ਼ ਰਵੱਈਏ ਤੋਂ ਬੁਰੀ ਤਰ੍ਹਾਂ ਸਤਾਏ ਹੋਏ ਹਨ। ਗਗਨਦੀਪ ਸਿੰਘ ਦੇ ਮਾਮਲੇ ਵਿਚ ਸਥਿਤੀ ਇਹ ਬਣੀ ਕਿ ਸੋਸ਼ਲ ਮੀਡੀਆ 'ਤੇ ਵੀਡੀਓ ਵਾਇਰਲ ਹੋਣ ਦੇ ਕੁੱਝ ਘੰਟਿਆਂ 'ਚ ਹੀ ਸਰਕਾਰ ਦੇ ਪੈਰ ਹਿੱਲਣ ਲੱਗ ਗਏ। ਉਸੇ ਦਿਨ ਸੂਬੇ ਦੀਆਂ ਸਾਰੀਆਂ ਖ਼ਰੀਦ ਏਜੰਸੀਆਂ ਦੇ ਮੁਲਾਜ਼ਮਾਂ ਵੱਲੋਂ ਹੜਤਾਲ ਕਰਕੇ ਪਰਿਵਾਰ ਦੇ ਪੱਖ 'ਚ ਲਏ ਸਟੈਂਡ ਨੇ ਸਰਕਾਰ ਨੂੰ ਪਿਛਾਂਹ ਹਟਣ ਲਈ ਮਜਬੂਰ ਕੀਤਾ।

ਆਮ ਆਦਮੀ ਪਾਰਟੀ ਦਾ ਸੋਸ਼ਲ ਮੀਡੀਆ ਵਿੰਗ ਹਮੇਸ਼ਾ ਵਾਂਗ ਸਰਕਾਰ ਦੇ ਪੱਖ ਵਿਚ ਝੂਠੇ ਬਿਰਤਾਂਤ ਸਿਰਜਣ ਲੱਗਿਆ ਰਿਹਾ ਪਰ ਲੋਕਾਂ ਦੇ ਰੋਹ ਅੱਗੇ ਉਸ ਦੀ ਇਕ ਨਾ ਚੱਲੀ। ਅਸਲ ਵਿਚ ਸੋਸ਼ਲ ਮੀਡੀਆ ਤੋਂ ਲੋਕਾਂ ਨੂੰ ਇਹ ਤੱਥ ਮਿਲ ਗਿਆ ਸੀ ਕਿ ਲਾਲਜੀਤ ਭੁੱਲਰ ਆਪਣੇ ਬਾਪ ਸੁਖਦੇਵ ਸਿੰਘ ਭੁੱਲਰ ਦੇ ਨਾਮ ਉਪਰ ਧੱਕੇ ਨਾਲ ਗੁਦਾਮਾਂ ਦੀ ਉਸਾਰੀ ਦਾ ਟੈਂਡਰ ਲੈਣਾ ਚਾਹੁੰਦਾ ਸੀ ਅਤੇ ਨਾ ਮਿਲਣ ਕਾਰਨ ਉਹ ਗਗਨਦੀਪ ਸਿੰਘ 'ਤੇ ਮਾਨਸਿਕ ਅਤੇ ਸਰੀਰਕ ਤਸ਼ੱਦਦ ਕਰ ਰਿਹਾ ਸੀ। ਸਰਕਾਰ ਖ਼ਿਲਾਫ਼ ਲੋਕ ਰੋਹ ਨੂੰ ਭਾਂਪਦਿਆਂ ਸੂਬੇ ਦੀਆਂ ਅਕਾਲੀ ਦਲ, ਕਾਂਗਰਸ, ਭਾਜਪਾ ਵਰਗੀਆਂ ਹਾਕਮ ਜਮਾਤ ਪਾਰਟੀਆਂ ਵੀ ਪਰਿਵਾਰ ਦੇ ਪੱਖ ਵਿਚ ਆ ਖੜ੍ਹੀਆਂ ਹੋਈਆਂ। ਆਖ਼ਿਰ ਸਰਕਾਰ ਨੂੰ ਅੱਧੀ ਰਾਤ ਨੂੰ ਇਸ ਮਾਮਲੇ ਵਿਚ ਐਫਆਈਆਰ ਦਰਜ ਕਰਕੇ ਮੁੱਖ ਮੁਲਜ਼ਮ ਵਜੋਂ ਸਾਬਕਾ ਟਰਾਂਸਪੋਰਟ ਮੰਤਰੀ ਲਾਲਜੀਤ ਭੁੱਲਰ, ਉਸ ਦੇ ਪਿਤਾ ਸੁਖਦੇਵ ਸਿੰਘ ਭੁੱਲਰ ਅਤੇ ਪੀਏ ਦਿਲਬਾਗ ਸਿੰਘ ਨੂੰ ਨਾਮਜ਼ਦ ਕਰਨਾ ਪਿਆ। ਮ੍ਰਿਤਕ ਗਗਨਦੀਪ ਸਿੰਘ ਦੀ ਪਤਨੀ ਵੱਲੋਂ ਦਰਜ ਕਰਵਾਈ ਗਈ ਇਸ ਐਫਆਈਆਰ ਵਿਚ ਦਰਜ ਹੈ ਕਿ ਲਾਲਜੀਤ ਸਿੰਘ ਭੁੱਲਰ ਵੱਲੋਂ ਉਨ੍ਹਾਂ ਦੇ ਪਤੀ 'ਤੇ ਦਬਾਅ ਬਣਾਇਆ ਜਾ ਰਿਹਾ ਸੀ ਕਿ ਵਿਭਾਗੀ ਪ੍ਰਕਿਰਿਆ ਨੂੰ ਦਰਕਿਨਾਰ ਕਰਕੇ ਗੋਦਾਮਾਂ ਦੀ ਉਸਾਰੀ ਦਾ ਟੈਂਡਰ ਸੁਖਦੇਵ ਸਿੰਘ ਭੁੱਲਰ ਦੇ ਨਾਮ ਮਨਜ਼ੂਰ ਕੀਤੇ ਜਾਣ।

### ਹੁਣ ਭੁੱਲਰ ਦੀ ਗ੍ਰਿਫ਼ਤਾਰੀ ਵੀ

ਇਕ ਪਾਸੇ ਮੁੱਖ ਮੰਤਰੀ ਭਗਵੰਤ ਮਾਨ ਆਪਣੀ ਲਿਫ਼ਾਫ਼ੇਬਾਜ਼ ਪਹੁੰਚ ਨਾਲ 'ਮੰਤਰੀ-ਸੰਤਰੀ' ਲਈ ਬਰਾਬਰ ਕਾਨੂੰਨ ਦੇ ਦਾਅਵੇ ਕਰ ਰਿਹਾ ਹੈ। ਭਗਵੰਤ ਮਾਨ ਨੇ ਲਿਖਿਆ ਕਿ 'ਮੇਰੇ ਲਈ ਸਾਰਾ ਪੰਜਾਬ ਹੀ ਇੱਕ ਪਰਿਵਾਰ ਹੈ। ਪੰਜਾਬ 'ਚ ਕੋਈ ਵੀ ਜੇਕਰ ਕਾਨੂੰਨ ਦੀ ਉਲੰਘਣਾ ਕਰੇਗਾ ਉਸ ਵਿਰੁੱਧ ਸਖ਼ਤ ਕਾਰਵਾਈ ਹੋਵੇਗੀ, ਭਾਵੇਂ ਉਹ ਕਿਸੇ ਵੀ ਅਹੁਦੇ ਉੱਤੇ ਜਾਂ ਮੇਰਾ ਕੋਈ ਸਕਾ-ਸੰਬੰਧੀ ਜਾਂ ਰਸੂਖ਼ਦਾਰ ਕਿਉਂ ਨਾ ਹੋਵੇ। ਕਿਸੇ ਦੀ ਪੁਸ਼ਤ-ਪਨਾਹੀ ਕਰਨੀ ਸਾਡੀ ਪਾਰਟੀ ਦਾ ਏਜੰਡਾ ਨਹੀਂ ਹੈ। ਕੈਸ਼ ਅਤੇ ਫਰਮਾਇਸ਼ ਦੀ ਸਖ਼ਤ ਮਨਾਹੀ ਹੈ'। ਇਸੇ ਤਰ੍ਹਾਂ ਪੁਲਿਸ ਦਾਅਵਾ ਕਰ ਰਹੀ ਹੈ ਕਿ ਉਨ੍ਹਾਂ ਨੇ ਭੁੱਲਰ ਨੂੰ ਮੰਡੀ ਗੋਬਿੰਦਗੜ੍ਹ ਤੋਂ ਗ੍ਰਿਫ਼ਤਾਰ ਕੀਤਾ ਹੈ। ਦੂਜੇ ਪਾਸੇ ਗ੍ਰਿਫ਼ਤਾਰੀ ਸਮੇਂ ਲਾਲਜੀਤ ਭੁੱਲਰ ਨੇ ਸੋਸ਼ਲ ਮੀਡੀਆ ਉੱਤੇ ਪੋਸਟ ਕਰਕੇ ਕਿਹਾ, 'ਸੱਚਾਈ ਅਤੇ ਇਨਸਾਫ਼ 'ਤੇ ਯਕੀਨ ਰੱਖਦਿਆਂ, ਮੈਂ ਖ਼ੁਦ ਮੰਡੀ ਗੋਬਿੰਦਗੜ੍ਹ ਵਿਖੇ ਆਤਮ ਸਮਰਪਣ ਕਰ ਰਿਹਾ ਹਾਂ।' ਭੁੱਲਰ ਨੇ ਫੇਸਬੁੱਕ ਪੋਸਟ ਪਾ ਕੇ ਆਤਮ-ਸਮਰਪਣ ਦੀ ਗੱਲ ਤੋਂ ਅੱਗੇ ਲਿਖਿਆ ਕਿ ਮੈਂ ਕਿਤੇ ਵੀ ਨਹੀਂ ਭੱਜਿਆ, ਮੈਂ ਆਪਣੇ ਪੰਜਾਬ ਵਿਚ ਹੀ ਹਾਂ। ਸੱਚਾਈ ਅਤੇ ਇਨਸਾਫ਼ 'ਤੇ ਯਕੀਨ ਰੱਖਦਿਆਂ, ਮੈਂ ਖ਼ੁਦ ਮੰਡੀ ਗੋਬਿੰਦਗੜ੍ਹ ਵਿਖੇ ਆਤਮ-ਸਮਰਪਣ ਕਰ ਰਿਹਾ ਹਾਂ।

ਬਦਲਾਅ ਦੇ ਦਾਅਵੇ ਕਰਨ ਵਾਲਾ ਮੁੱਖ ਮੰਤਰੀ ਜਾਂ ਖ਼ੁਦ ਭੁੱਲਰ ਜੋ ਮਰਜ਼ੀ ਝੂਠ ਬੋਲਣ ਤੇ ਜਿੰਨੀ ਮਰਜ਼ੀ ਨੈਤਿਕਤਾ ਵਿਖਾਉਣ ਪਰ ਹਕੀਕਤ ਇਹ ਹੈ ਕਿ ਭੁੱਲਰ ਦੀ ਗ੍ਰਿਫ਼ਤਾਰੀ ਪਿੱਛੇ ਵੱਡਾ ਕਾਰਨ ਲੋਕਾਂ ਦਾ ਖ਼ਾਸਕਰ ਮ੍ਰਿਤਕ ਦੇ ਪਰਿਵਾਰ ਦਾ ਦਬਾਅ ਹੈ। ਮ੍ਰਿਤਕ ਦਾ ਪਰਿਵਾਰ ਐਫਆਈਆਰ ਵਿਚ ਦਰਜ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਦੀ ਮੰਗ 'ਤੇ ਅੜਿਆ ਰਿਹਾ। ਮ੍ਰਿਤਕ ਦੀ ਪਤਨੀ ਉਪਿੰਦਰ ਕੌਰ ਨੇ ਦੋ ਟੁੱਕ ਕਿਹਾ ਕਿ ਜਦੋਂ ਤੱਕ ਗ੍ਰਿਫ਼ਤਾਰੀ ਨਹੀਂ ਹੁੰਦੀ, ਨਾ ਤਾਂ ਪੋਸਟਮਾਰਟਮ ਕਰਵਾਇਆ ਜਾਵੇਗਾ ਅਤੇ ਨਾ ਹੀ ਅੰਤਿਮ ਸਸਕਾਰ ਕੀਤਾ ਜਾਵੇਗਾ। ਉਸਨੇ ਸਾਰੀਆਂ ਜਥੇਬੰਦੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਨਿਆਂ ਲਈ ਉਨ੍ਹਾਂ ਦਾ ਸਾਥ ਦੇਣ। ਇਹ ਸਥਿਤੀ ਦੇਖ ਕੇ ਸਰਕਾਰ ਨੂੰ ਹੱਥਾਂ ਪੈਰਾਂ ਦੀ ਪੈ ਗਈ। ਮ੍ਰਿਤਕ ਦੀ ਪਤਨੀ ਵੱਲੋਂ ਜਦ ਪ੍ਰੈਸ ਕਾਨਫਰੰਸ ਕਰਕੇ ਕਿਹਾ ਗਿਆ ਕਿ ਜੇ ਪੁਲੀਸ ਪੰਜਾਬ ਦੇ ਸਾਬਕਾ ਮੰਤਰੀ ਲਾਲਜੀਤ ਭੁੱਲਰ ਨੂੰ 24 ਘੰਟਿਆਂ ਦੇ ਅੰਦਰ ਗ੍ਰਿਫ਼ਤਾਰ ਨਹੀਂ ਕਰਦੀ ਤਾਂ ਉਹ ਆਪਣੇ ਬੱਚਿਆਂ ਨਾਲ ਸੜਕਾਂ 'ਤੇ ਬੈਠ ਜਾਵੇਗੀ ਤਾਂ ਅਰਵਿੰਦ ਕੇਜਰੀਵਾਲ ਲਾਣੇ ਨੂੰ ਭੁੱਲਰ ਦੇ ਜੇਲ੍ਹ ਭੇਜਣ ਤੋਂ ਬਿਨਾਂ ਹੋਰ ਕੋਈ ਹੱਲ ਨਜ਼ਰ ਨਾ ਆਇਆ।

ਉਸੇ ਦਿਨ ਸੰਸਦ ਵਿਚ ਕਾਂਗਰਸ ਅਤੇ ਅਕਾਲੀ ਦਲ ਦੇ ਸੰਸਦ ਮੈਂਬਰਾਂ ਵੱਲੋਂ ਇਹ ਮਾਮਲਾ ਸੰਸਦ ਵਿਚ ਚੁੱਕਿਆ ਗਿਆ ਤਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਜੇਕਰ ਪੰਜਾਬ ਦੇ ਸਾਰੇ ਸੰਸਦ ਮੈਂਬਰ ਮੈਨੂੰ ਇਹ ਲਿਖ ਕੇ ਦੇਣ ਕਿ ਮਾਮਲਾ ਸੀਬੀਆਈ ਨੂੰ ਟਰਾਂਸਫਰ ਕੀਤਾ ਜਾਵੇ, ਤਾਂ ਮੈਂ ਤੁਰੰਤ ਇਹ ਕਾਰਵਾਈ ਕਰ ਦਿਆਂਗਾ। ਇਸੇ ਤਰ੍ਹਾਂ ਰਾਜ ਸਭਾ ਵਿਚ ਕੈਬਨਿਟ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਮਾਮਲਾ ਉਠਾਉਂਦਿਆ ਕਿਹਾ ਕਿ ਇਹ ਪਹਿਲੀ ਵਾਰ ਸਾਹਮਣੇ ਆਇਆ ਹੈ ਕਿ ਕਿਸੇ ਮੰਤਰੀ ਵੱਲੋਂ ਆਪਣੇ ਪਿਤਾ ਦੇ ਨਾਮ 'ਤੇ ਟੈਂਡਰ ਲੈਣ ਲਈ ਡੀਐਮ 'ਤੇ ਦਬਾਅ ਬਣਾਇਆ ਗਿਆ ਹੋਵੇ। ਸ਼ਾਇਦ ਸੰਸਦ ਮੈਂਬਰਾਂ ਹਰਸਿਮਰਤ ਕੌਰ ਬਾਦਲ, ਚਰਨਜੀਤ ਸਿੰਘ ਚੰਨੀ, ਗੁਰਜੀਤ ਸਿੰਘ ਔਜਲਾ, ਸੁਖਜਿੰਦਰ ਸਿੰਘ ਰੰਧਾਵਾ ਅਤੇ ਧਰਮਵੀਰ ਗਾਂਧੀ ਵੱਲੋਂ ਸੀਬੀਆਈ ਨੂੰ ਜਾਂਚ ਸੌਂਪਣ ਲਈ ਚਿੱਠੀ ਲਿਖਣ ਤੋਂ ਬਾਅਦ ਆਮ ਆਦਮੀ ਪਾਰਟੀ ਨੂੰ ਇਹ ਵੀ ਲੱਗਿਆ ਹੋਵੇਗਾ ਕਿ ਇਸ ਤੋਂ ਪਹਿਲਾਂ ਕਿ ਮਾਮਲਾ ਕੇਂਦਰ ਸਰਕਾਰ ਦੇ ਹੱਥ ਵਿਚ ਚਲਿਆ ਜਾਵੇ, ਇਸ ਦੀ ਬਜਾਏ ਕਿਉਂ ਨਾ ਭੁੱਲਰ ਨੂੰ ਪੇਸ਼ ਕਰਕੇ ਇੱਥੇ ਹੀ ਨਿਪਟਾ ਦੇਈਏ। ਮਤਲਬ ਸਾਫ਼ ਹੈ ਕਿ ਭਗਵੰਤ ਮਾਨ, ਕੇਜਰੀਵਾਲ ਤੇ ਭੁੱਲਰ ਤਿੰਨੋਂ ਹੀ ਨੈਤਿਕਤਾ ਦੀ ਫੋਕੀ ਦੁਹਾਈ ਦੇ ਰਹੇ ਹਨ ਜਦਕਿ ਹਕੀਕਤ ਵਿਚ ਇਨ੍ਹਾਂ ਮਾਮਲੇ ਨੂੰ ਰੋਲਣ ਦੀ ਪੂਰੀ ਕੋਸ਼ਿਸ਼ ਕੀਤੀ। ਇਹੀ ਕਾਰਨ ਹੈ ਕਿ ਖ਼ੁਦਕੁਸ਼ੀ ਤੋਂ ਬਾਅਦ ਵੀ ਤੁਰੰਤ ਪਰਚਾ ਦਰਜ ਨਹੀਂ ਕੀਤਾ ਗਿਆ ਅਤੇ ਲਗਭਗ 18 ਘੰਟਿਆਂ ਦੀ ਮੁਸ਼ੱਕਤ ਮਗਰੋਂ ਐਫਆਈਆਰ ਦਰਜ ਹੋਈ ਹੈ ਤੇ ਇਸ ਤੋਂ ਕਈ ਘੰਟੇ ਮਗਰੋਂ ਗ੍ਰਿਫ਼ਤਾਰੀ ਕੀਤੀ ਗਈ। ਲਾਲਜੀਤ ਭੁੱਲਰ ਦੇ ਪਿਓ ਸੁਖਦੇਵ ਸਿੰਘ ਭੁੱਲਰ ਦੀ ਤਾਂ ਅਜੇ ਤੱਕ ਗ੍ਰਿਫ਼ਤਾਰੀ ਵੀ ਨਹੀਂ ਕੀਤੀ ਗਈ।

ਜਦ ਮੁੱਢਲੇ ਤੌਰ 'ਤੇ ਹੀ ਇਹ ਸਾਬਤ ਹੋ ਚੁੱਕਾ ਹੈ ਕਿ ਲਾਲਜੀਤ ਭੁੱਲਰ ਨੇ ਆਪਣੇ ਪਿਤਾ ਦੇ ਹੱਕ ਵਿਚ ਟੈਂਡਰ ਪਾਸ ਕਰਨ ਲਈ ਗਗਨਦੀਪ ਸਿੰਘ ਉਪਰ ਦਬਾਅ ਬਣਾਇਆ ਤੇ ਜਦੋਂ ਟੈਂਡਰ ਭੁੱਲਰ ਦੀ ਮਰਜ਼ੀ ਅਨੁਸਾਰ ਨਹੀਂ ਦਿੱਤਾ ਗਿਆ ਤਾਂ ਗਗਨਦੀਪ ਸਿੰਘ ਦੀ ਕੁੱਟਮਾਰ ਅਤੇ ਮਾਨਸਿਕ ਸ਼ੋਸ਼ਣ ਕੀਤਾ ਗਿਆ ਤਾਂ ਇਸ ਕੱਟੜ ਇਮਾਨਦਾਰ ਹੋਣ ਦੇ ਦਾਅਵੇ ਕਰਨ ਵਾਲੀ ਪਾਰਟੀ ਨੇ ਲਾਲਜੀਤ ਭੁੱਲਰ ਨੂੰ ਪਾਰਟੀ ਵਿਚੋਂ ਕਿਉਂ ਨਹੀਂ ਕੱਢਿਆ। ਅਸਲ ਵਿਚ ਇਹ ਭੁੱਲਰ ਕੇਜਰੀਵਾਲ ਜੁੰਡਲੀ ਦਾ ਚਹੇਤਾ ਮੰਤਰੀ ਇਸ ਕਰਕੇ ਸੀ ਕਿਉਂਕਿ ਉਹ ਕੇਜਰੀਵਾਲ ਦਾ ਕਮਾਊ ਪੁੱਤ ਸੀ। ਭੁੱਲਰ ਆਪਣੇ ਦਿੱਲੀ ਵਾਲੇ ਆਕਾਵਾਂ ਦਾ ਇਸ ਕਦਰ ਚਹੇਤਾ ਸੀ ਕਿ ਉਹ ਉਨ੍ਹਾਂ ਚੰਦ ਮੰਤਰੀਆਂ ਵਿਚੋਂ ਇਕ ਹੈ ਜੋ ਸ਼ੁਰੂ ਤੋਂ ਹੀ ਕੈਬਨਿਟ ਦਾ ਹਿੱਸਾ ਹਨ ਤੇ ਉਸ ਕੋਲ ਟਰਾਂਸਪੋਰਟ, ਜੇਲ੍ਹ ਵਿਭਾਗ ਤੇ ਪੇਂਡੂ ਵਿਕਾਸ ਵਰਗੇ ਅਹਿਮ ਮਹਿਕਮੇ ਹਨ।

ਹੁਣ 'ਕੈਸ਼ ਤੇ ਫਰਮਾਇਸ਼' ਦੀ ਸਖ਼ਤ ਮਨਾਹੀ ਦਾ ਢੰਡੋਰਾ ਪਿੱਟਣ ਵਾਲਾ ਮੁੱਖ ਮੰਤਰੀ ਭਗਵੰਤ ਮਾਨ ਜਦ ਅੱਜ ਸੋਸ਼ਲ ਮੀਡੀਆ ਪੋਸਟਾਂ ਵਿਚ ਲਿਖ ਰਿਹਾ ਹੈ ਕਿ ਸਾਡੀ ਸਰਕਾਰ ਕਿਸੇ ਦੀ ਪੁਸ਼ਤਪਨਾਹੀ ਨਹੀਂ ਕਰਦੀ ਤਾਂ ਉਸ ਨੂੰ ਸਵਾਲ ਤਾਂ ਇਹ ਪੁੱਛਿਆ ਜਾਣਾ ਚਾਹੀਦਾ ਹੈ ਕਿ ਇਸੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਾਬਕਾ ਸਿਹਤ ਮੰਤਰੀ ਵਿਜੇ ਸਿੰਗਲਾ ਦੀ ਗ੍ਰਿਫ਼ਤਾਰੀ ਸਮੇਂ ਵੀ ਇਸੇ ਤਰ੍ਹਾਂ ਦੀ ਲਫ਼ਾਜ਼ੀ ਵਰਤੀ ਸੀ ਤੇ ਹੁਣ ਉਸੇ ਵਿਜੇ ਸਿੰਗਲਾ ਨਾਲ ਸਟੇਜਾਂ ਸਾਂਝੀਆਂ ਕਰਨ ਵਿਚ ਇਨ੍ਹਾਂ ਨੂੰ ਕੋਈ ਗੁਰੇਜ਼ ਨਹੀਂ ਹੈ। ਇਨ੍ਹਾਂ ਦੇ ਕਈ ਵਿਧਾਇਕਾਂ ਉਪਰ ਕੋਠੀਆਂ ਉਪਰ ਨਾਜਾਇਜ਼ ਕਬਜ਼ਿਆਂ ਦੇ ਮਾਮਲੇ ਸਾਹਮਣੇ ਆ ਚੁੱਕੇ ਹਨ ਪਰ ਕੀ ਮਜਾਲ ਹੈ ਕਿ ਇਨ੍ਹਾਂ ਨੇ ਕੋਈ ਕਾਰਵਾਈ ਕੀਤੀ ਹੋਵੇ।

ਇਹ ਠੀਕ ਹੈ ਕਿ ਖ਼ੁਦਕੁਸ਼ੀ ਕਿਸੇ ਮਸਲੇ ਦਾ ਹੱਲ ਨਹੀਂ ਹੈ ਪਰ ਜਦ 'ਸੱਤਾ' ਆਪਣੇ ਮੁਫ਼ਾਦਾਂ ਲਈ ਆਮ ਮੁਲਜ਼ਮ ਨੂੰ ਮਾਨਸਿਕ ਤੌਰ 'ਤੇ ਸ਼ਿਕਾਰ ਬਣਾਉਂਦੀ ਹੈ ਤਾਂ ਸ਼ਾਇਦ ਉਸ ਨੂੰ ਹੋਰ ਕੋਈ ਰਾਹ ਨਜ਼ਰ ਨਹੀਂ ਆਇਆ ਹੋਵੇਗਾ। ਗਗਨਦੀਪ ਸਿੰਘ ਪੀ.ਐਚਡੀ ਤੱਕ ਪੜ੍ਹਿਆ ਹੋਇਆ ਹੋਣਹਾਰ ਨੌਜਵਾਨ ਸੀ ਜਿਸਨੂੰ 'ਸੱਤਾ' ਦੇ ਨਸ਼ੇ ਵਿਚ ਇਸ ਮੰਤਰੀ ਨੇ ਇਸ ਕਦਰ ਦਰੜਿਆ ਕਿ ਉਸਨੂੰ ਉਸ ਦੀਆਂ ਧੀਆਂ ਤੇ ਪਤਨੀ ਤੱਕ ਦੀਆਂ ਧਮਕੀਆਂ ਦਿੱਤੀਆਂ ਗਈਆਂ। ਇਕ ਪਾਸੇ ਮੁੱਖ ਮੰਤਰੀ ਕਹਿੰਦਾ ਸੀ ਕਿ ਅੰਗਰੇਜ਼ ਇੱਥੇ ਆ ਕੇ ਨੌਕਰੀਆਂ ਕਰਿਆ ਕਰਨਗੇ ਪਰ ਸਥਿਤੀ ਇਹ ਹੈ ਕਿ ਇਸੇ ਮੁੱਖ ਮੰਤਰੀ ਦੇ ਕਾਰਜਕਾਲ ਵਿਚ ਹੀ ਗਗਨਦੀਪ ਸਿੰਘ ਵਰਗੇ ਨੌਜਵਾਨਾਂ ਦਾ ਹਸ਼ਰ ਵੇਖ ਕੇ ਸ਼ਾਇਦ ਇੱਥੇ ਨੌਕਰੀਆਂ ਕਰ ਰਹੇ ਨੌਜਵਾਨਾਂ ਦੇ ਮਾਪੇ ਆਪਣੇ ਬੱਚਿਆਂ ਦੀ ਜ਼ਿੰਦਗੀ ਇਸ ਰਾਜਨੀਤਕ ਮਾਫ਼ੀਆ ਤੋਂ ਅਸੁਰੱਖਿਅਤ ਮਹਿਸੂਸ ਕਰਨਗੇ।

ਪੰਜਾਬੀਆਂ ਨੂੰ ਇਸ ਸਰਕਾਰ ਨੇ 'ਬਦਲਾਅ' ਦੇ ਨਾਮ ਉਪਰ ਇਸ ਕਦਰ ਗੁਮਰਾਹ ਕੀਤਾ ਕਿ ਹੁਣ ਇਕ ਤਰ੍ਹਾਂ ਨਾਲ ਪੂਰਾ ਸੂਬਾ ਹੀ ਪੁਲਿਸ ਰਾਜ ਦੇ ਰੂਪ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਕਿੰਨੇ ਨੌਜਵਾਨਾਂ ਨੂੰ ਗੈਂਗਸਟਰਾਂ ਨੂੰ ਖ਼ਤਮ ਕਰਨ ਦੇ ਨਾਮ ਹੇਠ ਕਥਿਤ ਮੁਕਾਬਲਿਆਂ ਵਿਚ ਮਾਰ ਦਿੱਤਾ ਗਿਆ ਹੈ। 'ਸੱਤਾ' ਦੇ ਜਬਰ ਦਾ ਸ਼ਿਕਾਰ ਬਣਿਆ ਗਗਨਦੀਪ ਸਿੰਘ ਪਹਿਲਾ ਨੌਜਵਾਨ ਨਹੀਂ ਹੈ ਬਲਕਿ ਇਸ ਤੋਂ ਪਹਿਲਾਂ ਵੀ ਦਰਜਨਾਂ ਨੌਜਵਾਨ ਇਸੇ ਤਰ੍ਹਾਂ ਮਾਰੇ ਜਾ ਚੁੱਕੇ ਹਨ। ਗਗਨਦੀਪ ਸਿੰਘ ਨੂੰ ਇਨਸਾਫ਼ ਦਿਵਾਉਣ ਲਈ ਲੜ ਰਹੀਆਂ ਤਾਕਤਾਂ, ਪਰਿਵਾਰ ਅਤੇ ਪੰਜਾਬ ਦੇ ਲੋਕਾਂ ਨੂੰ ਚੌਕਸ ਰਹਿਣ ਦੀ ਲੋੜ ਹੈ ਕਿ ਭਗਵੰਤ ਮਾਨ-ਕੇਜਰੀਵਾਲ ਜੁੰਡਲੀ ਵਿਜੇ ਸਿੰਗਲਾ ਵਾਂਗ ਇਸ ਕਾਤਲ ਮੰਤਰੀ ਨੂੰ ਜੇਲ੍ਹ ਵਿਚੋਂ ਬਾਹਰ ਲਿਆਉਣ ਵਿਚ ਕਾਮਯਾਬ ਨਾ ਹੋ ਜਾਵੇ। ਪੰਜਾਬ ਦੇ ਲੋਕਾਂ ਨੂੰ ਸੱਤਾ ਉਪਰ ਮੁੜ ਕਾਬਜ਼ ਹੋਣ ਲਈ ਰੱਸੇ ਤੁੜਾ ਰਹੀਆਂ ਵਿਰੋਧੀ ਧਿਰ ਦੀਆਂ ਮੌਕਾਪ੍ਰਸਤ ਪਾਰਟੀਆਂ ਦੇ ਰਾਜਨੀਤਕ ਜਾਲ ਵਿਚ ਨਹੀਂ ਫਸਣਾ ਚਾਹੀਦਾ ਜੋ ਇਸ ਘਟਨਾ ਉਪਰ ਰਾਜਨੀਤਕ ਰੋਟੀਆਂ ਸੇਕ ਰਹੀਆਂ ਹਨ। ਸਭ ਤੋਂ ਵੱਧ ਇਹ ਜ਼ਰੂਰੀ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਉਪਰ ਜਨਤਕ ਦਬਾਅ ਬਣਾ ਕੇ ਰੱਖਿਆ ਜਾਵੇ ਤਾਂ ਜੋ ਪਰਿਵਾਰ ਨੂੰ ਇਨਸਾਫ਼ ਮਿਲ ਸਕੇ।

# ਨਿਆਂਪਸੰਦ ਕਾਰਕੁਨਾਂ ਦੀ ਜ਼ਬਾਨਬੰਦੀ ਦਾ ਸੰਦ ਕਰੂਰ ਤਸੀਹੇ

**ਭਾਰਤੀ ਹਾਕਮਾਂ, ਚਾਹੇ ਉਹ ਕਿਸੇ ਵੀ ਪਾਰਟੀ ਦੇ ਹੋਣ, ਦੀ ਜਵਾਬਦੇਹੀ ਲਈ ਮਨੁੱਖੀ ਤੇ ਜਮਹੂਰੀ ਹੱਕਾਂ ਬਾਰੇ ਚੇਤਨ, ਵਿਆਪਕ ਜਨਤਕ-ਜਮਹੂਰੀ ਲਹਿਰ ਜ਼ਰੂਰੀ ਹੈ। ਜੁਲਾਈ 2025 ਦੇ ਤਸੀਹਿਆਂ ਸਮੇਂ ਇਹ ਨੌਜਵਾਨ ਮੁੰਡੇ-ਕੁੜੀਆਂ ਚੁੱਪ ਕਰ ਗਏ ਸਨ, ਇਸ ਵਾਰ ਉਨ੍ਹਾਂ ਨੇ ਬਹੁਤ ਹੌਸਲੇ ਨਾਲ ਤਸੀਹਿਆਂ ਦੇ ਵੇਰਵੇ ਜਨਤਕ ਕਰਕੇ ਲੋਕਤੰਤਰ ਦੇ ਮਖੌਟੇ ਹੇਠ ਲੁਕੀ ਭਾਰਤੀ ਸਟੇਟ ਦੀ ਕਰੂਰ ਖ਼ਸਲਤ ਨੂੰ ਬਖ਼ੂਬੀ ਨੰਗਾ ਕੀਤਾ ਹੈ। ਸਮੂਹ ਜਮਹੂਰੀ, ਨਿਆਂਪਸੰਦ ਤਾਕਤਾਂ ਨੂੰ ਇਸ ਦਲੇਰ ਆਵਾਜ਼ ਨੂੰ ਵੱਡੇ ਜਨਤਕ ਅੰਦੋਲਨ 'ਚ ਬਦਲਣਾ ਚਾਹੀਦਾ ਹੈ। ਜਨਤਕ ਦਬਾਅ ਰਾਹੀਂ ਸਟੇਟ ਅਤੇ ਸਰਕਾਰਾਂ ਨੂੰ ਜਵਾਬਦੇਹ ਬਣਾਉਣਾ ਹੀ ਤਸੀਹਿਆਂ ਅਤੇ ਹਕੂਮਤੀ ਦਹਿਸ਼ਤਵਾਦ ਦੇ ਹੋਰ ਰੂਪਾਂ ਨੂੰ ਠੱਲ ਪਾਉਣ ਦੀ ਮੁੱਢਲੀ ਸ਼ਰਤ ਹੈ।'ਸਾਡੇ ਤਾਂ ਡੀਐੱਨਏ ਵਿਚ ਲੋਕਤੰਤਰ ਹੈ', ਭਾਰਤੀ ਹਾਕਮਾਂ ਦਾ ਇਹ ਦਾਅਵਾ ਕਿੰਨਾ ਕੁ ਸੱਚ ਹੈ? ਕੀ ਉਹ ਰਾਜ ਲੋਕਤੰਤਰ ਕਿਹਾ ਸਕਦਾ ਹੈ ਜੋ ਮਹਿਜ਼ ਸੱਤਾ ਨੂੰ ਸਵਾਲ ਕਰਨ ਦੇ ਮੁੱਢਲੇ ਜਮਹੂਰੀ ਹੱਕ ਨੂੰ ਕਰੂਰ ਤਸੀਹਿਆਂ ਰਾਹੀਂ ਕੁਚਲਣ ਵਾਲਾ ਗੁਨਾਹ ਸਮਝਦਾ ਹੋਵੇ? ਇਹ ਟਿੱਪਣੀ ਅਜਿਹੇ ਕੁਝ ਮਹੱਤਵਪੂਰਨ ਸਵਾਲ ਉਠਾਉਂਦੀ ਹੈ। -ਸੰਪਾਦਕ॥**

**ਬੂਟਾ ਸਿੰਘ ਮਹਿਮੂਦਪੁਰ**

ਦਿੱਲੀ ਪੁਲਿਸ ਦਾ ਸਪੈਸ਼ਲ ਸੈੱਲ ਹਕੂਮਤ ਦੇ ਇਸ਼ਾਰੇ 'ਤੇ ਬੇਕਸੂਰ ਮੁਸਲਮਾਨਾਂ ਅਤੇ ਲੋਕਪੱਖੀ ਸੋਚ ਵਾਲੇ ਇਨਸਾਫ਼ਪਸੰਦ ਕਾਰਕੁਨਾਂ ਨੂੰ ਗ਼ੈਰਕਾਨੂੰਨੀ ਤੌਰ 'ਤੇ ਅਗਵਾ ਕਰਕੇ ਤਸੀਹੇ ਦੇਣ ਅਤੇ ਝੂਠੇ ਕੇਸਾਂ ਵਿਚ ਫਸਾ ਕੇ ਜੇਲ੍ਹੀਂ ਡੱਕਣ ਲਈ ਬੇਹੱਦ ਬਦਨਾਮ ਹੈ। ਇਸ ਵੱਲੋਂ ਇਕ ਵਾਰ ਫਿਰ ਨੌਜਵਾਨ ਲੜਕੇ-ਲੜਕੀਆਂ ਨੂੰ ਤਸੀਹੇ ਦਿੰਦਿਆਂ ਜ਼ੁਲਮ ਦੀਆਂ ਸਭ ਹੱਦਾਂ ਪਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਨ੍ਹਾਂ 'ਚੋਂ ਜ਼ਿਆਦਾਤਰ ਨੂੰ ਜੁਲਾਈ 2025 'ਚ ਵੀ ਇਸੇ ਤਰ੍ਹਾਂ ਅਗਵਾ ਕਰਕੇ 'ਨਿਊ ਫਰੈਂਡਜ਼ ਕਾਲੋਨੀ' ਨਾਂ ਦੇ ਗੁਪਤ ਤਸੀਹਾ ਕੇਂਦਰ ਵਿਚ ਰੱਖ ਕੇ ਤਸੀਹੇ ਦਿੱਤੇ ਗਏ ਸਨ ਅਤੇ ਦਿੱਲੀ ਛੱਡ ਦੇਣ ਦੀ ਧਮਕੀ ਦਿੱਤੀ ਗਈ ਸੀ। ਇਹ ਸਹਿਜੇ ਹੀ ਸਮਝਿਆ ਜਾ ਸਕਦਾ ਹੈ ਕਿ ਜਿਨ੍ਹਾਂ ਜ਼ਹੀਨ ਮੁੰਡੇ-ਕੁੜੀਆਂ ਨੂੰ ਸਿਰਫ਼ ਇਸ ਲਈ ਅਗਵਾ ਕਰਕੇ ਖ਼ਤਰਨਾਕ ਮੁਜਰਿਮਾਂ ਵਾਂਗ ਤਸੀਹੇ ਦਿੱਤੇ ਗਏ ਹੋਣ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਦਹਿਸ਼ਤਜ਼ਦਾ ਕਰਕੇ ਆਪਣੇ ਬੱਚਿਆਂ ਨੂੰ ਪੜ੍ਹਾਈ ਛੱਡ ਕੇ ਘਰ ਬਿਠਾ ਲੈਣ ਲਈ ਮਜਬੂਰ ਕਰ ਦਿੱਤਾ ਗਿਆ ਹੋਵੇ, ਕਿਉਂਕਿ ਉਹ ਸੱਤਾ ਦੀਆਂ ਮਨਮਾਨੀਆਂ ਵਿਰੁੱਧ ਆਵਾਜ਼ ਉਠਾਉਂਦੇ ਹਨ, ਉਨ੍ਹਾਂ ਨੂੰ ਉਸ ਭਿਆਨਕਤਾ ਦੇ ਡੂੰਘੇ ਸਦਮੇ 'ਚੋਂ ਬਾਹਰ ਆਉਣ ਲਈ ਕਿੰਨਾ ਵਕਤ ਲੱਗਿਆ ਹੋਵੇਗਾ।

ਦਿੱਲੀ ਪੁਲਿਸ ਸਪੈਸ਼ਲ ਸੈੱਲ ਦਾ ਮੁੱਖ ਦਫ਼ਤਰ ਲੋਧੀ ਰੋਡ 'ਤੇ ਹੈ, ਜਿੱਥੋਂ ਪੁਲਿਸ ਦੀ ਇਹ ਵਿਸ਼ੇਸ਼ ਸ਼ਾਖਾ 'ਕਾਨੂੰਨੀ' ਤਰੀਕੇ ਨਾਲ ਕੰਮ ਕਰਦੀ ਹੈ ਜਾਂ ਆਮ ਪੁੱਛ-ਗਿੱਛ ਲਈ ਬੁਲਾਉਂਦੀ ਹੈ। ਦਿੱਲੀ ਪੁਲਿਸ ਦੁਆਰਾ ਗ਼ੈਰ-ਕਾਨੂੰਨੀ ਤਰੀਕੇ ਨਾਲ ਹਿਰਾਸਤ 'ਚ ਲਏ ਜਾਂ ਗ੍ਰਿਫ਼ਤਾਰ ਕੀਤੇ ਲੋਕਾਂ ਨੂੰ ਜ਼ਿਬਾਹ ਕਰਕੇ ਮਨਮਰਜ਼ੀ ਦੇ ਇਕਬਾਲ ਕਰਾਉਣ, ਗ਼ੈਰਕਾਨੂੰਨੀ ਹਿਰਾਸਤ ਨੂੰ ਗੁਪਤ ਰੱਖ ਕੇ ਨਾਗਰਿਕਾਂ ਨੂੰ ਆਪਣੀ ਕਾਨੂੰਨੀ ਡਿਫੈਂਸ ਦੇ ਸੰਵਿਧਾਨਕ ਹੱਕਾਂ ਤੋਂ ਵਾਂਝਾ ਕਰਨ ਲਈ 'ਨਿਊ ਫਰੈਂਡਜ਼ ਕਾਲੋਨੀ' ਵਰਗੇ ਅਣ-ਅਧਿਕਾਰਕ ਅੱਡੇ ਹਨ। ਇਹ ਭਾਰਤੀ ਰਾਜ ਵੱਲੋਂ ਬਣਾਏ ਉਹ ਗੁਪਤ ਤਸੀਹਾ ਕੇਂਦਰ ਹਨ ਜਿੱਥੇ ਪੁਲਿਸ ਤੇ ਹੋਰ ਜਾਂਚ ਏਜੰਸੀਆਂ ਹਿਰਾਸਤ 'ਚ ਲਏ ਵਿਅਕਤੀ ਉੱਪਰ ਬੇਖ਼ੌਫ਼ ਹੋ ਕੇ ਜ਼ੁਲਮ ਕਰ ਸਕਦੀਆਂ ਹਨ। ਅਜਿਹੇ ਮਾਮਲਿਆਂ ਦੀ ਸੂਚੀ ਬਹੁਤ ਲੰਮੀ ਹੈ।

ਪਿਛਲੇ ਦਿਨੀਂ ਸਪੈਸ਼ਲ ਸੈੱਲ ਵੱਲੋਂ ਜਿਨ੍ਹਾਂ 10 ਨੌਜਵਾਨ ਮੁੰਡੇ-ਕੁੜੀਆਂ ਨੂੰ ਵੱਖ-ਵੱਖ ਥਾਵਾਂ ਤੋਂ ਅਗਵਾ ਕਰਨ ਤੋਂ ਬਾਅਦ 'ਨਿਊ ਫਰੈਂਡਜ਼ ਕਾਲੋਨੀ' ਵਾਲੇ ਤਸੀਹਾ ਕੇਂਦਰ ਵਿਚ ਰੱਖ ਕੇ ਬੇਕਿਰਕੀ ਨਾਲ ਸਰੀਰਕ, ਮਾਨਸਿਕ ਅਤੇ ਜਿਨਸੀ ਤਸੀਹੇ ਦਿੱਤੇ ਗਏ, ਉਹ ਸਾਰੇ ਜਨਤਕ ਜਮਹੂਰੀ ਜਥੇਬੰਦੀਆਂ, ਮਜ਼ਦੂਰ ਅਧਿਕਾਰ ਸੰਗਠਨ ਤੇ ਭਗਤ ਸਿੰਘ ਛਾਤਰ ਏਕਤਾ ਮੰਚ, ਵਿਚ ਸਰਗਰਮ ਹਨ ਅਤੇ ਭਗਵਾ ਹਕੂਮਤ ਦੇ ਫਿਰਕੂ ਫਾਸ਼ੀਵਾਦ ਅਤੇ ਕਾਰਪੋਰੇਟ ਹਿਤੈਸ਼ੀ ਨੀਤੀਆਂ ਵਿਰੁੱਧ ਬੇਬਾਕੀ ਨਾਲ ਆਵਾਜ਼ ਉਠਾਉਂਦੇ ਹਨ। ਹਿਰਾਸਤ ਦੌਰਾਨ ਝੱਲੇ ਭਿਆਨਕ ਤਸੀਹਿਆਂ ਦੇ ਵਿਸਤਾਰੀ ਵੇਰਵੇ ਉਨ੍ਹਾਂ ਨੇ 23 ਮਾਰਚ ਨੂੰ ਸ਼ਾਮ ਨੂੰ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ (ਪੀਯੂਸੀਐੱਲ) ਵੱਲੋਂ ਆਯੋਜਤ ਆਨਲਾਈਨ ਪਬਲਿਕ ਮੀਟਿੰਗ ਵਿਚ ਸ਼ਾਮਲ ਹੋ ਕੇ ਦਿੱਤੇ ਹਨ, ਜੋ ਸੰਖੇਪ ਵਿਚ ਇਸ ਤਰ੍ਹਾਂ ਹਨ:

ਪਿਛਲੇ ਸਾਲ ਜਦੋਂ ਜੂਨ ਜਾਂ ਜੁਲਾਈ ਮਹੀਨੇ ਦਿੱਲੀ ਤੋਂ ਪ੍ਰਕਾਸ਼ਤ ਕੀਤੇ ਜਾਂਦੇ ਆਨਲਾਈਨ ਇਨਕਲਾਬੀ ਰਸਾਲੇ 'ਨਜ਼ਰੀਆ' ਦੀ ਸੰਪਾਦਕ ਵੱਲਿਕਾ ਨਾਂ ਦੀ ਕਾਰਕੁਨ ਕੁੜੀ ਆਪਣੀ ਮਾਂ ਅਰਚਨਾ ਵਰਮਾ ਨਾਲ, ਜੋ ਕਿ ਦਿੱਲੀ ਸਰਕਾਰ ਵਿਚ ਉੱਚ ਅਹੁਦੇ 'ਤੇ ਕੰਮ ਕਰਦੀ ਨੌਕਰਸ਼ਾਹ ਹੈ, ਵਿਚਾਰਧਾਰਕ ਮੱਤਭੇਦਾਂ ਕਾਰਨ ਸੰਪਰਕ ਤੋੜ ਕੇ ਕਿਸੇ ਅਗਿਆਤ ਜਗ੍ਹਾ ਰਹਿਣ ਲੱਗੀ ਤਾਂ ਉਸ ਰਸੂਖ਼ਵਾਨ ਅਧਿਕਾਰੀ ਦੇ ਕਹਿਣ 'ਤੇ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ 8 ਮੁੰਡੇ-ਕੁੜੀਆਂ ਨੂੰ ਗ਼ੈਰਕਾਨੂੰਨੀ ਹਿਰਾਸਤ ਵਿਚ ਲੈ ਕੇ ਵੱਲਿਕਾ ਬਾਰੇ ਪੁੱਛਗਿੱਛ ਕਰਦਿਆਂ ਬੇਹੱਦ ਜਾਬਰ ਤਰੀਕੇ ਵਰਤੇ ਸਨ। ਹਾਲਾਂਕਿ ਉਨ੍ਹਾਂ ਵਿਰੁੱਧ ਕੋਈ ਕੇਸ ਨਹੀਂ ਸੀ, ਫਿਰ ਵੀ ਉਨ੍ਹਾਂ ਨੂੰ ਵੱਖ-ਵੱਖ ਸਮੇਂ 'ਤੇ ਚੁੱਕੇ ਜਾਣ ਕਾਰਨ 5 ਤੋਂ 10 ਦਿਨ ਤੱਕ ਗ਼ੈਰਕਾਨੂੰਨੀ ਹਿਰਾਸਤ ਵਿਚ ਰੱਖ ਕੇ ਤਸੀਹੇ ਦਿੱਤੇ ਗਏ। ਮੁਸਲਮਾਨ ਪਿਛੋਕੜ ਵਾਲੇ ਐਡਵੋਕੇਟ ਏਹਤਮਾਮ ਨੂੰ ਫਿਰਕੂ ਗਾਲੀ-ਗਲੋਚ ਕਰਕੇ ਅਪਮਾਨਿਤ ਕੀਤਾ ਗਿਆ ਅਤੇ ਉਸ ਦੇ ਚਿਹਰੇ 'ਤੇ ਕਾਲਾ ਕੱਪੜਾ ਬੰਨ੍ਹ ਕੇ ਨੰਗਾ ਕਰਕੇ ਬੁਰੀ ਤਰ੍ਹਾਂ ਕੁੱਟਿਆ ਗਿਆ। ਇੱਕ ਲੜਕੇ ਦਾ ਸਿਰ ਮਨੁੱਖੀ ਗੰਦ ਨਾਲ ਭਰੀ ਟਾਇਲਟ ਵਿੱਚ ਘੁਸੇੜ ਦਿੱਤਾ ਗਿਆ। ਕੁੜੀਆਂ ਦੇ ਚਿਹਰੇ 'ਤੇ ਵੀ ਕਾਲਾ ਕੱਪੜਾ ਬੰਨ੍ਹ ਕੇ ਉਨ੍ਹਾਂ ਦੀ ਕੁੱਟਮਾਰ ਕੀਤੀ ਗਈ। ਮਹਾਵਾਰੀ ਪੀਰੀਅਡ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਪੈਡ ਨਹੀਂ ਬਦਲਣ ਦਿੱਤਾ ਗਿਆ। ਮੁੰਡਿਆਂ ਨੂੰ ਉਨ੍ਹਾਂ ਦੀਆਂ ਔਰਤ ਸਾਥੀਆਂ ਦੇ ਸਾਹਮਣੇ ਨੰਗਾ ਕਰਕੇ ਲਿਆਂਦਾ ਗਿਆ। ਹਿਰਾਸਤ ਦੌਰਾਨ ਉਨ੍ਹਾਂ ਨੂੰ ਸੌਣ ਨਹੀਂ ਦਿੱਤਾ ਗਿਆ, ਸਾਰਿਆਂ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਧਮਕਾ ਕੇ ਇਹ ਮੰਨਣ ਲਈ ਮਜਬੂਰ ਕੀਤਾ ਗਿਆ ਕਿ ਉਹ 'ਦਿੱਲੀ ਦੇ ਅੰਦਰ ਕਦਮ ਨਹੀਂ ਰੱਖਣਗੇ'। ਇਸ ਤੋਂ ਬਾਅਦ ਜਦੋਂ ਵੱਲਿਕਾ ਨੇ ਖੁੱਲ੍ਹੀ ਚਿੱਠੀ ਲਿਖ ਕੇ ਆਪਣੀ ਨੌਕਰਸ਼ਾਹ ਮਾਂ ਦੀ ਜ਼ਿਹਨੀਅਤ ਅਤੇ ਪਿਛਾਖੜੀ ਵਿਚਾਰਾਂ ਦਾ ਪਰਦਾਫਾਸ਼ ਕਰਕੇ ਇਨ੍ਹਾਂ ਗ੍ਰਿਫ਼ਤਾਰੀਆਂ ਦੇ ਪਿੱਛੇ ਉਸਦੀ ਭੂਮਿਕਾ ਜੱਗ ਜ਼ਾਹਰ ਕੀਤੀ ਤਾਂ ਉਸਨੇ ਦਰਸਾਇਆ ਕਿ ਸੱਤਾ ਵਿਚ ਆਪਣੇ ਰਸੂਖ਼ ਦੇ ਜ਼ੋਰ ਨੌਕਰਸ਼ਾਹ ਕਿੰਨੇ ਜ਼ੁਲਮ ਕਰਵਾ ਸਕਦੇ ਹਨ।




ਮਨੁੱਖੀ ਅਧਿਕਾਰ ਜਥੇਬੰਦੀਆਂ ਅਤੇ ਹੋਰ ਨਿਆਂਪਸੰਦਾਂ ਵੱਲੋਂ ਇਹ ਵਹਿਸ਼ੀਆਨਾ ਤਸ਼ੱਦਦ ਕਰਨ ਵਾਲਿਆਂ ਵਿਰੁੱਧ ਕਾਰਵਾਈ ਕਰਨ ਦੀ ਮੰਗ ਦੇ ਬਾਵਜੂਦ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਅਦਾਲਤਾਂ ਵੱਲੋਂ ਇਸਦਾ ਕੋਈ ਨੋਟਿਸ ਨਹੀਂ ਲਿਆ ਗਿਆ। ਸਰਕਾਰ ਅਤੇ ਸਟੇਟ ਦੀਆਂ ਹੋਰ ਸੰਸਥਾਵਾਂ ਵੱਲੋਂ ਅਜਿਹੀਆਂ ਲਾਕਾਨੂੰਨੀਆਂ ਕਰਨ ਵਾਲਿਆਂ ਨੂੰ ਸਜ਼ਾ ਤੋਂ ਛੋਟ ਅਤੇ ਹੋਰ ਤਰੀਕਿਆਂ ਨਾਲ ਰਾਜਕੀ ਪੁਸ਼ਤਪਨਾਹੀ ਹਿਰਾਸਤ ਵਿਚ ਤਸ਼ੱਦਦ ਨੂੰ ਹਕੂਮਤੀ ਦਹਿਸ਼ਤਵਾਦ ਦੇ ਸੰਦ ਵਜੋਂ ਵਰਤਣ ਬਾਕਾਇਦਾ ਨੀਤੀ ਤਹਿਤ ਹਨ।

ਅਸਹਿਮਤੀ ਨੂੰ ਕੁਚਲਣਾ ਮੌਜੂਦਾ ਫਾਸ਼ੀਵਾਦੀ ਸਰਕਾਰ ਦਾ ਸਾਫ਼-ਸਪਸ਼ਟ ਏਜੰਡਾ ਹੋਣ ਕਾਰਨ ਭਲਾ ਮੁਲਕ ਦੀ ਰਾਜਧਾਨੀ ਵਿਚ ਸੱਤਾ ਦੀਆਂ ਨੀਤੀਆਂ ਉੱਪਰ ਸਵਾਲ ਕਰਨ ਦਾ ਹੱਕ ਕਿਵੇਂ ਸੁਰੱਖਿਅਤ ਰਹਿ ਸਕਦਾ ਹੈ। ਜਿਹੜੀ ਹਕੂਮਤ ਜੇਐੱਨਯੂ ਸਮੇਤ ਮੁਲਕ ਦੀਆਂ ਕੇਂਦਰੀ ਯੂਨੀਵਰਸਿਟੀਆਂ ਵਿਚ ਸੱਤਾ ਨੂੰ ਸਵਾਲ ਕਰਨ ਵਾਲੇ ਵਿਦਿਆਰਥੀਆਂ ਨੂੰ ਬੇਕਿਰਕੀ ਨਾਲ ਕੁਚਲਣ ਦੇ ਰਾਹ 'ਤੇ ਚੱਲ ਰਹੀ ਹੋਵੇ, ਉਹ ਅਗਾਂਹਵਧੂ ਵਿਚਾਰਾਂ ਵਾਲੇ ਵਿਦਿਆਰਥੀ ਕਾਰਕੁਨਾਂ, ਖ਼ਾਸ ਕਰਕੇ ਮੁਸਲਮਾਨਾਂ, ਦਲਿਤਾਂ ਅਤੇ ਕੁੜੀਆਂ ਵੱਲੋਂ ਸਰਕਾਰ ਵਿਰੁੱਧ ਮੁੱਦੇ ਉਠਾਉਣ ਨੂੰ ਕਿਵੇਂ ਸਹਿਣ ਕਰ ਲਵੇਗੀ। ਇਹ ਕਾਰਕੁਨ 12 ਮਾਰਚ ਨੂੰ ਐਡਵੋਕੇਟ ਸੁਰਿੰਦਰ ਗਾਰਡਿੰਗ ਨਾਲ ਇਕਮੁੱਠਤਾ ਪ੍ਰਗਟਾਉਣ ਲਈ ਕੈਂਪੇਨ ਅਗੇਂਸਟ ਸਟੇਟ ਰਿਪਰੈਸ਼ਨ ਵੱਲੋਂ ਆਯੋਜਤ ਕੀਤੀ ਜਨਤਕ ਇਕੱਤਰਤਾ ਵਿਚ ਸ਼ਾਮਲ ਹੋਏ ਸਨ ਜਿਸ ਨੂੰ ਪਿਛਲੇ 7 ਸਾਲ ਤੋਂ ਭੀਮਾ-ਕੋਰੇਗਾਓਂ ਦੇ ਝੂਠੇ ਸਾਜ਼ਿਸ਼ ਕੇਸ ਤਹਿਤ ਬਿਨਾਂ ਜ਼ਮਾਨਤ ਜੇਲ੍ਹ ਵਿਚ ਡੱਕਿਆ ਹੋਇਆ ਹੈ। 12 ਮਾਰਚ ਨੂੰ ਦੁਪਹਿਰ ਸਮੇਂ ਮਜ਼ਦੂਰ ਅਧਿਕਾਰ ਸੰਗਠਨ ਦੇ ਕਾਰਕੁਨ ਸ਼ਿਵ ਕੁਮਾਰ ਅਤੇ ਭਗਤ ਸਿੰਘ ਛਾਤਰ ਏਕਤਾ ਮੰਚ ਦੀ ਕਾਰਕੁਨ ਇਲਕੀਆ ਨੂੰ ਉਸ ਵਕਤ ਸਾਦੇ ਕੱਪੜਿਆਂ ਵਿੱਚ ਪੁਲਿਸ ਨੇ ਚੁੱਕ ਲਿਆ, ਜਦੋਂ ਉਹ ਦਿਆਲ ਸਿੰਘ ਕਾਲਜ ਤੋਂ ਵਾਪਸ ਆ ਰਹੇ ਸਨ, ਜਿੱਥੇ ਉਹ 23 ਮਾਰਚ ਤੋਂ 31 ਮਾਰਚ ਤੱਕ ਚਲਾਈ ਜਾਣ ਵਾਲੀ ਸਾਮਰਾਜਵਾਦ ਵਿਰੋਧੀ ਮੁਹਿੰਮ ਸੰਬੰਧੀ ਕੁਝ ਅਧਿਆਪਕਾਂ ਨਾਲ ਗੱਲ ਕਰਨ ਗਏ ਸਨ। ਸ਼ਿਵ ਕੁਮਾਰ ਅਤੇ ਉਸਦੀ ਸਾਥੀ ਕਾਰਕੁਨ ਨੌਦੀਪ ਕੌਰ ਨੂੰ 2020 ਦੇ ਕਿਸਾਨ ਅੰਦੋਲਨ ਦੌਰਾਨ ਵੀ ਕੁੰਡਲੀ-ਮਾਨੇਸਰ ਪੁਲਿਸ ਵੱਲੋਂ ਅਗਵਾ ਕਰਕੇ ਹਿਰਾਸਤ ਵਿਚ ਬੇਕਿਰਕੀ ਨਾਲ ਤਸੀਹੇ ਦਿੱਤੇ ਗਏ ਸਨ। ਹੁਣ ਜਦੋਂ ਉਨ੍ਹਾਂ ਦੇ ਲਾਪਤਾ ਹੋਣ ਦੀ ਜਾਣਕਾਰੀ ਉਨ੍ਹਾਂ ਦੇ ਦੋਸਤਾਂ ਨੂੰ ਮਿਲੀ, ਜੋ ਅਜਿਹੇ ਸੰਤਾਪ ਵਿੱਚੋਂ ਪਹਿਲਾਂ ਹੀ ਗੁਜ਼ਰ ਚੁੱਕੇ ਹਨ ਤਾਂ ਇਲਕੀਆ ਦੇ ਨਾਲ ਰਹਿ ਰਹੀ ਕੁੜੀ ਦ੍ਰਿਸ਼ਟੀ ਅਤੇ ਹੋਰ ਕਾਰਕੁਨ ਇਹ ਵਿਚਾਰ ਕਰਨ ਲਈ ਉਸਦੇ ਕਮਰੇ ਵਿਚ ਇਕੱਠੇ ਹੋਏ ਕਿ ਉਨ੍ਹਾਂ ਨੂੰ ਆਪਣੇ ਸਾਥੀਆਂ ਦਾ ਪਤਾ ਲਾਉਣ ਲਈ ਕੀ ਕਾਨੂੰਨੀ ਚਾਰਾਜੋਈ ਕਰਨੀ ਚਾਹੀਦੀ ਹੈ। ਇੱਥੇ ਸ਼ਾਮ ਦੇ 7 ਵਜੇ ਫਿਰ ਸਾਦੇ ਕੱਪੜਿਆਂ ਵਿੱਚ ਕਈ ਵਿਅਕਤੀ ਜ਼ਬਰਦਸਤੀ ਕਮਰੇ ਵਿਚ ਘੁਸ ਗਏ। ਸਭ ਤੋਂ ਪਹਿਲਾਂ ਉੱਥੇ ਬੈਠੇ ਸਾਰਿਆਂ ਦੇ ਫ਼ੋਨ, ਆਈਪੈਡ, ਲੈਪਟਾਪ ਖੋਹ ਲਏ ਗਏ। ਫਿਰ ਉੱਥੇ ਮੌਜੂਦ ਐਡਵੋਕੇਟ ਏਹਤਮਾਮ ਉਲ ਹੱਕ, ਰੁਦਰ ਵਿਕਰਮ ਰਾਏ, ਗੌਰਵ, ਅਕਸ਼ੈ ਅਤੇ ਅਵਿਨਾਸ਼ ਯਾਨੀ ਸਾਰੇ ਮੁੰਡਿਆਂ ਨੂੰ ਕੁੱਟਣ ਲੱਗੇ। ਇੱਥੇ ਵੀ ਏਹਤਮਾਮ ਨੂੰ ਉਨ੍ਹਾਂ ਨੇ 'ਮੁੱਲਾ' ਕਹਿ ਕੇ ਫਿਰਕੂ ਗਾਲ੍ਹਾਂ ਦਿੱਤੀਆਂ। ਫਿਰ ਉਨ੍ਹਾਂ ਨੂੰ ਜ਼ਬਰਦਸਤੀ ਚੁੱਕ ਕੇ ਗੱਡੀ ਵਿੱਚ ਭਰ ਕੇ ਨਿਊ ਫਰੈਂਡਜ਼ ਕਾਲੋਨੀ ਵਾਲੇ ਤਸੀਹਾ ਘਰ ਵਿਚ ਲੈ ਗਏ। ਲਕਸ਼ਿਤਾ ਅਤੇ ਇਲਕੀਆ ਦੀ ਰੂਮ ਪਾਰਟਨਰ ਦ੍ਰਿਸ਼ਟੀ ਨੂੰ ਪੁਲਿਸ ਟੀਮ ਨੇ ਕਮਰੇ ਵਿਚ ਬੰਦ ਕਰ ਦਿੱਤਾ ਅਤੇ ਆਪ ਵੀ ਉੱਥੇ ਬੈਠ ਗਏ, ਕਿਉਂਕਿ ਇਹ ਦੋਵੇਂ ਕੁੜੀਆਂ ਅੜ ਗਈਆਂ ਕਿ ਉਹ ਪੁਲਿਸ ਕੋਲ ਤਾਂ ਹੀ ਜਾਣਗੀਆਂ ਜਦੋਂ ਉਨ੍ਹਾਂ ਨੂੰ ਲਿਖਤੀ ਰੂਪ ਵਿਚ ਕਾਨੂੰਨੀ ਨੋਟਿਸ ਦੇ ਕੇ ਬੁਲਾਇਆ ਜਾਵੇਗਾ।

ਮਰਦ ਪੁਲਿਸ ਵਾਲਿਆਂ ਦੇ ਨਾਲ ਦੋ ਔਰਤ ਕਾਂਸਟੇਬਲ ਵੀ ਕਮਰੇ ਦੇ ਅੰਦਰ ਸਨ। ਇਹ ਪੁਲਸੀਏ ਉਨ੍ਹਾਂ ਨੂੰ ਇਹ ਕਹਿ ਕੇ ਅਪਮਾਨਿਤ ਕਰਦੇ ਰਹੇ ਕਿ ਉਨ੍ਹਾਂ ਦੇ ਕਾਰਨ ਉਨ੍ਹਾਂ ਨੂੰ ਇੱਥੇ 'ਵੇਸਵਾਘਰ ਵਰਗੀ ਗੰਦੀ ਜਗ੍ਹਾ' ਵਿੱਚ ਬੈਠਣਾ ਪੈ ਰਿਹਾ ਹੈ। ਉਨ੍ਹਾਂ ਨੂੰ ਗਿਣ-ਮਿੱਥ ਕੇ ਮਾਨਸਿਕ ਤਸੀਹੇ ਦੇਣ ਦੀ ਇੰਤਹਾ ਇਹ ਸੀ ਕਿ ਔਰਤ ਪੁਲਿਸ ਮੁਲਾਜ਼ਮਾਂ ਵੱਲੋਂ ਕੁੜੀਆਂ ਨੂੰ ਆਪਣਾ ਵਾਸ਼ਰੂਮ ਵਰਤਣ ਦੀ ਇਜਾਜ਼ਤ ਵੀ ਨਹੀਂ ਦਿੱਤੀ ਗਈ ਜਦਕਿ ਇੱਕ ਕੁੜੀ ਦਾ ਪੀਰੀਅਡ ਚੱਲ ਰਿਹਾ ਸੀ ਅਤੇ ਉਹ ਪੈਡ ਬਦਲਣਾ ਚਾਹੁੰਦੀ ਸੀ। ਸਵੇਰੇ ਛੇ ਵਜੇ ਇਨ੍ਹਾਂ ਨੂੰ ਵੀ ਨਿਊ ਫਰੈਂਡਜ਼ ਕਾਲੋਨੀ ਦੇ ਤਸੀਹਾ ਘਰ ਲੈ ਜਾਇਆ ਗਿਆ। ਦੋਹਾਂ ਕੁੜੀਆਂ ਨੇ ਦੇਖਿਆ ਕਿ ਇਲਕੀਆ ਤੇ ਸ਼ਿਵਕੁਮਾਰ ਸਮੇਤ ਉਨ੍ਹਾਂ ਦੇ ਸਾਰੇ ਸਾਥੀਆਂ ਨੂੰ ਉੱਥੇ ਰੱਖਿਆ ਹੋਇਆ ਸੀ। ਇਕ ਹੋਰ ਕਾਰਕੁਨ ਮਨਜੀਤ ਬੈਨੀਵਾਲ ਨੂੰ ਵੀ ਕਿਸੇ ਹੋਰ ਜਗ੍ਹਾ ਤੋਂ ਅਗਵਾ ਕਰਕੇ ਉੱਥੇ ਲਿਆਂਦਾ ਗਿਆ ਸੀ।

ਮੁੰਡਿਆਂ ਨੂੰ ਵੱਖਰੇ ਕਮਰੇ ਵਿਚ ਲੈ ਜਾ ਕੇ ਬੇਕਿਰਕੀ ਨਾਲ ਤਸੀਹੇ ਦਿੱਤੇ ਗਏ। ਦਲਿਤ ਪਿਛੋਕੜ ਵਾਲੇ ਮਨਜੀਤ ਨੂੰ ਜਾਤੀ ਸੂਚਕ ਗਾਲ੍ਹਾਂ ਦਿੱਤੀਆਂ ਗਈਆਂ। ਉਸ ਨੂੰ ਬਿਲਕੁਲ ਨੰਗਾ ਕਰਕੇ ਉਸ ਤੋਂ ਆਪਣੀ ਕਮੀਜ਼ ਨਾਲ ਤਿੰਨ ਕਮਰਿਆਂ ਵਿਚ ਪੋਚਾ ਲਗਵਾਇਆ ਗਿਆ। ਟਰਾਂਸ ਵੂਮੈਨ ਰੁਦਰ ਵਿਕਰਮ ਰਾਏ ਨੂੰ ਵੀ ਨੰਗਾ ਕਰਕੇ ਰੱਖਿਆ ਗਿਆ। ਉਸ ਦੀ ਜੈਂਡਰ ਪਛਾਣ ਨੂੰ ਲੈ ਕੇ ਭੱਦੀਆਂ ਟਿੱਪਣੀਆਂ ਕੀਤੀਆਂ ਗਈਆਂ, ਉਸ ਤੋਂ ਵੀ ਉਸਦੇ ਕੱਪੜਿਆਂ ਨਾਲ ਸਫ਼ਾਈ ਕਰਵਾਈ ਗਈ, ਜੂਠਾ ਖਾਣਾ ਖਾਣ ਨੂੰ ਕਿਹਾ ਗਿਆ। ਇਸੇ ਤਰ੍ਹਾਂ ਅਕਸ਼ੈ, ਸ਼ਿਵ ਕੁਮਾਰ, ਅਵਿਨਾਸ਼ ਅਤੇ ਗੌਰਵ ਨੂੰ ਵੀ ਨੰਗਾ ਕਰਕੇ ਇੱਕ ਦੂਜੇ ਦੇ ਸਿਰ ਉੱਤੇ ਬੈਠਣ ਦਾ ਹੁਕਮ ਚਾੜ੍ਹਿਆ ਗਿਆ। ਉਨ੍ਹਾਂ ਨੂੰ ਇੱਕ ਦੂਜੇ ਦਾ ਗੁਪਤ ਅੰਗ ਛੂਹਣ ਅਤੇ ਫਿਰ ਪੁਲਸੀਏ ਨੇ ਆਪਣਾ ਗੁਪਤ ਅੰਗ ਦਿਖਾ ਕੇ ਉਸ ਨੂੰ ਮੂੰਹ ਵਿਚ ਪਾਉਣ ਲਈ ਕਿਹਾ। ਇਨਕਾਰ ਕਰਨ 'ਤੇ ਉਸ ਨੂੰ ਬੁਰੀ ਤਰ੍ਹਾਂ ਕੁੱਟਿਆ ਗਿਆ। ਕੁਝ ਪੁਲਿਸ ਅਧਿਕਾਰੀ ਬੇਖ਼ੌਫ਼ ਹੋ ਕੇ ਇਸ ਘਿਣਾਉਣੇ ਕਾਰੇ ਦੀ ਵੀਡੀਓ ਬਣਾਉਂਦੇ ਰਹੇ। ਉਸਦੀ ਛਾਤੀ ਅਤੇ ਢਿੱਡ 'ਤੇ ਮਾਰਿਆ ਗਿਆ ਅਤੇ ਜਾਤੀ-ਸੂਚਕ, ਧਰਮ-ਸੂਚਕ ਗਾਲ੍ਹਾਂ ਦਿੱਤੀਆਂ ਗਈਆਂ। ਉਨ੍ਹਾਂ ਨੂੰ ਜਾਨ ਤੋਂ ਮਾਰਨ ਅਤੇ ਉਨ੍ਹਾਂ ਦੀ ਮੌਤ ਨੂੰ ਆਤਮਹੱਤਿਆ ਵਜੋਂ ਦਿਖਾਉਣ ਦੀਆਂ ਧਮਕੀਆਂ ਦਿੱਤੀਆਂ ਗਈਆਂ। ਉਨ੍ਹਾਂ ਨੂੰ ਝੂਠੇ ਬਿਆਨ ਦੇਣ ਲਈ ਮਜਬੂਰ ਕੀਤਾ ਗਿਆ। ਦਲਿਤ ਨੌਜਵਾਨਾਂ ਤੋਂ ਅਜੇਹੇ ਅਪਮਾਨਜਨਕ ਕੰਮ ਕਰਵਾਏ ਗਏ, ਜਿਨ੍ਹਾਂ ਨਾਲ ਉਨ੍ਹਾਂ ਦੇ ਮਨੁੱਖੀ ਸਨਮਾਨ ਅਤੇ ਮਨੋਬਲ ਨੂੰ ਤੋੜਿਆ ਜਾ ਸਕੇ।

ਉਨ੍ਹਾਂ ਨੂੰ ਉਨ੍ਹਾਂ ਦੀਆਂ ਔਰਤ ਸਾਥੀਆਂ ਨਾਲ ਜੋੜਦਿਆਂ ਅਸ਼ਲੀਲ ਗੱਲਾਂ ਕੀਤੀਆਂ ਗਈਆਂ। ਇੱਕ ਕੁੜੀ ਨੂੰ ਪੁੱਛਿਆ ਗਿਆ ਕਿ ਉਸ ਨੂੰ ਮੁਸਲਮਾਨ ਮੁੰਡਿਆਂ ਨਾਲ ਹੀ ਸੈਕਸ ਕਰਨ ਵਿਚ ਕਿਉਂ ਮਜ਼ਾ ਆਉਂਦਾ ਹੈ। ਮੁੰਡਿਆਂ ਨੂੰ ਨੰਗਾ ਕਰਕੇ ਉਨ੍ਹਾਂ ਦੇ ਗੁਪਤ ਅੰਗ 'ਤੇ ਧਾਤ ਦੀ ਬੈਲਟ ਮਾਰੀ ਗਈ। ਅਕਸ਼ੈ ਜਿਸ ਦੇ ਪੈਰ ਵਿਚ ਲਿਗਾਮੈਂਟ ਦਾ ਓਪਰੇਸ਼ਨ ਹੋ ਚੁੱਕਾ ਹੈ, ਨੂੰ ਪੈਰ ਫੈਲਾ ਕੇ ਬੈਠਣ ਨੂੰ ਕਿਹਾ ਗਿਆ, ਜਿਸ 'ਤੇ ਖ਼ੁਦ ਕੁਰਸੀ ਰੱਖ ਕੇ ਪੁਲਸੀਏ ਬੈਠ ਗਏ। ਇੱਕ ਮੁੰਡੇ ਨੂੰ ਨੰਗਾ ਕਰਕੇ ਉਸ ਦੇ ਨਿੱਪਲ ਨੂੰ ਲਾਈਟਰ ਨਾਲ ਜਲਾਇਆ ਗਿਆ। ਏ.ਸੀ. ਨਾਲ ਕਮਰੇ ਦਾ ਤਾਪਮਾਨ ਇਕਦਮ ਠੰਡਾ ਕਰਕੇ ਮੁੰਡਿਆਂ ਨੂੰ ਰਾਤ ਭਰ ਜ਼ਮੀਨ 'ਤੇ ਸੌਣ ਲਈ ਛੱਡ ਦਿੱਤਾ ਗਿਆ। ਕੁੜੀਆਂ ਨੂੰ ਕਿਹਾ ਗਿਆ ਕਿ ਹੁਣ ਤੁਹਾਡੇ ਦੋਸਤਾਂ ਨੂੰ ਬੁਲਵਾ ਕੇ ਤੁਹਾਡਾ ਬਲਾਤਾਰਕਾਰ ਕਰਾਵਾਂਗੇ। ਇਲਕੀਆ ਦੇ ਮੂੰਹ 'ਤੇ ਅਜਿਹਾ ਕੱਪੜਾ ਬੰਨ੍ਹ ਕੇ ਘੰਟਿਆਂ ਤੱਕ ਬਿਠਾਈ ਰੱਖਿਆ ਗਿਆ ਜੋ ਪਿਸ਼ਾਬ ਨਾਲ ਭਿੱਜਿਆ ਹੋਇਆ ਸੀ।

ਕੁੜੀਆਂ ਨੂੰ ਪੀਰੀਅਡ ਦੇ ਪੈਡ ਨਹੀਂ ਬਦਲਣ ਦਿੱਤੇ ਗਏ, ਉਨ੍ਹਾਂ ਨੂੰ ਵਾਰ-ਵਾਰ ਝਾੜੂ ਨਾਲ ਕੁੱਟਣ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਰਹੀਆਂ ਅਤੇ ਡਰਾਇਆ ਜਾਂਦਾ ਰਿਹਾ। ਸ਼ਿਵ ਕੁਮਾਰ ਨੂੰ ਪੁੱਠਾ ਲਟਕਾ ਕੇ ਉਸ ਦੀਆਂ ਲੱਤਾਂ 'ਤੇ ਲਾਠੀਆਂ ਵਰ੍ਹਾਈਆਂ ਗਈਆਂ। ਉਸ ਨੂੰ ਆਪਣੇ ਸਾਥੀ ਨੂੰ ਥੱਪੜ ਮਾਰਨ ਨੂੰ ਕਿਹਾ ਗਿਆ, ਜਦੋਂ ਉਸ ਨੇ ਇਨਕਾਰ ਕੀਤਾ ਤਾਂ ਉਸ ਦੇ ਵੱਟ ਕੇ ਥੱਪੜ ਮਾਰੇ ਗਏ। ਕੁੜੀਆਂ ਨੂੰ ਰਾਤ ਭਰ ਦੂਜੇ ਕਮਰਿਆਂ ਤੋਂ ਤਸੀਹੇ ਝੱਲ ਰਹੇ ਆਪਣੇ ਸਾਥੀਆਂ ਅਤੇ ਹੋਰ ਲੋਕਾਂ ਦੇ ਚੀਕਣ ਦੀਆਂ ਦਰਦਨਾਕ ਆਵਾਜ਼ਾਂ ਸੁਣਦੀਆਂ ਰਹੀਆਂ। ਮੁੰਡਿਆਂ ਨੂੰ ਵਾਰ-ਵਾਰ ਐਨਕਾਊਂਟਰ ਕਰ ਦੇਣ ਦੀਆਂ ਧਮਕੀਆਂ ਦਿੱਤੀਆਂ ਗਈਆਂ। ਐਨਕਾਊਂਟਰ ਸਪੈਸ਼ਲਿਸਟ ਕਹੇ ਜਾਣ ਵਾਲੇ ਏਸੀਪੀ ਨਿਸ਼ਾਂਤ ਦਹੀਆ ਨੇ ਰੁਦਰ ਵਿਕਰਮ ਰਾਏ ਅਤੇ ਸ਼ਿਵ ਕੁਮਾਰ ਨੂੰ ਐਨਕਾਊਂਟਰ ਵਿਚ ਮਾਰੇ ਗਏ ਲੋਕਾਂ ਦੀਆਂ ਵੱਢੀਆਂ-ਟੁੱਕੀਆਂ ਲਾਸ਼ਾਂ ਦੀਆਂ ਤਸਵੀਰਾਂ ਦਿਖਾ ਕੇ ਪੁੱਛਿਆ ਕਿ ਉਹ ਐਨਕਾਊਂਟਰ ਵਿਚ ਕਿਸ ਤਰੀਕੇ ਨਾਲ ਮਰਨਾ ਪਸੰਦ ਕਰਨਗੇ।

ਬੁਰੀ ਤਰ੍ਹਾਂ ਕੁੱਟਣ ਤੋਂ ਬਾਅਦ ਪੁਲਸੀਆਂ ਨੇ ਸ਼ਿਵ ਕੁਮਾਰ ਅਤੇ ਰੁਦਰ ਵਿਕਰਮ ਰਾਏ ਤੋਂ ਇੱਕ ਕਾਗ਼ਜ਼ 'ਤੇ ਜ਼ਬਰੀ ਇਹ ਲਿਖਵਾਇਆ ਕਿ 'ਮੈਂ ਤਿੰਨ ਸਾਲ ਲਈ ਬਸਤਰ ਜਾ ਕੇ ਅੰਡਰਗਰਾਊਂਡ ਹੋ ਰਿਹਾ ਹਾਂ, ਕੋਈ ਮੇਰੀ ਤਲਾਸ਼ ਨਾ ਕਰੇ'। ਫਿਰ ਉਨ੍ਹਾਂ ਨੂੰ ਕਿਹਾ ਗਿਆ ਕਿ 'ਤਿੰਨ ਸਾਲ ਅਸੀਂ ਤੁਹਾਨੂੰ ਇੱਥੇ ਹੀ ਬੰਦ ਰੱਖਾਂਗੇ, ਫਿਰ ਤੁਹਾਡਾ ਐਨਕਾਊਂਟਰ ਕਰਾਂਗੇ ਅਤੇ ਕਹਿ ਦਿਆਂਗੇ ਕਿ ਤੁਸੀਂ ਮਾਓਵਾਦੀ ਹੋ'। ਸ਼ਿਵ ਕੁਮਾਰ ਦੇ ਸਿਰ 'ਤੇ ਪਿਸਤੌਲ ਲਾ ਕੇ ਘੋੜਾ ਦਬਾਉਣ ਦਾ ਨਾਟਕ ਵੀ ਕੀਤਾ ਗਿਆ, ਫਿਰ ਕਿਹਾ ਗਿਆ 'ਤੁਹਾਨੂੰ ਅਜੇ ਨਹੀਂ, ਤਿੰਨ ਸਾਲ ਬਾਅਦ ਮਾਰਾਂਗੇ'। ਮਾਨਸਿਕ ਸਿਹਤ ਖ਼ਰਾਬ ਹੋਣ ਬਾਰੇ ਦੱਸਣ ਦੇ ਬਾਵਜੂਦ ਉਸ ਨੂੰ ਇਹ ਕਹਿ ਕੇ ਤਸੀਹੇ ਦਿੱਤੇ ਜਾਂਦੇ ਰਹੇ ਕਿ ਉਹ ਨਾਟਕ ਕਰ ਰਿਹਾ ਹੈ।

ਇਸ ਦੌਰਾਨ ਇਨ੍ਹਾਂ ਸਭ ਦੇ ਲਾਪਤਾ ਹੋਣ ਦੀ ਜਾਣਕਾਰੀ ਮਿਲਣ ਤੋਂ ਬਾਅਦ ਦਿੱਲੀ ਹਾਈ ਕੋਰਟ ਵਿੱਚ 'ਹੈਬੀਅਸ ਕਾਰਪਸ' ਪਾਈ ਗਈ। ਜਦੋਂ ਸਪੈਸ਼ਲ ਸੈੱਲ ਵਾਲਿਆਂ ਕੋਲ ਨੋਟਿਸ ਆ ਗਿਆ ਤਾਂ ਉਨ੍ਹਾਂ ਨੇ ਸਾਰਿਆਂ 'ਤੇ ਦਬਾਅ ਪਾਇਆ ਗਿਆ ਕਿ ਉਹ ਆਪਣੇ ਘਰਦਿਆਂ ਨੂੰ ਇਹ ਪਟੀਸ਼ਨ ਵਾਪਸ ਲੈਣ ਲਈ ਕਹਿਣ। ਜਦੋਂ ਦਿੱਲੀ ਹਾਈ ਕੋਰਟ ਨੇ ਹੈਬੀਅਸ ਕਾਰਪਸ ਪਟੀਸ਼ਨ 'ਤੇ ਸੁਣਵਾਈ ਲਈ 15 ਮਾਰਚ ਦੀ ਤਰੀਕ ਤੈਅ ਕਰ ਦਿੱਤੀ ਤਾਂ ਨਾ ਚਾਹੁੰਦੇ ਹੋਏ ਵੀ ਸਪੈਸ਼ਲ ਸੈੱਲ ਦੇ ਅਧਿਕਾਰੀਆਂ ਨੂੰ ਇਨ੍ਹਾਂ ਮੁੰਡੇ-ਕੁੜੀਆਂ ਨੂੰ ਛੱਡਣਾ ਪਿਆ। ਇਸ ਤੋਂ ਪਹਿਲਾਂ ਅਦਾਲਤ ਵਿਚ ਆਪਣੇ ਬਚਾਅ ਲਈ ਸਾਰਿਆਂ ਤੋਂ ਪਿਛਲੀ ਤਰੀਕ ਵਾਲੇ ਨੋਟਿਸ 'ਤੇ ਦਸਖ਼ਤ ਕਰਵਾ ਲਏ ਕਿ 'ਪੁੱਛ-ਗਿੱਛ ਦਾ ਨੋਟਿਸ ਮਿਲਣ ਤੋਂ ਬਾਅਦ ਉਹ ਆਪਣੀ ਮਰਜ਼ੀ ਨਾਲ ਇੱਥੇ ਆਏ ਹਨ।'

ਜਦੋਂ ਇਹ ਪੀੜਤ ਆਪਣਾ ਮੈਡੀਕਲ ਕਰਾਉਣ ਲਈ ਆਲ ਇੰਡੀਆ ਮੈਡੀਕਲ ਇੰਸਟੀਚਿਊਟ ਗਏ ਤਾਂ ਡਾਕਟਰਾਂ ਨੇ ਪਹਿਲਾਂ ਤਾਂ ਉਨ੍ਹਾਂ ਦੀਆਂ ਸੱਟਾਂ ਦੇ ਨਿਸ਼ਾਨ ਨੋਟ ਕਰ ਲਏ, ਪਰ ਜਦੋਂ ਪੁਲਿਸ ਨੂੰ ਸੱਦਿਆ ਗਿਆ ਤਾਂ ਡਾਕਟਰਾਂ ਨੇ ਸੱਟਾਂ ਦੇ ਨਿਸ਼ਾਨ ਰਿਪੋਰਟ ਵਿਚ ਦਰਜ ਕਰਨ ਤੋਂ ਨਾਂਹ ਕਰ ਦਿੱਤੀ। 27 ਮਾਰਚ ਨੂੰ ਹੋਣ ਵਾਲੀ ਹੈਬੀਅਸ ਕਾਰਪਸ ਦੀ ਅਗਲੀ ਸੁਣਵਾਈ ਦੇ ਮੱਦੇਨਜ਼ਰ ਪੁਲਸੀਆਂ ਨੇ ਹਿਰਾਸਤ ਵਿਚ ਤਸੀਹਿਆਂ ਦੇ ਸਾਰੇ ਸਬੂਤ ਮਿਟਾਉਣੇ ਸ਼ੁਰੂ ਕਰ ਦਿੱਤੇ ਹਨ।

ਹਕੂਮਤੀ ਥਾਪੜੇ ਨਾਲ ਸਪੈਸ਼ਲ ਸੈੱਲ ਮਨਮਾਨੀਆਂ ਕਰਨ ਲਈ ਐਨਾ ਬੇਖ਼ੌਫ਼ ਹੋ ਚੁੱਕਾ ਹੈ ਕਿ ਮਨਜੀਤ ਬੈਨੀਵਾਲ ਦਾ ਦੋਸਤ ਅਮਨ, ਜੋ ਕਿ ਉਸ ਦੀ ਮਾਤਾ ਨੂੰ ਪਟੀਸ਼ਨ 'ਤੇ ਦਸਖ਼ਤ ਕਰਾਉਣ ਦਿੱਲੀ ਲੈ ਕੇ ਆਇਆ ਸੀ, ਉਸ ਨੂੰ ਵੀ ਸਪੈਸ਼ਲ ਸੈੱਲ ਵਾਲੇ ਉਸ ਦੇ ਘਰ ਕੋਲੋਂ ਚੁੱਕ ਕੇ ਇਸੇ ਤਸੀਹਾ ਘਰ ਵਿਚ ਲੈ ਆਏ। ਉਸ ਨੂੰ ਵੀ ਸਭ ਦੇ ਨਾਲ ਹੀ ਛੱਡਿਆ ਗਿਆ।

ਪੀੜਤਾਂ ਨੇ ਪੀਯੂਸੀਐੱਲ ਦੀ ਆਨਲਾਈਨ ਮੀਟਿੰਗ ਵਿਚ ਸਪਸ਼ਟ ਦੱਸਿਆ ਕਿ ਸਪੈਸ਼ਲ ਸੈੱਲ ਦਾ ਮਨੋਰਥ ਉਨ੍ਹਾਂ ਤੋਂ ਪੁੱਛਗਿੱਛ ਕਰਨਾ ਨਹੀਂ ਸੀ। ਅਧਿਕਾਰੀਆਂ ਦੇ ਸਵਾਲ ਸੱਤਾਧਾਰੀ ਧਿਰ ਦੀ ਭਗਵਾ ਵਿਚਾਰਧਾਰਾ ਅਤੇ ਰਾਜਨੀਤਕ ਧਾਰਨਾਵਾਂ ਦੇ ਗੂੜ੍ਹੇ ਰੰਗ 'ਚ ਰੰਗੇ ਹੋਏ ਸਨ। ਉਹ 31 ਮਾਰਚ ਤੱਕ ਭਾਰਤ ਨੂੰ 'ਨਕਸਲ-ਮੁਕਤ' ਬਣਾਉਣ ਦੇ ਮੋਦੀ ਸਰਕਾਰ ਦੇ ਟੀਚੇ ਦਾ ਜ਼ਿਕਰ ਕਰਦੇ ਹੋਏ ਕਹਿ ਰਹੇ ਸਨ ਕਿ 'ਤੁਸੀਂ 31 ਮਾਰਚ ਦਾ ਪ੍ਰੋਗਰਾਮ (ਕਾਰਪੋਰੇਟ ਲੁੱਟ ਦੇ ਖ਼ਿਲਾਫ਼) ਕਿਉਂ ਕਰ ਰਹੇ ਹੋ, ਕਿਸ ਦੇ ਕਹਿਣ 'ਤੇ ਕਰ ਰਹੇ ਹੋ, ਅਸੀਂ ਇਹ ਨਹੀਂ ਹੋਣ

*(ਬਾਕੀ ਸਫਾ 13 'ਤੇ)*

# ਸਾਂਝੇ ਪੰਜਾਬੀ ਵਿਰਸੇ ਦੀਆਂ ਜੜ੍ਹਾਂ ਦੀ ਤਲਾਸ਼

## (ਪੰਜ ਦਰਿਆਵਾਂ ਦੀ ਧਰਤੀ ਸਰਾਪੀ ਕਿਵੇਂ ਗਈ?)

*ਅਮਰਜੀਤ ਸਿੰਘ ਗਰੇਵਾਲ ਪੰਜਾਬ ਦੇ ਚੰਦ ਉਨ੍ਹਾਂ ਗੰਭੀਰ ਚਿੰਤਕਾਂ ਵਿਚੋਂ ਇਕ ਹਨ, ਜੋ ਪਿਛਲੀ ਲਗਪਗ ਅੱਧੀ ਸਦੀ ਤੋਂ ਪੰਜਾਬੀ/ਸਿੱਖ ਭਾਈਚਾਰੇ, ਸਾਹਿਤ-ਸੱਭਿਆਚਾਰ ਅਤੇ ਗੁਰਬਾਣੀ ਚਿੰਤਨ ਦੀ ਸਾਡੇ ਸਮਿਆਂ ਲਈ ਸਾਰਥਿਕਤਾ ਦੇ ਵਿਸ਼ਿਆਂ ਨੂੰ ਲੈ ਕੇ ਲਗਾਤਾਰ ਲਿਖਦੇ ਆ ਰਹੇ ਹਨ। 'ਪੰਜਾਬ ਟਾਈਮਜ਼' ਦੇ ਸ਼ੁਰੂਆਤੀ ਦਿਨਾਂ ਤੋਂ ਉਨ੍ਹਾਂ ਦੇ ਲੇਖ ਇਸ ਅੰਦਰ ਛਪਦੇ ਰਹੇ ਹਨ ਅਤੇ ਚਰਚਾ ਦਾ ਵਿਸ਼ਾ ਵੀ ਬਣਦੇ ਰਹੇ ਹਨ। 'ਸਹੁੰ ਪੰਜਾਬ ਦੀ' ਸਿਰਲੇਖ ਹੇਠਲੀ ਆਪਣੀ ਪੁਸਤਕ ਵਿਚ ਉਨ੍ਹਾਂ ਨੇ ਪੰਜਾਬ ਦੀ ਰਸਾਤਲਤਾ ਦੇ ਕਾਰਨਾਂ ਨੂੰ ਖਗੋਲਦਿਆਂ ਨਤੀਜਾ ਕੱਢਿਆ ਹੈ ਕਿ ਪੰਜਾਬ ਦੀ ਤਬਾਹੀ ਦੇ ਕਾਰਨ 'ਨੈਤਿਕਤਾ, ਰਾਜਨੀਤੀ ਅਤੇ ਸੰਸਥਾਵਾਂ ਦੀ ਢਹਿੰਦੀ ਕਲਾ' ਵਿਚ ਪਏ ਹਨ। ਗੰਧਲੀ ਅਤੇ ਸਵਾਰਥੀ ਰਾਜਨੀਤੀ ਨੇ ਅਣਖੀ, ਕਿਰਤੀ, ਵੰਡ ਛਕਣ, ਸਰਬੱਤ ਦਾ ਭਲਾ ਚਾਹੁਣ ਵਾਲੇ ਪੰਜਾਬ ਨੂੰ ਮੁਫ਼ਤ ਸਕੀਮਾਂ ਦੇ ਲਾਰਿਆਂ ਨਾਲ ਮੰਗਤਾ ਬਣਾ ਧਰਿਆ। ਪੰਜਾਬ ਨੂੰ ਰਸਾਤਲਤਾ ਦੇ ਟੋਏ ਵਿਚੋਂ ਕੱਢਣ ਦਾ ਰਸਤਾ ਇਸ ਨੂੰ ਆਧੁਨਿਕ ਗਿਆਨ ਦੇ ਖੇਤਰ ਵਿਚ ਹਾਣੀ ਬਣਾਉਣ ਵਿਚ ਹੈ। ਪੰਜਾਬ ਪਹਿਲਾਂ ਵੀ ਘੋਰ ਸੰਕਟਾਂ ਵਿਚੋਂ ਆਪਣੀ ਹਿੰਮਤ ਨਾਲ ਪੂਰਾ ਤਬਾਹ ਹੋ ਕੇ ਵੀ ਪੁਨਰ-ਸੁਰਜੀਤ ਹੁੰਦਾ ਆਇਆ ਹੈ ਉਵੇਂ ਹੀ ਜਿਵੇਂ ਕੁਕੂਨੁਸ ਆਪਣੀ ਹੀ ਅੱਗ ਵਿਚ ਸੜ ਕੇ ਆਪਣੀ ਰਾਖ ਵਿਚੋਂ ਪੁਨਰ-ਸੁਰਜੀਤ ਹੁੰਦਾ ਹੈ। ਇਹ ਪੁਸਤਕ ਗੁਰਮਤਿ ਦੇ ਹਵਾਲੇ ਨਾਲ ਵਰਤਮਾਨ ਨੂੰ ਗਲੋਬਲ ਪੰਜਾਬ ਵਾਂਗ ਸਮਝਣ ਦਾ ਯਤਨ ਹੈ। ਦੁਨੀਆਂ ਭਰ ਦੇ ਪੰਜਾਬੀਆਂ ਨੂੰ ਸਾਂਝੀ ਸਮਝ ਉਸਾਰਨ ਲਈ ਪ੍ਰੇਰਦੀ ਹੈ। -ਸੰਪਾਦਕ*

ਪੰਜਾਬ, ਅੰਨਦਾਤੇ ਤੋਂ ਭਿਖਾਰੀ ਕਿਵੇਂ ਬਣ ਗਿਆ? ਹਰੇ ਇਨਕਲਾਬ ਤੋਂ ਬਾਅਦ, ਪਿਛਲੇ ਵੀਹ-ਬਾਈ ਸਾਲਾਂ ਤੋਂ, ਪੰਜਾਬ ਦੀਆਂ ਸਰਕਾਰਾਂ ਨੇ, ਟਿਕਾਊ ਅਤੇ ਸਮਿਲਤ ਵਿਕਾਸ ਦਾ ਰਸਤਾ ਤਿਆਗ ਕੇ, ਮੁਫਤਖੋਰੀ ਦੀਆਂ ਸਕੀਮਾਂ ਨਾਲ ਲੋਕਾਂ ਨੂੰ ਭਰਮਾਉਣਾ ਸ਼ੁਰੂ ਕਰ ਦਿਤਾ ਹੈ। ਪੰਜਾਬ ਦੇ ਅਰਥਚਾਰੇ ਅਤੇ ਸਿਆਸਤ ਨੂੰ ਕੋਈ ਨਵੀਂ ਸੇਧ ਨਾ ਮਿਲ ਸਕੀ। ਖੇਤੀਬਾੜੀ ਆਮਦਨ ਦੀ ਥਾਂ ਕਰਜ਼ੇ ਦਾ ਸਾਧਨ ਬਣ ਗਈ। ਸਨਅਤ ਅੱਗੇ ਨਾ ਵਧ ਸਕੀ। ਸੇਵਾ ਸੈਕਟਰ ਦੀਆਂ ਨੌਕਰੀਆਂ ਨੂੰ ਨਵੀਂ ਤਕਨਾਲੋਜੀ ਖਾ ਗਈ। ਸਕੂਲੀ ਅਤੇ ਉਚ ਸਿਖਿਆ ਬਰਬਾਦ ਹੋ ਗਈਆਂ। ਤਕਨੀਕੀ ਸਿਖਿਆ ਆਧੁਨਿਕ ਵਿਕਾਸ ਦਾ ਆਧਾਰ ਨਾ ਬਣ ਸਕੀ। ਆਧਾਰ ਢਾਂਚੇ ਬਾਰੇ ਸੋਚ ਸੜਕ ਨਿਰਮਾਣ ਤੋਂ ਅੱਗੇ ਨਾ ਵਧੀ। ਜਮਹੂਰੀ ਸੰਸਥਾਵਾਂ ਨੂੰ



ਅਫਸਰਸ਼ਾਹੀ ਦੇ ਹਵਾਲੇ ਕਰਕੇ ਭ੍ਰਿਸ਼ਟਾਚਾਰ ਦੇ ਅੱਡਿਆਂ ਵਿਚ ਤਬਦੀਲ ਕਰ ਦਿਤਾ ਗਿਆ। ਸਿਆਸਤ ਮਾਫੀਏ ਦਾ ਰੂਪ ਧਾਰਨ ਲੱਗ ਪਈ। ਬੇਰੁਜ਼ਗਾਰ ਯੂਥ ਨੂੰ

**ਅਮਰਜੀਤ ਗਰੇਵਾਲ**

ਨਸ਼ਿਆਂ ਅਤੇ ਜੁਰਮ ਦੇ ਹਵਾਲੇ ਕਰ ਦਿੱਤਾ ਗਿਆ। ਡਰੇ ਹੋਏ ਮਾਪੇ ਆਪਣੇ ਬੱਚਿਆਂ ਨੂੰ ਉਚ ਸਿਖਿਆ ਲਈ ਵਿਦੇਸ਼ ਭੇਜਣ ਲੱਗੇ। ਪੰਜਾਬ ਅਕਲੋਂ ਖਾਲੀ ਹੋਣ ਲੱਗ ਪਿਆ। ਯੂਪੀ ਬਿਹਾਰ ਤੋਂ ਆਉਣ ਵਾਲੀ ਲੇਬਰ ਨੇ ਪੰਜਾਬ ਦਾ ਝੋਨਾ ਅਤੇ ਡੰਗਰ ਪਸ਼ੂ ਤਾਂ ਬਚਾ ਲਏ; ਫੈਕਟਰੀਆਂ ਦੀਆਂ ਚਿਮਨੀਆਂ ਵਿਚੋਂ ਨਿਕਲਣ ਵਾਲੇ ਧੂੰਏਂ ਨੂੰ ਵੀ ਕਿਸੇ ਹੱਦ ਤਕ ਬੰਦ ਹੋਣੋਂ ਰੋਕ ਲਿਆ; ਪਰ ਪੰਜਾਬ ਦੀ ਬਰਬਾਦੀ ਨੂੰ ਨਾ ਰੋਕ ਸਕੀ। ਜਿਸਨੇ ਰੋਕਣਾ ਸੀ, ਪੰਜਾਬ ਦੀ ਉਹ ਯੂਥ ਤਾਂ ਕਦੋਂ ਦੀ ਪਰਵਾਸ ਕਰਕੇ ਏਥੋਂ ਜਾ ਚੁਕੀ ਹੈ। ਜੋ ਨਹੀਂ ਜਾ ਸਕੀ, ਉਹ ਜਾਣ ਲਈ ਤਿਆਰ ਬੈਠੀ ਹੈ।

ਵਿਦੇਸ਼ਾਂ ਨੂੰ ਜਾਣ ਵਾਲੀ ਯੂਥ, ਉਥੇ ਸੈਟਲ ਹੋਣ ਲਈ ਅਕਲ ਦੇ ਨਾਲ ਨਾਲ ਪੈਸਾ ਵੀ ਲਿਜਾਣ ਲੱਗ ਪਈ। ਪੰਜਾਬੀਆਂ ਨੇ ਪੰਜਾਬ ਤੋਂ ਵੀ ਵੱਧ ਕਨੇਡਾ ਨਾਲ ਆਈਡੈਂਟੀਫਾਈ ਕਰਨਾ ਸ਼ੁਰੂ ਕਰ ਦਿੱਤਾ। ਪੰਜਾਬ ਦਾ ਬਿਜ਼ਨਸ ਜ਼ਮੀਨਾਂ ਦੀ ਵੇਚ ਵੱਟ ਤੋਂ ਅੱਗੇ ਨਾ ਵਧ ਸਕਿਆ। ਸਨਅਤੀਕਰਣ ਅਤੇ ਆਧੁਨੀਕੀਕਰਣ ਦੇ ਰੁਕ ਜਾਣ ਕਰਕੇ ਨਵਾਂ ਰੁਜ਼ਗਾਰ ਵੀ ਪੈਦਾ ਨਾ ਹੋ ਸਕਿਆ। ਪੰਜਾਬ ਦੇ ਨਿਘਾਰ ਦੀ ਕਹਾਣੀ ਮੁਕਣ ਵਾਲੀ ਨਹੀਂ। ਵਿਚਾਰਨ ਵਾਲੀ ਗੱਲ ਤਾਂ ਇਹ ਹੈ ਕਿ ਪੰਜਾਬ ਨੂੰ ਇਸ ਮੰਦਹਾਲੀ 'ਚੋਂ ਬਾਹਰ ਕੱਢ ਕੇ ਮੁੜ ਖੁਸ਼ਹਾਲੀ ਦੇ ਰਾਹ 'ਤੇ ਕਿਵੇਂ ਤੋਰਿਆ ਜਾਵੇ।

ਪੰਜਾਬ ਵਿਚ ਖੇਤੀਬਾੜੀ ਦੀ ਵਿਕਾਸ ਦਰ ਜੋ 1971-72 ਤੋਂ 1985-86 ਤੱਕ 5.7 ਪ੍ਰਤੀਸ਼ਤ ਸੀ, 2005-06 ਤੋਂ 2014-15 ਵਿਚ ਘਟ ਕੇ 1.61 ਪ੍ਰਤੀਸ਼ਤ ਰਹਿ ਗਈ। ਹਰੇ ਇਨਕਲਾਬ ਦੇ ਢੰਗ ਤਰੀਕਿਆਂ ਨਾਲ ਜੋ ਪ੍ਰਾਪਤ ਕੀਤਾ ਜਾ ਸਕਦਾ ਸੀ, ਪੰਜਾਬ ਨੇ ਉਹ 1985-86 ਤੱਕ ਪ੍ਰਾਪਤ ਕਰ ਲਿਆ ਸੀ। ਪੰਜਾਬ ਨੂੰ ਅੱਗੇ ਵਧਣ ਲਈ ਨਵੀਂ ਦਿਸ਼ਾ ਚਾਹੀਦੀ ਸੀ। ਪਰ ਪੰਜਾਬ ਸਰਕਾਰ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਟੀ ਲਕੀਰ ਦੀਆਂ ਫਕੀਰ ਬਣੀਆਂ ਰਹੀਆਂ। ਖੇਤੀ ਮਾਹਿਰ ਵਿਅਕਤੀਗਤ ਪੱਧਰ 'ਤੇ ਤਾਂ ਬਹੁਤ ਰੌਲਾ ਪਾਉਂਦੇ ਰਹੇ। ਪਰ ਕਿਸੇ ਦੇ ਕੰਨ 'ਤੇ ਜੂੰ ਵੀ ਨਾ ਸਰਕੀ। ਸਭ ਮੰਨਦੇ ਹਨ ਕਿ ਪੰਜਾਬ ਨੂੰ ਆਪਣੀ ਹੋਂਦ ਦੀ ਬਹਾਲੀ ਲਈ, ਆਪਣੇ ਆਪ, ਆਪਣੀ ਆਰਥਕਤਾ, ਆਪਣੀ ਖੇਤੀਬਾੜੀ, ਆਪਣੀਆਂ ਸਮਾਜਕ ਕਦਰਾਂ-ਕੀਮਤਾਂ ਅਤੇ ਖਾਸ ਕਰਕੇ ਆਪਣੀ ਰਾਜਨੀਤੀ ਨੂੰ ਨਵੇਂ ਸਿਰੇ ਤੋਂ ਵਿਓਂਤਣਾ ਹੋਵੇਗਾ। ਆਪਣੇ ਆਪ ਨੂੰ ਪੁਨਰ-ਕਲਪਿਤ ਕਰਕੇ, ਨਵੇਂ ਰਾਹਾਂ 'ਤੇ ਤੁਰਨ ਦੀ ਲੋੜ ਹੈ। ਪਰ ਕੀ ਪੰਜਾਬ ਦੀਆਂ ਸਿਆਸੀ ਪਾਰਟੀਆਂ ਕੋਲ ਅਜਿਹਾ ਕਰਨ ਲਈ ਲੋੜੀਂਦੀ ਸੂਝ-ਬੂਝ ਅਤੇ ਸਿਆਸੀ ਇਛਾ ਸ਼ਕਤੀ ਮੌਜੂਦ ਹੈ।

ਪਿਛਲੇ ਵੀਹ-ਪੱਚੀ ਸਾਲਾਂ ਦੇ ਤਜਰਬੇ ਨੇ ਸਾਨੂੰ ਸਮਝਾ ਦਿਤਾ ਹੈ ਕਿ ਮੁਫਤ ਬਿਜਲੀ ਪਾਣੀ ਵਰਗੀਆਂ ਸਕੀਮਾਂ ਨਾਲ ਪੰਜਾਬ ਦੀ ਖੇਤੀਬਾੜੀ ਨੂੰ ਨਹੀਂ ਬਚਾਇਆ ਜਾ ਸਕਦਾ। ਕੇਵਲ ਅਸੀਂ ਹੀ ਨਹੀਂ, ਦੁਨੀਆਂ ਦਾ ਕੋਈ ਵੀ ਵਿਕਾਸਸ਼ੀਲ ਦੇਸ਼, ਵਿਸ਼ਵ ਬੈਂਕ ਅਤੇ ਆਈ ਐਮ ਐਫ ਵਰਗੀਆਂ ਮਲਟੀ ਲੇਟਰਲ ਏਜੰਸੀਆਂ ਵੱਲੋਂ ਦਿਤੀ ਜਾਣ ਵਾਲੀ ਬਾਹਰੀ ਸਹਾਇਤਾ ਨਾਲ ਗਰੀਬੀ ਦੇ ਚੱਕਰਵਿਊ ਤੋਂ ਬਾਹਰ ਨਹੀਂ ਆਇਆ। ਗਰੀਬ ਲੋਕਾਂ ਦੇ ਖਾਤਿਆਂ ਵਿਚ ਪੈਸੇ ਜਮ੍ਹਾਂ ਕਰਵਾ ਕੇ ਉਨ੍ਹਾਂ ਨੂੰ ਗਰੀਬੀ ਰੇਖਾ ਤੋਂ ਉਪਰ ਨਹੀਂ ਉਠਾਇਆ ਜਾ ਸਕਦਾ। ਆਰਟੀਫੀਸ਼ਲ ਇੰਟੈਲੀਜੈਂਸ ਦੀ ਆਮਦ ਨਾਲ ਪੈਦਾ ਹੋਣ ਵਾਲੀ ਬੇਕਾਰੀ/ਬੇਰੁਜ਼ਗਾਰੀ ਦਾ ਟਾਕਰਾ ਕਰਨ ਲਈ, ਕਿਰਤ ਅਤੇ ਰੁਜ਼ਗਾਰ ਦੇ ਨਵੇਂ ਸਾਧਨ ਪੈਦਾ ਕਰਨ ਦੀ ਥਾਂ ਯੂਨੀਵਰਸਲ ਬੇਸਿਕ ਇਨਕਮ ਵਰਗੀਆਂ ਸਕੀਮਾਂ ਰਾਹੀਂ ਲੋਕਾਂ ਦੇ ਹੱਥਾਂ ਵਿਚ ਠੂਠੇ ਫੜਾਏ ਜਾ ਰਹੇ ਹਨ। ਸੁਆਲ ਹੈ ਕਿ ਜੇ ਆਰਥਕ ਸਹਾਇਤਾ ਲੋਕਾਂ ਦੀ ਗਰੀਬੀ ਦੂਰ ਨਹੀਂ ਕਰ ਸਕਦੀ, ਤਾਂ ਫੇਰ ਜਾਨਣਾ ਹੋਵੇਗਾ ਕਿ ਜਿਹੜੇ ਲੋਕ/ਮੁਲਕ ਗਰੀਬੀ 'ਚੋਂ ਨਿਕਲ ਕੇ ਖੁਸ਼ਹਾਲੀ ਦੇ ਰਸਤੇ ਪਏ ਹਨ, ਉਨ੍ਹਾਂ ਨੇ ਕਿਹੜਾ ਰਸਤਾ ਅਪਣਾਇਆ ਸੀ।

ਅੱਜ ਤੋਂ ਚਾਲੀ-ਪੰਜਾਹ ਸਾਲ ਪਹਿਲਾਂ ਦੱਖਣੀ ਕੋਰੀਆ ਬਹੁਤ ਗਰੀਬ ਮੁਲਕ ਸੀ। ਸਿਖਿਆ ਅਤੇ ਸਿਹਤ ਸੰਭਾਲ ਤਰਸਯੋਗ ਹਾਲਤ ਵਿਚ ਸਨ। ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਅਤੇ ਮਾਫੀਏ ਦਾ ਬੋਲਬਾਲਾ ਸੀ। ਪਰ ਅੱਜ ਉਹ ਦੁਨੀਆਂ ਦੇ ਸਭ ਤੋਂ ਅਮੀਰ ਮੁਲਕਾਂ ਵਿਚੋਂ ਇਕ ਹੈ। ਕੇਵਲ ਆਰਥਕ ਪੱਖੋਂ ਹੀ ਨਹੀਂ, ਹਰ ਪੱਖੋਂ ਸਫਲ ਆਖਿਆ ਜਾ ਸਕਦਾ ਹੈ। ਸੁਆਲ ਹੈ ਕਿ ਇਹ ਕੌਤਕ ਦੱਖਣੀ ਕੋਰੀਆ ਵਰਗੇ ਦੂਜੇ ਮੁਲਕਾਂ ਜਿਵੇਂ ਕਿ ਬੁਰੂੰਦੀ, ਹਾਇਤੀ, ਨਿਗਰ, ਗਉਟੇਮਾਲਾ, ਆਦਿ ਵਿਚ ਕਿਉਂ ਨਹੀਂ ਵਾਪਰਿਆ। ਇਹ ਮੁਲਕ ਅੱਜ ਵੀ ਓਨੇ ਹੀ ਗਰੀਬ ਹਨ ਜਿੰਨੇ ਅੱਜ ਤੋਂ ਚਾਲੀ-ਪੰਜਾਹ ਸਾਲ ਪਹਿਲਾਂ ਸਨ। ਦੱਖਣੀ ਕੋਰੀਆ ਹੀ ਸਫ਼ਲ ਕਿਉਂ ਹੋਇਆ। ਦੱਖਣੀ ਕੋਰੀਆ ਨੇ ਪੰਜਾਬ ਦੀਆਂ ਸਰਕਾਰਾਂ ਵਾਂਗ ਆਪਣੇ ਲੋਕਾਂ ਨੂੰ ਖੈਰਾਤ ਨਹੀਂ ਵੰਡੀ। ਉਨ੍ਹਾਂ ਲਈ ਕੰਮ-ਧੰਦਾ ਅਤੇ ਰੁਜ਼ਗਾਰ ਪੈਦਾ ਕਰਨ ਲਈ ਸਿਖਿਆ ਪ੍ਰਬੰਧ ਵਿਚ ਕ੍ਰਾਂਤੀਕਾਰੀ ਸੁਧਾਰ ਲਿਆਂਦੇ। ਸੰਚਾਰ ਅਤੇ ਊਰਜਾ ਦੇ ਨਵੇਂ ਨੈਟਵਰਕ ਰਾਹੀਂ ਮੁਲਕ ਦੇ ਟਿਕਾਊ ਵਿਕਾਸ ਵਿਚ ਹਰ ਕਿਸੇ ਦੀ ਸ਼ਮੂਲੀਅਤ ਅਤੇ ਸਮਾਜ-ਆਰਥਕ ਗਤੀਸ਼ੀਲਤਾ ਦੇ ਫੈਲਾਅ ਨੂੰ ਯਕੀਨੀ ਬਣਾਇਆ।

ਦੋ ਹੀ ਰਸਤੇ ਹਨ। ਇਕ ਰਸਤਾ ਉਹ ਹੈ ਜੋ ਪਿਛਲੇ ਵੀਹ-ਬਾਈ ਸਾਲਾਂ ਤੋਂ, ਪੰਜਾਬ ਦੀਆਂ ਸਰਕਾਰਾਂ ਨੇ ਅਪਣਾਇਆ ਹੋਇਆ ਹੈ। ਮੁਫਤ ਬਿਜਲੀ ਪਾਣੀ, ਆਟਾ ਦਾਲ ਅਤੇ ਬੱਸ ਯਾਤਰਾ ਵਰਗੀਆਂ ਸਕੀਮਾਂ ਰਾਹੀਂ ਕਿਰਤ ਦੀ ਪੂਜਾ ਕਰਨ ਵਾਲੇ ਪੰਜਾਬੀਆਂ ਨੂੰ ਭਿਖਾਰੀ ਬਣਾਉਣ ਦਾ ਰਸਤਾ। ਦੂਜਾ ਰਸਤਾ ਉਹ ਹੈ ਜਿਸ ਨੂੰ ਅਪਣਾ ਕੇ ਦੱਖਣੀ ਕੋਰੀਆ ਵਰਗੇ ਭਿਖਾਰੀ ਅਤੇ ਗਰੀਬ ਮੁਲਕ ਦਾਤੇ ਬਣ ਗਏ। ਇਹ ਹੈ ਰੁਜ਼ਗਾਰ ਉਤਪਾਦਨ ਅਤੇ ਸਮਾਜ-ਆਰਥਕ ਗਤੀਸ਼ੀਲਤਾ ਦੇ ਫੈਲਾਅ ਲਈ ਟਿਕਾਊ ਅਤੇ ਸਮਿਲਤ ਵਿਕਾਸ ਦਾ ਰਸਤਾ।

ਜੇਕਰ ਅਸੀਂ ਪੰਜਾਬ ਨੂੰ ਮੁੜ ਤੋਂ ਖੁਸ਼ਹਾਲ ਦੇਖਣਾ ਚਾਹੁੰਦੇ ਹਾਂ। ਇਸ ਨੂੰ ਭਿਖਾਰੀ ਤੋਂ ਦਾਤਾ ਬਣ ਰਿਹਾ ਦੇਖਣ ਦੇ ਚਾਹਵਾਨ ਹਾਂ ਤਾਂ, ਸਾਨੂੰ ਆਪਣਾ ਰਸਤਾ ਬਦਲਣਾ ਹੋਵੇਗਾ। ਪੰਜਾਬ ਦੀਆਂ ਸਿਆਸੀ ਪਾਰਟੀਆਂ ਅਤੇ ਅਫਸਰਸ਼ਾਹੀ ਤਾਂ ਆਪਣੇ ਪਿਛਲੇ ਏਜੰਡੇ 'ਤੇ ਹੀ ਚੱਲਣਾ ਪਸੰਦ ਕਰਨਗੀਆਂ। ਪਰ ਲੋਕਾਂ ਦੀ ਇਛਾ ਤਾਂ ਨਿਸ਼ਚੇ ਹੀ ਇਸ ਏਜੰਡੇ ਨੂੰ ਬਦਲਣ ਦੀ ਹੋਵੇਗੀ।

ਇਕ ਕਹਾਣੀ ਯਾਦ ਆ ਰਹੀ ਹੈ। ਰਾਤ ਦਾ ਵੇਲਾ ਸੀ। ਕੁਝ ਲੋਕ ਦਰਿਆ ਪਾਰ ਕਰਕੇ ਦੂਸਰੇ ਕੰਢੇ 'ਤੇ ਪਹੁੰਚਣ ਲਈ ਕਿਸ਼ਤੀ ਵਿਚ ਸਵਾਰ ਹੁੰਦੇ ਹਨ। ਪੂਰੀ ਸ਼ਕਤੀ ਨਾਲ ਸਾਰੀ ਰਾਤ ਚੱਪੂ ਚਲਾਉਂਦੇ ਹਨ। ਸੁਬ੍ਹਾ ਹੋਈ ਤਾਂ ਦੇਖਦੇ ਹਨ, ਕਿ ਕਿਸ਼ਤੀ ਤਾਂ ਉਥੇ ਹੀ ਖੜ੍ਹੀ ਸੀ। ਉਹ ਕਿਸ਼ਤੀ ਦੇ ਕਿਨਾਰੇ ਨਾਲ ਬੰਨ੍ਹੇ ਸੰਗਲ ਖੋਲ੍ਹਣਾ ਭੁਲ ਗਏ ਸਨ। ਪੰਜਾਬ ਨਾਲ ਤਾਂ ਇਸ ਤੋਂ ਵੀ ਭੈੜੀ ਹੋਈ। ਅਸੀਂ ਪੰਜਾਬ ਦੀ ਕਿਸ਼ਤੀ ਨੂੰ ਅੱਗੇ ਵਧਾਉਣ ਲਈ ਜਿੰਨੀ ਸ਼ਕਤੀ ਲਾਉਂਦੇ ਰਹੇ, ਪੰਜਾਬ ਓਨਾ ਹੀ ਸੰਕਟ ਗ੍ਰਸਤ ਹੁੰਦਾ ਚਲਿਆ ਗਿਆ। ਕੋਈ ਗੱਲ ਨਹੀਂ, ਪੰਜਾਬ ਨੂੰ ਇਸ ਡੂੰਘੇ ਸੰਕਟ ਵਿਚੋਂ ਬਾਹਰ ਕੱਢਣ ਲਈ ਸਾਡੇ ਕੋਲ ਕੁਕਨੂਸ ਦੀ ਕਹਾਣੀ ਵੀ ਮੌਜੂਦ ਹੈ। ਕੁਕਨੂਸ ਲੰਮੀਆਂ ਉਡਾਰੀਆਂ ਭਰਨ ਵਾਲਾ ਸੁੰਦਰ ਪੰਛੀ ਹੈ। ਲੰਮੀ ਉਮਰ ਭੋਗਣ ਉਪਰੰਤ, ਜਦੋਂ ਕੁਕਨੂਸ ਉਡਾਰੀ ਭਰਨ ਦੇ ਕਾਬਲ ਨਹੀਂ ਰਹਿੰਦਾ, ਤਾਂ ਉਹ ਆਪਣੇ ਇਰਦ-ਗਿਰਦ ਲੱਕੜੀਆਂ ਦਾ ਆਲ੍ਹਣਾ ਬਣਾ ਕੇ ਉਸ ਵਿਚ ਬੈਠ ਜਾਂਦਾ ਹੈ। ਆਲ੍ਹਣੇ ਨੂੰ ਅੱਗ ਲੱਗ ਜਾਂਦੀ ਹੈ ਅਤੇ ਕੁਕਨੂਸ ਉਸ ਵਿਚ ਜਲ ਕੇ ਰਾਖ ਹੋ ਜਾਂਦਾ ਹੈ। ਉਸ ਰਾਖ ਵਿਚੋਂ ਨਵੀਆਂ ਉਡਾਰੀਆਂ ਭਰਨ ਵਾਲਾ ਨਵਾਂ ਕੁਕਨੂਸ ਜਨਮ ਲੈਂਦਾ ਹੈ। ਪੰਜਾਬ ਦਾ ਸੰਕਟ ਭਾਵੇਂ ਕਿੰਨਾ ਵੀ ਗਹਿਰਾ ਕਿਉਂ ਨਾ ਹੋਵੇ, ਇਸ ਸੰਕਟ/ਰਾਖ ਵਿਚੋਂ ਸੰਭਾਵਨਾਵਾਂ ਦੀਆਂ ਨਵੀਆਂ ਉਡਾਰੀਆਂ ਭਰਨ ਵਾਲਾ ਨਵਾਂ ਪੰਜਾਬ ਵੀ ਆਵੱਸ਼ ਹੀ ਜਨਮ ਲਵੇਗਾ। ਅਸੀਂ ਉਸੇ ਪਿੰਡ ਪੰਜਾਬ ਦਾ ਸੁਪਨਾ ਦੇਖ ਰਹੇ ਹਾਂ। ਪੰਜਾਬ ਦੇ ਨਵ-ਨਿਰਮਾਣ ਨੂੰ ਸਮਝਣ ਤੋਂ ਪਹਿਲਾਂ ਪੰਜਾਬ ਕੀ ਹੈ, ਇਸੇ ਗੱਲ ਨੂੰ ਸਮਝ ਲਈਏ।

**ਪੰਜਾਬ**: ਪੰਜਾਬ ਕੋਈ ਇਕ ਸਾਰ, ਰੂਪ, ਸਥਾਈ ਅਤੇ ਸੁਨਿਸ਼ਚਿਤ ਧਰਾਤਲ ਨਹੀਂ। ਸੰਵਾਦ ਵਿਚ ਬੱਝੇ ਵਿਵਿਧ ਪਰਵਚਨਾਂ ਦਾ ਗਤੀਸ਼ੀਲ ਪ੍ਰਵਾਹ ਹੈ। ਪੰਜਾਬ ਨੂੰ ਕਦਾਚਿਤ ਵੀ ਪਹਿਲੀ ਨਵੰਬਰ 1966 ਨੂੰ ਹੋਂਦ ਵਿਚ ਆਉਣ ਵਾਲੇ 50,362 ਵਰਗ ਕਿਲੋਮੀਟਰ ਵਿਚ ਫੈਲੇ ਭਾਰਤੀ ਪੰਜਾਬ ਪ੍ਰਾਂਤ ਦੇ 12,342 ਪਿੰਡਾਂ ਅਤੇ 134 ਸ਼ਹਿਰਾਂ/ਕਸਬਿਆਂ ਤੱਕ ਘਟਾ ਕੇ ਨਹੀਂ ਦੇਖਿਆ ਜਾ ਸਕਦਾ। ਇਹ ਤਾਂ ਭਾਰਤ, ਪਾਕਿਸਤਾਨ ਅਤੇ ਹੋਰ ਅਨੇਕ ਮੁਲਕਾਂ ਵਿਚ ਫੈਲੇ ਪੰਜਾਬੀ ਪਿਆਰਿਆਂ ਦਾ ਪਾਰ-ਰਾਸ਼ਟਰੀ ਨੈਟਵਰਕ ਹੈ।


ਪੰਜਾਬੀ ਪਿਆਰਿਆਂ ਵਿਚ ਕੇਵਲ ਪੰਜਾਬੀ ਜ਼ੁਬਾਨ ਅਤੇ ਇਸਦੀਆਂ ਭੈਣ ਭਾਸ਼ਾਵਾਂ ਬੋਲਣ ਵਾਲੇ ਲੋਕ ਹੀ ਨਹੀਂ, ਇਨ੍ਹਾਂ ਦੇ ਵਿਦੇਸ਼ਾਂ ਵਿਚ ਜੰਮੇ-ਪਲੇ ਧੀਆਂ-ਪੁਤਰ ਅਤੇ ਮਿਤਰ-ਪਿਆਰੇ ਜੋ ਪੰਜਾਬੀ ਜ਼ੁਬਾਨ ਸਿਖਣ ਦੀ ਕੋਸ਼ਿਸ਼ ਕਰਦੇ ਹਨ, ਵੀ ਸ਼ਾਮਲ ਹਨ। ਅੰਨਾ ਪੰਜਾਬਣ ਵਰਗੇ ਪੰਜਾਬੀ ਜ਼ੁਬਾਨ ਦੇ ਗੈਰ-ਪੰਜਾਬੀ ਵਿਦਵਾਨ, ਜੋ ਆਪਣੀ ਸੰਸਕ੍ਰਿਤੀ ਦੇ ਨਾਲ-ਨਾਲ ਪੰਜਾਬੀ ਜ਼ੁਬਾਨ ਅਤੇ ਇਸਦੀ ਸੰਸਕ੍ਰਿਤੀ ਨੂੰ ਸਮਝਣ ਸਮਝਾਉਣ ਦੇ ਕਾਰਜ ਨਾਲ ਜੁੜੇ ਹੋਏ ਹਨ, ਵੀ ਪੰਜਾਬੀ ਨੈਟਵਰਕ ਦਾ ਹਿੱਸਾ ਹਨ। ਇਸੇ ਤਰ੍ਹਾਂ ਪੰਜਾਬਾਂ ਵਿਚ ਵਸਦੇ ਪਰਵਾਸੀ ਮਜ਼ਦੂਰਾਂ/ਅਫਸਰਾਂ ਦੇ ਪਰਿਵਾਰ ਵੀ ਇਸ ਭਾਈਚਾਰਕ ਨੈਟਵਰਕ ਦੇ ਬਰਾਬਰ ਭਾਈਵਾਲ ਹਨ। ਭਾਵੇਂ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਵਾਂਗ ਇਹ ਵੀ ਆਪਣੀ ਦੋਹਰੀ ਪਹਿਚਾਣ ਰੱਖਦੇ ਹਨ। ਪਰਵਾਸ ਨੂੰ ਸੰਕਟ ਦੇ ਰੂਪ ਵਿਚ ਨਹੀਂ, ਸੰਭਾਵਨਾ ਦੇ ਰੂਪ ਵਿਚ ਸਮਝਣ ਦੀ ਲੋੜ ਹੈ। ਮਨੁਖ ਘੁਮੱਕੜ ਕਿਸਮ ਦਾ ਜੀਵ ਹੈ, ਜੋ ਅਫਰੀਕਾ ਦੀ ਇਕ ਬਹੁਤ ਹੀ ਛੋਟੀ ਜਿਹੀ ਜਗ੍ਹਾ ਤੋਂ ਉਠ ਕੇ ਸਾਰੀ ਧਰਤੀ ਉਪਰ ਛਾਅ ਗਿਆ। ਉਹ ਅਜਿਹਾ ਇਸ ਲਈ ਕਰ ਸਕਿਆ ਕਿਉਂਕਿ ਉਸ ਵਿਚ ਸਿਖਣ ਦੀ ਤੀਬਰ ਯੋਗਤਾ ਹੈ। ਅਤੇ ਸਿਖਣ ਦਾ ਪਰਵਾਸ ਨਾਲੋਂ ਹੋਰ ਕੋਈ ਵਧੀਆ ਤਰੀਕਾ ਹੈ ਨਹੀਂ।

ਪੰਜਾਬ, ਪੰਜਾਬੀ ਜ਼ੁਬਾਨ, ਪੰਜਾਬੀ ਭਾਈਚਾਰੇ ਅਤੇ ਪੰਜਾਬੀ ਸਭਿਆਚਾਰ ਨੂੰ ਕਿਸੇ ਭੂਗੋਲਿਕ, ਇਤਿਹਾਸਕ, ਭਾਸ਼ਾਈ, ਰਾਜਨੀਤਕ, ਆਰਥਕ, ਸੰਸਕ੍ਰਿਤਕ, ਵਿਚਾਰਧਾਰਕ ਅਤੇ ਧਾਰਮਿਕ ਹੱਦਬੰਦੀਆਂ ਵਿਚ ਬੰਨ੍ਹ ਕੇ ਨਹੀਂ ਦੇਖਿਆ ਜਾ ਸਕਦਾ। ਪੰਜਾਬੀ ਮੂਲ ਦੇ ਵਿਅਕਤੀ ਜਦੋਂ ਕਨੇਡਾ, ਅਮਰੀਕਾ, ਇੰਗਲੈਂਡ ਵਰਗੇ ਮੁਲਕਾਂ ਵਿਚ ਜਾ ਕੇ ਮੰਤਰੀ ਜਾਂ ਮੁਖ ਮੰਤਰੀ ਬਣ ਜਾਂਦੇ ਹਨ, ਤਾਂ ਉਹ ਪੰਜਾਬੀ ਭਾਈਚਾਰੇ ਨਾਲੋਂ ਆਪਣਾ ਨਾਤਾ ਨਹੀਂ ਤੋੜ ਲੈਂਦੇ। ਬਰਾਬਰ ਦੇ ਪੰਜਾਬੀ ਵੀ ਬਣੇ ਰਹਿੰਦੇ ਹਨ। ਇਕ ਤੋਂ ਵਧੇਰੇ ਕੌਮੀ ਪਛਾਣਾਂ, ਸਰਬੱਤ ਦੇ ਭਲੇ ਦੀ ਦਿਸ਼ਾ ਵਿਚ, ਭਾਈਚਾਰਿਆਂ ਨੂੰ ਜੋੜਨ ਦਾ ਉਹ ਕੰਮ ਕਰਦੀਆਂ ਹਨ, ਜਿਸਨੂੰ ਬਹੁਵਾਦੀ ਵਿਸ਼ਵੀਕਰਣ ਦੇ ਰੂਪ ਵਿਚ ਦੇਖਿਆ ਜਾ ਰਿਹਾ ਹੈ।

ਜਿਵੇਂ ਕਨੇਡਾ, ਅਮਰੀਕਾ ਆਦਿ ਮੁਲਕਾਂ ਵਿਚ ਪਹੁੰਚਣ ਵਾਲੇ ਪੰਜਾਬੀ ਉਥੇ ਆਪਣੀ ਛਾਪ ਛੱਡ ਰਹੇ ਹਨ, ਬਿਲਕੁਲ ਉਸੇ ਤਰ੍ਹਾਂ ਯੂਪੀ ਬਿਹਾਰ ਤੋਂ ਆਉਣ ਵਾਲੇ ਪਰਵਾਸੀ ਮਜ਼ਦੂਰ ਵੀ ਪੰਜਾਬੀ ਸਭਿਆਚਾਰ ਵਿਚ ਨਵੇਂ ਰੰਗ ਭਰ ਰਹੇ ਹਨ। ਪੰਜਾਬ ਅਫਸਰਸ਼ਾਹੀ ਦੀਆਂ ਉਪਰਲੀਆਂ ਪੁਜ਼ੀਸ਼ਨਾਂ ਵਿਚ ਪੰਜਾਬੀਆਂ ਦੀ ਘੱਟ ਅਤੇ ਦੂਸਰੇ ਰਾਜਾਂ ਵਿਚੋਂ ਆਉਣ ਵਾਲੇ ਆਈ ਏ ਐਸ ਅਫਸਰਾਂ ਦੀ ਗਿਣਤੀ ਵੱਧ ਹੈ।

ਵੱਖੋ-ਵੱਖਰੇ ਦੇਸਾਂ ਪਰਦੇਸਾਂ ਵਿਚ ਵੱਖੋ-ਵੱਖਰੇ ਤਜਰਬੇ ਗ੍ਰਹਿਣ ਕਰਦਾ ਅਤੇ ਵੱਖੋ ਵੱਖਰੀਆਂ ਜ਼ੁਬਾਨਾਂ, ਪਰੰਪਰਾਵਾਂ, ਅਰਥਚਾਰਿਆਂ, ਵਿਉਪਾਰਕ ਅਦਾਰਿਆਂ, ਵਿਦਿਅਕ/ਖੋਜ ਸੰਸਥਾਵਾਂ, ਸਮਾਜ-ਪ੍ਰਬੰਧਾਂ, ਸੰਸਕ੍ਰਿਤੀਆਂ ਅਤੇ ਰਾਜਨੀਤਕ ਸੰਗਠਨਕਾਰੀਆਂ ਨਾਲ ਸੰਵਾਦ ਰਚਾਉਂਦਾ ਪੰਜਾਬ ਆਪਣੇ ਅੰਦਰ ਵਧ ਰਹੀ ਵਿਵਿਧਤਾ, ਵਿਰੋਧਤਾਵਾਂ, ਟਕਰਾਵਾਂ, ਸੰਵਾਦ ਅਤੇ ਗਤੀਸ਼ੀਲਤਾ ਕਾਰਨ ਲਗਾਤਾਰ ਵਿਗਸ ਰਿਹਾ ਹੈ। ਇਹ ਇਕ ਵਿਸ਼ਾਲ ਦਰਿਆ ਹੈ ਜੋ ਵੱਖੋ-ਵੱਖਰੀਆਂ ਧਰਤੀਆਂ ਨੂੰ ਕੇਵਲ ਸਿੰਜਦਾ ਹੀ ਨਹੀਂ, ਸਗੋਂ ਉਨ੍ਹਾਂ ਤਮਾਮ ਧਰਤੀਆਂ ਦੀਆਂ ਖੁਸ਼ਬੋਆਂ ਨੂੰ ਵੀ ਆਪਣੇ ਅੰਦਰ ਲੈ ਤੁਰਦਾ ਹੈ। ਇਸੇ ਕਰਕੇ ਪੰਜਾਬੀ ਸਭਿਆਚਾਰ, ਇਸਦੀ ਭਾਸ਼ਾ, ਜੀਵਨ ਜਾਚ, ਅਰਥਚਾਰੇ ਅਤੇ ਰਾਜਨੀਤਕ ਪਰਵਚਨਾਂ ਵਿਚ ਵੰਨ-ਸੁਵੰਨਤਾ ਅਤੇ ਗਤੀਸ਼ੀਲਤਾ ਵਧ ਰਹੀ ਹੈ। ਇਹ ਦਰਿਆ ਕੇਵਲ ਧਰਤੀ ਉਪਰ ਹੀ ਨਹੀਂ, ਇਤਿਹਾਸ ਵਿਚ ਵੀ ਵਗਦਾ ਹੈ। ਭਵਿਖ ਦੇ ਸੁਪਨੇ ਪਾਲਦਾ ਹੈ। ਮਿਹਰਗੜ੍ਹ ਅਤੇ ਸਿੰਧ ਘਾਟੀ ਦੀਆਂ ਪਰੰਪਰਾਵਾਂ ਤੋਂ ਲੈ ਕੇ ਹਰੇ ਇਨਕਲਾਬ, ਉਸ ਤੋਂ ਬਾਅਦ ਵਾਲੇ 'ਉਡਤਾ ਪੰਜਾਬ' ਅਤੇ ਨਵੇਂ ਸੁਪਨਿਆਂ ਤੱਕ ਦੀਆਂ ਤਮਾਮ ਤਬਦੀਲੀਆਂ ਇਸ ਵਿਚ ਬਰਾਬਰ ਸ਼ਾਮਲ ਹਨ। ਕਿਉਂਕਿ ਪੰਜਾਬ ਕੋਈ ਆਈਸੋਲੇਟਿਡ ਸਿਸਟਮ ਨਹੀਂ, ਇਸ ਲਈ ਇਸਦਾ ਆਪਣੇ ਇਤਿਹਾਸਕ, ਭੂਗੋਲਿਕ, ਆਰਥਕ-ਰਾਜਨੀਤਕ, ਸਮਾਜ-ਸਭਿਆਚਾਰਕ, ਬਾਇਓਫਿਜ਼ੀਕਲ ਅਤੇ ਟੈਕਨੋਕਮਰਸ਼ੀਅਲ ਵਾਤਾਵਰਣ ਨਾਲ ਸੰਵਾਦ ਵੀ ਇਸਦੀ ਦਸ਼ਾ ਅਤੇ ਦਿਸ਼ਾ ਨੂੰ ਨਿਰਧਾਰਿਤ ਕਰਨ ਵਿਚ ਮਹੱਤਵਪੂਰਨ ਰੋਲ ਅਦਾ ਕਰਦਾ ਹੈ।

ਜਾਤਾਂ, ਜਮਾਤਾਂ, ਧਰਮਾਂ, ਬੋਲੀਆਂ, ਅਰਥਚਾਰਿਆਂ, ਤਕਨੀਕੀ/ ਕੁਦਰਤੀ ਵਾਤਾਵਰਣਾਂ, ਸਿਆਸੀ ਪ੍ਰਬੰਧਾਂ, ਕਦਰਾਂ ਕੀਮਤਾਂ ਅਤੇ ਇਲਾਕਿਆਂ, ਆਦਿ ਅਨੇਕ ਅੰਤਰਾਂ ਉਪਰ ਟਿਕੇ ਪੰਜਾਬ ਨੂੰ ਕਿਸੇ ਸਾਂਝੇ ਇਤਿਹਾਸ ਦੀ ਥਾਂ ਸ਼ਕਤੀ, ਅਰਥਾਂ ਅਤੇ ਮੂਲ ਉਤਪਾਦਨ ਦੀਆਂ ਅੰਤਰ-ਸਬੰਧਤ ਤਾਰੀਖਾਂ ਦੇ ਰੂਪ ਵਿਚ ਦੇਖਣਾ ਉਚਿਤ ਹੋਵੇਗਾ। ਕਿਉਂਕਿ ਪੰਜਾਬ ਨੂੰ ਹੁਣ ਭਾਰਤੀ




ਅਤੇ ਪਾਕਿਸਤਾਨੀ ਪੰਜਾਬਾਂ ਤੋਂ ਪਾਰ ਜਾ ਕੇ ਦੇਖਣਾ ਜ਼ਰੂਰੀ ਹੋ ਗਿਆ ਹੈ, ਇਸ ਲਈ ਇਹ ਦੁਨੀਆ ਦੇ ਕਿਸੇ ਵੀ ਪਿੰਡ, ਸ਼ਹਿਰ ਅਤੇ ਮੁਲਕ ਦੇ ਪੰਜਾਬੀ ਪਰਿਵਾਰ, ਭਾਈਚਾਰੇ, ਗੁਰਦੁਆਰੇ, ਮੰਦਿਰ, ਮਸਜਿਦ, ਗਿਰਜੇ, ਕਲੱਬ, ਪਾਰਕ, ਚੌਕ, ਮਿਲਣੀ, ਨਾਵਲ, ਕਹਾਣੀ, ਕਵਿਤਾ, ਫਿਲਮ, ਮੁਲਾਕਾਤ ਅਤੇ ਡਿਜੀਟਲ ਪ੍ਰੋਗਰਾਮ ਜਾਂ ਸੋਸ਼ਲ ਮੀਡੀਆ ਆਦਿ ਵਿਚ ਕਿਤੇ ਵੀ ਹੋ ਸਕਦਾ ਹੈ। ਇਸਦੀ ਪਛਾਣ ਅਤੇ ਸ਼ਕਤੀ ਨੂੰ ਨਿਰਧਾਰਿਤ ਕਰਨਾ ਜਟਿਲ ਮਸਲਾ ਬਣ ਗਿਆ ਹੈ। ਕਿਸੇ ਪੂਰਵ-ਨਿਸ਼ਚਿਤ ਪਰੰਪਰਾ, ਧਰਤੀ, ਜਾਂ ਸੰਗਠਿਤ ਇਤਿਹਾਸ ਦਾ ਨਾਮ ਨਾ ਰਹਿ ਕੇ, ਜੀਵੰਤ ਅਤੇ ਗਤੀਸ਼ੀਲ ਰਿਸ਼ਤਿਆਂ ਦੁਆਰਾ ਸਿਰਜੀ ਜਾ ਰਹੀ ਸਮਾਜ-ਸਭਿਆਚਾਰਕ ਟੈਕਸਟ ਬਣ ਗਿਆ ਹੈ। ਵੰਨ-ਸੁਵੰਨੇ ਭੂਗੋਲਾਂ ਅਤੇ ਤਾਰੀਖਾਂ ਦੇ ਸੰਵਾਦ/ਸੰਘਰਸ਼ ਵਿਚੋਂ ਵਿਗਸ ਰਿਹਾ ਗਤੀਸ਼ੀਲ ਪਰਵਚਨ।

ਸੁਰਜੀਤ ਪਾਤਰ ਦੇ ਕਹਿਣ ਮੁਤਾਬਕ ਪੰਜ ਦਰਿਆ ਨਹੀਂ, ਪੰਜ ਚਿਹਨਕ ਸੰਸਾਰ ਪੰਜਾਬ ਦੀ ਸਿਰਜਣਾ ਕਰਦੇ ਹਨ। ਪਹਿਲਾ ਹੈ, ਭਾਰਤੀ ਪੰਜਾਬ ਦਾ ਚਿਹਨ ਸੰਸਾਰ। ਦੂਸਰਾ ਪਾਕਿਸਤਾਨੀ ਪੰਜਾਬ ਦਾ ਚਿਹਨ ਸੰਸਾਰ। ਤੀਸਰਾ ਉਨ੍ਹਾਂ ਲੋਕਾਂ ਦਾ ਚਿਹਨ ਸੰਸਾਰ ਹੈ ਜੋ ਰਿਜ਼ਕ ਦੇ ਪਿਛੇ-ਪਿਛੇ ਦੂਸਰੇ ਸੂਬਿਆਂ ਤੋਂ ਪਰਵਾਸ ਕਰਕੇ ਪੰਜਾਬ ਵਿਚ ਆ ਵਸੇ ਹਨ। ਚੌਥੇ ਚਿਹਨ ਸੰਸਾਰ ਵਿਚ ਉਨ੍ਹਾਂ ਲੋਕਾਂ ਦੇ ਪਰਵਚਨ ਸ਼ਾਮਲ ਹਨ ਜੋ ਪੰਜਾਬ ਵਿਚੋਂ ਪਰਵਾਸ ਕਰਕੇ ਦੂਸਰੇ ਮੁਲਕਾਂ ਵਿਚ ਜਾ ਵਸੇ ਹਨ। ਤੇ ਪੰਜਵਾਂ ਹੈ ਵਰਚੂਅਲ ਪੰਜਾਬ।

**ਭੂਗੋਲਿਕ ਅਨਿਸ਼ਚਤਤਾ:** ਡਾ. ਜਗਤਾਰ ਸਿੰਘ ਗਰੇਵਾਲ ਦੇ ਮੱਤ ਅਨੁਸਾਰ ਪੰਜਾਬ ਪੰਜ ਦਰਿਆਵਾਂ ਦੀ ਨਹੀਂ, ਪੰਜ ਦੋਆਬਿਆਂ ਦੀ ਧਰਤੀ ਹੈ। ਇਹ ਦੋਆਬੇ ਹਨ: ਸਿੰਧ ਸਾਗਰ ਦੋਆਬ, ਛੱਜ ਦੁਆਬ, ਰਚਨਾ ਦੋਆਬ, ਬਾਰੀ ਦੋਆਬ ਅਤੇ ਬਿਸਤ ਦੋਆਬ। ਪਰ ਇਸ ਪਰਿਭਾਸ਼ਾ ਦੇ ਮੰਨਣ ਨਾਲ ਸਿੰਧ ਅਤੇ ਸਤਲੁਜ ਦੇ ਬਾਹਰਲੇ ਇਲਾਕੇ ਪੰਜਾਬੋਂ ਬਾਹਰ ਰਹਿ ਜਾਂਦੇ ਹਨ; ਕਿਉਂਕਿ ਭੂਗੋਲਿਕ ਦ੍ਰਿਸ਼ਟੀ ਤੋਂ ਪੂਰਬ ਵਿਚ ਗੰਗਾ ਜਮੁਨਾ ਦੋਆਬ, ਉਤਰ ਵਿਚ ਹਿਮਾਲਿਆ ਪਰਬਤ, ਪੱਛਮ ਵਿਚ ਸਿੰਧ ਅਤੇ ਦੱਖਣ ਵਿਚ ਰਾਜਪੂਤਾਨੇ ਦੇ ਰੇਗਿਸਤਾਨ ਨਾਲ ਘਿਰਿਆ ਇਲਾਕਾ ਪੰਜਾਬ ਹੈ, ਜਿਸਦੀ ਆਪਣੀ ਨਿਵੇਕਲੀ ਪਹਿਚਾਣ ਹੈ।

ਪੰਜਾਬ, ਜਾਂ ਕਿਸੇ ਵੀ ਇਲਾਕੇ ਨੂੰ ਕੁਦਰਤੀ ਸਰਹੱਦਾਂ ਰਾਹੀਂ ਹੋਂਦ ਵਿਚ ਆਉਣ ਵਾਲੇ ਭੂਗੋਲਿਕ ਖਿੱਤੇ ਦੇ ਰੂਪ ਵਿਚ ਪਰਿਭਾਸ਼ਿਤ ਨਹੀਂ ਕੀਤਾ ਜਾ ਸਕਦਾ। ਕਿਸੇ ਇਲਾਕੇ ਨੂੰ ਪਰਿਭਾਸ਼ਿਤ ਕਰਨ ਲਈ ਜਿਥੇ ਭੂਗੋਲਿਕ ਤੱਤ ਆਪਣਾ ਮਹੱਤਵ ਰੱਖਦੇ ਹਨ, ਉਥੇ ਸਭਿਆਚਾਰਕ (ਸਮਾਜਕ, ਆਰਥਕ, ਰਾਜਨੀਤਕ ਅਤੇ ਇਤਿਹਾਸਕ) ਤੱਤਾਂ ਦਾ ਵੀ ਵਿਸ਼ੇਸ਼ ਯੋਗਦਾਨ ਹੁੰਦਾ ਹੈ।

ਕਿਸੇ ਸਭਿਆਚਾਰ ਦੇ ਨਿਰਮਾਣ ਵਿਚ ਜਿਥੇ ਉਸ ਇਲਾਕੇ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਦਾ ਮਹੱਤਵ ਹੁੰਦਾ ਹੈ, ਓਥੇ ਇਸਦੇ ਉਲਟ ਉਸ ਇਲਾਕੇ ਦਾ ਸਭਿਆਚਾਰ ਵੀ ਉਥੋਂ ਦੀਆਂ ਭੂਗੋਲਿਕ ਵਿਸ਼ੇਸ਼ਤਾਈਆਂ ਨੂੰ ਨਿਰਧਾਰਿਤ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਉਦਾਹਰਣ ਦੇ ਤੌਰ 'ਤੇ ਉਨੀਵੀਂ ਸਦੀ ਤੋਂ ਲੈ ਕੇ ਵੀਹਵੀਂ ਸਦੀ ਦੇ ਅੱਧ ਤੱਕ ਪੰਜਾਬ ਵਿਚ ਨਹਿਰਾਂ ਦਾ ਜਾਲ ਵਿਛ ਗਿਆ। ਇਸ ਨਾਲ ਪੰਜਾਬ ਦਾ ਜ਼ਮੀਨ ਹੇਠਲਾ ਪਾਣੀ ਵੀ ਉਪਰ ਆ ਗਿਆ। ਨਤੀਜੇ ਵਜੋਂ 1990 ਤੱਕ ਰਾਜ ਵਿਚ ਟਿਊਬਵੈਲਾਂ ਦੀ ਗਿਣਤੀ ਨੌਂ ਲੱਖ ਤੱਕ ਪਹੁੰਚ ਗਈ। ਗੱਲ ਕੀ, ਇਸ ਸਭਿਆਚਾਰਕ ਉਪਰਾਲੇ ਨੇ ਪੰਜਾਬ ਦੀਆਂ ਮਾਰੂ ਜ਼ਮੀਨਾਂ ਨੂੰ ਦੇਸ਼ ਦੇ ਸਭ ਤੋਂ ਉਪਜਾਊ ਇਲਾਕੇ ਵਿਚ ਤਬਦੀਲ ਕਰ ਦਿੱਤਾ। ਰੇਤਲੇ ਟਿੱਬੇ ਪੱਧਰੇ ਹੋ ਕੇ ਝੋਨੇ ਦੇ ਖੇਤਾਂ ਵਿਚ ਤਬਦੀਲ ਹੋ ਗਏ। ਇਸ ਸਭਿਆਚਾਰਕ ਪ੍ਰਾਜੈਕਟ ਨੇ ਪੰਜਾਬ ਦੇ ਭੂਮੀ ਉਪਯੋਗ ਅਤੇ ਭੂਗੋਲ ਨੂੰ ਪੂਰੀ ਤਰ੍ਹਾਂ ਤਬਦੀਲ ਕਰਕੇ ਰੱਖ ਦਿੱਤਾ।

*(ਬਾਕੀ ਅਗਲੇ ਸਫੇ 'ਤੇ)*



# ਅਹਿਸਾਨ ਫਰਾਮੋਸ਼ੀ ਨਾ ਕਰਿਆ ਕਰੋ...

ਕੋਈ ਬੰਦਾ ਖੂਹ ਉਤੇ ਲੋਕਾਂ ਨੂੰ ਪਾਣੀ ਕੱਢ-ਕੱਢ ਪਿਆਵੇ। ਲਾਗੋਂ ਦੀ ਲੰਘਿਆ ਫਕੀਰ ਕਹਿੰਦਾ, 'ਪੁੱਤਰਾ! ਕੋਈ ਦਿਹਾੜੀ ਵੀ ਮਿਲਦੀ ਆ ਕਿ ਮੁਫ਼ਤ ਈ ਪਿਆਈ ਜਾਨਾਂ ਪਾਣੀ'?

ਅਖੇ, 'ਬਾਬਾ ਜੀ, ਦਿਹਾੜੀ ਤੇ ਕੋਈ ਨੀ ਮਿਲਦੀ। ਸ਼ਾਮ ਦੇ ਟਾਈਮ ਜੇ ਕਿਸੇ ਦਾ ਦਿਲ ਕਰੇ ਆਟਾ-ਦਾਣਾ, ਰੋਟੀ ਦੇ ਦਿੰਦਾ। ਮੈਂ ਆਪਣੇ ਬੱਚਿਆਂ ਨੂੰ ਖਵਾ ਦਿੰਦਾਂ'।

ਫ਼ਕੀਰ ਮੌਜ 'ਚ ਆਇਆ ਤੇ ਆਖਿਆ ਹੱਥ ਅੱਗੇ ਕਰ। ਪਾਣੀ ਪਿਆਉਣ ਵਾਲੇ ਨੇ ਹੱਥ ਅੱਗੇ ਕੀਤਾ। ਉਹਨੇ ਹੱਥ ਉੱਤੇ 'ਇੱਕ' ਵਾਹ ਦਿੱਤਾ। ਸ਼ਾਮ ਹੋਈ ਤਾਂ ਬਾਦਸ਼ਾਹ ਦੀ ਤਰਫੋਂ ਆਦੇਸ਼ ਮਿਲ ਗਿਆ ਵੀ ਪਾਣੀ ਪਿਆਉਣ ਵਾਲੇ ਨੂੰ ਇੱਕ ਰੁਪਈਆ ਸ਼ਾਮ ਨੂੰ ਪੱਕਾ ਦਿਆ ਕਰੋ। ਉਹਦੀ ਇੱਕ ਰੁਪਈਆ ਤਨਖਾਹ ਮਿਲਣ ਲੱਗ ਗਈ। 10-15 ਦਿਨ ਲੰਘੇ। ਕਰਨੀ ਮਾਲਕ ਦੀ ਇੱਕ ਹੋਰ ਫਕੀਰ ਲਾਗਿਓਂ ਲੰਘਿਆ। ਆਂਹਦਾ, 'ਓਏ ਬੱਚਾ! ਮੁਫ਼ਤ ਈ ਪਾਣੀ ਪਿਆਈ ਜਾਨਾਂ ਜਾਂ ਕੁਝ ਮਿਲਦਾ ਵੀ ਐ'?

ਆਂਹਦਾ 'ਸਰਕਾਰ ਜੀ, ਇੱਕ ਰੁਪਈਆ ਸ਼ਾਮ ਨੂੰ ਮਿਲਦਾ। ਔਖਾ ਹੋ ਕੇ ਗੁਜ਼ਰ ਬਸਰ ਕਰਦਾਂ ਬੱਚਿਆਂ ਦੀ'। ਫ਼ਕੀਰ ਆਂਹਦਾ, 'ਓਏ! ਹੱਥ ਅੱਗੇ ਕਰ। ਉਹਨੇ ਹੱਥ ਅੱਗੇ ਕੀਤਾ। ਉਹਨੇ ਨਾਲ ਸਿਫ਼ਰਾ ਪਾ 'ਤਾ। ਜਦੋਂ ਸਿਫ਼ਰਾ ਪਾ'ਤਾ ਬਾਦਸ਼ਾਹ ਦੀ ਤਰਫੋਂ ਪਾਣੀ ਪਿਆਉਣ ਵਾਲੇ ਦੀ ਦਿਹਾੜੀ 10 ਰੁਪਏ ਹੋ ਗਈ।

ਵਕਤ ਗੁਜ਼ਰਦਾ ਗਿਆ। ਕੋਈ ਮਹੀਨਾ ਖੰਡ ਲੰਘਿਆ। ਇੱਕ ਹੋਰ ਤੀਸਰਾ ਫ਼ਕੀਰ ਆਇਆ। ਆ ਕੇ ਪੁੱਛਦਾ 'ਪੁੱਤਰਾ ਪਾਣੀ ਮੁਫ਼ਤ ਪਿਆਨਾਂ ਕਿ ਕੋਈ ਦਿਹਾੜੀ ਮਿਲਦੀ ਹੈ'?

ਬਾਬਾ ਜੀ 10 ਰੁਪਏ ਦਿਹਾੜੀ ਮਿਲਦੀ। ਫ਼ਕੀਰ ਆਖਿਆ, 'ਹੱਥ ਅੱਗੇ ਕਰ'। ਜਦੋਂ ਹੱਥ ਅੱਗੇ ਕੀਤਾ ਉਹਨੇ ਨਾਲ ਇੱਕ ਸਿਫ਼ਰਾ ਹੋਰ ਪਾ ਦਿੱਤਾ। ਉਹਦੀ ਦਿਹਾੜੀ 100 ਰੁਪਈਆ ਬਾਦਸ਼ਾਹ ਨੇ ਲਾ 'ਤੀ।

ਚੰਗਾ ਕਾਰੋਬਾਰ ਚੱਲ ਪਿਆ ਉਸਦਾ। ਕ੍ਰਿਸ਼ਮਾ ਰੱਬ ਦਾ ਛੇ ਕੁ ਮਹੀਨੇ-ਸਾਲ ਬਾਅਦ ਉਹ ਜਿਹਨੇ ਇੱਕ ਵਾਹਿਆ ਸੀ, ਉਹ ਬਾਬਾ ਲੰਘਿਆ ਲਾਗੋਂ ਦੀ। ਆਂਹਦਾ, 'ਪੁੱਤਰ ਮੈਨੂੰ ਪਾਣੀ ਪਿਆ ਖਾਂ। ਜਦੋਂ ਪਾਣੀ ਪਿਆਇਆ ਤੇ ਆਂਹਦਾ, ਪੁੱਤ ਮੈਨੂੰ ਨਵਾ ਵੀ ਦੇ'।

ਆਂਹਦਾ, 'ਜਾ ਪਰਾਂ। ਨਵਾ ਦੇ ਇਸਨੂੰ ਉਥੇ'।

ਆਖਿਆ, 'ਪੁੱਤਰਾ ਵੇਖ ਲਾ, ਮੈਂ ਤੇਰੇ 'ਤੇ ਕਿੱਡਾ ਵੱਡਾ ਅਹਿਸਾਨ ਕੀਤਾ ਸੀ। ਮੈਂ ਤੇਰੇ ਹੱਥ ਉੱਤੇ ਇੱਕ ਵਾਹਿਆ ਸੀ। ਤੈਨੂੰ ਇੱਕ ਰੁਪਈਆ ਮਿਲਣ ਲੱਗ ਪਿਆ ਸੀ'। ਬੰਦਾ ਆਂਹਦਾ, 'ਬਾਬਾ ਤੂੰ ਤੇ ਇੱਕ ਵਾਹਿਆ ਸੀ। ਇੱਕ ਰੁਪਿਆ ਮਿਲਦਾ ਸੀ। ਇੱਥੇ ਦੋ ਫ਼ਕੀਰ ਇਸ ਤਰ੍ਹਾਂ ਦੇ ਆਏ ਆ, ਇੱਕ ਨੇ 10 ਰੁਪਏ ਦਿਹਾੜੀ ਲਵਾ ਤੀ, ਦੂਸਰੇ ਨੇ 100 ਰੁਪਏ।

ਬਾਬੇ ਨੇ ਆਖਿਆ, 'ਪੁੱਤ ਹੱਥ ਉਰਾਂ ਕਰ ਮੇਰੇ ਵੱਲ ਨੂੰ ਭਲਾ'। ਉਹਨੇ ਹੱਥ ਅੱਗੇ ਕੀਤਾ ਫਕੀਰ ਨੇ ਆਪਣਾ ਇੱਕ ਚੁੱਕ ਲਿਆ ਨਾਲੋਂ, ਆਪਣਾ ਇੱਕ ਕੱਟ ਦਿੱਤਾ। ਰਹਿ ਗਏ ਦੋ ਸਿਫ਼ਰੇ। ਜਦੋਂ ਦੋ ਸਿਫ਼ਰੇ ਰਹਿ ਗਏ ਤੇ ਬਾਦਸ਼ਾਹ ਨੇ ਆਰਡਰ ਦਿੱਤਾ ਉਹ ਪਾਣੀ ਪਿਆਉਣ ਵਾਲੇ ਦੀ ਦਿਹਾੜੀ ਬੰਦ ਕਰ ਦਿਓ ਭਾਈ। ਉਹਨੂੰ ਕਹੋ ਕੋਈ ਹੋਰ ਕੰਮ ਕਰੇ ਜਾ ਕੇ।

ਭਾਵ ਇਹ ਆ ਕਿ ਜਿੱਥੋਂ ਜਾਗ ਲੱਗੀ ਹੁੰਦੀ ਆ ਨਾ, ਉਹ ਅਹਿਸਾਨ ਨਾ ਭੁੱਲਿਆ ਕਰੋ। ਕੁਛ ਬੰਦੇ ਇਸ ਤਰ੍ਹਾਂ ਦੇ ਹੁੰਦੇ ਆ, ਜਿਸ ਤਰ੍ਹਾਂ ਸੋਨੇ ਦੇ ਨਾਲ ਪਿੱਤਲ ਲੱਗੇ ਨਾ, ਉਹ ਸੋਨੇ ਦੇ ਭਾਅ ਵਿਕਦਾ, ਉਹ ਵੀ ਕਿਸੇ ਦੇ ਨਾਲ ਜੁੜ ਜਾਣ ਤਾਂ ਅਗਲਾ ਵੀ ਤਰ ਜਾਂਦਾ। ਕਈਆਂ ਘਰਾਂ 'ਚੋਂ ਕਈਆਂ ਨੂੰ ਜਾਗ ਲੱਗੀ ਤੇ ਉਹ ਅਮੀਰ ਹੋ ਗਏ। ਉਨ੍ਹਾਂ ਨੂੰ ਭੁੱਲ ਗਏ ਤੇ ਬਾਅਦ 'ਚ ਆਖਣ ਲੱਗੇ, ਸਾਡੇ ਹੱਥਾਂ ਦੀ ਮਿਹਨਤ ਆ। ਇੰਝ ਨਹੀਂ ਜੇ ਹੁੰਦਾ। ਜਿੱਥੋਂ ਜਾਗ ਲੱਗੇ ਨਾ, ਉਹਨੂੰ ਭੁੱਲਿਆ ਨਾ ਕਰੋ। ਅਹਿਸਾਨ ਫਰਾਮੋਸ਼ੀ ਨਾ ਕਰਿਆ ਕਰੋ।

ਨਿੱਕੇ ਜਿਹੇ ਜਾਗ ਨੂੰ ਯਾਦ ਰੱਖਿਆ ਕਰੋ ਕਿ ਕਿੱਥੋਂ ਲੱਗਿਆ ਸੀ। ਨਿੱਕਾ ਜਿਹਾ ਜਾਗ ਹੀ ਦੁੱਧ ਤੋਂ ਦਹੀਂ, ਲੱਸੀ, ਮੱਖਣ, ਘਿਓ ਤੇ ਘਿਓ ਤੋਂ ਹੋਰ ਪਤਾ ਨਹੀਂ ਕਿੰਨੇ ਪਦਾਰਥ ਬਣਾ ਦਿੰਦਾ। **-ਅਗਿਆਤ**

## ਨਿਆਂਪਸੰਦ ਕਾਰਕੁਨਾਂ ਦੀ ਜ਼ਬਾਨਬੰਦੀ...

*(ਸਫਾ 11 ਦਾ ਬਾਕੀ)*

ਦਿਆਂਗੇ। ਕਿਉਂਕਿ 31 ਮਾਰਚ ਤੱਕ ਮਾਓਵਾਦੀਆਂ ਦਾ ਸਫ਼ਾਇਆ ਕਰਨ ਦਾ ਹੁਕਮ ਹੈ। ਕੁਝ ਦਿਨਾਂ ਲਈ ਤੁਸੀਂ ਲੋਕ ਕਿਤੇ ਹੋਰ ਚਲੇ ਜਾਓ, ਇਹ ਸਮਾਂ-ਸੀਮਾ ਖ਼ਤਮ ਹੋਣ ਤੋਂ ਬਾਅਦ ਹੀ ਇੱਥੇ ਨਜ਼ਰ ਆਉਣਾ'। ਉਨ੍ਹਾਂ ਨੂੰ ਪੁੱਛਿਆ ਗਿਆ ਕਿ 'ਤੁਸੀਂ ਲੋਕ ਵਾਰ-ਵਾਰ ਛੱਤੀਸਗੜ੍ਹ ਕਿਉਂ ਜਾਂਦੇ ਹੋ', (ਜਦਕਿ ਉਨ੍ਹਾਂ ਵਿਚੋਂ ਕਈ ਉੱਥੇ ਕਦੇ ਗਏ ਹੀ ਨਹੀਂ)। ਇਹ ਤਫ਼ਤੀਸ਼ੀ ਅਧਿਕਾਰੀ ਮੁਲਕ ਦੀ ਜੰਗੇ-ਆਜ਼ਾਦੀ ਦੇ ਨਾਇਕਾਂ ਦਾ ਅਪਮਾਨ ਕਰਨ ਦੀ ਹੱਦ ਤੱਕ ਜਾ ਕੇ ਉਨ੍ਹਾਂ ਨੂੰ ਸਵਾਲ ਕਰਦੇ ਰਹੇ: 'ਤੁਸੀਂ ਲੋਕ ਭਗਤ ਸਿੰਘ ਦੀਆਂ ਟੂਕਾਂ ਕਿਉਂ ਲਿਖਦੇ ਹੋ, ਉਹ ਤਾਂ ਦਹਿਸ਼ਤਗਰਦ ਸੀ, ਤੁਸੀਂ ਲੋਕ ਵੀ ਉਸ ਵਰਗੇ ਦਹਿਸ਼ਤਗਰਦ ਹੋ'।

ਕੁੜੀਆਂ ਤੋਂ ਪੁੱਛਿਆ ਗਿਆ ਕਿ 'ਤੁਸੀਂ ਮੁਸਲਮਾਨ ਨਾਲ ਸੈਕਸ ਕਿਉਂ ਕਰਦੀਆਂ ਹੋ'। ਇੱਕ ਕੁੜੀ ਦੇ ਪਿਤਾ ਨੂੰ ਇੱਕ ਤਸਵੀਰ ਦਿਖਾਈ ਗਈ ਜਿਸ ਵਿਚ ਕੁੜੀ ਨੇ ਟਰੇਨ ਵਿਚ ਸਫ਼ਰ ਕਰਦੇ ਸਮੇਂ ਏਹਤਮਾਮ ਦੇ ਮੋਢੇ 'ਤੇ ਸਿਰ ਰੱਖਿਆ ਹੋਇਆ ਹੈ। ਉਨ੍ਹਾਂ ਨੂੰ ਕਿਹਾ ਗਿਆ ਕਿ ਆਪਣੀ ਕੁੜੀ ਨੂੰ ਇਸ ਮੁਸਲਮਾਨ ਮੁੰਡੇ ਤੋਂ ਦੂਰ ਰੱਖੋ। ਉਸ ਨੂੰ ਕਮਰੇ ਵਿਚ ਬੰਦ ਕਰ ਦਿਓ। ਉਸ ਨੂੰ 'ਸੰਸਕਾਰ' ਸਿਖਾਓ। ਮੁੰਡਿਆਂ ਤੋਂ ਉਨ੍ਹਾਂ ਦੇ ਪਾਰਟਨਰਾਂ ਬਾਰੇ ਸਵਾਲ ਪੁੱਛੇ ਗਏ ਅਤੇ ਕਿਹਾ ਗਿਆ ਕਿ ਉਹ ਉਨ੍ਹਾਂ ਤੋਂ ਦੂਰੀ ਬਣਾਉਣ। ਰੁਦਰ ਵਿਕਰਮ ਰਾਏ ਤੋਂ ਉਸ ਦੀ ਜੈਂਡਰ ਪਛਾਣ ਨੂੰ ਲੈ ਕੇ ਭੱਦੇ ਸਵਾਲ ਪੁੱਛੇ ਗਏ ਅਤੇ ਉਸ ਦਾ ਮਜ਼ਾਕ ਉਡਾਇਆ ਗਿਆ।

ਸਹਿਜੇ ਹੀ ਸਮਝਿਆ ਜਾ ਸਕਦਾ ਹੈ ਕਿ ਇਹ ਪੁੱਛਗਿੱਛ ਨਹੀਂ ਸੀ, ਇਹ ਭਗਵਾ ਵਿਚਾਰਧਾਰਾ ਤੋਂ ਪ੍ਰੇਰਿਤ ਖੁੱਲ੍ਹੇਆਮ ਦਬਾਅ ਪਾਉਣ ਦੀ ਕਵਾਇਦ ਹੈ ਕਿ ਹਕੂਮਤੀ ਦਹਿਸ਼ਤ ਤੋਂ ਖ਼ੌਫ਼ਜ਼ਦਾ ਹੋ ਕੇ ਚਿੰਤਨਸ਼ੀਲ ਮੁੰਡੇ-ਕੁੜੀਆਂ ਸੁਤੰਤਰ ਸੋਚਣਾ ਤੇ ਸਮਾਜੀ-ਸਰੋਕਾਰਾਂ ਬਾਰੇ ਚਿੰਤਨ ਕਰਨਾ ਬੰਦ ਕਰ ਦੇਣ। ਉਹ ਦੱਬੇ-ਕੁਚਲੇ ਤੇ ਸਟੇਟ ਦੇ ਸਤਾਏ ਹਾਸ਼ੀਆਗ੍ਰਸਤ ਹਿੱਸਿਆਂ ਦੇ ਮੁੱਦੇ ਉਠਾ ਕੇ ਨਿਆਂ ਦੀ ਮੰਗ ਕਰਨ ਤੋਂ ਦੂਰ ਹੋ ਜਾਣ। ਤਫ਼ਤੀਸ਼ ਕਰਨ ਵਾਲਿਆਂ ਦਾ ਵਤੀਰਾ ਔਰਤ-ਮਰਦ ਸੰਬੰਧਾਂ ਬਾਰੇ ਉਨ੍ਹਾਂ ਦੀ ਵਿਕਾਰਗ੍ਰਸਤ, ਜਾਤੀਵਾਦੀ, ਘੱਟਗਿਣਤੀਆਂ, ਵਿਸ਼ੇਸ਼ ਜੈਂਡਰ ਵਿਰੋਧੀ ਬੀਮਾਰ ਜ਼ਿਹਨੀਅਤ ਨੂੰ ਦਿਖਾਉਂਦਾ ਹੈ।

ਸਵਾਲਾਂ ਤੋਂ ਸਮਝਿਆ ਜਾ ਸਕਦਾ ਹੈ ਕਿ ਅਜਿਹੇ ਅਧਿਕਾਰੀਆਂ ਨੂੰ ਜਾਣ-ਬੁੱਝ ਕੇ ਦਹਿਸ਼ਤ ਪਾਉਣ ਲਈ ਬੇਲਗਾਮ ਕੀਤਾ ਜਾਂਦਾ ਹੈ। ਮਜ਼ਦੂਰ ਕਾਰਕੁਨਾਂ, ਵਿਦਿਆਰਥੀ ਕਾਰਕੁਨਾਂ, ਉਜਾੜਾ ਵਿਰੋਧੀ ਕਾਰਕੁਨਾਂ ਅਤੇ ਨਿਆਂ ਦੀ ਮੰਗ ਕਰਨ ਵਾਲੇ ਜ਼ਹੀਨ ਮੁੰਡੇ-ਕੁੜੀਆਂ ਨੂੰ ਗਿਣ-ਮਿੱਥ ਕੇ ਨਿਸ਼ਾਨਾ ਬਣਾਇਆ ਗਿਆ ਹੈ। ਪਰਿਵਾਰ ਨੂੰ ਧਮਕੀਆਂ, ਪੁਲਿਸ ਦੇ ਲਿਖੇ ਕਾਗਜ਼ਾਂ ਉੱਪਰ ਜ਼ਬਰਦਸਤੀ ਦਸਖ਼ਤ ਕਰਾਉਣੇ, ਕਾਨੂੰਨੀ ਪੈਰਵਾਈ ਕਰਨ ਜਾਂ ਕਿਸੇ ਤਰ੍ਹਾਂ ਦੀ ਮਦਦ ਕਰਨ ਤੋਂ ਰੋਕਣਾ ਕੁਝ ਸਿਰਫਿਰੇ ਵਰਦੀਧਾਰੀਆਂ ਦਾ ਆਮਮੁਹਾਰਾ ਕਾਰਾ ਨਹੀਂ ਹੈ, ਇਹ ਸਟੇਟ ਵੱਲੋਂ ਵਿਉਂਤਬੱਧ ਤਰੀਕੇ ਨਾਲ ਪਾਏ ਜਾ ਰਹੇ ਹਕੂਮਤੀ ਖ਼ੌਫ਼ ਅਤੇ ਜਬਰ ਦਾ ਹਿੱਸਾ ਹੈ। ਭਾਰਤੀ ਰਾਜ ਮਨੁੱਖੀ ਅਧਿਕਾਰਾਂ ਬਾਰੇ ਕੌਮਾਂਤਰੀ ਅਹਿਦਨਾਮਿਆਂ ਅਤੇ ਤਸੀਹਿਆਂ ਬਾਰੇ ਯੂ.ਐਨ. ਚਾਰਟਰ ਪ੍ਰਤੀ ਵਚਨਬੱਧਤਾ ਦੇ ਦਾਅਵੇ ਕਰਦਾ ਨਹੀਂ ਥੱਕਦਾ। ਅਮਲ ਪੂਰੀ ਤਰ੍ਹਾਂ ਉਲਟ ਹੈ। 1947 ਦੀ ਸੱਤਾ-ਬਦਲੀ ਦੇ ਸਮੇਂ ਤੋਂ ਹੀ ਭਾਰਤੀ ਰਾਜ ਮਨੁੱਖੀ ਅਤੇ ਜਮਹੂਰੀ ਹੱਕਾਂ ਨੂੰ ਪੁਲਿਸ-ਫ਼ੌਜ, ਜੇਲ੍ਹਾਂ ਅਤੇ ਕਾਲੇ ਕਾਨੂੰਨਾਂ ਦੇ ਜ਼ੋਰ ਕੁਚਲਦਾ ਆ ਰਿਹਾ ਹੈ। ਸਾਢੇ ਸੱਤ ਦਹਾਕਿਆਂ ਵਿਚ ਲਾਕਾਨੂੰਨੀਆਂ ਦੀ ਖੁੱਲ੍ਹੇਆਮ ਰਾਜਕੀ ਪੁਸ਼ਤ-ਪਨਾਹੀ ਧੁਰ ਦੱਖਣੀ ਰਾਜਾਂ ਤੋਂ ਲੈ ਕੇ ਧੁਰ ਉੱਤਰ ਵਿਚ ਜੰਮੂ-ਕਸ਼ਮੀਰ ਤੱਕ ਸਾਫ਼ ਦੇਖੀ ਜਾ ਸਕਦੀ ਹੈ, ਜੋ ਭਾਜਪਾ ਦੇ ਸੱਤਾ ਵਿਚ ਆਉਣ ਨਾਲ ਨੰਗੇ ਫਾਸ਼ੀਵਾਦੀ ਦਹਿਸ਼ਤਵਾਦ ਦਾ ਰੂਪ ਅਖ਼ਤਿਆਰ ਕਰ ਚੁੱਕੀ ਹੈ। ਨਕਸਲਵਾਦ ਨੂੰ ਖ਼ਤਮ ਕਰਨ ਦੇ ਨਾਂ ਹੇਠ ਭਗਵਾ ਹਕੂਮਤ ਦਾ ਨਿਸ਼ਾਨਾ ਸੱਤਾ ਦੀਆਂ ਲੋਕ ਵਿਰੋਧੀ ਨੀਤੀਆਂ ਤੇ ਅਮਲਾਂ ਉੱਪਰ ਉਠਾਉਣ ਵਾਲੀ ਹਰ ਆਵਾਜ਼ ਨੂੰ ਕੁਚਲਣਾ ਅਤੇ ਬੁੱਧੀਮਾਨ ਹਿੱਸਿਆਂ ਦੀ ਵਿਆਪਕ ਪੱਧਰ 'ਤੇ ਜ਼ਬਾਨਬੰਦੀ ਕਰਨਾ ਹੈ। ਜੋ ਜੇ.ਐਨ.ਯੂ. ਦੀ ਵਿਦਿਆਰਥੀ ਜਥੇਬੰਦੀ ਉੱਪਰ ਹਾਲੀਆ ਜਬਰ ਤੋਂ ਐਨ ਸਪਸ਼ਟ ਹੈ।

ਭਿਆਨਕ ਤਸੀਹੇ ਦੇਣ ਵਾਲੇ ਜਲਾਦ ਅਧਿਕਾਰੀਆਂ ਅਤੇ ਝੂਠੇ ਮੁਕਾਬਲਿਆਂ ਦੇ ਮਾਹਰਾਂ ਨੂੰ ਪੁਲਿਸ-ਫ਼ੌਜ ਦਾ ਮਨੋਬਲ ਬਣਾਈ ਰੱਖਣ ਦੇ ਬਹਾਨੇ ਵਿਸ਼ੇਸ਼ ਜਾਬਰ ਕਾਨੂੰਨਾਂ ਦੇ ਤਹਿਤ ਕਾਨੂੰਨੀ ਕਾਰਵਾਈ ਤੋਂ ਮੁਕੰਮਲ ਛੋਟ ਹੈ। ਇਸ ਤੋਂ ਵੀ ਅੱਗੇ ਜਾ ਕੇ ਸਰਕਾਰਾਂ ਵੱਲੋਂ ਬਹਾਦਰੀ ਦੇ ਵਿਸ਼ੇਸ਼ ਪੁਰਸਕਾਰਾਂ ਨਾਲ ਸਨਮਾਨਿਤ ਕਰਨ ਦੇ ਘਿਣਾਉਣਾ ਦਸਤੂਰ ਦੀਆਂ ਅਨੇਕਾਂ ਮਿਸਾਲਾਂ ਹਨ। ਪੁਲਿਸ ਹਿਰਾਸਤ ਵਿਚ ਆਦਿਵਾਸੀ ਕਾਰਕੁਨ ਸੋਨੀ ਸੋਰੀ ਦੇ ਗੁਪਤ ਅੰਗਾਂ ਵਿਚ ਪੱਥਰ ਤੁੰਨਣ ਵਾਲੇ ਪੁਲਿਸ ਅਧਿਕਾਰੀ (ਦੰਤੇਵਾੜਾ ਦੇ ਐਸ.ਪੀ. ਅੰਕਿਤ ਗਰਗ) ਨੂੰ ਰਾਸ਼ਟਰਪਤੀ ਵੱਲੋਂ ਬਹਾਦਰੀ ਪੁਰਸਕਾਰ ਦੇਣ, ਹੋਰ ਬਹੁਤ ਸਾਰਿਆਂ ਨੂੰ ਵਿਸ਼ੇਸ਼ ਤਰੱਕੀਆਂ ਦੇਣ ਅਤੇ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੂੰ ਘੱਟਗਿਣਤੀ ਮੁਸਲਮਾਨਾਂ, ਕਸ਼ਮੀਰੀਆਂ, ਦਲਿਤਾਂ, ਔਰਤਾਂ ਤੇ ਹੋਰ ਕਾਰਕੁਨਾਂ ਨਾਲ ਮਨਮਾਨੀਆਂ ਕਰਨ ਲਈ ਉਤਸ਼ਾਹਤ ਕਰਨ ਬਾਰੇ ਸਭ ਨੂੰ ਪਤਾ ਹੈ।

ਅਜਿਹਾ ਕਰਨ-ਕਰਾਉਣ ਵਾਲੇ ਭਾਰਤੀ ਹਾਕਮਾਂ, ਚਾਹੇ ਉਹ ਕਿਸੇ ਵੀ ਪਾਰਟੀ ਦੇ ਹੋਣ, ਦੀ ਜਵਾਬਦੇਹੀ ਲਈ ਮਨੁੱਖੀ ਤੇ ਜਮਹੂਰੀ ਹੱਕਾਂ ਬਾਰੇ ਚੇਤਨ, ਵਿਆਪਕ ਜਨਤਕ-ਜਮਹੂਰੀ ਲਹਿਰ ਜ਼ਰੂਰੀ ਹੈ। ਜੁਲਾਈ 2025 ਦੇ ਤਸੀਹਿਆਂ ਸਮੇਂ ਇਹ ਨੌਜਵਾਨ ਮੁੰਡੇ-ਕੁੜੀਆਂ ਚੁੱਪ ਕਰ ਗਏ ਸਨ, ਇਸ ਵਾਰ ਉਨ੍ਹਾਂ ਨੇ ਬਹੁਤ ਹੌਸਲੇ ਨਾਲ ਤਸੀਹਿਆਂ ਦੇ ਵੇਰਵੇ ਜਨਤਕ ਕਰਕੇ ਲੋਕਤੰਤਰ ਦੇ ਮਖੌਟੇ ਹੇਠ ਲੁਕੀ ਭਾਰਤੀ ਸਟੇਟ ਦੀ ਕਰੂਰ ਖ਼ਸਲਤ ਨੂੰ ਬਖ਼ੂਬੀ ਨੰਗਾ ਕੀਤਾ ਹੈ। ਸਮੂਹ ਜਮਹੂਰੀ, ਨਿਆਂਪਸੰਦ ਤਾਕਤਾਂ ਨੂੰ ਇਸ ਦਲੇਰ ਆਵਾਜ਼ ਨੂੰ ਵੱਡੇ ਜਨਤਕ ਅੰਦੋਲਨ 'ਚ ਬਦਲਣਾ ਚਾਹੀਦਾ ਹੈ। ਜਨਤਕ ਦਬਾਅ ਰਾਹੀਂ ਸਟੇਟ ਅਤੇ ਸਰਕਾਰਾਂ ਨੂੰ ਜਵਾਬਦੇਹ ਬਣਾਉਣਾ ਹੀ ਤਸੀਹਿਆਂ ਅਤੇ ਹਕੂਮਤੀ ਦਹਿਸ਼ਤਵਾਦ ਦੇ ਹੋਰ ਰੂਪਾਂ ਨੂੰ ਠੱਲ ਪਾਉਣ ਦੀ ਮੁੱਢਲੀ ਸ਼ਰਤ ਹੈ।

*(ਪਿਛਲੇ ਸਫੇ ਦਾ ਬਾਕੀ)*

ਜਿਉਂ ਜਿਉਂ ਕਿਸੇ ਇਲਾਕੇ ਦਾ ਸਭਿਆਚਾਰ ਵਿਕਸਤ ਹੁੰਦਾ ਜਾਂਦਾ ਹੈ, ਤਿਉਂ-ਤਿਉਂ ਉਸ ਇਲਾਕੇ ਵਿਚ ਭੂਗੋਲ ਦਾ ਮਹੱਤਵ ਘਟਦਾ ਜਾਂਦਾ ਹੈ। ਸਮਾਜ-ਸਭਿਆਚਾਰਕ ਅਤੇ ਆਰਥਕ-ਰਾਜਨੀਤਕ ਪ੍ਰਕਿਰਿਆਵਾਂ ਦਾ ਰੋਲ ਵਧਦਾ ਜਾਂਦਾ ਹੈ। ਇਸ ਲਈ ਇਹੋ ਕਹਿਣਾ ਵਧੇਰੇ ਉਚਿਤ ਹੋਵੇਗਾ ਕਿ ਪੰਜਾਬ ਕਿਸੇ ਨਿਸ਼ਚਿਤ ਭੂਗੋਲਿਕ ਚੌਖਟੇ ਦਾ ਨਾਮ ਨਹੀਂ, ਸਗੋਂ ਸਮਾਜਕ, ਸਭਿਆਚਾਰਕ, ਆਰਥਕ, ਰਾਜਨੀਤਕ ਅਤੇ ਭੂਗੋਲਿਕ ਰਿਸ਼ਤਿਆਂ ਦੇ ਅਸਥਿਰ, ਅਸਥਾਈ, ਅਨਿਸ਼ਚਿਤ ਅਤੇ ਗਤੀਸ਼ੀਲ ਨੈਟਵਰਕ ਦਾ ਨਾਮ ਹੈ।

**ਵਿਸਤਾਰ:** ਪੰਜਾਬ ਦੀ ਕਹਾਣੀ ਮਨੁਖੀ ਸਭਿਅਤਾ ਦੀਆਂ ਸਭ ਤੋਂ ਪੁਰਾਣੀਆਂ ਕਹਾਣੀਆਂ ਵਿਚੋਂ ਇਕ ਹੈ। ਇਹ ਕਹਾਣੀ ਅੱਜ ਤੋਂ 8500 ਸਾਲ ਪਹਿਲਾਂ ਸਿੰਧ ਦਰਿਆ ਦੇ ਪੱਛਮ ਵੱਲ ਮਿਹਰਗੜ੍ਹ ਨਾਮ ਦੇ ਪਿੰਡ ਤੋਂ ਸ਼ੁਰੂ ਹੁੰਦੀ ਹੈ। ਮਿਹਰਗੜ੍ਹ ਉਨ੍ਹਾਂ ਚਾਰ-ਪੰਜ ਸਥਾਨਾਂ ਵਿਚੋਂ ਇਕ ਹੈ ਜਿਥੋਂ ਉੱਤਰ-ਪੱਥਰ ਕਾਲ ਦੀ ਸਭਿਅਤਾ ਦਾ ਆਰੰਭ ਹੁੰਦਾ ਹੈ। ਮਨੁਖ ਖੇਤੀ ਕਰਨੀ, ਪਸ਼ੂ ਪਾਲਣੇ ਅਤੇ ਮਿੱਟੀ ਦੇ ਬਰਤਨ ਬਣਾਉਣੇ ਸਿਖਦਾ ਹੈ।

ਇਕ ਅਰਸੇ ਬਾਅਦ, ਪ੍ਰਾਚੀਨ ਕਾਲ ਵਿਚ ਹੀ ਇਹ ਸਭਿਅਤਾ ਪੱਛਮ ਅਤੇ ਦੱਖਣ ਵੱਲ ਸਿੰਧ ਦਰਿਆ ਅਤੇ ਇਸ ਦੀਆਂ ਸਹਾਇਕ ਨਦੀਆਂ ਵਿਚ ਫੈਲ ਗਈ। ਰਿਗ ਵੇਦ ਦੇ ਜ਼ਮਾਨੇ ਵਿਚ ਇਸਨੂੰ ਸਪਤ ਸਿੰਧੂ ਭਾਵ ਸਿੰਧ ਦੇ ਸੱਤ ਦਰਿਆਵਾਂ ਦੀ ਧਰਤੀ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਸਿੰਧ, ਜੇਹਲਮ, ਝਨਾਂ, ਰਾਵੀ, ਸਤਲੁਜ, ਬਿਆਸ ਅਤੇ ਸਰਸਵਤੀ ਦਰਿਆਵਾਂ ਦੁਆਰਾ ਸਿੰਜੇ ਜਾਣ ਵਾਲੇ ਇਲਾਕੇ ਇਸ ਵਿਚ ਸ਼ਾਮਲ ਸਨ। ਏਥੇ ਹੀ ਸਿੰਧ ਘਾਟੀ ਦੀ ਸਭਿਅਤਾ ਦਾ ਪਹੁਫੁਟਾਲਾ ਹੋਇਆ। ਏਥੇ ਹੀ ਰਿਗ ਵੇਦ ਦੀ ਰਚਨਾ ਹੋਈ। ਮਹਾਂਭਾਰਤ ਦੇ ਜ਼ਮਾਨੇ ਵਿਚ ਸਤਦਰੂ (ਸਤਲੁਜ), ਵਿਪਾਸਾ (ਬਿਆਸ), ਅਇਰਾਵਤੀ (ਰਾਵੀ), ਚੰਦਰ ਭਾਗ (ਝਨਾਂ) ਅਤੇ ਵਿਤਸਤਾ (ਜਿਹਲਮ) ਦੁਆਰਾ ਸਿੰਧੂ (ਸਿੰਧ) ਸਮੇਤ ਸਿੰਜੀ ਜਾਣ ਵਾਲੀ ਧਰਤੀ ਨੂੰ 'ਪੰਚ-ਨਦ' ਦਾ ਨਾਮ ਦਿੱਤਾ ਗਿਆ। ਬਹੁਤ ਸਾਰੇ ਲੋਕਾਂ ਦਾ ਵਿਚਾਰ ਹੈ ਕਿ ਉਸ ਸਮੇਂ ਤੱਕ ਸਰਸਵਤੀ ਸੁੱਕ ਚੁੱਕੀ ਸੀ। ਸਤਲੁਜ-ਬਿਆਸ ਦੇ ਮਿਲਾਪ ਤੋਂ ਬਾਅਦ ਵਾਲਾ ਇਲਾਕਾ ਸ਼ਾਮਲ ਹੋਣ ਕਾਰਨ ਇਸ ਨੂੰ ਪੰਚ-ਨਦ ਆਖਿਆ ਗਿਆ। ਇਸ ਤਰ੍ਹਾਂ ਪੰਚ-ਨਦ ਵਿਚ ਸਿੰਧ ਸਾਗਰ ਦੋਆਬ, ਛੱਜ ਦੋਆਬ, ਬਾਰੀ ਦੋਆਬ ਅਤੇ ਮਾਲਵਾ ਭਾਵ ਪੰਜ ਦੋਆਬੇ ਸ਼ਾਮਲ ਸਨ। ਇਸੇ ਕਰਕੇ ਕਈ ਲੋਕ ਪੰਜਾਬ ਨੂੰ ਪੰਜ ਦਰਿਆਵਾਂ ਦੀ ਧਰਤੀ ਆਖਦੇ ਹਨ ਅਤੇ ਕਈ ਹੋਰ ਪੰਜ ਦੋਆਬਿਆਂ ਦੀ।

ਈਸਾ ਪੂਰਵ ਚੌਥੀ ਸਦੀ ਵਿਚ ਪੰਜਾਬ ਦੇ ਮਹਾਂ ਵਿਦਵਾਨ ਪਾਨਿਨੀ ਦੇ ਗ੍ਰੰਥ ਵਿਚ ਪੰਜਾਬ ਨੂੰ ਵਾਹੀਕ ਕਿਹਾ ਗਿਆ ਹੈ। ਸੱਤਵੀਂ ਸਦੀ ਵਿਚ ਹਿਊਨਸਾਂਗ ਨੇ ਸਿੰਧ ਦਰਿਆ ਤੋਂ ਲੈ ਕੇ ਬਿਆਸ ਦਰਿਆ ਤੱਕ ਅਤੇ ਪਹਾੜਾਂ ਦੇ ਪੈਰਾਂ ਤੋਂ ਲੈ ਕੇ ਮੁਲਤਾਨ ਦੇ ਹੇਠਾਂ ਪੰਜਾਂ ਦਰਿਆਵਾਂ ਦੇ ਸੰਗਮ ਤੱਕ ਦੇ ਸਾਰੇ ਇਲਾਕੇ ਨੂੰ ਟੱਕ ਆਖਿਆ ਹੈ।

ਪਰਾਚੀਨ ਕਾਲ ਤੋਂ ਲੈ ਕੇ ਅਠਾਰਵੀਂ ਸਦੀ ਤੱਕ ਇਨ੍ਹਾਂ ਦਰਿਆਵਾਂ ਦਾ ਜੁਗਰਾਫੀਆ ਲਗਾਤਾਰ ਤਬਦੀਲ ਹੁੰਦਾ ਰਿਹਾ ਹੈ। ਦਰਿਆਵਾਂ ਦੇ ਵਹਿਣ ਵਿਚ ਤਬਦੀਲੀ ਕਾਰਨ ਸ਼ਹਿਰ ਵੀ ਉਜੜਦੇ ਅਤੇ ਵਸਦੇ ਰਹੇ। ਮੁਗ਼ਲ ਕਾਲ ਵਿਚ ਪੰਜਾਬ ਨੂੰ ਇਸਦੀ ਰਾਜਧਾਨੀ ਲਹੌਰ ਦੇ ਨਾਮ 'ਤੇ 'ਸੂਬਾ ਲਹੌਰ' ਵਜੋਂ ਹੀ ਜਾਣਿਆ ਜਾਂਦਾ ਸੀ। ਮੁਗ਼ਲ ਕਾਲ ਦੌਰਾਨ ਹੀ ਇਸ ਨੂੰ ਪੰਜਾਬ ਵੀ ਕਿਹਾ ਜਾਣ ਲੱਗ ਪਿਆ ਸੀ। ਅਕਬਰਨਾਮਾ ਵਿਚ ਪੰਜਾਬ ਦਾ ਕਈ ਵਾਰ ਜ਼ਿਕਰ ਆਉਂਦਾ ਹੈ। ਪਰ ਤੁਰਕ-ਇ-ਬਾਬਰੀ ਵਿਚ ਪੰਜਾਬ ਦਾ ਨਾਮ ਕਿਧਰੇ ਵੀ ਨਹੀਂ ਆਉਂਦਾ। ਇਸ ਲਈ ਹੋ ਸਕਦਾ ਹੈ ਕਿ ਪੰਜਾਬ ਨਾਮ ਅਕਬਰ ਦੇ ਜ਼ਮਾਨੇ ਵਿਚ ਹੀ ਪ੍ਰਚੱਲਤ ਹੋਇਆ ਹੋਵੇ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਇਕ ਪਾਸੇ ਤਾਂ ਲਹੌਲ ਸਪਿਤੀ, ਕਸ਼ਮੀਰ ਅਤੇ ਪਿਸ਼ਾਵਰ ਪੰਜਾਬ ਵਿਚ ਸ਼ਾਮਲ ਸਨ, ਪਰ ਦੂਸਰੇ ਪਾਸੇ ਪੂਰਬ ਵਿਚ ਇਸਦੀ ਸਰਹੱਦ ਸਤਲੁਜ ਦਰਿਆ ਤੱਕ ਹੀ ਸੀਮਤ ਸੀ। ਸਿੱਖ ਰਾਜ ਦੇ ਅੰਤ ਨਾਲ 1849 ਵਿਚ ਪੰਜਾਬ ਅੰਗਰੇਜ਼ੀ ਰਾਜ ਦਾ ਇਕ ਸੂਬਾ ਬਣ ਗਿਆ। ਕਸ਼ਮੀਰ ਨੂੰ ਇਸ ਤੋਂ ਅਲਹਿਦਾ ਕਰ ਦਿੱਤਾ ਗਿਆ। ਫੇਰ 1857 ਦੇ ਗਦਰ ਉਪ੍ਰੰਤ ਦਿੱਲੀ ਅਤੇ ਇਸਦੇ ਲਾਗਲੇ ਇਲਾਕੇ ਪੰਜਾਬ ਵਿਚ ਸ਼ਾਮਲ ਕਰ ਦਿੱਤੇ ਗਏ। ਉਸ ਸਮੇਂ ਪੰਜਾਬ 12 ਲੱਖ ਵਰਗ ਕਿਲੋਮੀਟਰ ਵਿਚ ਫੈਲਿਆ ਹੋਇਆ ਸੀ। ਅੱਜ ਨਾਲੋਂ 24 ਗੁਣਾ ਵੱਡਾ।

**ਤਕਸੀਮ:** 1901 ਵਿਚ ਪਿਸ਼ਾਵਰ ਅਤੇ ਇਸਦੇ ਨਾਲ ਲਗਦੇ ਇਲਾਕਿਆਂ ਨੂੰ ਉਤਰ-ਪੱਛਮੀ ਫਰੰਟੀਅਰ ਪਰੋਵਿੰਸ ਵਿਚ ਸੰਗਠਿਤ ਕਰਕੇ ਪਿਸ਼ਾਵਰ ਨੂੰ ਇਸਦੀ ਰਾਜਧਾਨੀ ਬਣਾ ਦਿੱਤਾ ਗਿਆ। ਦਿੱਲੀ ਅਤੇ ਇਸਦੇ ਲਾਗਲੇ ਇਲਾਕਿਆਂ ਨੂੰ 1911 ਵਿਚ ਪੰਜਾਬ ਤੋਂ ਅਲੱਗ ਕਰ ਦਿੱਤਾ ਗਿਆ। ਅੰਗਰੇਜ਼ੀ ਰਾਜ ਦੇ ਖ਼ਾਤਮੇ ਤੇ 1947 ਵਿਚ ਪੰਜਾਬ ਦੋ ਹਿੱਸਿਆਂ ਵਿਚ ਵੰਡਿਆ ਗਿਆ। ਅਣਵੰਡੇ ਪੰਜਾਬ ਦੇ 29 ਜ਼ਿਲ੍ਹਿਆਂ ਵਿਚੋਂ 16 ਪਾਕਿਸਤਾਨ ਵਿਚ ਚਲੇ ਗਏ ਅਤੇ 13 ਭਾਰਤ ਵਿਚ ਰਹਿ ਗਏ। ਪੰਜਾਬ ਦਾ 66 ਪ੍ਰਤੀਸ਼ਤ ਰਕਬਾ ਪੱਛਮੀ ਪੰਜਾਬ ਭਾਵ ਪਾਕਿਸਤਾਨ ਵਿਚ ਚਲਾ ਗਿਆ। ਪਟਿਆਲਾ, ਨਾਭਾ, ਕਪੂਰਥਲਾ, ਜੀਂਦ, ਫਰੀਦਕੋਟ, ਨਾਲਾਗੜ੍ਹ ਅਤੇ ਕਲਸੀਆ ਦੀਆਂ ਰਿਆਸਤਾਂ ਨੂੰ ਮਿਲਾ ਕੇ 1948 ਵਿਚ ਪੈਪਸੂ ਬਣਾ ਦਿੱਤਾ ਗਿਆ। ਨਵੰਬਰ 1956 ਵਿਚ ਪੈਪਸੂ ਭਾਰਤੀ ਪੰਜਾਬ ਵਿਚ ਸ਼ਾਮਲ ਹੋ ਗਿਆ। ਪਹਿਲੀ ਨਵੰਬਰ 1966 ਨੂੰ ਪੰਜਾਬ ਦੇ ਪਹਾੜੀ ਇਲਾਕੇ ਹਿਮਾਚਲ ਪ੍ਰਦੇਸ਼ ਵਿਚ ਸ਼ਾਮਲ ਕਰਕੇ ਅਤੇ ਦੱਖਣੀ ਜ਼ਿਲ੍ਹਿਆਂ ਦਾ ਇਕ ਵੱਖਰਾ ਰਾਜ ਹਰਿਆਣਾ ਸਥਾਪਤ ਕਰਕੇ ਪੰਜਾਬ ਨੂੰ ਪੰਜਾਬੀ ਬੋਲੀ ਵਾਲਾ ਇਕ ਭਾਸ਼ੀ ਸੂਬਾ ਬਣਾ ਦਿੱਤਾ ਗਿਆ। ਇਸ ਤਰ੍ਹਾਂ ਭਾਰਤੀ ਪੰਜਾਬ 12 ਲੱਖ ਵਰਗ ਕਿਲੋਮੀਟਰ ਤੋਂ ਸੁੰਗੜ ਕੇ 50,362 ਵਰਗ ਕਿਲੋਮੀਟਰ ਰਹਿ ਗਿਆ।

ਪੰਜਾਬ ਦੇ 1947 ਦੇ ਬਟਵਾਰੇ/ਪਰਵਾਸ ਨੂੰ ਸਮਝਣ ਲਈ ਪੂਰਬੀ ਪੰਜਾਬ ਦੇ 1966 ਦੇ ਬਟਵਾਰੇ ਅਤੇ '84 ਦੇ ਘੱਲੂਘਾਰੇ ਨੂੰ ਧਿਆਨ ਵਿਚ ਰੱਖਣਾ ਪਵੇਗਾ ਕਿਉਂਕਿ ਇਨ੍ਹਾਂ ਤਿੰਨਾ ਅੰਦਰ ਇੱਕ ਸਾਂਝਾ ਡਿਜ਼ਾਈਨ ਕੰਮ ਕਰ ਰਿਹਾ ਹੈ। ਇਹ ਡਿਜ਼ਾਈਨ ਸਾਨੂੰ ਇਸ ਸੁਆਲ ਦੇ ਸਨਮੁਖ ਲਿਆ ਖੜ੍ਹਾ ਕਰਦਾ ਹੈ ਕਿ 1947 ਵਿਚ ਪੰਜਾਬ ਦਾ ਬਟਵਾਰਾ/ਪਰਵਾਸ ਕਿਉਂ ਅਤੇ ਕਿਵੇਂ ਹੋਇਆ? ਸਾਡੀ ਇਹੋ ਸੋਚ ਬਣੀ ਹੋਈ ਹੈ ਕਿ ਆਲ ਇੰਡੀਆ ਮੁਸਲਿਮ ਲੀਗ ਆਪਣੀ ਪਾਕਿਸਤਾਨ ਦੀ ਮੰਗ 'ਤੇ ਅੜੀ ਹੋਈ ਸੀ, ਇਸ ਲਈ ਪੰਜਾਬ ਦਾ ਬਟਵਾਰਾ ਹੋ ਗਿਆ। ਡਾ. ਫੌਜਾ ਸਿੰਘ ਦੇ ਕਥਨ ਮੁਤਾਬਕ ਇਹ ਹਿੰਦੁਸਤਾਨ ਦੀ ਤਕਸੀਮ ਦਾ ਤਰਕ ਤਾਂ ਹੋ ਸਕਦਾ ਹੈ, ਪਰ ਪੰਜਾਬ ਦੀ ਤਕਸੀਮ ਦਾ ਬਿਲਕੁਲ ਨਹੀਂ। ਉਹ ਆਰੀਆ ਸਮਾਜ ਅਤੇ ਸਿੰਘ ਸਭਾ ਵਰਗੀਆਂ ਫਿਰਕੂ ਲਹਿਰਾਂ ਦੁਆਰਾ ਪੈਦਾ ਕੀਤੇ ਗਏ, ਪੰਜਾਬ ਦੇ ਮੁਸਲਮਾਨਾਂ, ਹਿੰਦੂਆਂ ਅਤੇ ਸਿੱਖਾਂ ਦੇ ਰਾਜਸੀ ਟਕਰਾਅ ਨੂੰ ਹੀ ਪੰਜਾਬ ਦੀ ਤਕਸੀਮ ਦਾ ਮੂਲ ਆਧਾਰ ਮੰਨਦੇ ਹਨ। ਪਰ ਇਹ ਰਾਜਸੀ ਹਿੱਤ ਜਾਗੇ ਕਿਵੇਂ?

ਪੰਜਾਬ ਦੀ ਸਿਆਸੀ ਨਿਰਮਾਣਕਾਰੀ ਦੇ ਬਿਰਤਾਂਤ ਨੂੰ ਸਮਝਣ ਲਈ ਜਿਨ੍ਹਾਂ ਦੋ ਗੱਲਾਂ ਵੱਲ ਧਿਆਨ ਦੇਣ ਦੀ ਲੋੜ ਹੈ, ਉਹ ਹਨ ਉਨੀਵੀਂ ਸਦੀ ਦੇ ਅੰਤਲੇ ਅਤੇ ਵੀਹਵੀਂ ਸਦੀ ਦੇ ਪਹਿਲੇ ਦਹਾਕਿਆਂ ਵਿਚ ਉਠੀਆਂ ਆਰੀਆ ਸਮਾਜ ਅਤੇ ਸਿੰਘ ਸਭਾ ਵਰਗੀਆਂ ਪੁਨਰ-ਜਾਗ੍ਰਿਤੀ ਦੀਆਂ ਫਿਰਕੂ ਲਹਿਰਾਂ ਅਤੇ ਜਮਹੂਰੀ ਚੇਤਨਾ ਦਾ ਉਦਭਵ। ਇਸ ਤੋਂ ਵੀ ਵੱਧ ਜ਼ਰੂਰੀ ਹੈ, ਇਨ੍ਹਾਂ ਦੇ ਆਪਸੀ ਰਿਸ਼ਤੇ ਨੂੰ ਇਨਵੈਸਟੀਗੇਟ ਕਰਨਾ।

ਸਲਾਵੋਕ ਜ਼ੀਜ਼ੇਕ ਸੱਚ ਆਖਦੇ ਹਨ ਕਿ ਫਿਰਕੂ ਚੇਤਨਾ ਅਤੇ ਜਮਹੂਰੀ ਚੇਤਨਾ ਨੂੰ ਅਲੱਗ-ਅਲੱਗ ਕਰਕੇ ਦੇਖਿਆ ਹੀ ਨਹੀਂ ਜਾ ਸਕਦਾ। ਵਿਚਾਰਧਾਰਕ ਯੁੱਧ ਅੰਦਰ ਵਿਰੋਧੀ ਸ਼ਕਤੀਆਂ ਦੇ ਰੂਪ ਵਿਚ ਦਿਖਾਈ ਦੇਣ ਵਾਲੀਆਂ ਇਹ ਧਿਰਾਂ ਹਕੀਕਤ ਵਿਚ ਇੱਕੋ ਆਧੁਨਿਕਤਾਵਾਦੀ ਜਮਹੂਰੀ ਲਹਿਰ ਦਾ ਭਾਗ ਸਨ। ਜ਼ੀਜ਼ੇਕ ਦੇ ਸ਼ਬਦਾਂ ਵਿਚ ਕੌਮੀ ਨਿਰਮਾਣ ਜਮਹੂਰੀਅਤ ਦੀ ਪਹਿਲੀ ਸ਼ਰਤ ਹੈ ਤੇ ਕੌਮਾਂ ਨੂੰ ਹੁਣ, ਐਂਡਰਸਨ (1983) ਦੀ ਧਾਰਨਾ ਮੁਤਾਬਕ, ਕਲਪਿਤ ਭਾਈਚਾਰੇ (ਇਮੈਜਿਨਡ ਕਮਿਊਨਿਟੀ) ਦੇ ਰੂਪ ਵਿਚ ਹੀ ਦੇਖਿਆ ਜਾਂਦਾ ਹੈ।

ਇਸ ਤਰ੍ਹਾਂ, ਜ਼ੀਜ਼ੇਕ ਨੂੰ ਪੜ੍ਹਦਿਆਂ, ਇਹ ਗੱਲ ਸੌਖਿਆਂ ਹੀ ਸਮਝ ਆ ਜਾਂਦੀ ਹੈ ਕਿ ਮੁਸਲਮਾਨਾਂ, ਹਿੰਦੂਆਂ ਅਤੇ ਸਿੱਖਾਂ ਨੇ ਆਪਣੇ ਆਪ ਨੂੰ ਤਿੰਨ ਕੌਮਾਂ ਦੇ ਰੂਪ ਵਿਚ ਕਲਪਿਤ ਕਰਕੇ, ਆਪਣੇ ਲਈ ਸਾਵਰਨ ਸਟੇਟ (ਨੇਸ਼ਨ ਸਟੇਟ) ਦੀ ਸਥਾਪਨਾ ਹਿਤ ਕਿਵੇਂ ਸੰਘਰਸ਼ ਕੀਤਾ ਹੋਵੇਗਾ। ਦੋ ਕੌਮਾਂ ਦੇ ਸਿਧਾਂਤ 'ਤੇ ਮੁਸਲਮਾਨਾਂ ਅਤੇ ਹਿੰਦੂਆਂ-ਸਿੱਖਾਂ ਲਈ ਪਾਕਿਸਤਾਨ ਅਤੇ ਹਿੰਦੁਸਤਾਨ ਦੇ ਰੂਪ ਵਿਚ ਦੋ ਕੌਮੀ ਰਾਜਾਂ ਦੀ ਸਥਾਪਨਾ ਇਸੇ ਸੰਘਰਸ਼ ਦਾ ਨਤੀਜਾ ਸੀ। ਹਿੰਦੂ ਬਹੁ-ਗਿਣਤੀ ਵਾਲੇ ਭਾਰਤ ਵਿਚ ਹਿੰਦੂਆਂ ਨੂੰ ਵੱਖਰੀ ਸਟੇਟ ਮੰਗਣ ਦੀ ਲੋੜ ਨਹੀਂ ਸੀ, ਇਸ ਲਈ ਵੱਖਰੀ ਸਟੇਟ ਦੀ ਮੰਗ ਮੁਸਲਮਾਨਾਂ ਵੱਲੋਂ ਆਈ।

ਜਦੋਂ ਸਿੱਖਾਂ ਨੂੰ ਸਮਝ ਪਈ ਕਿ ਉਹ ਤਾਂ ਕਿਧਰੇ ਵੀ ਬਹੁ-ਗਿਣਤੀ ਵਿਚ ਨਹੀਂ ਹਨ, ਤਾਂ ਉਨ੍ਹਾਂ ਨੇ ਪੰਜਾਬ ਦੇ ਬਟਵਾਰੇ ਅਤੇ ਜਨਸੰਖਿਆ ਦੇ ਤਬਾਦਲੇ ਰਾਹੀਂ ਪੂਰਬੀ ਪੰਜਾਬ ਵਿਚ ਸਿੱਖ ਬਹੁਗਿਣਤੀ ਵਾਲੇ ਇਕ ਅਜਿਹੇ ਖ਼ਿੱਤੇ ਦੀ ਕਲਪਨਾ ਕਰਨੀ ਸ਼ੁਰੂ ਕਰ ਦਿੱਤੀ, ਜਿਥੇ ਉਹ ਆਪਣੇ ਲਈ ਇੱਕ ਸਾਵਰਨ ਸਟੇਟ ਦਾ ਨਿਰਮਾਣ ਕਰ ਸਕਦੇ ਸਨ। ਸਿੱਖ ਭਾਈਚਾਰੇ ਦੀ ਇਸ ਕਲਪਨਾ ਵਿਚੋਂ ਕੇਵਲ '47 ਦਾ ਬਟਵਾਰਾ/ਪਰਵਾਸ ਹੀ ਨਹੀਂ ਹੋਇਆ। ਸੰਨ 1966 ਵਿਚ ਹਰਿਆਣੇ ਅਤੇ ਹਿਮਾਚਲ ਨੂੰ ਪੰਜਾਬ ਤੋਂ ਅਲੱਗ ਕਰਨ ਪਿੱਛੇ ਵੀ ਇਹੋ ਭਾਵਨਾ ਕੰਮ ਕਰ ਰਹੀ ਸੀ। '84 ਦੀਆਂ ਘਟਨਾਵਾਂ ਨੂੰ ਵੀ ਇਸੇ ਪਰਿਪੇਖ ਵਿਚ ਰੱਖ ਕੇ ਸਮਝਣ ਦੀ ਲੋੜ ਹੈ।

ਜਿਵੇਂ ਪੰਜਾਬ ਵਿਚੋਂ ਦੂਸਰੇ ਸੂਬਿਆਂ ਜਾਂ ਮੁਲਕਾਂ ਵਿਚ ਪਰਵਾਸ ਕਰਕੇ ਗਏ ਪੰਜਾਬੀਆਂ ਨੇ ਉਨ੍ਹਾਂ ਸੂਬਿਆਂ/ਮੁਲਕਾਂ ਦੇ ਭਾਈਚਾਰਿਆਂ ਨੂੰ ਬਹੁ-ਸਭਿਆਚਾਰਕ ਭਾਈਚਾਰਿਆਂ ਵਿਚ ਰੂਪਾਂਤ੍ਰਿਤ ਕਰਨ ਵਿਚ ਵਿਸ਼ੇਸ਼ ਭੂਮਿਕਾ ਨਿਭਾਈ ਹੈ, ਉਵੇਂ ਪੰਜਾਬ ਦੇ ਭਾਈਚਾਰੇ ਵੀ ਹੁਣ ਸ਼ੁਧ ਜਾਂ ਨਿਰੋਲ ਪੰਜਾਬੀ ਭਾਈਚਾਰੇ ਨਹੀਂ ਰਹੇ। ਯੂਪੀ, ਰਾਜਸਥਾਨ, ਬਿਹਾਰ, ਆਦਿ ਤੋਂ ਆਉਣ ਵਾਲੇ ਪਰਵਾਸੀ ਮਜ਼ਦੂਰਾਂ/ਕਾਮਿਆਂ/ਵਿਉਪਾਰੀਆਂ/ਅਫਸਰਾਂ ਨੇ ਪੰਜਾਬੀ ਭਾਈਚਾਰੇ ਨੂੰ ਬਹੁ-ਸਭਿਆਚਾਰਕ ਭਾਈਚਾਰੇ ਵਿਚ ਰੂਪਾਂਤ੍ਰਿਤ ਕਰ ਦਿੱਤਾ ਹੈ।

# ਡਿਜੀਟਲ ਸ਼ੋਰ ਦੇ ਦੌਰ ਵਿਚ ਗਿਆਨ ਦੀ ਗੰਭੀਰਤਾ, ਕਿਤਾਬਾਂ ਵੱਲ ਵਾਪਸੀ ਦੀ ਲੋੜ


ਨੁਕਤਾ -ਏ- ਨਜ਼ਰ



ਗੁਰਪ੍ਰੀਤ ਸਿੰਘ ਬਿਲਿੰਗ
ਫੋਨ 75086-98066
gurpreetnews@gmail.com


ਮੇਰੇ ਕੋਲ ਅਕਸਰ ਇਹ ਸਵਾਲ ਆਉਂਦਾ ਹੈ ਕਿ ਕਿਹੜੀ ਕਿਤਾਬ ਪੜ੍ਹੀ ਜਾਵੇ? ਕਿਹੜੀਆਂ ਕਿਤਾਬਾਂ ਵਧੀਆ ਹਨ? ਅਸੀਂ ਖਰੀਦਦਾਰੀ ਦੇ ਘੱਟ ਅਤੇ ਤੇਜ਼ ਵਕਤ ਦੌਰਾਨ ਵਧੀਆ ਕਿਤਾਬ ਕਿਵੇਂ ਪਹਿਚਾਣ ਸਕਦੇ ਹਾਂ? ਇਹ ਸਿਰਫ਼ ਇੱਕ ਪਾਠਕ ਦਾ ਨਹੀਂ, ਸਗੋਂ ਅੱਜ ਦੇ ਪੂਰੇ ਸਮਾਜ ਦਾ ਸਵਾਲ ਬਣ ਚੁੱਕਾ ਹੈ। ਅਸੀਂ ਉਸ ਯੁੱਗ ਵਿਚ ਜੀ ਰਹੇ ਹਾਂ, ਜਿੱਥੇ ਚੋਣਾਂ ਬਹੁਤ ਹਨ, ਪਰ ਸਮਝ ਘੱਟ ਹੋ ਰਹੀ ਹੈ। ਜਿੱਥੇ ਕਿਤਾਬਾਂ ਦੀ ਕਮੀ ਨਹੀਂ, ਪਰ ਪੜ੍ਹਨ ਦੀ ਦਿਸ਼ਾ ਧੁੰਦਲੀ ਹੋ ਗਈ ਹੈ।

ਪਰ ਕੀ ਸੱਚਮੁੱਚ 'ਵਧੀਆ ਕਿਤਾਬ' ਦੀ ਪਹਿਚਾਣ ਪਹਿਲਾਂ ਤੋਂ ਕੀਤੀ ਜਾ ਸਕਦੀ ਹੈ? ਜਾਂ ਫਿਰ ਪੜ੍ਹਨ ਦਾ ਅਸਲ ਮਕਸਦ ਹੀ ਇਹ ਨਹੀਂ ਹੈ ਕਿ ਅਸੀਂ ਹਰ ਕਿਤਾਬ ਰਾਹੀਂ ਆਪਣੀ ਸੋਚ ਨੂੰ ਵਿਸ਼ਾਲ ਕਰੀਏ? ਅਸਲ ਗੱਲ ਇਹ ਹੈ ਕਿ ਕੋਈ ਵੀ ਕਿਤਾਬ ਸਿਰਫ਼ ਉਸ ਵੇਲੇ 'ਵਧੀਆ' ਬਣਦੀ ਹੈ, ਜਦੋਂ ਉਹ ਪਾਠਕ ਦੇ ਮਨ ਵਿਚ ਨਵੇਂ ਸਵਾਲ ਜਗਾਏ, ਉਸਨੂੰ ਸੋਚਣ 'ਤੇ ਮਜਬੂਰ ਕਰੇ ਜਾਂ ਉਸਦੀ ਸਮਝ ਨੂੰ ਇੱਕ ਕਦਮ ਅੱਗੇ ਵਧਾਏ।

ਇਸ ਲਈ ਕਿਤਾਬ ਦੀ ਚੋਣ ਦਾ ਸਭ ਤੋਂ ਵੱਡਾ ਮਾਪਦੰਡ ਕੋਈ ਬਾਹਰੀ ਸੂਚੀ ਜਾਂ ਰੇਟਿੰਗ ਨਹੀਂ, ਸਗੋਂ ਪਾਠਕ ਦੀ ਆਪਣੀ ਜਿਗਿਆਸਾ ਹੁੰਦੀ ਹੈ। ਬਹੁਤ ਸਾਰੇ ਪਾਠਕਾਂ ਨੇ ਦੱਸਿਆ ਹੈ ਕਿ ਉਨ੍ਹਾਂ ਨੇ ਪਹਿਲਾਂ ਸਧਾਰਣ ਨਾਵਲਾਂ ਨਾਲ ਪੜ੍ਹਨਾ ਸ਼ੁਰੂ ਕੀਤਾ, ਪਰ ਹੌਲੀ-ਹੌਲੀ ਉਹ ਦਰਸ਼ਨਿਕ, ਇਤਿਹਾਸਕ ਅਤੇ ਮਨੋਵਿਗਿਆਨਕ ਲਿਖਤਾਂ ਤੱਕ ਪਹੁੰਚ ਗਏ। ਇਸਦਾ ਮਤਲਬ ਇਹ ਹੈ ਕਿ ਪੜ੍ਹਨ ਦੀ ਯਾਤਰਾ ਸਧਾਰਣ ਤੋਂ ਡੂੰਘਾਈ ਵੱਲ ਖੁਦ ਹੀ ਵਿਕਸਿਤ ਹੁੰਦੀ ਹੈ।

ਇੱਥੇ ਇਹ ਗੱਲ ਵੀ ਸਮਝਣਯੋਗ ਹੈ ਕਿ ਪੜ੍ਹਨ ਦੀ ਇਹ ਯਾਤਰਾ ਕਿਸੇ ਇੱਕ ਦਿਨ ਦਾ ਫੈਸਲਾ ਨਹੀਂ ਹੁੰਦੀ, ਸਗੋਂ ਲਗਾਤਾਰ ਬਣਨ ਵਾਲੀ ਆਦਤ ਦਾ ਨਤੀਜਾ ਹੁੰਦੀ ਹੈ। ਅੱਜ ਦੇ ਡਿਜ਼ੀਟਲ ਯੁੱਗ ਵਿਚ ਭਾਵੇਂ ਅਸੀਂ ਈ-ਬੁੱਕਸ ਜਾਂ ਆਡੀਓ ਬੁੱਕਸ ਰਾਹੀਂ ਜਾਣਕਾਰੀ ਹਾਸਿਲ ਕਰ ਰਹੇ ਹਾਂ, ਪਰ ਪੰਨਿਆਂ ਦੀ ਖੜਕਾਹਟ ਅਤੇ ਕਾਗਜ਼ੀ ਕਿਤਾਬ ਦਾ ਠਹਿਰਾਓ ਅੱਜ ਵੀ ਮਨੁੱਖੀ ਮਨ ਨੂੰ ਡੂੰਘੀ ਇਕਾਗਰਤਾ ਬਖ਼ਸ਼ਦਾ ਹੈ। ਮਾਧਿਅਮ ਕੋਈ ਵੀ ਹੋਵੇ, ਮਕਸਦ ਸ਼ਬਦਾਂ ਨਾਲ ਜੁੜਨਾ ਅਤੇ ਉਨ੍ਹਾਂ ਨੂੰ ਜੀਵਨ ਵਿਚ ਉਤਾਰਨਾ ਹੋਣਾ ਚਾਹੀਦਾ ਹੈ।

ਇਨਾਂ ਗੱਲਾਂ ਨੂੰ ਸਰਲਤਾ ਅਤੇ ਤਰਕਸ਼ੀਲਤਾ ਨਾਲ ਇੱਕ ਛੋਟੇ ਤਿੰਨ-ਕਦਮੀ ਤਰੀਕੇ ਨਾਲ ਵੀ ਸਮਝਿਆ ਜਾ ਸਕਦਾ ਹੈ:

1 ਆਪਣੀ ਰੁਚੀ ਅਤੇ ਮਕਸਦ ਨੂੰ ਸਮਝੋ:



(ਕੀ ਸਿੱਖਣਾ ਹੈ)।

2 ਕਿਤਾਬ ਦੀ ਝਲਕ ਦੇਖੋ: (ਸਿਰਲੇਖ, ਤਤਕਰਾ, ਪਹਿਲੇ ਪੰਨੇ)।

3 ਸੰਵਾਦ ਪਹਿਚਾਣੋ: 04 ਜਾਂ 05 ਪੰਨੇ ਪੜ੍ਹ ਕੇ ਫੈਸਲਾ ਕਰੋ ਕਿ ਕੀ ਇਹ ਲਿਖਤ ਤੁਹਾਡੇ ਨਾਲ ਸੰਵਾਦ ਕਰ ਰਹੀ ਹੈ ਜਾਂ ਨਹੀਂ।

ਜੇ ਸਮਾਂ ਘੱਟ ਹੈ ਤਾਂ ਵੀ ਕੁਝ ਸਰਲ ਤਰੀਕੇ ਸਾਡੀ ਮਦਦ ਕਰ ਸਕਦੇ ਹਨ। ਕਿਤਾਬ ਦਾ ਸਿਰਲੇਖ, ਲੇਖਕ ਦਾ ਪਿਛੋਕੜ, ਅੰਦਰੂਨੀ ਸੂਚੀ (ਤਤਕਰਾ), ਪਹਿਲੇ ਕੁਝ ਪੰਨੇ ਜਾਂ ਕਿਸੇ ਇੱਕ ਅਧਿਆਇ ਜਾਂ ਭਾਗ ਨੂੰ ਇਕ ਝਲਕ ਦੇਖਣਾ। ਇਹ ਸਾਰੇ ਇਸ਼ਾਰੇ ਦੱਸ ਦਿੰਦੇ ਹਨ ਕਿ ਇਹ ਲਿਖਤ ਸਾਡੇ ਮਨ ਨਾਲ ਗੱਲ ਕਰਦੀ ਹੈ ਜਾਂ ਨਹੀਂ। ਪਰ ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਪੜ੍ਹਨ ਦੀ ਆਦਤ ਨੂੰ 'ਸਿਰਫ਼ ਚੁਣੀਆਂ ਹੋਈਆਂ ਵਧੀਆ ਕਿਤਾਬਾਂ' ਤੱਕ ਸੀਮਿਤ ਨਾ ਕੀਤਾ ਜਾਵੇ। ਕਿਉਂਕਿ ਅਕਸਰ ਇੱਕ ਆਮ ਜਿਹੀ ਲੱਗਣ ਵਾਲੀ ਕਿਤਾਬ ਮਨੁੱਖ ਦੀ ਸੋਚ ਵਿਚ ਸਭ ਤੋਂ ਵੱਡਾ ਬਦਲਾਅ ਲਿਆ ਸਕਦੀ ਹੈ।

ਇਸ ਪ੍ਰਸ਼ਨ ਨੂੰ ਜੇ ਹੋਰ ਡੂੰਘਾਈ ਨਾਲ ਵੇਖੀਏ ਤਾਂ ਇਹ ਸਿਰਫ਼ ਚੋਣ ਦਾ ਨਹੀਂ, ਸਗੋਂ ਮਨੁੱਖੀ ਮਨ ਦੀ ਬਣਤਰ ਦਾ ਸਵਾਲ ਹੈ। ਮਨੋਵਿਗਿਆਨ ਦੱਸਦਾ ਹੈ ਕਿ ਮਨੁੱਖ ਉਹੀ ਚੀਜ਼ ਵਧੀਆ ਮੰਨਦਾ ਹੈ ਜੋ ਉਸਦੀ ਅੰਦਰੂਨੀ ਅਵਸਥਾ ਨਾਲ ਮੇਲ ਖਾਂਦੀ ਹੋਵੇ। ਇਸ ਲਈ ਇੱਕ ਹੀ ਕਿਤਾਬ ਕਿਸੇ ਇੱਕ ਮਨੁੱਖ ਲਈ ਜੀਵਨ-ਬਦਲਣ ਵਾਲੀ ਹੋ ਸਕਦੀ ਹੈ, ਜਦਕਿ ਦੂਜੇ ਲਈ ਉਹ ਸਧਾਰਨ ਰਹਿ ਜਾਂਦੀ ਹੈ।

ਇਸ ਕਰਕੇ 'ਵਧੀਆ ਕਿਤਾਬ' ਇੱਕ ਅਸਥਿਰ ਧਾਰਨਾ ਨਹੀਂ, ਸਗੋਂ ਇੱਕ ਜੀਵੰਤ ਅਨੁਭਵ ਹੈ ਜੋ ਪਾਠਕ ਦੇ ਮਨ ਨਾਲ ਬਦਲਦਾ ਰਹਿੰਦਾ ਹੈ। ਦਰਸ਼ਨ ਦੇ ਪੱਧਰ 'ਤੇ ਵੇਖੀਏ ਤਾਂ ਪੜ੍ਹਨਾ ਇੱਕ ਅਜਿਹਾ ਸੰਵਾਦ ਹੈ ਜਿੱਥੇ ਪਾਠਕ ਅਤੇ ਲੇਖਕ ਦੋ ਵੱਖ-ਵੱਖ ਸਮਿਆਂ ਅਤੇ ਸਥਾਨਾਂ ਤੋਂ ਮਿਲਦੇ ਹਨ। ਜਦੋਂ ਲੇਖਕ ਦਾ ਅਨੁਭਵ ਅਤੇ ਪਾਠਕ ਦੀ ਜਿਗਿਆਸਾ ਮਿਲਦੇ ਹਨ, ਉਦੋਂ ਹੀ ਗਿਆਨ ਜਨਮ ਲੈਂਦਾ ਹੈ।

ਵਿਗਿਆਨਕ ਕੋਣ ਤੋਂ 'ਕੌਗਨਿਟਿਵ ਸਾਇੰਸ' ਦੱਸਦੀ ਹੈ ਕਿ ਪੜ੍ਹਨ ਦੀ ਪ੍ਰਕਿਰਿਆ ਸਾਡੇ ਦਿਮਾਗ ਦੇ ਕਈ ਹਿੱਸਿਆਂ ਨੂੰ ਇਕੱਠੇ ਸਰਗਰਮ ਕਰਦੀ ਹੈ। ਭਾਸ਼ਾ, ਯਾਦਸ਼ਕਤੀ, ਕਲਪਨਾ ਅਤੇ ਭਾਵਨਾਵਾਂ। ਇਸ ਲਈ ਜਿਹੜੀ ਕਿਤਾਬ ਸਾਨੂੰ ਅੰਦਰੋਂ ਛੂੰਹਦੀ ਹੈ, ਉਹ ਅਸਲ ਵਿਚ ਸਾਡੇ ਨਿਊਰਲ ਪੈਟਰਨ ਨਾਲ ਜੁੜਦੀ ਹੈ।

ਜੇ ਅਸੀਂ ਇਸ ਸਵਾਲ ਨੂੰ ਹੋਰ ਵੱਡੇ ਭੂਗੋਲਿਕ ਅਤੇ ਸਮਾਜਿਕ ਪ੍ਰਸੰਗ ਵਿਚ ਵੇਖੀਏ, ਤਾਂ ਪਤਾ ਲੱਗਦਾ ਹੈ ਕਿ ਪੜ੍ਹਨ ਦੀ ਆਦਤ ਸਿਰਫ਼ ਵਿਅਕਤੀਗਤ ਨਹੀਂ, ਸਗੋਂ ਪੂਰੇ ਸਮਾਜ ਦੀ ਬਣਤਰ ਨਾਲ ਜੁੜੀ ਹੁੰਦੀ ਹੈ। ਭਾਰਤ ਵਿਚ ਲਗਭਗ 20-30% ਲੋਕ ਹੀ ਨਿਯਮਿਤ ਪਾਠਕ ਹਨ ਅਤੇ ਪਾਕਿਸਤਾਨ ਵਿਚ ਇਹ ਦਰ ਹੋਰ ਘੱਟ ਕੇ ਲਗਭਗ 5-10% ਰਹਿ ਜਾਂਦੀ ਹੈ, ਜਦਕਿ ਬੰਗਲਾਦੇਸ਼ ਵਿਚ ਇਹ 10-15% ਦੇ ਆਸਪਾਸ ਹੈ। ਇਹ ਅੰਕੜੇ ਦਰਸਾਉਂਦੇ ਹਨ ਕਿ ਸਾਡੇ ਖੇਤਰ ਵਿਚ ਪੜ੍ਹਨ ਦੀ ਸੰਸਕ੍ਰਿਤੀ ਅਜੇ ਵੀ ਵਿਕਾਸ ਦੇ ਪੜਾਅ ਵਿਚ ਹੈ।

ਇਸ ਸਥਿਤੀ ਦੇ ਪਿੱਛੇ ਸਾਡੀ ਸਿੱਖਿਆ ਪ੍ਰਣਾਲੀ ਅਤੇ ਡਿਜ਼ੀਟਲ ਮੀਡੀਆ ਦਾ ਪ੍ਰਭਾਵ ਮੁੱਖ ਕਾਰਨ ਹਨ। ਇਸ ਘਾਟ ਨੂੰ ਪੂਰਾ ਕਰਨ ਲਈ ਪਿੰਡਾਂ ਅਤੇ ਸ਼ਹਿਰਾਂ ਵਿਚ ਮੁੜ ਤੋਂ 'ਲਾਈਬ੍ਰੇਰੀ ਸੱਭਿਆਚਾਰ' ਨੂੰ ਸੁਰਜੀਤ ਕਰਨਾ ਅਤਿ ਜ਼ਰੂਰੀ ਹੈ। ਜਨਤਕ ਲਾਈਬ੍ਰੇਰੀਆਂ ਸਿਰਫ਼ ਇਮਾਰਤਾਂ ਨਹੀਂ ਹੁੰਦੀਆਂ, ਬਲਕਿ ਉਹ ਵਿਚਾਰਾਂ ਦੀਆਂ ਟਕਸਾਲਾਂ ਹੁੰਦੀਆਂ ਹਨ, ਜੋ ਸਥਾਨਕ ਪੱਧਰ 'ਤੇ ਪੜ੍ਹਨ ਦੀ ਲਹਿਰ ਪੈਦਾ ਕਰ ਸਕਦੀਆਂ ਹਨ।

ਫਿਨਲੈਂਡ ਅਤੇ ਜਪਾਨ ਵਰਗੇ ਦੇਸ਼ਾਂ ਵਿਚ ਪੜ੍ਹਨ ਨੂੰ ਜੀਵਨ ਦੀ ਆਧਾਰਭੂਤ ਆਦਤ ਮੰਨਿਆ ਜਾਂਦਾ ਹੈ, ਜੋ ਉਨ੍ਹਾਂ ਦੀ ਸਿੱਖਿਆ ਅਤੇ ਨਵੀਨਤਾ ਦੀ ਉੱਚ ਦਰ ਨੂੰ ਵੀ ਦਰਸਾਉਂਦੀ ਹੈ। ਇਹ ਜਾਣਕਾਰੀ ਸਾਨੂੰ 'ਕਿਹੜੀ ਕਿਤਾਬ ਵਧੀਆ ਹੈ' ਦੇ ਸਵਾਲ ਤੋਂ ਬਾਹਰ ਕੱਢ ਕੇ 'ਅਸੀਂ ਪੜ੍ਹਨ ਵਾਲਾ ਸਮਾਜ ਕਿਵੇਂ ਬਣੀਏ' ਦੀ ਡੂੰਘੀ ਚਿੰਤਨ ਵੱਲ ਲੈ ਕੇ ਜਾਂਦੀ ਹੈ।

ਜਦੋਂ ਪੜ੍ਹਨ ਦੀ ਆਦਤ ਬਣਦੀ ਹੈ, ਤਾਂ ਚੰਗੀਆਂ ਕਿਤਾਬਾਂ ਦੀ ਪਹਿਚਾਣ ਆਪਣੇ ਆਪ ਹੋ ਜਾਂਦੀ ਹੈ। ਇਕ ਕਿਤਾਬ ਦੂਜੀ ਕਿਤਾਬ ਵੱਲ ਲੈ ਜਾਂਦੀ ਹੈ। ਇਦਾਂ ਸਫ਼ਰ ਸ਼ੁਰੂ ਹੋ ਜਾਂਦਾ ਹੈ ਅਤੇ ਇਹੀ ਲੜੀ ਮਨੁੱਖ ਨੂੰ ਇੱਕ ਆਮ ਪਾਠਕ ਤੋਂ ਸੋਚਵਾਨ ਵਿਅਕਤੀ, ਵਿਚਾਰਕ, ਚਿੰਤਕ, ਦਾਰਸ਼ਨਿਕ ਵਿਚ ਬਦਲ ਦਿੰਦੀ ਹੈ।

'ਕਿਤਾਬਾਂ ਸਾਡੇ ਲਈ ਸਿਰਫ਼ ਜਵਾਬ ਨਹੀਂ ਲਿਆਉਂਦੀਆਂ, ਸਗੋਂ ਉਹ ਸਾਡੇ ਅੰਦਰ ਉਹ ਸਵਾਲ ਜਗਾਉਂਦੀਆਂ ਹਨ ਜੋ ਸਾਨੂੰ ਆਪਣੇ ਆਪ ਨੂੰ ਸਮਝਣ ਦੇ ਰਾਹ 'ਤੇ ਲੈ ਜਾਂਦੇ ਹਨ ਅਤੇ ਸ਼ਾਇਦ ਇਹੀ ਪੜ੍ਹਨ ਦਾ ਅਸਲ ਮਕਸਦ ਹੈ।'

---

# ਫੈਲ ਰਹੀ ਖਾੜੀ ਜੰਗ

## 'ਟਰੰਪ ਨੂੰ ਹੁਣ ਕੰਬਲ ਨਹੀਂ ਛੱਡ ਰਿਹਾ'

ਖਾੜੀ ਜੰਗ 'ਚ ਉਲਝੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਹੁਣ ਕੰਬਲ ਨਹੀਂ ਛੱਡ ਰਿਹਾ! ਤੁਸੀਂ ਸਾਰਿਆਂ ਨੇ ਕੰਬਲ ਵਾਲੀ ਕਹਾਣੀ ਤਾਂ ਸੁਣੀ ਹੀ ਹੋਣੀ ਐਂ। ਲਉ, ਇੱਕ ਵਾਰ ਫੇਰ ਸੁਣ-ਪੜ੍ਹ ਲਉ। ਨਦੀ ਦੇ ਤੇਜ਼ ਵਗਦੇ ਪਾਣੀ 'ਚ ਰੁੜ੍ਹਦੀ ਜਾ ਰਹੀ ਇੱਕ ਕਾਲ਼ੀ-ਕਾਲ਼ੀ ਸ਼ੈਅ ਨੂੰ ਕੰਬਲ ਸਮਝ ਕੇ ਕੋਈ ਮੂਰਖ ਬੰਦਾ ਕੰਬਲ ਨੂੰ ਹਾਸਲ ਕਰਨ ਦੇ ਲਾਲਚ ਵਸ ਵੇਗਮਈ ਨਦੀ 'ਚ ਛਲਾਂਗ ਮਾਰ ਬੈਠਾ। ਕੋਲ ਪੁੱਜਾ ਤਾਂ ਰੁੜ੍ਹਦੀ ਜਾ ਰਹੀ ਉਹ ਕਾਲੀ ਸ਼ੈਅ ਰਿੱਛ ਨਿਕਲੀ। ਰਿੱਛ ਨੇ ਉਸ ਬੰਦੇ ਨੂੰ ਜੱਫਾ ਮਾਰ ਲਿਆ ਤੇ ਉਹ ਮੂਰਖ ਰਿੱਛ ਦੇ ਨਾਲ




ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: +91 98766-55055


ਹੀ ਰੁੜ੍ਹਨ ਲੱਗਾ। ਬਾਹਰੋਂ ਖੜ੍ਹੇ ਕਿਸੇ ਤਮਾਸ਼ਬੀਨ ਨੇ ਵਾਪਿਸ ਮੁੜਨ ਲਈ ਆਖਿਆ ਤਾਂ ਉਸ ਜਵਾਬ ਦਿਤਾ ਕਿ 'ਉਹ ਤਾਂ ਕੰਬਲ ਨੂੰ ਛਡਦੈ ਪਰ ਹੁਣ ਕੰਬਲ ਉਸ ਨੂੰ ਨਹੀਂ ਛੱਡ ਰਿਹਾ।'

ਮਹੱਤਵ ਉਨਮਾਦੀ ਤੇ ਖਬਤੀ ਟਰੰਪ ਹੁਣ ਅਮਰੀਕਾ-ਇਜ਼ਰਾਈਲ ਦੀ ਇਰਾਨ ਨਾਲ ਹੋ ਰਹੀ ਭਿਅੰਕਰ ਜੰਗ, ਜੋ ਹੁਣ ਚੌਥੇ ਹਫਤੇ 'ਚ ਦਾਖਲ ਹੋ ਗਈ ਹੈ, 'ਚੋਂ ਬਾਹਰ ਨਿਕਲਣਾ ਚਾਹੁੰਦੈ ਪਰ ਨਿਕਲ ਨਹੀਂ ਪਾ ਰਿਹਾ। ਉਸ ਦੀ ਹਾਲਤ ਵਾੜ 'ਚ ਫਸੇ ਬਿੱਲੇ ਵਰਗੀ ਹੈ! ਅਖੇ 'ਸੱਪ ਦੇ ਮੂੰਹ 'ਚ ਕੋਹੜ ਕਿਰਲੀ, ਜੇ ਖਾਵੇ ਤਾਂ ਕੋਹੜੀ, ਛਡੇ ਤਾਂ ਕਲੰਕੀ।'

ਇਹ ਜੰਗ ਹੁਣ ਖਾੜੀ ਜਾਂ ਮੱਧ-ਪੂਰਬ ਜਾਂ ਪੱਛਮੀ ਏਸ਼ੀਆ ਦੀ ਜੰਗ ਨਾ ਰਹਿ ਕੇ ਅੰਤਰ-ਮਹਾਂਦੀਪੀ ਬਣਦੀ ਜਾ ਰਹੀ ਹੈ। ਓਮਾਨ ਦੀ ਖਾੜੀ, ਹਿੰਦ ਮਹਾਂਸਾਗਰ ਅਤੇ ਬੁਰੇ ਦੇ ਘਰ (ਅਮਰੀਕਾ) ਤੀਕ ਪੁੱਜ ਗਈ ਹੈ। ਅਮਰੀਕਾ ਦੇ ਬਦੇਸ਼ ਅਤੇ ਰੱਖਿਆ ਮੰਤਰੀਆਂ ਦੇ ਅੱਤ-ਸੁਰੱਖਿਅਤ ਇਲਾਕੇ ਵਿਚ ਸਥਿਤ ਨਿਵਾਸ-ਸਥਾਨਾਂ ਨੇੜੇ ਭੇਤਭਰੀ ਹਾਲਤ 'ਚ ਦੋ ਡ੍ਰੋਨ ਦੇਖੇ ਜਾਣ ਉਪਰੰਤ ਅਮਰੀਕਾ ਅੰਦਰ ਖਲਬਲੀ ਮਚ ਗਈ ਹੈ।

ਦੂਜੇ ਦੇ ਘਰ ਲੱਗੀ ਅੱਗ ਬਸੰਤਰ ਲਗਦੀ ਐ ਪਰ ਆਪਣੇ ਘਰ ਲੱਗੀ ਅੱਗ, ਅੱਗ ਹੁੰਦੀ ਐ ਕਿਉਂਕਿ ਉਸ ਦਾ ਸੇਕ/ਤਪਸ਼ ਅਤੇ ਬਰਬਾਦੀ ਦੇ ਆਸਾਰ ਸਾਡੀਆਂ ਬਰੂਹਾਂ ਅੰਦਰ ਅਪੜ ਜਾਂਦੇ ਹਨ।

ਇਰਾਨ ਨੇ ਕਰੀਬ 3,800 ਕਿਲੋ ਮੀਟਰ ਦੀ ਦੂਰੀ 'ਤੇ ਸਥਿਤ ਡਿਏਗੋ ਗਾਰਸ਼ੀਆ ਵਿਚਲੇ ਅਮਰੀਕੀ-ਬਰਤਾਨਵੀ ਸੈਨਿਕ ਠਿਕਾਣੇ ਅਤੇ ਇਜ਼ਰਾਈਲ ਦੇ ਡਿਮੋਨਾ ਉਪਰ ਮਿਜ਼ਾਈਲ ਦਾਗ ਕੇ ਨਾ ਸਿਰਫ ਟਰੰਪ ਨੂੰ ਹੱਥਾਂ-ਪੈਰਾਂ ਦੀ ਪਾ ਦਿਤੀ ਹੈ, ਸਗੋਂ ਇਸ ਯੁੱਧ ਵਿਚ ਬਰਤਾਨੀਆ ਨੂੰ ਵੀ ਲਪੇਟਣ ਦਾ ਯਤਨ ਕਰਕੇ ਯੁੱਧ ਦਾ ਘੇਰਾ ਵੀ ਵਧਾ ਦਿਤੈ। ਇਰਾਨ ਨੇ ਆਪਣੇ ਕੋਲ 4,000 ਕਿਲੋ ਮੀਟਰ ਦੀ ਦੂਰੀ ਤੀਕ ਮਾਰ ਕਰਨ ਵਾਲੇ ਮਿਜ਼ਾਈਲ ਹੋਣ ਦਾ ਦਾਅਵਾ ਕੀਤਾ ਹੈ। ਉਹ ਪਹਿਲਾਂ ਹੀ ਕਹਿ ਚੁੱਕੈ ਕਿ ਜਿਥੇ ਕਿਤੇ ਵੀ ਅਮਰੀਕੀ ਸੈਨਿਕ ਅੱਡੇ ਹੋਣਗੇ ਉਹ ਉਨ੍ਹਾਂ ਉਪਰ ਹਮਲੇ ਕਰੇਗਾ। ਉਸ ਨੇ ਤਾਂ ਪਹਿਲਾਂ ਹੀ ਮਿਡਲ ਈਸਟ ਦੇ ਮੁਲਕਾਂ ਸਮੇਤ ਸੰਯੁਕਤ ਅਰਬ ਆਮੀਰਾਤ, ਸਾਊਦੀ ਅਰਬ, ਓਮਾਨ, ਕੁਵੈਤ ਦੇ ਅਜਿਹੇ ਠਿਕਾਣਿਆਂ ਉਪਰ ਕਈ ਵਾਰ ਹਮਲੇ ਕੀਤੇ ਹਨ। ਇਹ ਹਮਲੇ ਹੋਰ ਵਧਾ ਦਿਤੇ ਗਏ ਹਨ। ਡਿਏਗੋ ਗਾਰਸ਼ੀਆ ਉਤੇ ਹਮਲੇ ਦੇ ਬੈਲਿਸਟਕ ਮਿਜ਼ਾਈਲ ਜੇ ਧੁਰ ਪੁੱਜਦੇ ਤਾਂ ਉਨ੍ਹਾਂ ਸਾਡੇ ਮੁਲਕ ਦੀ ਵੀ ਸਮਝੋ ਵੱਖੀ ਕੋਲੋਂ ਦੀ ਹੋ ਕੇ ਲੰਘਣਾ ਸੀ। ਹਾਂ, ਇਰਾਨ ਸਾਡੇ ਮੁਲਕ ਨਾਲ ਮਿੱਤਰਤਾ ਵਾਲੇ ਸਬੰਧ ਰਖਦੈ ਤੇ ਉਸ ਦੀ ਕੋਈ ਅਜਿਹੀ ਮਨਸ਼ਾ ਵੀ ਨਹੀਂ ਕਿ ਉਹ ਸਾਡੇ ਮੁਲਕ ਨੂੰ ਇਸ ਜੰਗ 'ਚ ਨਿਸ਼ਾਨਾ ਬਣਾਵੇ। ਸਾਡੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਵੱਖ-ਵੱਖ ਧਿਰਾਂ ਸਮੇਤ ਇਰਾਨ ਦੇ ਰਾਸ਼ਟਰਪਤੀ ਡਾ. ਮਸੂਦ ਪੇਜੇਸ਼ਕਿਆਨ ਨਾਲ, ਟੈਲੀਫੋਨ ਰਾਹੀਂ ਕੀਤੀ ਜਾ ਰਹੀ ਗੱਲਬਾਤ ਇਨ੍ਹਾਂ ਸੁਖਾਵੇਂ ਸਬੰਧਾਂ ਦਾ ਸੰਕੇਤ ਹੈ (ਪਰ ਵਧੇਰੇ ਅਸਰਦਾਰ ਗੱਲਬਾਤ ਹੀ ਮਸਲੇ ਨੂੰ ਕਿਸੇ ਬੰਨੇ-ਕੰਢੇ ਲਾ ਸਕਦੀ ਹੈ)। ਪੱਛਮੀ ਏਸ਼ੀਆ ਦੇ ਸੰਕਟ ਉਪਰ ਅੱਜ ਲੋਕ ਸਭਾ 'ਚ ਪ੍ਰਧਾਨ ਮੰਤਰੀ ਵਲੋਂ ਬਿਆਨ ਵੀ ਦਿਤਾ ਗਿਐ।

ਡਿਏਗੋ ਗਾਰਸ਼ੀਆ ਹਿੰਦ ਮਹਾਂਸਾਗਰ ਦਾ ਇੱਕ ਟਾਪੂ ਹੈ, ਜਿਥੇ ਅਮਰੀਕਾ ਅਤੇ ਬਰਤਾਨੀਆ ਦਾ ਸਾਂਝਾ ਫੌਜੀ ਅੱਡਾ ਹੈ, ਜੋ ਵਡੇ-




ਵਡੇ ਬੰਬਾਰਾਂ ਦਾ ਲਾਂਚਪੈਡ ਹੈ। ਭਾਵੇਂ ਬਰਤਾਨੀਆ ਇਸ ਜੰਗ ਵਿਚ ਸ਼ਾਮਿਲ ਨਹੀਂ ਹੋਇਆ ਪਰ ਉਸ ਨੇ ਅਮਰੀਕਾ ਨੂੰ ਇਹ ਅੱਡਾ ਵਰਤਣ ਦੀ ਖੁੱਲ੍ਹ ਦੇ ਦਿਤੀ ਹੈ। ਇਸ ਖੁੱਲ੍ਹ ਅਤੇ ਇਰਾਨ ਦੇ ਨਤਾਂਜ ਪ੍ਰਮਾਣੂ ਕੇਂਦਰ ਉਪਰ ਇਜ਼ਰਾਇਲੀ ਹਮਲੇ ਮਗਰੋਂ ਇਰਾਨ ਨੇ ਜਵਾਬੀ ਹਮਲਾ ਕੀਤਾ ਹੈ। ਇਸ ਹਮਲੇ ਵਿਚਲੇ ਇੱਕ ਮਿਜ਼ਾਈਲ ਨੂੰ ਤਾਂ ਰਾਹ 'ਚ ਹੀ ਰੋਕ ਲਏ ਜਾਣ ਦੀਆਂ ਖ਼ਬਰਾਂ ਹਨ ਜਦ ਕਿ ਕਿਹਾ ਜਾ ਰਿਹੈ ਕਿ ਦੂਸਰਾ ਮਿਜ਼ਾਈਲ ਦਾਗਣ ਵੇਲੇ ਹੀ ਰਹਿ ਗਿਆ। ਰੂਸ ਨੇ ਨਤਾਂਜ ਹਮਲੇ ਦੀ ਨਿੰਦਾ ਕਰਦਿਆਂ ਇਸ ਨੂੰ ਅੰਤਰ-ਰਾਸ਼ਟਰੀ ਕਾਨੂੰਨਾਂ ਦੀ ਉਲੰਘਣਾ ਗਰਦਾਨਿਆ ਹੈ।

ਇਸ ਹਮਲੇ ਨੇ ਜੰਗ ਦਾ ਮੂੰਹ-ਮੁਹਾਂਦਰਾ ਬਦਲ ਦਿਤੈ ਅਤੇ ਇਸ ਦਾ ਘੇਰਾ ਵਧਾ ਦਿਤੈ। ਇਸ ਨੇ ਡੋਨਲਡ ਟਰੰਪ ਦੀਆਂ ਬੜ੍ਹਕਾਂ ਅਤੇ ਗਿੱਦੜ-ਭਬਕੀਆਂ ਦੇ ਪੋਲ ਖੋਲ੍ਹ ਦਿਤੇ ਹਨ। ਟਰੰਪ ਵਾਰ-ਵਾਰ ਕਹਿ ਰਿਹੈ ਕਿ ਉਸ ਨੇ ਇਰਾਨ ਦੀ ਮਿਜ਼ਾਈਲ ਸ਼ਕਤੀ ਨੇਸਤੋ-ਨਾਬੂਦ ਕਰ ਦਿਤੀ ਹੈ ਪਰ ਇਰਾਨ ਹਰ ਦਿਨ ਮਿਜ਼ਾਈਲਾਂ ਨਾਲ ਹਮਲੇ ਦਰ ਹਮਲੇ ਕਰ ਰਿਹੈ। ਟਰੰਪ ਤਾਂ ਇਰਾਨ ਵਲੋਂ ਬਿਨਾਂ ਸ਼ਰਤ 'ਸਰੈਂਡਰ' ਕਰਨ ਦੀ ਸੰਭਾਵਨਾ ਅਤੇ ਜੰਗ ਦੇ ਸਮੇਟੇ ਜਾਣ (ਵਾਈਡਿੰਗ ਡਾਊਨ) ਵਲ ਵਧਣ ਦੇ ਦਾਅਵੇ ਕਰ ਰਿਹੈ ਪਰ ਇਰਾਨ ਜੰਗਬੰਦੀ ਤਕ ਵੀ ਨਹੀਂ ਚਾਹੁੰਦਾ ਬਲਕਿ ਇਸ ਜੰਗ ਨੂੰ ਕਿਸੇ ਤਣ-ਪਤਣ ਲਾਉਣ ਦੀ ਗੱਲ ਕਹਿ ਰਿਹੈ। ਦੋਵਾਂ ਧਿਰਾਂ ਦੇ ਬਿਆਨ ਆਪਾ-ਵਿਰੋਧੀ ਹਨ। ਟਰੰਪ ਕਹਿੰਦੈ ਕਿ ਉਸ ਦਾ ਮਕਸਦ ਪੂਰਾ ਹੋਣ ਅਤੇ ਜੰਗ ਖਤਮ ਹੋਣ ਕੰਢੇ ਹੈ ਪਰ ਇਜ਼ਰਾਈਲ ਕਹਿੰਦੈ ਕਿ ਜੰਗ ਹੋਰ ਤੇਜ਼ ਤੇ ਖਤਰਨਾਕ ਹੋਵੇਗੀ।

ਅਸਲ 'ਚ ਇਜ਼ਰਾਈਲ, ਜੋ ਚਕੀ ਹੋਈ ਲੰਬੜਾਂ ਦੀ ਠਾਣੇਦਾਰ ਦੇ ਬਰੋਬਰ ਬੋਲੇ, ਵਾਂਗ ਅਮਰੀਕਾ ਦੀ ਘਨੇੜੀ ਚੜ੍ਹ ਕੇ ਇਰਾਨ ਨੂੰ ਸਬਕ ਸਿਖਾਉਣਾ ਚਾਹੁੰਦੈ। ਓਧਰ ਟਰੰਪ ਇਸ ਭਸੂੜੀ 'ਚੋਂ ਕਿਸੇ ਨਾ ਕਿਸੇ ਢੰਗ ਨਾਲ ਪੱਲਾ ਛੁਡਾਉਣਾ ਚਾਹੁੰਦੈ। ਬੇਸ਼ਕ ਟਰੰਪ ਇਰਾਨ ਨੂੰ ਬਰਬਾਦ ਅਤੇ ਤਹਿਸ-ਨਹਿਸ ਕਰਨ ਦੇ ਦਾਅਵੇ ਕਰਦਾ ਥਕਦਾ ਨਹੀਂ ਪਰ ਉਸ ਦਾ ਇਰਾਨ ਵਿਚ 'ਰਜੀਮ ਚੇਂਜ' (ਰਾਜ-ਭਾਗ ਬਦਲਣ) ਜਾਂ 'ਰਜੀਮ ਕੁਲੈਪਸ' (ਰਾਹ ਪ੍ਰਬੰਧ ਢਹਿ-ਢੇਰੀ ਹੋਣਾ) ਅਤੇ ਇਰਾਨ ਦੀ ਪ੍ਰਮਾਣੂ ਸ਼ਕਤੀ ਨਸ਼ਟ ਕਰਨ ਦਾ ਮਕਸਦ ਅਜੇ ਅਧੂਰਾ ਹੈ। ਭਾਵੇਂ ਇਜ਼ਰਾਈਲ ਦੀ ਖੁਫੀਆ ਏਜੰਸੀ 'ਮੋਸਾਡ' ਦੀ ਸਟੀਕ ਸੂਚਨਾ ਕਾਰਨ ਇਰਾਨ ਦੇ ਅਨੇਕਾਂ ਟੌਪ ਦੇ ਧਾਰਮਿਕ-ਸਿਆਸੀ ਆਗੂ ਅਤੇ ਫੌਜੀ ਕਮਾਂਡਰਾਂ ਦੀ ਹੱਤਿਆ ਹੋ ਚੁੱਕੀ ਹੈ ਪਰ ਇਰਾਨ ਦੀ ਸੱਤਾ ਦੀ ਹਕੂਮਤੀ ਤਰਤੀਬ ਉਵੇਂ ਦੀ ਉਵੇਂ ਕਾਇਮ ਹੈ। ਇਰਾਨ ਕੋਲ ਜੋ ਯੂਰੇਨੀਅਮ ਹੈ ਉਹ ਵੀ ਨਾ ਤਾਂ ਨਸ਼ਟ ਹੋਇਐ ਅਤੇ ਨਾ ਹੀ ਅਮਰੀਕਾ ਜਾਂ ਇਜ਼ਰਾਈਲ ਇਸ ਉਪਰ ਕਬਜ਼ਾ ਹੀ ਕਰ ਸਕੇ ਹਨ।

ਟਰੰਪ ਆਪਣੇ ਸੁਭਾਅ ਮੁਤਾਬਕ ਕਦੀ ਤੋਲਾ ਤੇ ਕਦੀ ਮਾਸਾ ਹੁੰਦਾ ਰਹਿੰਦੈ। ਇਕੋ ਸਾਹੇ ਤੱਤਾ-ਠੰਢਾ ਬੋਲਦਾ ਰਹਿੰਦੈ। ਜੇ ਜੰਗ ਸਮੇਟੇ ਜਾਣ ਵਲ ਵਧ ਰਹੀ ਹੈ ਤਾਂ ਫਿਰ ਅਮਰੀਕਾ ਮੈਦਾਨ-ਏ-ਜੰਗ ਵਲ ਜੰਗੀ ਬੇੜੇ ਕਿਉਂ ਰਵਾਨਾ ਕਰ ਰਿਹੈ? ਫਿਰ ਇਹ ਖ਼ਬਰਾਂ ਕਿਉਂ ਆ ਰਹੀਆਂ ਹਨ ਕਿ ਉਹ ਹੁਣ ਥਲ ਸੈਨਾ ਰਾਹੀਂ ਵੀ ਕਾਰਵਾਈ ਕਰਨ ਦੀ ਤਿਆਰੀ ਕਰ ਰਿਹੈ?

ਕੁਝ ਪ੍ਰੇਸ਼ਾਨਕੁੰਨ ਪ੍ਰਸ਼ਨ ਹੋਰ ਵੀ ਹਨ।

ਕੀ ਇਜ਼ਰਾਈਲ ਅਤੇ ਅਮਰੀਕਾ ਦਾ ਹੁਣ ਇਸ ਯੁੱਧ ਪ੍ਰਤੀ ਨਜ਼ਰੀਆ ਜਾਂ ਨੀਤੀ ਵੱਖ-ਵੱਖ ਹਨ? ਜਾਂ ਕੀ ਇਜ਼ਰਾਈਲ ਦਾ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਅਤੇ ਡੋਨਲਡ ਟਰੰਪ ਵਿਚ ਮੱਤਭੇਦ ਹੋ ਰਹੇ ਹਨ? ਜਾਂ ਕੀ ਨੇਤਨਯਾਹੂ ਹੁਣ ਟਰੰਪ ਤੋਂ ਬਾਹਰਾ ਹੋ ਕੇ ਚਲਣ ਲਗ ਪਿਆ ਅਤੇ ਆਪਣੀਆਂ ਮਨਮਾਨੀਆਂ ਕਰ ਰਿਹੈ?

ਇਸ ਦਾ ਜਵਾਬ ਖੁਦ ਟਰੰਪ ਤੋਂ ਸੁਣ ਲੈਂਦੇ ਹਾਂ। ਟਰੰਪ ਅਨੁਸਾਰ ਉਸ ਨੂੰ ਇਜ਼ਰਾਈਲ ਦੁਆਰਾ ਕਤਰ ਨਾਲ ਲਗਦੇ ਇਰਾਨ ਦੇ ਦੱਖਣੀ ਪਾਰਸ ਗੈਸ ਫੀਲਡ ਉਪਰ ਹਮਲੇ ਦੀ ਨਾ ਕੋਈ ਜਾਣਕਾਰੀ ਸੀ ਤੇ ਨਾ ਹੀ ਉਸ ਦਾ ਇਸ 'ਚ ਕੋਈ ਹੱਥ ਸੀ। ਇਰਾਨ ਨੇ ਬਦਲੇ ਵਜੋਂ ਕਤਰ ਦੇ ਉੱਤਰੀ ਗੈਸ ਫੀਲਡ ਉਪਰ ਹਮਲਾ ਕਰ ਦਿਤਾ ਸੀ। ਇਹ ਜੁੜਵੇਂ ਗੈਸ ਫੀਲਡ ਵਿਸ਼ਵ ਦੇ ਸਭ ਤੋਂ ਵਡੇ ਗੈਸ/ਤੇਲ ਦੇ ਭੰਡਾਰ ਹਨ ਅਤੇ ਦੁਨੀਆਂ 'ਚ ਭਾਰੀ ਮਾਤਰਾ 'ਚ ਇਹ ਊਰਜਾ ਸਮੱਗਰੀ ਇਥੋਂ ਜਾਂਦੀ ਹੈ। ਟਰੰਪ ਨੇ ਇਹ ਵੀ ਕਿਹਾ ਕਿ ਉਸ ਨੇ ਇਜ਼ਰਾਈਲ ਨੂੰ ਭਵਿੱਖ 'ਚ ਅਜਿਹਾ ਨਾ ਕਰਨ ਲਈ ਕਿਹੈ।


ਪਹਿਲਾਂ ਹੀ ਇਸ ਜੰਗ 'ਚ ਕੱਚੇ ਤੇਲ, ਗੈਸ ਅਤੇ ਹੋਰ ਊਰਜਾ ਉਤਪਾਦਾਂ ਨੂੰ ਵਿਸ਼ਵ ਦੇ ਵੱਖ-ਵੱਖ ਮੁਲਕਾਂ 'ਚ ਸਮੁੰਦਰੀ ਜਹਾਜ਼ਾਂ ਰਾਹੀਂ ਲਿਜਾਣ ਵਾਲੇ ਰਾਹ ਹੋਰਮੁਜ਼ ਜਲਡਮਰੂ

*(ਬਾਕੀ ਅਗਲੇ ਸਫੇ 'ਤੇ)*

# ਇਹੁ ਜਨਮੁ ਤੁਮਹਾਰੇ ਲੇਖੇ !

## ਕਿਸ਼ਤ -1

***ਪੰਜਾਬੀ ਸਾਹਿਤ ਨੂੰ ਕਦਦਾਰ ਤੇ ਯਾਦਗਾਰੀ ਕਹਾਣੀਆਂ ਅਤੇ ਇਕ ਨਿੱਗਰ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਦੇਣ ਵਾਲੇ ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਇਸ ਨਾਵਲ (ਜੋ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਹੈ) ਨਾਲ ਉਨ੍ਹਾਂ ਸਾਹਿਤਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਇਸ 18 ਮਾਰਚ ਨੂੰ ਉਹ 90 ਸਾਲ ਦੇ ਹੋ ਗਏ ਹਨ, ਉਨ੍ਹਾਂ ਦਾ ਜਨਮ ਦਿਨ ਮਨਾਉਂਦਿਆਂ ਅਸੀਂ ਇਹ ਨਾਵਲ ਲੜੀਵਾਰ ਛਾਪਣ ਦੀ ਖੁਸ਼ੀ ਲੈ ਰਹੇ ਹਾਂ। ਨਾਵਲ ਦੀ ਪਹਿਲੀ ਕਿਸ਼ਤ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਹਾਜ਼ਰ ਹੈ। -ਸੰਪਾਦਕ***




ਬੰਗਲਾ ਸਾਹਿਬ ਦੇ ਅਗਲੇ ਚੌਤਰੇ ਦੀਆਂ ਪੌੜੀਆਂ ਉਤਰਦਿਆਂ ਗੁਰਸੇਵ ਸਿੰਘ ਦਰਵੇਸ਼ ਨੇ ਦੇਖਿਆ, ਸਾਹਮਣਿਉਂ ਤੀਰਥ ਸਿੰਘ ਤੁਰਿਆ ਆ ਰਿਹਾ ਸੀ। ਸੱਚੇ ਦਰ ਅਰਦਾਸ ਕਰਦਿਆਂ ਵੀ ਉਨ੍ਹਾਂ ਨੇ ਅੱਜ ਹੀ ਮੇਲ ਹੋ ਜਾਣ ਬਾਰੇ ਤਾਂ ਸੋਚਿਆ ਤੱਕ ਨਹੀਂ ਸੀ। ਗਦਗਦ ਹੋ ਕੇ ਮਨ ਹੀ ਮਨ ਆਖਿਆ, 'ਵਾਹ! ਮੇਰੇ ਬਾਲਾ ਪ੍ਰੀਤਮ, ਇਸ ਨਿਮਾਣੇ ਦੀ ਅਰਦਾਸ ਏਨੀ ਛੇਤੀ ਸੁਣ ਲਈ! ਤਦੇ ਤਾਂ ਦੁਨੀਆ ਕਹਿੰਦੀ ਏ, ਤੁਧ ਡਿਠਿਆਂ ਸਭ ਦੁਖ ਜਾਇ!' ਦੋਵੇਂ ਚਿਰਾਂ-ਵਿਛੁੰਨੇ ਧਾਹ ਕੇ ਮਿਲੇ। ਜੱਫੀ ਵਿਚ ਘੁੱਟਿਆਂ ਦੇ ਬੋਲ ਮੂੰਹ ਦੀ ਥਾਂ ਆਪਮੁਹਾਰੇ ਅੱਖਾਂ ਵਿਚੋਂ ਵਗ ਤੁਰੇ। ਇਕ ਦੂਜੇ ਦੀਆਂ ਬਾਂਹਾਂ ਵਿਚ ਵਲੇ-ਵਲਾਏ ਉਹ ਗੁਰਦੁਆਰਾ ਸਾਹਿਬ ਦੇ ਬਾਹਰ ਘਾਹ ਉੱਤੇ ਆ ਬੈਠੇ।

ਪਾਕਿਸਤਾਨ ਤੋਂ ਉਜੜ ਕੇ ਆਏ ਪਰਿਵਾਰ ਹਨੇਰੀ ਨਾਲ ਡਾਲ ਤੋਂ ਟੁੱਟੇ ਪੱਤਿਆਂ ਵਾਂਗ ਕੌਣ ਜਾਣੇ ਕਿਸ ਹਾਲਤ ਵਿਚ ਕਿਥੇ-ਕਿਥੇ ਜਾ ਡਿੱਗੇ ਸਨ। ਪਤਾ ਨਹੀਂ ਕੌਣ ਖੁਸ਼ਕਿਸਮਤ ਆਪਣੇ




**ਗੁਰਬਚਨ ਸਿੰਘ ਭੁੱਲਰ**
**ਫੋਨ:+91 8076363058**
**bhullargs@gmail.com**


ਪਰਿਵਾਰ ਸਮੇਤ ਸਹੀ-ਸਲਾਮਤ ਇਧਰ ਪਹੁੰਚ ਕੇ ਕਿਥੇ ਟਿਕ ਗਿਆ ਸੀ ਅਤੇ ਪਤਾ ਨਹੀਂ ਹੋਣੀ ਨੇ ਕਿਸ ਬਦਕਿਸਮਤ ਨੂੰ ਉਹਦਾ ਕੌਣ-ਕੌਣ ਖੋਹ ਕੇ ਇਸ ਓਪਰੀ ਧਰਤੀ ਉੱਤੇ ਕਿਥੇ ਲਿਆ ਪਟਕਿਆ ਸੀ। ਇਕ ਦੂਜੇ ਦਾ ਪਤਾ ਲੱਗਣਾ ਰੱਬ ਆਸਰੇ ਸੀ। ਨੇੜਲਿਆਂ ਤੋਂ ਵਿੱਛੜੇ ਲੋਕ ਗੁਆਚਿਆਂ ਨੂੰ ਮਿਲਾਉਣ ਵਾਸਤੇ ਖੁੱਲ੍ਹੇ ਦਫ਼ਤਰਾਂ ਦੇ ਚੱਕਰ ਕਟਦੇ ਰਹਿੰਦੇ ਸਨ ਜਾਂ ਬੇਸਹਾਰਿਆਂ ਦਾ ਸਹਾਰਾ ਬਣੇ ਹੋਏ ਕੈਂਪਾਂ ਨੂੰ ਇਕ ਵਾਰ ਫੇਰ ਫਰੋਲ ਆਉਂਦੇ ਸਨ। ਗੁਰਦੁਆਰੇ ਤੇ ਮੰਦਰ ਇਕ ਹੋਰ ਟਿਕਾਣਾ ਸਨ ਜਿਥੇ ਅਚਾਨਕ ਮੇਲ ਹੋ ਜਾਣ ਦੀ ਸੰਭਾਵਨਾ ਬਣੀ ਰਹਿੰਦੀ ਸੀ। ਕੋਈ ਰੱਬ ਦਾ ਸ਼ੁਕਰ ਕਰਨ ਆਉਂਦਾ, ਤੇਰੀ ਕਿਰਪਾ ਨਾਲ ਜਾਨਾਂ ਬਚ ਗਈਆਂ, ਬਾਕੀ ਸਭ ਵੀ ਤੂੰ ਹੀ ਦੇਣਾ ਹੈ। ਕੋਈ ਉਲਾਂਭਾ ਦੇਣ ਆਉਂਦਾ, 'ਰੱਬਾ, ਤੂੰ ਕੇਹਾ ਰੱਬ ਹੈਂ, ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ?' ਤੇ ਅੱਗੇ ਤੋਂ ਆਪਣਾ ਬਿਰਦ ਪਛਾਣ ਕੇ ਹਰ ਔਖੀ ਘੜੀ ਤੋਂ ਬਚਾਈ ਰੱਖਣ ਦੀ ਜੋਦੜੀ ਕਰਦਾ, 'ਅਉਖੀ ਘੜੀ ਨਾ ਦੇਖਣ ਦੇਈ, ਅਪਨਾ ਬਿਰਦੁ ਸਮਾਲੇ। ਹਾਥ ਦੇਇ ਰਾਖੈ ਅਪਨੇ ਕਉ, ਸਾਸਿ ਸਾਸਿ ਪ੍ਰਤਿਪਾਲੇ।'

ਆਪਣੇ ਵਾਹੇ ਕਹਿਰ ਦੀ ਖ਼ੂਨੀ ਤਸਵੀਰ ਤੋਂ ਪਰੇਸ਼ਾਨ ਹੋ ਕੇ ਕਿਤੇ ਮੂੰਹ ਛੁਪਾਈਂ ਬੈਠਾ ਰੱਬ ਪਤਾ ਨਹੀਂ ਕਿਸ ਦੀ ਗੱਲ ਸੁਣ ਲੈਂਦਾ ਸੀ ਅਤੇ ਕਿਸ ਦੀ ਅਨਸੁਣੀ ਕਰ ਦਿੰਦਾ ਸੀ। ਪਰ ਅੱਜ ਉਹਨੇ ਦਰਵੇਸ਼ ਜੀ ਤੇ ਤੀਰਥ ਸਿੰਘ ਦੀਆਂ ਅਰਦਾਸਾਂ ਤਾਂ ਸੁਣ ਹੀ ਲਈਆਂ ਸਨ। ਇਕ ਦੂਜੇ ਦਾ ਦਿੱਲੀ ਆ ਪਹੁੰਚਣਾ ਜਾਣ ਕੇ ਦੋਵਾਂ ਦਾ ਖ਼ੁਸ਼ ਹੋਣਾ ਸੁਭਾਵਿਕ ਸੀ। ਆਪਸੀ ਖ਼ੈਰ-ਖ਼ੈਰੀਅਤ ਜਾਣ ਕੇ ਨੀਰ ਤਾਂ ਥੰਮ੍ਹਿਆ ਹੀ, ਦਿਲਾਂ ਵਿਚ ਠੰਢ ਵੀ ਪੈ ਗਈ। ਸੁਖ ਦਾ ਸਾਹ ਲੈ ਕੇ ਉਨ੍ਹਾਂ ਨੇ ਇਕ ਦੂਜੇ ਦੇ ਹੱਥ ਘੁੱਟ ਕੇ ਫੜ ਲਏ ਜਿਵੇਂ ਕਹਿ ਰਹੇ ਹੋਣ, ਹੁਣ ਨਹੀਂ ਇਹ ਛੱਡਣੇ! ਪਰ ਅਸਲ ਗੱਲ ਦੋਵਾਂ ਵਿਚੋਂ ਕਿਸੇ ਨੇ ਵੀ ਸਾਂਝੀ ਨਾ ਕੀਤੀ। ਸ਼ਾਇਦ ਪਹਿਲੀ ਮਿਲਣੀ ਵਿਚ ਹੀ ਇਹ ਸੰਭਵ ਵੀ ਨਹੀਂ ਸੀ ਤੇ ਵਾਜਬ ਵੀ ਨਹੀਂ। ਦਰਵੇਸ਼ ਜੀ ਵਾਸਤੇ ਜਗਦੀਪ ਦੀ ਸਲਾਹ ਪੁੱਛਣੀ ਜ਼ਰੂਰੀ ਸੀ। ਤੀਰਥ ਸਿੰਘ ਵੀ ਸਮਝਦਾ ਸੀ, ਪਹਿਲਾਂ ਸਤਿਨਾਮ ਕੌਰ ਤੇ ਗੁਰਮੁਖ ਨਾਲ ਗੱਲ ਕਰਨੀ ਬਣਦੀ ਹੈ। ਭਾਵੇਂ ਉਹ ਜਾਣਦਾ ਸੀ, ਉਨ੍ਹਾਂ ਨੇ ਤਾਂ ਸੁਣਦਿਆਂ ਹੀ ਨਾਤਾ ਜੋੜਨ ਲਈ ਕਾਹਲੇ ਪੈ ਜਾਣਾ ਸੀ।

ਜਵਾਨ ਧੀਆਂ ਵਾਲੇ ਪਰਿਵਾਰ, ਡੋਲਦੇ ਪੈਰ ਧਰਤੀ ਉੱਤੇ ਟਿਕਦਿਆਂ ਹੀ ਉਨ੍ਹਾਂ ਦੇ ਹੱਥ ਪੀਲੇ ਕਰਨ ਲਈ ਉਤਾਵਲੇ ਹੋ ਗਏ ਸਨ। ਇਕ ਫ਼ਿਕਰ ਤਾਂ ਮੁੱਕੇ! ਇਕ ਭਾਰ ਤਾਂ ਘਟੇ! ਧੀ ਆਪਣੇ ਘਰ ਜਾਵੇ, ਸੁਖੀ ਵਸੇ ਤੇ ਅਸੀਂ ਲੀਹੋਂ ਲੱਥੀ ਜ਼ਿੰਦਗੀ ਨੂੰ ਮੁੜ ਪਟੜੀ ਉੱਤੇ ਪਾਉਣ ਦਾ ਜਤਨ ਕਰਨ ਲੱਗੀਏ। ਜਗਦੀਪ ਨੂੰ ਵਿਆਹੁਣ ਦੀ ਦਰਵੇਸ਼ ਜੀ ਦੀ ਕਾਹਲ ਦਾ ਇਹ ਕਾਰਨ ਤਾਂ ਸੀ ਹੀ, ਇਕ ਕਾਰਨ ਹੋਰ ਵੀ ਸੀ। ਉਸ ਦੀ ਮਾਤਾ ਛੋਟੀ ਜਿਹੀ ਨੂੰ ਉਨ੍ਹਾਂ ਦੀ ਝੋਲੀ ਪਾ ਕੇ ਅਗਲੇ ਜਹਾਨ ਦੇ ਰਾਹ ਤੁਰ ਗਈ ਸੀ। ਉਹ ਪਿਤਾ ਵੀ ਸਨ ਤੇ ਮਾਤਾ ਵੀ। ਉਸ ਦਾ ਹਰ ਫ਼ਿਕਰ ਉਨ੍ਹਾਂ ਨੇ ਹੀ ਕਰਨਾ ਸੀ। ਇਸ ਘੱਲੂਘਾਰੇ ਤੋਂ ਪਹਿਲਾਂ ਉਨ੍ਹਾਂ ਨੂੰ ਕਦੀ ਅਜਿਹਾ ਮਹਿਸੂਸ ਨਹੀਂ ਸੀ ਹੋਇਆ, ਪਰ ਹੁਣ ਅਚਾਨਕ ਇਉਂ ਲਗਣ ਲੱਗਿਆ ਜਿਵੇਂ ਝੋਲੀ ਏਨੀ ਭਾਰੀ ਹੋ ਗਈ ਹੈ ਕਿ ਹੋਰ ਸਮੇਂ ਲਈ ਚੁੱਕੀ ਰੱਖਣੀ ਮੁਸ਼ਕਿਲ ਹੋ ਰਹੀ ਹੈ।

ਜਵਾਨ ਪੁੱਤਰਾਂ ਵਾਲੇ ਪਰਿਵਾਰ ਵੀ ਨਵੇਂ ਰਿਸ਼ਤੇ ਜੋੜਨ ਦੇ ਚਾਹਵਾਨ ਸਨ। ਤੀਰਥ ਸਿੰਘ ਤੇ ਸਤਿਨਾਮ ਕੌਰ ਦੀ ਰੀਝ ਸੀ, ਨਵਾਂ ਜੀਅ ਘਰ ਵਿਚ ਖ਼ੁਸ਼ੀ ਬਣ ਕੇ ਆਵੇ ਅਤੇ ਉਦਾਸੀ ਦੀ ਧੁੰਦ ਕੁਛ ਪਤਲੀ ਪਵੇ। ਕੀ ਪਤਾ ਉਹ ਜੀਅ ਕਿੰਨਾ ਭਾਗਾਂਵਾਲਾ ਹੋਵੇ ਤੇ ਉਸੇ ਦੇ ਕਰਮਾਂ ਨੂੰ ਸਾਰੇ ਦੁੱਖ-ਦਰਦ ਹੋਏ-ਬੀਤੇ ਦੀ ਗੱਲ ਬਣ ਕੇ ਰਹਿ ਜਾਣ!

ਇਧਰਲੇ ਲੋਕਾਂ ਨਾਲ ਤਾਂ ਨਵੀਆਂ ਰਿਸ਼ਤੇਦਾਰੀਆਂ ਪਾਉਣ ਦੀ ਗੱਲ ਸੋਚੀ ਵੀ ਨਹੀਂ ਸੀ ਜਾ ਸਕਦੀ। ਨਾ ਕੋਈ ਜਾਣ, ਨਾ ਪਛਾਣ। ਨਾ ਕੋਈ ਸਮਾਜਕ ਸਾਂਝ, ਨਾ ਰਹਿਤਲ ਦੀ ਸਮਾਨਤਾ। ਸਰਕਾਰ ਨੇ ਹੀ ਉਨ੍ਹਾਂ ਦਾ ਨਾਂ ਸ਼ਰਨਾਰਥੀ ਰੱਖ ਛੱਡਿਆ ਸੀ ਤਾਂ ਇਧਰਲੇ ਲੋਕਾਂ ਨੇ ਤਾਂ ਤਰਸ-ਭਾਵਨਾ ਨਾਲ ਦੇਖਣਾ ਹੀ ਹੋਇਆ। ਸ਼ਰਨ ਪਏ ਸ਼ਰਨ ਦੇਣ ਵਾਲਿਆਂ ਨੂੰ ਧੀਆਂ ਦੇਣ ਜਾਂ ਉਨ੍ਹਾਂ ਦੀਆਂ ਧੀਆਂ ਲੈਣ ਦਾ ਖ਼ਿਆਲ ਤੱਕ ਵੀ ਮਨ ਵਿਚ ਕਿਵੇਂ ਲਿਆ ਸਕਦੇ ਸਨ। ਕੁਦਰਤੀ ਸੀ, ਅਜਿਹੇ ਵੇਲੇ ਉਨ੍ਹਾਂ ਦੀ ਨਜ਼ਰ ਆਪਣੇ ਉਧਰਲੇ ਰਿਸ਼ਤੇਦਾਰਾਂ ਤੇ ਦੋਸਤਾਂ-ਮਿੱਤਰਾਂ ਵੱਲ ਹੀ ਜਾਂਦੀ।

ਦਰਵੇਸ਼ ਜੀ ਦੇ ਚੇਤੇ ਵਿਚ ਕਈ ਮੁੰਡੇ ਉਭਰਦੇ ਜਿਹੜੇ ਜਗਦੀਪ ਵਾਸਤੇ ਠੀਕ ਰਹਿ ਸਕਦੇ ਸਨ। ਉਨ੍ਹਾਂ ਕਈਆਂ ਵਿਚੋਂ ਗੁਰਮੁਖ ਸਿੰਘ ਸੀ ਜੋ ਵਾਰ-ਵਾਰ ਸਾਹਮਣੇ ਆਉਂਦਾ। ਪਰ ਕੀ ਪਤਾ, ਗੁਰਮੁਖ ਕਿਥੇ ਸੀ! ਕਿਥੇ ਸੀ ਤੇ ਕਿਸ ਹਾਲ ਵਿਚ ਸੀ ਤੀਰਥ ਸਿੰਘ ਦਾ ਪਰਿਵਾਰ! ਵਾਹਿਗੁਰੂ ਕਰੇ, ਉਹ ਸਹੀ-ਸਲਾਮਤ ਇਧਰ ਆ ਗਏ ਹੋਣ! ਇਸੇ ਕਰਕੇ ਉਹ ਗੱਲ ਨੂੰ ਆਪਣੇ ਤੱਕ ਹੀ ਰਖਦੇ, ਜਗਦੀਪ ਨਾਲ ਸਾਂਝੀ ਨਹੀਂ ਸਨ ਕਰਦੇ।

ਤੀਰਥ ਸਿੰਘ ਦੀ ਨਜ਼ਰ ਵੀ ਉਧਰਲੇ ਪਰਿਵਾਰਾਂ ਉੱਤੇ ਘੁੰਮਦੀ ਹੋਈ ਆਖ਼ਰ ਜਗਦੀਪ ਉੱਤੇ ਟਿਕ ਜਾਂਦੀ। ਸੱਚ ਤਾਂ ਇਹ ਸੀ ਕਿ ਜਗਦੀਪ ਤੋਂ ਬਿਨਾਂ ਕੋਈ ਹੋਰ ਚਿਹਰਾ ਮਨ ਦੀਆਂ ਅੱਖਾਂ ਸਾਹਮਣੇ ਉਭਰਦਾ ਹੀ ਨਹੀਂ ਸੀ। ਪਰ ਕੌਣ ਜਾਣੇ, ਕਿਥੇ ਤੇ ਕਿਵੇਂ ਸਨ ਦਰਵੇਸ਼ ਜੀ ਤੇ ਉਨ੍ਹਾਂ ਦੀ ਰਾਣੀ ਧੀ ਜਗਦੀਪ! ਉਹ ਅਰਦਾਸ ਕਰਦੇ, ਵਾਹਿਗੁਰੂ, ਉਹ ਦੋਵੇਂ ਰਾਜ਼ੀ-ਖ਼ੁਸ਼ੀ ਇਧਰ ਪਹੁੰਚ ਗਏ ਹੋਣ! ਇਸ ਹਾਲਤ ਵਿਚ ਆਪਣਾ ਸੁਪਨਾ ਪਰਿਵਾਰ ਨਾਲ ਸਾਂਝਾ ਕਰਨਾ ਉਨ੍ਹਾਂ ਨੂੰ ਵੀ ਠੀਕ ਨਾ ਲਗਦਾ।

ਰਿਸ਼ਤੇਦਾਰੀ ਕੁਛ ਦੁਰੇਡੀ ਤਾਂ ਜ਼ਰੂਰ ਸੀ, ਪਰ ਏਨੀ ਦੁਰੇਡੀ ਵੀ ਨਹੀਂ ਕਿ ਵਿਆਹ-ਸਾਹਿਆਂ ਤੇ ਖ਼ੁਸ਼ੀਆਂ-ਗ਼ਮੀਆਂ ਮੌਕੇ ਦੋਵਾਂ ਪਰਿਵਾਰਾਂ ਦਾ ਮੇਲ-ਮਿਲਾਪ ਸਮੇਂ-ਸਮੇਂ ਨਾ ਹੁੰਦਾ ਰਹਿੰਦਾ। ਇਕ ਦੂਜੇ ਦੀ ਭਾਈਚਾਰਕ ਹੈਸੀਅਤ ਵੀ ਉਹ ਚੰਗੀ ਤਰ੍ਹਾਂ ਜਾਣਦੇ ਸਨ ਅਤੇ ਸੂਰਤ-ਸੀਰਤ ਵੀ। ਤੀਰਥ ਸਿੰਘ ਦੇ ਪਰਿਵਾਰ ਨੇ ਜਿਵੇਂ ਬਾਲੜੀ ਜਗਦੀਪ ਨੂੰ ਪੋਟਾ-ਪੋਟਾ ਵਧ ਕੇ ਮੁਟਿਆਰ ਹੁੰਦੀ ਦੇਖਿਆ ਸੀ, ਗੁਰਮੁਖ ਵੀ ਉਸੇ ਤਰ੍ਹਾਂ ਦਰਵੇਸ਼ ਜੀ ਦੇ ਦੇਖਦਿਆਂ ਜਵਾਨ ਹੋਇਆ ਸੀ।

ਗੱਲਾਂ-ਗੱਲਾਂ ਵਿਚ ਗੁਰਮੁਖ ਦਾ ਅਣਵਿਆਹਿਆ ਹੋਣਾ ਜਾਣ ਕੇ ਦਰਵੇਸ਼ ਜੀ ਨੂੰ ਡਾਢਾ ਸ਼ਕੁਨ ਮਿਲਿਆ। ਉਹ ਸੋਹਣਾ ਸੀ, ਗੋਰਾ-ਚਿੱਟਾ, ਲੰਮਾ-ਲੰਝਾ, ਪੜ੍ਹਿਆ-ਲਿਖਿਆ, ਸੁਭਾਅ ਦਾ ਸਾਊ ਤੇ ਮਿੱਠਬੋਲੜਾ। ਗੱਲ ਜਗਦੀਪ ਦੇ ਕੰਨੀਂ ਕੱਢ ਕੇ ਜਿੰਨੀ ਛੇਤੀ ਹੋ ਸਕੇ, ਗੁਰਮੁਖ ਦੀ ਮੇਰ ਕਰ ਲੈਣੀ ਚਾਹੀਦੀ ਹੈ। ਕੁਛ ਅਜਿਹੀ ਹੀ ਉਤਾਵਲਤਾ ਤੀਰਥ ਸਿੰਘ ਦੀ ਸੀ। ਜੇ ਗੁਰਮੁਖ ਨਾਲ ਜਗਦੀਪ ਦਾ ਨਾਤਾ ਜੁੜ ਜਾਵੇ, ਪਰਿਵਾਰ ਦੀ ਉਦਾਸੀ ਵਿਚ ਨਵੇਂ ਜੀਵਨ ਦਾ ਖੇੜਾ ਆਵੇ। ਘਰੇ ਗੱਲ ਸਾਂਝੀ ਕਰ ਕੇ ਜਿੰਨੀ ਛੇਤੀ ਹੋ ਸਕੇ, ਦਰਵੇਸ਼ ਜੀ ਤੋਂ ਜਗਦੀਪ ਦਾ ਹੱਥ ਮੰਗ ਲੈਣਾ ਚਾਹੀਦਾ ਹੈ।

ਤੀਰਥ ਸਿੰਘ ਦੇ ਮਨ ਵਿਚ ਜਗਦੀਪ ਦੀ ਉਹ ਤਸਵੀਰ ਉਜਾਗਰ ਹੋ ਗਈ, ਜਿਸ ਸਦਕਾ ਉਹ ਸਕੇ-ਸੰਬੰਧੀਆਂ ਅਤੇ ਜਾਣਕਾਰਾਂ ਦੀਆਂ ਕਿੰਨੀਆਂ ਹੀ ਬੱਚੀਆਂ ਵਿਚੋਂ ਵੱਖਰੀ ਬਣ ਗਈ ਸੀ। ਗੁਰੂ ਨਾਨਕ ਦੇਵ ਜੀ ਦਾ ਜਨਮ-ਦਿਵਸ ਮਨਾਇਆ ਜਾ ਰਿਹਾ ਸੀ। ਸਟੇਜ ਤੋਂ ਇਲਾਕੇ ਦੇ ਕਈ ਮਸ਼ਹੂਰ ਕਵੀਆਂ ਨੇ ਕਵਿਤਾਵਾਂ ਬੋਲੀਆਂ ਸਨ। ਫੇਰ ਸਟੇਜ ਸਕੱਤਰ ਨੇ ਆਖਿਆ, 'ਹੁਣ ਇਕ ਅਜਿਹੀ ਬੱਚੀ ਬਾਬਾ ਜੀ ਦੇ ਚਰਨਾਂ ਵਿਚ ਆਪਣੀ ਸ਼ਰਧਾ ਦੇ ਫੁੱਲ ਭੇਟ ਕਰੇਗੀ, ਜਿਸ ਦੀ ਕਲਮ ਬੜੀ ਛੋਟੀ ਉਮਰ ਵਿਚ ਹੀ ਚੰਗੇ ਕਵੀਆਂ ਵਰਗੇ ਜੌਹਰ ਦਿਖਾਉਣ ਲੱਗੀ ਹੈ।' ਸਾਰੀ ਸੰਗਤ ਦੀ ਉਤਸੁਕਤਾ ਜਾਗ ਪਈ, ਕੌਣ ਹੋਈ ਇਹ ਬੱਚੀ! ਤਦੇ ਉਹਨੇ ਕਿਹਾ, 'ਬਾਬਾ ਜੀ ਦੀ ਬਖ਼ਸ਼ਿਸ਼ ਵਾਲੀ ਇਹ ਬੱਚੀ ਹੈ ਆਪਣੇ ਦਰਵੇਸ਼ ਜੀ ਦੀ ਪੁੱਤਰੀ, ਬੀਬੀ ਜਗਦੀਪ ਕੌਰ!'

ਜਗਦੀਪ ਕੌਰ ਕੁਛ ਸੰਗਦੀ-ਸ਼ਰਮਾਉਂਦੀ ਜਿਹੀ ਸਟੇਜ ਉੱਤੇ ਆਈ ਅਤੇ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ' ਬੁਲਾ ਕੇ ਕਵਿਤਾ ਪੜ੍ਹਨ ਲੱਗੀ। ਬਾਰਾਂ ਕੁ ਸਾਲ ਦੀ ਮਸਾਂ ਹੋਵੇਗੀ, ਗੁਲਾਬੀ ਗੋਰਾ ਰੰਗ, ਲੰਮੀ ਗੁੱਤ ਵਿਚ ਗੁਲਾਬੀ ਹੀ ਰਿਬਨ ਦਾ ਫੁੱਲ ਬਣਾਇਆ ਹੋਇਆ, ਰਬੜ ਦੀ ਗੁੱਡੀ ਜਿਹੀ, ਪਹਿਲੀ ਨਜ਼ਰੇ ਹੀ ਸਭ ਦਾ ਮਨ ਮੋਹ ਲੈਣ ਵਾਲੀ। ਝਿਜਕ ਤਾਂ ਪਹਿਲੀ ਸਤਰ ਬੋਲਦਿਆਂ ਹੀ ਲੱਥ ਗਈ। ਹੁਣ ਉਹ ਇਉਂ ਬੋਲ ਰਹੀ ਸੀ, ਜਿਵੇਂ ਸਟੇਜਾਂ ਤੋਂ ਆਮ ਹੀ ਬੋਲਦੇ ਰਹਿਣ ਵਾਲੇ ਕਵੀ ਬੋਲਿਆ ਕਰਦੇ ਹਨ। ਉਹਨੇ ਅਨੁਭਵੀ ਕਵੀਆਂ ਵਾਂਗ ਤੁਕਾਂ ਦੁਹਰਾ-ਦੁਹਰਾ ਕੇ ਕਵਿਤਾ ਕੀ ਬੋਲੀ, ਲੋਕ ਸਾਹ ਲੈਣਾ ਹੀ ਭੁੱਲ ਗਏ। ਜਿਉਂ ਹੀ ਕਵਿਤਾ ਸਮਾਪਤ ਕਰ ਕੇ ਉਸ ਨੇ ਫ਼ਤਿਹ ਬੁਲਾਈ, ਮੰਤਰ-ਮੁਗਧ ਹੋਈ ਸੰਗਤ ਨੇ ਆਪਣੀ ਪ੍ਰਸੰਸਾ 'ਜੋ ਬੋਲੇ ਸੋ ਨਿਹਾਲ...' ਦੇ ਗੂੰਜਵੇਂ ਜੈਕਾਰੇ ਦੇ ਰੂਪ ਵਿਚ ਪਰਗਟ ਕੀਤੀ। ਆਖ਼ਰੀ ਦੋ ਬੰਦ ਤਾਂ ਲੋਕਾਂ ਨੇ ਦੋ ਵਾਰ ਸੁਣੇ, ਜਿਸ ਕਰਕੇ ਉਹ ਤੀਰਥ ਸਿੰਘ ਨੂੰ ਅੱਜ ਵੀ ਚੇਤੇ ਸਨ:

> ਕਿਥੇ ਜਾ ਕੇ ਬਾਬਾ ਜੀ ਬੈਠ ਗਏ ਹੋ,
> ਜੱਗ ਤੁਸਾਂ ਦਾ ਹੋਰ ਦਾ ਹੋਰ ਹੋਇਆ।
> ਤੁਸਾਂ ਕੀਤਾ ਸੀ ਧੁੰਦ ਨੂੰ ਮੇਟ ਚਾਨਣ,
> ਦੇਖੋ ਫੇਰ ਹਨੇਰਾ ਹੈ ਘੌਰ ਹੋਇਆ।
> ਇਥੇ ਚੋਰ ਨੂੰ ਤਾਂ ਕੋਈ ਕੀ ਆਖੇ,
> ਹੁਣ ਤਾਂ ਸਾਧ ਵੀ ਜਾਪਦਾ ਚੋਰ ਹੋਇਆ।
> ਰਬਾਬ ਰਹੀ ਮਰਦਾਨੇ ਦੀ ਠੰਢ ਪਾਉਂਦੀ,
> ਅੱਜ ਕੂੜ ਦਾ ਮੱਚਿਆ ਸ਼ੋਰ ਹੋਇਆ।
> ਕਿਹੜੀ ਘੜੀ ਨੂੰ ਤੁਸੀਂ ਉਡੀਕਦੇ ਹੋ,
> ਇਕ ਪਲ ਨਾ ਹੋਰ ਲੰਘਾਓ ਬਾਬਾ।
> ਫੇਰ ਧੁੰਦ ਮਿਟਾ ਕੇ ਕਰੋ ਚਾਨਣ,
> ਪਹਿਰਾ ਸੱਚ ਦਾ ਫੇਰ ਲਿਆਓ ਬਾਬਾ।
> ਲੈ ਕੇ ਆਪਣੇ ਸਖੇ ਨੂੰ ਨਾਲ ਆਉ,
> ਤੁਸਾਂ ਦੋਵਾਂ ਦੀ ਡਾਢੀ ਹੈ ਲੋੜ ਸਾਨੂੰ।
> ਬਾਣੀ ਤੁਸਾਂ ਦੀ ਨੂੰ ਓਵੇਂ ਤਰਸਦੇ ਹਾਂ,
> ਜਿਵੇਂ ਜਾਪੇ ਰਬਾਬ ਦੀ ਥੋੜ ਸਾਨੂੰ।
> ਉਚਰੋ ਸ਼ਬਦ ਕੋਈ ਸੀਤਲ ਫ਼ੁਹਾਰ ਜੇਹਾ,
> ਸੁਖ-ਸ਼ਾਂਤੀ ਨਾਲ ਦਿਓ ਜੋੜ ਸਾਨੂੰ।
> ਪੋਟੇ ਭਾਈ ਮਰਦਾਨੇ ਦੇ ਸੁਰ ਛੇੜਨ,
> ਦੇਣ ਕਸ਼ਟ-ਕਲੇਸ਼ ਤੋਂ ਤੋੜ ਸਾਨੂੰ।
> ਕੰਨ ਤਾਂਘਦੇ ਸੁਰ ਤੇ ਸ਼ਬਦ ਤਾਂਈਂ,
> ਦਰਸ਼ਨ ਦਿਉ, ਨਾ ਨੈਣ ਤਰਸਾਓ ਬਾਬਾ।
> ਸਾਡੀ ਇਕੋ ਫ਼ਰਿਆਦ ਨਿਮਾਣਿਆਂ ਦੀ,
> ਬਹੁੜੋ ਆਓ ਬਾਬਾ, ਬਹੁੜੋ ਆਓ ਬਾਬਾ!

ਦਰਵੇਸ਼ ਜੀ ਦੀ ਵਿਦਵਤਾ ਅਤੇ ਨੇਕੀ ਨੂੰ ਸਾਰਾ ਇਲਾਕਾ ਮੰਨਦਾ ਸੀ। ਉਹ ਕਵੀ ਵੀ ਚੰਗੇ ਸਨ। ਸਿਰਫ਼ ਧਾਰਮਿਕ ਅਤੇ ਸਮਾਜ-ਸੁਧਾਰਕ ਕਵਿਤਾਵਾਂ ਹੀ ਲਿਖਦੇ। ਕੁਛ ਸ਼ੰਕੇਬਾਜ਼ ਆਖਦੇ, ਬੱਚੀ ਦਾ ਚਾਅ ਪੂਰਾ ਕਰਨ ਲਈ ਕਵਿਤਾ ਉਨ੍ਹਾਂ ਨੇ ਲਿਖ ਕੇ ਦਿੱਤੀ ਹੋਵੇਗੀ। ਪਰ ਉਨ੍ਹਾਂ ਦੇ ਸੁਭਾਅ ਨੂੰ ਜਾਣਨ ਵਾਲੇ ਕਹਿੰਦੇ, ਆਪ ਲਿਖ ਕੇ ਦੇਣੀ ਤਾਂ ਦੂਰ, ਉਹ ਬੱਚੀ ਨੂੰ ਅਜਿਹੀ ਆਗਿਆ ਤੱਕ ਨਹੀਂ ਦੇਣਗੇ ਕਿ ਉਹ ਗੁਰਦੁਆਰਾ ਸਾਹਿਬ ਦੀ ਸਟੇਜ ਤੋਂ ਕਿਸੇ ਹੋਰ ਦੀ ਕਵਿਤਾ ਨੂੰ ਆਪਣੀ ਦੱਸ ਕੇ ਬੋਲਣ ਦਾ ਪਾਪ ਕਮਾਵੇ।

ਗੁਰਦੁਆਰੇ ਵਿਚ ਸਜਦੇ ਦੀਵਾਨਾਂ ਵਿਚ ਤਾਂ ਜਗਦੀਪ ਕੌਰ ਅਕਸਰ ਬੋਲਦੀ ਹੀ, ਚਾਰ ਕੁ ਸਾਲ ਲੰਘੇ ਹੋਣਗੇ, ਜਦੋਂ ਉਸ ਨੇ ਸ਼ਹਿਰ ਦੇ ਚੌਕ ਵਿਚ ਹੋਏ ਕਵੀ-ਦਰਬਾਰ ਵਿਚ ਕਵਿਤਾ ਬੋਲ ਕੇ ਸਭ ਨੂੰ ਹੈਰਾਨ ਕਰ ਦਿੱਤਾ। ਇਹ ਮਾਸੂਮ ਜਿਹੀ ਕਵਿਤਾ ਸੀ ਜਿਸ ਵਿਚ ਸੱਚ ਦੀ ਥਾਂ ਸੁਪਨੇ ਬੁਣੇ ਹੋਏ ਸਨ। ਸੀਮਤ ਧਾਰਮਿਕ ਸਟੇਜ ਤੋਂ ਉਸ ਨੇ ਸਾਹਿਤ ਦੇ ਖੁੱਲ੍ਹੇ ਸੰਸਾਰ ਵਿਚ ਪੈਰ ਰੱਖ ਕੇ ਸਭ ਦੇ ਸ਼ੰਕੇ ਦੂਰ ਕਰ ਦਿੱਤੇ ਸਨ। ਜ਼ਾਹਿਰ ਸੀ, ਅਜਿਹੀ ਕਵਿਤਾ ਦਰਵੇਸ਼ ਜੀ ਤਾਂ ਉਸ ਵਾਸਤੇ ਲਿਖ ਨਹੀਂ ਸਨ ਸਕਦੇ। ਹਾਂ, ਉਹਦੇ ਇਸ ਵਿਕਾਸ ਵਿਚ ਦਰਵੇਸ਼ ਜੀ ਦੀ ਸਹਿਮਤੀ ਅਤੇ ਹਲਾਸ਼ੇਰੀ ਜ਼ਰੂਰ ਰਹੀ ਹੋਵੇਗੀ। ਕਵਿਤਾ ਸਫਲ ਰਹੀ। ਖ਼ੂਬ ਵਾਹ-ਵਾਹ ਹੋਈ। ਸਰੋਤਿਆਂ ਦਾ ਹੁੰਗਾਰਾ ਦੇਖ ਕੇ ਕਵੀ-ਦਰਬਾਰ ਦੇ ਪ੍ਰਬੰਧਕਾਂ ਨੇ ਵੀ ਸਭ ਤੋਂ ਚੰਗੇ ਕਵੀਆਂ ਨੂੰ ਦਿੱਤੇ ਜਾਂਦੇ ਤਿੰਨ ਇਨਾਮਾਂ ਤੋਂ ਵੱਖਰਾ ਇਕ ਵਿਸ਼ੇਸ਼ ਇਨਾਮ ਉਹਨੂੰ ਭੇਟ ਕੀਤਾ। ਉਹਦੀ ਕਵਿਤਾ ਸੀ:

> ਕਿਧਰ ਗਏ ਹੁਣ ਦਿਨ ਉਹ ਭੋਲੇ,
> ਕਿਥੇ ਗੁੱਡੀਆਂ, ਕਿਥੇ ਪਟੋਲੇ।
> ਬਿਨ ਸਖੀਆਂ ਨਾ ਚੈਨ ਸੀ ਆਉਂਦਾ,
> ਹੱਸਣ-ਖੇਡਣ ਸੀ ਬੱਸ ਭਾਉਂਦਾ।
> ਸੰਸੇ-ਫ਼ਿਕਰ ਨਾ ਨੇੜੇ ਆਉਂਦੇ,
> ਹਾਸੇ-ਖੇਡੇ ਹੀ ਮਨ ਭਾਉਂਦੇ।
> ਰਾਹ ਵਿਚ ਕੇਹਾ ਮੋੜ ਇਹ ਆਇਆ,
> ਸਭ ਕੁਛ ਹੋ ਗਿਆ ਜਿਵੇਂ ਪਰਾਇਆ।
> ਹੋਰ ਹੀ ਗੁੱਡੀਆਂ, ਹੋਰ ਪਟੋਲੇ,
> ਉਹ ਜੀਵਨ ਤਾਂ ਹੋ ਗਿਆ ਓਹਲੇ।
> ਮੈਨੂੰ ਹੀ ਕੋਈ ਅਹੁਰ ਹੈ ਲੱਗੀ,
> ਜਾਂ ਦੁਨੀਆ 'ਤੇ ਵਾ ਕੋਈ ਵੱਗੀ।
> ਕੁਛ ਵੀ ਨਾ ਹੁਣ ਰੂਹ ਨੂੰ ਭਾਵੇ,
> ਜਿੰਦ ਨੂੰ ਕੁਛ-ਕੁਛ ਹੁੰਦਾ ਜਾਵੇ।
> ਦਿਲ ਦੀ ਹਾਲਤ ਸਮਝ ਨਾ ਆਵੇ,
> ਕਿਸ ਕਾਰਨ ਇਹ ਭਟਕਿਆ ਜਾਵੇ।
> ਕਿਸ ਦੀਆਂ ਇਹ ਉਡੀਕਾਂ ਕਰਦਾ,
> ਔਸੀਆਂ ਪਾ-ਪਾ ਵਿਹੜਾ ਭਰਦਾ।
> ਸੁਪਨਿਆਂ ਵਿਚ ਜੋ ਮੁੜ-ਮੁੜ ਆਇਆ,
> ਉਹ ਚਿਹਰਾ ਤਾਂ ਮਨ ਦੀ ਮਾਇਆ।
> ਇਸ ਦੁਨੀਆ ਦਾ ਨਾ ਉਹ ਵਾਸੀ,
> ਮੇਰੇ ਵਿਹੜੇ ਕਿੰਜ ਆ ਜਾਸੀ।
> ਜਿੰਦ ਨੂੰ ਕੋਈ ਕੀ ਸਮਝਾਵੇ,
> ਕਿਉਂ ਛਲੀਏ ਦੀਆਂ ਆਸਾਂ ਲਾਵੇ।
> ਕਿਉਂ ਇਹ ਗੀਤ ਉਦਾਸੇ ਗਾਉਂਦੀ,
> ਕਿਉਂ ਇਹ ਰੋਗ ਅਵੱਲੇ ਲਾਉਂਦੀ।
> ਕੋਈ ਮੋੜ ਲਿਆਵੇ ਹਾਸੇ,
> ਗਾਉਣੇ ਚਾਹਾਂ ਗੀਤ ਹੁਲਾਸੇ।
> ਗੁੱਡੀਆਂ ਸੰਗ ਚਾਹਾਂ ਦਿਲ ਲਾਉਣਾ,
> ਸਖੀਆਂ ਦੇ ਸੰਗ ਹੱਸਣਾ-ਗਾਉਣਾ।
> ਕੋਈ ਉਹ ਦਿਨ ਝੋਲੀ ਪਾਵੇ,
> ਖ਼ੁਸ਼ੀਆਂ ਦੇ ਕੇ ਪੁੰਨ ਕਮਾਵੇ!

ਦੇਖਦਿਆਂ-ਦੇਖਦਿਆਂ ਦਰਵੇਸ਼ ਜੀ ਦੀ ਗੁੱਡੀ ਜਿਹੀ ਪੁੱਤਰੀ ਪ੍ਰਸਿੱਧ ਅਤੇ ਹਰਮਨਪਿਆਰੀ ਕਵਿੱਤਰੀ ਬਣਨ ਦੇ ਰਾਹ ਪੈ ਗਈ ਸੀ।

---

***(ਪਿਛਲੇ ਸਫੇ ਦਾ ਬਾਕੀ)***

ਨੂੰ ਬਲਾਕ ਕੀਤੇ ਜਾਣ ਕਾਰਨ ਸਾਰੇ ਸੰਸਾਰ 'ਚ ਹਾਹਾਕਾਰ ਮਚੀ ਹੋਈ ਹੈ। ਇਥੇ ਅਨੇਕਾਂ ਸਮੁੰਦਰੀ ਜਹਾਜ਼ ਫਸੇ ਖੜੇ ਹਨ। ਬਰਤਾਨੀਆ, ਜਰਮਨੀ, ਫਰਾਂਸ, ਖਾੜੀ ਮੁਲਕਾਂ ਸਮੇਤ 22 ਦੇਸ਼ਾਂ ਨੇ ਇਰਾਨ ਨੂੰ ਇਹ ਜਲ ਮਾਰਗ ਖੋਲ੍ਹਣ ਦੀ ਅਪੀਲ ਕੀਤੀ ਹੈ ਕਿਉਂਕਿ ਇਸ ਦੇ ਬੰਦ ਹੋਣ ਨਾਲ ਦੁਨੀਆਂ ਭਰ ਦੇ ਲੋਕਾਂ ਸਾਹਮਣੇ ਊਰਜਾ ਦਾ ਸੰਕਟ ਪੈਦਾ ਹੋ ਗਿਐ। ਉਧਰ ਟਰੰਪ ਨੇ ਇਰਾਨ ਨੂੰ ਧਮਕੀ ਦਿਤੀ ਹੈ ਕਿ ਜੇ ਕਰ ਇਹ ਜਲ ਮਾਰਗ 48 ਘੰਟਿਆਂ ਵਿਚ ਨਾ ਖੋਹਲਿਆ ਗਿਆ ਤਾਂ ਉਹ ਇਰਾਨ ਦੇ ਪਾਵਰ ਪਲਾਂਟਾਂ ਉਪਰ ਵਡੇ ਹਮਲੇ ਕਰਕੇ ਇਰਾਨ ਦੀ ਬੱਤੀ ਗੁੱਲ ਕਰ ਦੇਵੇਗਾ। ਪਰ ਇਰਾਨ ਨੇ ਮੋੜਵੇਂ ਜਵਾਬ 'ਚ ਕਿਹੈ ਕਿ ਜੇ ਅਮਰੀਕਾ ਨੇ ਅਜਿਹਾ ਕਰਨ ਬਾਰੇ ਸੋਚਿਆ ਵੀ ਤਾਂ ਉਹ ਅਮਰੀਕਾ ਦੇ ਊਰਜਾ ਟਿਕਾਣੇ ਮਲੀਆ ਮੇਟ ਕਰ ਦੇਵੇਗਾ।

ਪਰ ਅੱਜ, ਭਾਵ ਜੰਗ ਦੇ 24ਵੇਂ ਦਿਨ, ਟਰੰਪ ਨੇ ਇਹ ਹਮਲੇ 5 ਦਿਨ ਟਾਲਣ ਦੀ ਗੱਲ ਕਰ ਦਿਤੀ ਹੈ। ਨਾਲ ਹੀ ਉਸ ਨੇ ਇਹ ਦਾਅਵਾ ਵੀ ਕੀਤੈ ਕਿ ਪਿਛਲੇ ਦੋ ਦਿਨਾਂ ਤੋਂ ਇਰਾਨ ਨਾਲ ਗੱਲਬਾਤ ਚੱਲ ਰਹੀ ਹੈ। ਪਰ ਇਰਾਨ ਨੇ ਇਸ ਦਾਅਵੇ ਨੂੰ ਮੁੱਢੋਂ ਖਾਰਜ ਕਰ ਦਿਤਾ ਹੈ ਅਤੇ ਉਲਟਾ ਇਹ ਕਿਹੈ ਕਿ ਉਸ ਵਲੋਂ ਜਵਾਬੀ ਕਾਰਵਾਈ ਦੇ ਡਰੋਂ ਟਰੰਪ ਨੇ ਪਲਟੀ ਮਾਰੀ ਹੈ। ਜਦ ਤੀਕ ਇਹ ਲੇਖ ਛਪੇਗਾ ਉਦੋਂ ਤਕ ਪਤਾ ਨਹੀਂ ਊਠ ਕਿਸ ਕਰਵਟ ਬੈਠੇਗਾ ਅਤੇ ਜੰਗ ਦਾ ਚਿਹਰਾ-ਮੁਹਰਾ ਕਿਸ ਤਰਾਂ ਦਾ ਹੋਵੇਗਾ?

ਉਧਰ ਟਰੰਪ ਬਾਰ ਦੂਸਰੇ ਮੁਲਕਾਂ ਕੋਲੋਂ ਹੋਰਮੁਜ਼ ਜਲਮਾਰਗ ਖੋਲ੍ਹਣ ਲਈ ਸਹਿਯੋਗ ਦੇਣ ਲਈ ਵੀ ਕਹਿ ਰਿਹੈ ਤਾਂ ਕਿ ਸਾਂਝੇ ਤੌਰ ਤੇ ਵੈਸ਼ਵਿਕ ਊਰਜਾ ਪੂਰਤੀ/ਸਥਿਰਤਾ ਯਕੀਨੀ ਬਣਾਈ ਜਾ ਸਕੇ। ਹੁਣ 22 ਮੁਲਕ ਇਸ ਨੂੰ ਖੁਲਵਾਉਣ ਲਈ ਸਹਿਯੋਗ ਦੀ ਹਾਮੀ ਭਰਨ ਲਗੇ ਹਨ। ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਵਲੋਂ ਵੀ ਹੋਰਮੁਜ਼ ਜਲਮਾਰਗ ਖੋਹਲੇ ਜਾਣ ਲਈ ਸੁਖਾਵੇਂ ਸੰਵਾਦੀ ਤੇ ਕੂਟਨੀਤਕ ਵਾਤਾਵਰਨ ਬਣਾਏ ਜਾਣ ਦੀ ਵਕਾਲਤ ਕੀਤੀ ਗਈ ਹੈ।

ਕੱਚੇ ਤੇਲ, ਗੈਸ ਅਤੇ ਤੇਲ ਰਿਫਾਈਨਰੀਆਂ ਉਪਰ ਹੋ ਰਹੇ ਹਮਲਿਆਂ ਨੇ ਇਸ ਜੰਗ ਨੂੰ ਊਰਜਾ ਯੁੱਧ ਵਿਚ ਤਬਦੀਲ ਕਰ ਦਿਤੈ। ਸੁਣਦੇ ਸਾਂ ਕਿ ਅਗਲਾ ਯੁੱਧ ਪਾਣੀਆਂ ਦੇ ਸੰਕਟ ਕਾਰਨ ਹੋਵੇਗਾ ਪਰ ਉਸ ਤੋਂ ਪਹਿਲਾਂ ਹੀ ਇਹ ਊਰਜਾ ਯੁੱਧ ਛਿੜ ਗਿਐ।

ਆਪਾਂ ਸਭ ਨੂੰ ਪਤਾ ਹੀ ਹੈ ਕਿ ਕੱਚੇ ਤੇਲ ਅਤੇ ਹੋਰ ਊਰਜਾ ਉਤਪਾਦਾਂ ਦੇ ਰੇਟ ਵਧਣ ਕਾਰਨ ਦੁਨੀਆਂ ਭਰ 'ਚ ਇਨ੍ਹਾਂ ਵਸਤਾਂ ਦੀਆਂ ਕੀਮਤਾਂ ਅਤੇ ਕਿੱਲਤ ਵਧ ਗਈ ਹੈ। ਭਾਰਤ ਵਿਚ ਵੀ ਇਸ ਦਾ ਸੇਕ ਸਾਡੇ ਚੁਲ੍ਹਿਆਂ ਤੀਕ ਪੁਜ ਗਿਐ।


ਯੁੱਧ 'ਚ ਸੈਂਕੜੇ/ਹਜ਼ਾਰਾਂ ਲੋਕ ਮਾਰੇ ਜਾ ਚੁੱਕੇ ਹਨ ਅਤੇ ਸੈਂਕੜੇ/ਹਜ਼ਾਰਾਂ ਜ਼ਖ਼ਮੀ ਹੋ ਚੁੱਕੇ ਹਨ। ਅਰਬਾਂ-ਖਰਬਾਂ ਰੁਪਏ ਦਾ ਮੂਲ ਢਾਂਚਾ ਅਤੇ ਹੋਰ ਸਾਜ਼ੋ-ਸਾਮਾਨ ਨਸ਼ਟ ਹੋ ਚੁੱਕੈ। ਵਿਸ਼ਵ ਦੀ ਅਰਥ-ਵਿਵਸਥਾ ਦੀ ਚੂਲ ਹਿੱਲੀ ਪਈ ਹੈ ਪਰ ਜੰਗ ਅੱਜ 24ਵੇਂ ਦਿਨ 'ਚ ਪ੍ਰਵੇਸ਼ ਕਰ ਗਈ ਹੈ।

ਇਰਾਨ ਆਪਣੀ ਹੋਂਦ/ਵਜੂਦ ਦੀ ਲੜਾਈ ਲੜ ਰਿਹੈ। ਪਰ ਇਜ਼ਰਾਈਲ ਆਪਣੇ ਪੱਕੇ ਦੁਸ਼ਮਣ ਇਰਾਨ ਨਾਲ ਆਪਣੀ ਪੁਰਾਣੀ ਕਿੜ ਕੱਢ ਰਿਹੈ, ਅਮਰੀਕਾ ਟਰੰਪ ਦੀ ਟੈਂ ਮਨਾਏ ਜਾਣ ਦੀ ਲੜਾਈ ਲੜ ਰਿਹੈ ਅਤੇ ਪੂਰਾ ਵਿਸ਼ਵ ਟਰੰਪ ਦੀ ਇਸ 'ਨੀਰੋਈ' ਮੂਰਖਤਾ ਦਾ ਖਮਿਆਜ਼ਾ ਭੁਗਤ ਰਿਹੈ!

ਹਾਂ! ਅਮਰੀਕਾ ਦੇ ਹਥਿਆਰ ਵਿਕ ਰਹੇ ਹਨ। ਉਹ ਇਜ਼ਰਾਈਲ ਨੂੰ 151.8 ਮਿਲੀਅਨ ਅਮਰੀਕੀ ਡਾਲਰਾਂ ਦੇ ਆਧੁਨਿਕ ਹਥਿਆਰ, ਜਿਨ੍ਹਾਂ 'ਚ 12,000 ਹਵਾਈ ਬੰਬ ਸ਼ਾਮਿਲ ਹਨ, ਦੇਣ ਦਾ ਫੈਸਲਾ ਅਤੇ ਸੰਯੁਕਤ ਅਰਬ ਅਮੀਰਾਤ ਨੂੰ ਵੀ ਹੋਰ ਹਥਿਆਰ ਸਪਲਾਈ ਕਰਨ ਦਾ ਐਲਾਨ ਕਰ ਚੁਕੈ। ਸਾਨੂੰ ਨਿਦਾ ਫਾਜ਼ਲੀ ਦਾ ਸ਼ੇਅਰ ਯਾਦ ਆ ਰਿਹੈ-

'ਸਾਤ ਸਮੰਦਰ ਪਾਰ ਸੇ, ਕੋਈ ਕਰੇ ਵਿਉਪਾਰ,
ਪਹਿਲੇ ਭੇਜੇ ਸਰਹਦੇਂ, ਫਿਰ ਭੇਜੇ ਹਥਿਆਰ'!

ਸ. ਅਮਰੀਕ ਸਿੰਘ 'ਅਮਰ'
ਸ਼ਿਕਾਗੋ



## 'ਦਿਲ ਦੇ ਅਰਮਾਨ'

ਨ ਸੌਵੀਂ ਨ ਸੌਵੀਂ ਅਜੇ ਤਾਂ ਰਾਤ ਬਾਕੀ ਏ,
ਇਸ ਦਿਲ ਦੇ ਪੂਰੇ ਹੋਣੇ ਅਰਮਾਨ ਬਾਕੀ ਏ।

ਤਾਰਿਆਂ ਦੀ ਛਾਂ ਹੇਠ ਬੈਠੇ ਹਾਂ ਚੁੱਪ ਕਰਕੇ,
ਕਿਸੇ ਸੋਹਣੀ ਸਵੇਰ ਦੀ ਪਛਾਣ ਬਾਕੀ ਏ।

ਵਕਤ ਦੇ ਨਾਲ ਕਈ ਸੁਪਨੇ ਟੁੱਟ ਵੀ ਗਏ,
ਪਰ ਦਿਲ ਵਿਚ ਅਜੇ ਵੀ ਇਕ ਉਡਾਣ ਬਾਕੀ ਏ।

ਰਾਹਾਂ ਨੇ ਰੋਕਿਆ ਬਹੁਤ ਮੇਰੇ ਕਦਮਾਂ ਨੂੰ,
ਪਰ ਹੌਸਲਿਆਂ ਵਿਚ ਅਜੇ ਤੂਫ਼ਾਨ ਬਾਕੀ ਏ।

ਯਾਦਾਂ ਦੀ ਖੁਸ਼ਬੂ ਅਜੇ ਤੱਕ ਨਾਲ ਚੱਲਦੀ ਏ,
ਉਸ ਮਿਲਾਪ ਦੀ ਮਿੱਠੀ ਇਕ ਦਾਸਤਾਨ ਬਾਕੀ ਏ।

ਚੰਦ ਵੀ ਵੇਖ ਕੇ ਸਾਡੀ ਖ਼ਾਮੋਸ਼ੀ ਹੱਸਦਾ ਏ,
ਇਸ਼ਕ ਦਾ ਲਿਖਣਾ ਇੱਕ ਫ਼ਰਮਾਨ ਬਾਕੀ ਏ।

ਸਫ਼ਰ ਲੰਮਾ ਸਹੀ ਪਰ ਥੱਕਿਆ ਨਹੀਂ ਦਿਲ ਹਾਲੇ,
ਮੰਜ਼ਿਲ ਨਾਲ ਮਿਲਣ ਦਾ ਅਰਮਾਨ ਬਾਕੀ ਏ।

'ਅਮਰ' ਦਿਲ ਦੀ ਗਹਿਰਾਈ ਵਿਚ ਸਾਂਭੀ ਬੈਠਾ ਏ,
ਜੀਣ ਲਈ ਹਾਲੇ ਕਿੰਨੇ ਅਰਮਾਨ ਬਾਕੀ ਏ।

---

## ਭੂਆ ਤੇ ਫੁੱਫੜ

ਮਾਪਿਆਂ ਦੇ ਘਰ ਹੁੰਦੇ ਭੈਣ ਭਰਾ,
ਭੂਆ ਬਣਦੀ ਹੋਵੇ ਵੀਰ ਵਿਆਹ।
ਭਾਬੀ ਜਦੋਂ ਜੰਮੇ ਭਤੀਜੀ ਭਤੀਜਾ,
ਫੁੱਫੜ ਬਣੇ ਜੋ ਪਹਿਲਾਂ ਸੀ ਜੀਜਾ।

ਰਿਸ਼ਤਾ ਨਣਦ-ਭਾਬੀ ਦਾ ਮਿੱਠਾ,
ਮਾਂ ਤੋਂ ਵੱਧ ਕੇ ਪਿਆਰ ਜੁ ਡਿੱਠਾ।
ਬਣ ਸਹੇਲੀਆਂ ਦੁੱਖ-ਸੁੱਖ ਵੰਡਣ,
ਕਦੇ ਨਾ ਇੱਕ-ਦੂਜੇ ਨੂੰ ਜੇ ਭੰਡਣ।

ਕਰਨ ਪਿਆਰ ਸਮੁੱਚੇ ਪਰਿਵਾਰਾਂ,
ਖਿੜਨ ਸਦਾ ਮਾਪੀਂ ਗੁਲਜ਼ਾਰਾਂ।
ਹੱਸਦਾ ਹੱਸਦਾ ਜਦੋਂ ਆਵੇ ਫੁੱਫੜ,
ਸਾਲਾ ਸਾਹਿਬ ਝੱਟ ਮੰਗਾਵੇ ਕੁੱਕੜ।

ਦੋ ਘੜੀਆਂ ਫਿਰ ਮਹਿਫ਼ਲ ਜੁੜਦੀ,
ਪੈਣ ਠਹਾਕੇ 'ਅੰਗਰੇਜ਼ੀ' ਉਡਦੀ।
ਲੋਕੀਂ ਆਖਣ ਰੱਸਦਾ ਵੱਸਦਾ ਘਰ,
ਨਾ ਝਗੜਾ ਨਾ ਲੜਾਈ ਦਾ ਡਰ।

ਫੁੱਫੜ ਦੇ ਘਰ ਜਦੋਂ ਜਾਵੇ ਸਾਲਾ,
ਨਾ ਕੋਈ ਚਿੰਤਾ ਨ ਖਾਵੇ ਪਾਲਾ।
ਰੱਬਾ ਸੱਭ ਦੇ ਮਨ ਦੀ ਪੁਗਾ ਦੇ,
ਖੁਸ਼ੀਆਂ ਦਾ ਬੱਸ ਢੰਗ ਸਿਖਾ ਦੇ।

*– ਸੇਵਾ ਸਿੰਘ 'ਨੂਰਪੁਰੀ'*

---

## ਪਰਦੇਸੀ ਪੁੱਤਾਂ ਦਾ ਗੀਤ

ਤੁਰੇ ਸੀ ਨਿਮਾਣੇ ਤੋਂ, ਟੀਸੀਆਂ 'ਤੇ ਪੁੱਜੇ ਆਂ
ਖੰਭ ਲਾ ਕੇ ਮਿਹਨਤਾਂ ਦੇ, ਅੰਬਰਾਂ 'ਤੇ ਉੱਡੇ ਆਂ
ਕੰਡਿਆਂ ਨੂੰ ਮਿੱਧ ਅਸੀ, ਫੁੱਲਾਂ ਵਾਂਗੂ ਹੱਸੇ ਆਂ
ਤੁਰੇ ਸੀ ਪੰਜਾਬ ਤੋਂ, ਕਨੇਡਾ ਆ ਕੇ ਵਸੇ ਆਂ
ਛੱਡ ਕੇ ਪੰਜਾਬ ਨੂੰ, ਬਦੇਸ਼ਾਂ ਵਿਚ ਵੱਸੇ ਆਂ।

ਭੁੱਲਣਾ ਨੀ ਚੇਤਾ ਕਦੇ, ਸਾਹਾਂ 'ਚ ਪਰੋਈ ਦਾ
ਆਉਣ ਵੇਲੇ ਕੰਧ ਉੱਤੋਂ, ਪੱਬਾਂ ਭਾਰ ਹੋਈ ਦਾ
ਭੁੱਲਣੇ ਨੀ ਸੌਖੇ ਉਹਦੇ, ਹੱਡਾਂ ਵਿਚ ਰਚੇ ਆਂ
ਉੱਜੜੇ ਪੰਜਾਬ 'ਚੋਂ, ਕਨੇਡਾ ਵਿਚ ਵੱਸੇ ਆਂ।

ਕੋਈ ਕਹਿੰਦਾ ਕਾਟੋ ਸਾਡੀ, ਫੁੱਲਾਂ ਉੱਤੇ ਖੇਲ੍ਹਦੀ
ਆਖਦੇ ਕਨੇਡਾ ਕਈ, ਨਿਰੀ ਮਿੱਠੀ ਜੇਹਲ ਜੀ
ਕੋਈ ਕਹਿੰਦਾ ਡਾਲਰਾਂ ਦੇ, ਜਾਲ ਵਿਚ ਫਸੇ ਆਂ
ਪੁੱਤ ਹਾਂ ਪੰਜਾਬ ਦੇ, ਕਨੇਡਾ ਆ ਕੇ ਵਸੇ ਆਂ।

ਬਾਪੂ ਕਹਿੰਦਾ ਪੁੱਤਾ ਆ ਕੇ, ਪਿੰਡ ਗੇੜਾ ਮਾਰਜਾ
ਕੰਧ ਜਿੱਡੀ ਭੈਣ ਹੋਗੀ, ਇਹਨੂੰ ਡੋਲੀ ਚਾੜ੍ਹਜਾ
ਪੁੱਤ ਪਰਦੇਸੀ ਹੋਇਆ, ਮਾਂ ਪਿੰਡ ਵੱਸਦੀ
ਸਾਹ ਇੱਥੇ ਆਉਂਦੇ ਪਰ, ਜਾਨ ਪਿੰਡ ਵੱਸਦੀ।

'ਸਹੋਤਿਆ' ਵਿਛੋੜਿਆਂ ਦੀ ਅੱਗ ਵਿਚ ਮਚੇ ਆਂ
ਪੁੱਤ ਪਰਦੇਸੀ ਅਸੀਂ, ਦੋਹੇਂ ਪਾਸੇ ਫਸੇ ਆਂ
ਇੱਥੇ ਕਦੇ ਉੱਥੇ, ਅਸੀਂ ਟੁੱਟੇ ਹੋਏ ਪੱਤੇ ਆਂ
ਹੋਣਗੇ ਉਹ ਪਾਕ ਦਿਲ, ਅਸੀਂ ਵੀ ਤਾਂ ਸੱਚੇ ਆਂ।
ਪੁੱਤ ਪਰਦੇਸੀ ਅਸੀਂ, ਦੋਹੇਂ ਪਾਸੇ ਫਸੇ ਆਂ।

*–ਕੁਲਵੀਰ ਸਿੰਘ ਡਾਨਸੀਵਾਲ*

## ਜਿਸ ਦਿਨ

ਜਿਸ ਦਿਨ ਸੱਜਣਾ ਮੈਂ ਦੁਨੀਆਂ ਤੋਂ ਜਾਵਾਂਗਾ।
ਰੱਬ ਦੀ ਥਾਂ ਮੈਂ ਤੇਰਾ ਨਾਮ ਧਿਆਵਾਂਗਾ।
ਤੈਨੂੰ ਵੀ ਜੋ ਅਮਰ ਸਦੀਵੀ ਕਰ ਦੇਵੇ,
ਐਦਾਂ ਦਾ ਨਗ਼ਮਾਂ ਮੈਂ ਕੋਈ ਲਿਖ ਜਾਵਾਂਗਾ।
ਆਪਣੇ ਸਿਰ ਮੈਂ ਲੈ ਲੈਣਾ ਇਲਜ਼ਾਮਾਂ ਨੂੰ,
ਤੈਨੂੰ ਪਾਕਿ-ਪਵਿੱਤਰ ਹੀ ਅਖਵਾਵਾਂਗਾ।
ਹੋਰ ਨਿਭਾਵਣ ਲਈ ਮੈਂ ਤੈਨੂੰ ਕਹਿਣਾ ਨਹੀਂ,
ਜਿੰਨੀ ਨਿਭ ਗਈ ਉਹਦਾ ਸ਼ੁਕਰ ਮਨਾਵਾਂਗਾ।
ਦਿਲ ਦੇ ਦੁੱਖ ਮੈਂ ਦਿਲ ਦੇ ਵਿਚ ਹੀ ਰੱਖ ਲੈਣੇ,
ਤੇਰੇ ਬਿਨ ਨਾ ਕਿਸੇ ਨੂੰ ਦੁੱਖ ਸੁਣਾਵਾਂਗਾ।
ਕੰਨੀਂ ਕੋਈ ਸੁਨਹਿਰੀ ਹੁੰਦੀ ਬੱਦਲਾਂ ਦੀ,
ਮੈਂ ਚੰਗੇ ਵੇਲੇ ਦੀ ਆਸ ਨਾ ਢਾਵਾਂਗਾ।
ਸ਼ਹਿਰ ਤੇਰੇ ਮੈਂ ਆਵਾਂ ਜਾਂ ਹੁਣ ਨਾ ਆਵਾਂ,
ਤੇਰੇ ਖ਼ਾਬਾਂ ਵਿਚ ਮੁੜ-ਮੁੜ ਕੇ ਆਵਾਂਗਾ।
ਮੋਮ ਜਿਹਾ ਦਿਲ ਵੀ ਪੱਥਰ ਹੋ ਸਕਦਾ ਏ,
ਦਿਲ ਆਪਣੇ ਨੂੰ ਗੱਲ ਇਹ ਹੁਣ ਸਮਝਾਵਾਂਗਾ।

*–ਜਸਪਾਲ ਸਿੰਘ ਨਾਗਰਾ (ਮਹਿੰਦਪੁਰੀਆ)*

---

## ਗ਼ਜ਼ਲ

ਦੁੱਖ ਆਪਣਾ ਕੀ ਸੁਣਾਵਾਂ ਮੈਂ ਕਿਸੇ ਨੂੰ?
ਫੱਟ ਅਪਣੇ ਕਿੰਝ ਦਿਖਾਵਾਂ ਮੈਂ ਕਿਸੇ ਨੂੰ?

ਗ਼ੈਰ ਕਹਿ ਕੇ ਸਾਰਿਆਂ ਨੂੰ ਤੋਰਿਆ ਹੈ
ਆਪਣਾ ਹੁਣ ਕਿੰਝ ਬਣਾਵਾਂ ਮੈਂ ਕਿਸੇ ਨੂੰ?

ਨਾ ਫ਼ਿਕਰ ਹੈ ਆਪ ਉਹਨਾਂ ਨੂੰ ਕੋਈ ਜਦ
ਨੀਂਦ ਤੋਂ ਫਿਰ ਕਿਉਂ ਉਠਾਵਾਂ ਮੈਂ ਕਿਸੇ ਨੂੰ?

ਸਭ ਨੇ ਅੱਖੀਂ ਦੇਖਿਆ ਹੈ ਹਾਦਸਾ ਇਹ
ਕਿਉਂ ਕਹਾਣੀ ਹੁਣ ਸੁਣਾਵਾਂ ਮੈਂ ਕਿਸੇ ਨੂੰ?

ਜਦ ਦਵਾ ਦਾਰੂ ਨਹੀਂ ਕਰਨੀ ਕਿਸੇ ਨੇ
ਜ਼ਖ਼ਮ ਅਪਣੇ ਕਿਉਂ ਦਿਖਾਵਾਂ ਮੈਂ ਕਿਸੇ ਨੂੰ?

ਜਦ ਉਮਰ ਸੀ ਵੇਖੀਆਂ ਨਾ ਤਦ ਕਿਸੇ ਨੇ
ਕੀ ਦਿਖਾਵਾਂ ਹੁਣ ਅਦਾਵਾਂ ਮੈਂ ਕਿਸੇ ਨੂੰ?

ਕਾਠਪੁਤਲੀ ਵਾਂਗ ਖ਼ੁਦ ਜਦ ਨੱਚਦਾ ਹਾਂ
ਉਂਗਲੀਆਂ ਤੇ ਕਿੰਝ ਨਚਾਵਾਂ ਮੈਂ ਕਿਸੇ ਨੂੰ?

ਜਦ ਮੇਰੀ ਨਜ਼ਰਾਂ ਤੋਂ ਬਾਹਲੇ ਗਿਰ ਗਏ ਹਨ
ਪਲਕਾਂ ਉੱਤੇ ਕਿਉਂ ਬਿਠਾਵਾਂ ਮੈਂ ਕਿਸੇ ਨੂੰ?

*–ਹਰਦੀਪ ਬਿਰਦੀ*

# ਪਸ਼ਮੀਨਾ ਸੂਟ



ਅਸੀਂ ਹੁਣੇ ਹੁਣੇ ਇੰਡੀਆ ਤੋਂ ਗੇੜਾ ਮਾਰ ਕੇ ਆਏ ਸੀ, ਸੁਭਾਵਿਕ ਹੀ ਆ ਕਿ ਆਉਂਦਿਆ ਹੋਇਆਂ ਕਾਫੀ ਸਮਾਨ ਲੈ ਕੇ ਆਏ, ਜਿਨ੍ਹਾਂ ਵਿਚ ਜ਼ਿਆਦਾਤਰ ਅਟੈਚੀ ਸ੍ਰੀਮਤੀ ਜੀ ਦੇ ਸੂਟਾਂ ਨਾਲ ਹੀ ਭਰੇ ਸੀ। ਪਿਤਾ ਜੀ ਨੂੰ ਕੰਮ ਤੋਂ ਐਤਵਾਰ ਦੀ ਛੁੱਟੀ ਹੋਣ ਕਰਕੇ ਇੰਡੀਆ ਫ਼ੋਨ ਐਤਵਾਰ ਹੀ ਕਰਿਆ ਕਰਦੇ ਹਾਂ, ਸੋ ਰੁਟੀਨ ਅਨੁਸਾਰ ਐਤਵਾਰ ਨੂੰ ਘਰਦਿਆਂ ਨਾਲ ਗੱਲ ਕਰ ਰਹੇ ਸੀ ਕਿ ਮੇਰੇ ਮਾਤਾ ਜੀ ਨੇ ਕਿਹਾ ਕਿ ਅਸੀਂ ਵੀ 2-3 ਮਹੀਨਿਆਂ ਤੱਕ ਤੁਹਾਡੇ ਕੋਲ ਆ ਰਹੇ ਹਾਂ।

ਗੱਲਾਂ ਕਰਦਿਆਂ-ਕਰਦਿਆਂ ਮਾਤਾ ਜੀ ਨੇ ਨੂੰਹ ਰਾਣੀ ਨੂੰ ਪੁੱਛਿਆ ਕਿ ਪੁੱਤ ਕੁਝ ਚਾਹੀਦਾ ਇਥੋਂ ਲਈ ਆਈਏ? ਕੋਈ ਇਕ ਅੱਧਾ ਸੂਟ-ਸਾਟ ਵੇਖ ਲਵੀਂ ਤੇ ਦੱਸ ਦੇਵੀਂ ਬਣਾਈ ਲਿਆਵਾਂਗੇ। ਸਹਿਜ ਸੁਭਾਅ ਮੇਰੀ ਪਤਨੀ ਕਹਿੰਦੀ ਨਹੀਂ ਮੰਮੀ ਜੀ ਕੁਝ ਨਹੀਂ ਚਾਹੀਦਾ ਅਜੇ ਤੇ ਪਹਿਲੇ ਅਟੈਚੀ ਨੀ ਖੋਲ੍ਹੇ ਤੇ ਨਾ ਹੀ ਕੋਈ ਸੂਟ ਪਾ ਕੇ ਵੇਖਿਆ ਹੈ ਅਜੇ ਤੱਕ। ਮਾਤਾ ਜੀ ਕਹਿੰਦੇ ਕਿ ਚੱਲ ਪੁੱਤ ਫੇਰ ਵੀ ਵੇਖ ਲਵੀਂ ਜੇ ਕੁਝ ਚੰਗਾ ਲੱਗਾ ਤੇ ਦੱਸ ਦੇਵੀਂ ਨਹੀਂ ਤੇ ਕੋਈ ਗੱਲ ਨੀ। ਪਤਨੀ ਨੇ ਮੌਕਾ ਹੱਥੋਂ ਜਾਂਦਿਆਂ ਵੇਖਿਆ ਤੇ ਕਹਿੰਦੀ ਵੈਸੇ ਤੇ ਮੰਮੀ ਜੀ ਸਾਰੇ ਸੂਟ ਹੈਗੇ ਨੇ ਪਰ ਇਕ ਪਸ਼ਮੀਨਾ ਸੂਟ ਬੜਾ ਚੱਲ ਰਿਹਾ ਅੱਜ ਕੱਲ ਓਹੀ ਰਹਿ ਗਿਆ। ਓਸੇ ਵੇਲੇ ਗੱਲ ਕਰਦਿਆਂ ਕਰਦਿਆਂ 4-5 ਸੂਟਾਂ ਦੀਆਂ ਫੋਟੋਆਂ ਭੇਜ ਦਿੱਤੀਆਂ ਕਿ ਇਨ੍ਹਾਂ ਵਿਚੋਂ ਵੇਖ ਲਿਓ 1-2 ਜਿਹੜੇ ਚੰਗੇ ਲੱਗਣਗੇ ਓਹੀ ਬਣਵਾ ਲਿਆਇਓ। ਮੈਂ ਲਾਗੇ ਬੈਠਾ ਸੋਚ ਰਿਹਾ ਸੀ ਕਿ ਜਿਹੜੇ ਅਟੈਚੀ ਅਸੀਂ ਭਰ ਕੇ ਲਿਆਏ ਹਾਂ ਉਨ੍ਹਾਂ 'ਚ ਸਾਰਾ ਕੁੱਝ ਹੈਗਾ, ਬਸ ਇੱਕ ਪਸ਼ਮੀਨਾ ਸੂਟ ਦੀ ਕਮੀ ਸੀ ਜੋ ਸਾਡੀ ਹੁਣ ਪੂਰੀ ਹੋਣੀ ਆ।

*–ਪਰਮਪ੍ਰੀਤ ਸੰਧੂ*
*ਫੋਨ: 510-586-3161*

# ਸੱਚੀ ਖ਼ੁਸ਼ੀ ਕੀ ਹੈ?

ਹਰ ਇੱਕ ਇਨਸਾਨ ਖੁਸ਼ ਰਹਿਣਾ ਚਾਹੁੰਦਾ ਹੈ। ਅਸੀਂ ਸਖ਼ਤ ਮਿਹਨਤ ਕਰਦੇ ਹਾਂ, ਵੱਡੇ ਸੁਪਨੇ ਦੇਖਦੇ ਹਾਂ ਅਤੇ ਜ਼ਿੰਦਗੀ ਵਿਚ ਬਹੁਤ ਸਾਰੀਆਂ ਚੀਜ਼ਾਂ ਦਾ ਪਿੱਛਾ ਕਰਦੇ ਹਾਂ, ਕਿਉਂਕਿ ਸਾਨੂੰ ਵਿਸ਼ਵਾਸ ਹੈ ਕਿ ਉਹ ਸਾਨੂੰ ਖੁਸ਼ ਕਰਨਗੀਆਂ। ਕੁਝ ਲੋਕ ਸੋਚਦੇ ਹਨ ਕਿ ਖ਼ੁਸ਼ੀ ਪੈਸਾ ਹੈ। ਕੁਝ ਸੋਚਦੇ ਹਨ ਕਿ ਖ਼ੁਸ਼ੀ ਸਫਲਤਾ ਹੈ। ਕੁਝ ਸੋਚਦੇ ਹਨ ਕਿ ਖ਼ੁਸ਼ੀ ਪ੍ਰਸਿੱਧੀ, ਰਿਸ਼ਤੇ ਜਾਂ ਆਰਾਮ ਹੈ।

ਪਰ ਇੱਥੇ ਇੱਕ ਸਵਾਲ ਹੈ, ਜੋ ਸਾਨੂੰ ਆਪਣੇ ਆਪ ਤੋਂ ਪੁੱਛਣਾ ਚਾਹੀਦਾ ਹੈ: ਜੇਕਰ ਖ਼ੁਸ਼ੀ ਇਨ੍ਹਾਂ ਚੀਜ਼ਾਂ ਤੋਂ ਮਿਲਦੀ ਹੈ ਤਾਂ ਇੰਨੇ ਸਾਰੇ ਸਫ਼ਲ ਲੋਕ ਅਜੇ ਵੀ ਖ਼ੁਸ਼ੀਆਂ ਪ੍ਰਾਪਤ ਕਰਕੇ ਖੁਸ਼ ਕਿਉਂ ਨਹੀਂ ਰਹਿੰਦੇ। ਖ਼ੁਸ਼ੀ ਅਜਿਹੀ ਚੀਜ਼ ਨਹੀਂ ਜਿਸਨੂੰ ਅਸੀਂ ਖ਼ਰੀਦਦੇ ਜਾਂ ਪ੍ਰਾਪਤ ਕਰਦੇ ਹਾਂ। ਖ਼ੁਸ਼ੀ ਉੱਚੀ ਨਹੀਂ ਹੁੰਦੀ। ਇਹ ਸੋਸ਼ਲ ਮੀਡੀਆ 'ਤੇ ਨਹੀਂ ਦਿਖਾਈ ਜਾਂਦੀ। ਇਹ ਦੂਜੇ ਲੋਕਾਂ 'ਤੇ ਨਿਰਭਰ ਨਹੀਂ ਕਰਦੀ। ਖ਼ੁਸ਼ੀ ਸ਼ਾਂਤ ਹੈ। ਇਹ ਅੰਦਰ ਰਹਿੰਦੀ ਹੈ। ਬਹੁਤ ਸਾਰੇ ਲੋਕ ਖ਼ੁਸ਼ੀ (Happiness) ਨੂੰ ਸੁਖ (Pleasure) ਨਾਲ ਉਲਝਾਉਂਦੇ ਹਨ। ਸੁਖ ਥੋੜ੍ਹੇ ਸਮੇਂ ਲਈ ਆਉਂਦਾ ਹੈ। ਇਹ ਜਲਦੀ ਆਉਂਦਾ ਹੈ ਅਤੇ ਜਲਦੀ ਚਲਾ ਜਾਂਦਾ ਹੈ। ਨਵਾਂ ਫੋਨ ਕੁਝ ਸਮੇਂ ਲਈ ਚੰਗਾ ਲੱਗਦਾ ਹੈ। ਪ੍ਰਸ਼ੰਸਾ ਇੱਕ ਪਲ ਲਈ ਚੰਗੀ ਲਗਦੀ ਹੈ। ਮਨੋਰੰਜਨ ਥੋੜ੍ਹੇ ਸਮੇਂ ਲਈ ਖ਼ੁਸ਼ੀ ਦਿੰਦਾ ਹੈ। ਪਰ ਸੱਚੀ ਖ਼ੁਸ਼ੀ ਉਦੋਂ ਵੀ ਰਹਿੰਦੀ ਹੈ ਜਦੋਂ ਜ਼ਿੰਦਗੀ ਔਖੀ ਹੁੰਦੀ ਹੈ, ਇਹ ਉਦੋਂ ਵੀ ਰਹਿੰਦੀ ਹੈ ਜਦੋਂ ਕੋਈ ਤਾੜੀਆਂ ਨਹੀਂ ਮਾਰ ਰਿਹਾ ਹੁੰਦਾ, ਇਹ ਉਦੋਂ ਵੀ ਰਹਿੰਦੀ ਹੈ ਜਦੋਂ ਕੋਈ ਦੇਖ ਨਹੀਂ ਰਿਹਾ ਹੁੰਦਾ। ਸੱਚੀ ਖ਼ੁਸ਼ੀ ਮਨ ਦੀ ਸ਼ਾਂਤੀ ਹੈ। ਇਹ ਬਿਨਾਂ ਕਿਸੇ ਭਾਰੀ ਤਣਾਅ ਦੇ ਵੀ ਰਹਿੰਦੀ ਹੈ। ਇਹ ਜੇ ਕੋਈ ਬਿਨਾਂ ਡਰ ਦੇ ਸੌਂ ਰਿਹਾ ਹੈ ਤਾਂ ਵੀ ਰਹਿੰਦੀ ਹੈ। ਇਹ ਜ਼ਿੰਦਗੀ ਨੂੰ ਮਨ ਉਵੇਂ ਹੀ ਸਵੀਕਾਰ ਕਰ ਰਿਹਾ ਹੈ, ਜਿਵੇਂ ਇਹ ਹੈ ਨਾ ਕਿ ਲਗਾਤਾਰ ਲੜ ਰਿਹਾ ਹੈ। ਸੱਚੀ ਖ਼ੁਸ਼ੀ ਉਦੋਂ ਆਉਂਦੀ ਹੈ ਜਦੋਂ ਅਸੀਂ ਦੂਜਿਆਂ ਨਾਲ ਆਪਣੀ ਤੁਲਨਾ ਬੰਦ ਕਰ ਦਿੰਦੇ ਹਾਂ। ਜਦੋਂ ਅਸੀਂ ਪ੍ਰਵਾਨਗੀ (Approval) ਦਾ ਪਿੱਛਾ ਕਰਨਾ ਬੰਦ ਕਰ ਦਿੰਦੇ ਹਾਂ। ਜਦੋਂ ਅਸੀਂ ਉਸ ਚੀਜ਼ ਲਈ ਸ਼ੁਕਰਗੁਜ਼ਾਰ ਹੁੰਦੇ ਹਾਂ ਜੋ ਅਸੀਂ ਪਹਿਲਾਂ ਹੀ ਚਾਹੁੰਦੇ ਹਾਂ ਜਾਂ ਸਾਡੇ ਕੋਲ ਹੁੰਦੀ ਹੈ। ਖ਼ੁਸ਼ ਵਿਅਕਤੀ ਉਹ ਨਹੀਂ ਹੁੰਦਾ ਜਿਸ ਕੋਲ ਸਭ ਕੁਝ ਹੋਵੇ। ਖ਼ੁਸ਼ ਵਿਅਕਤੀ ਉਹ ਹੁੰਦਾ ਹੈ ਜਿਸ ਨੂੰ ਬਹੁਤ ਘੱਟ ਲੋੜ ਹੁੰਦੀ ਹੈ। ਅਸੀਂ ਸੱਚੀ ਖ਼ੁਸ਼ੀ ਨੂੰ ਕਦਮ-ਦਰ-ਕਦਮ ਪੜਚੋਲ ਕਰਾਂਗੇ। ਅਸੀਂ ਸਮਝਾਂਗੇ ਕਿ ਸਿਰਫ਼ ਪੈਸਾ ਹੀ ਇਹ ਕਿਉਂ ਨਹੀਂ ਦੇ ਸਕਦਾ, ਸਿਰਫ਼ ਸਫ਼ਲਤਾ ਹੀ ਇਹ ਕਿਉਂ ਨਹੀਂ ਦੇ ਸਕਦੀ ਅਤੇ ਅਸੀਂ ਰੋਜ਼ਾਨਾ ਜ਼ਿੰਦਗੀ ਵਿਚ ਕਿਵੇਂ ਖ਼ੁਸ਼ ਰਹਿ ਸਕਦੇ ਹਾਂ। ਇਹ ਸਧਾਰਨ ਸਬਕ ਹੈ ਪਰ ਸ਼ਕਤੀਸ਼ਾਲੀ ਹੈ। ਕਿਉਂਕਿ ਅਸੀਂ ਜਦੋਂ ਸੱਚੀ ਖ਼ੁਸ਼ੀ ਨੂੰ ਸਮਝਦੇ ਹਾਂ ਤਾਂ ਜ਼ਿੰਦਗੀ ਹਲਕੀ, ਸ਼ਾਂਤ ਅਤੇ ਹੋਰ ਅਰਥਪੂਰਨ ਹੋ ਜਾਂਦੀ ਹੈ। ਆਓ ਇਕੱਠੇ ਇਸ ਯਾਤਰਾ ਦੀ ਸ਼ੁਰੂਆਤ ਕਰੀਏ।



ਜਰਨੈਲ ਸਿੰਘ ਧਾਲੀਵਾਲ

**ਅਭਿਆਸ ਨੰਬਰ ਇੱਕ**

ਸੁਖ (Pleasure) ਸੱਚੀ ਖ਼ੁਸ਼ੀ ਨਹੀਂ ਹੈ। ਜ਼ਿਆਦਾਤਰ ਲੋਕ ਮੰਨਦੇ ਹਨ ਕਿ ਉਹ ਖ਼ੁਸ਼ ਹਨ, ਪਰ ਅਸਲੀਅਤ ਵਿਚ ਉਹ ਸਿਰਫ਼ ਖ਼ੁਸ਼ੀ ਦਾ ਪਿੱਛਾ ਕਰ ਰਹੇ ਹੁੰਦੇ ਹਨ। ਸੁਖ ਸਹੂਲਤ ਚੰਗੀ ਹੁੰਦੀ ਹੈ, ਪਰ ਇਹ ਟਿਕਾਊ ਨਹੀਂ ਹੁੰਦੀ, ਸੱਚੀ ਖ਼ੁਸ਼ੀ ਵੱਖਰੀ ਹੁੰਦੀ ਹੈ। ਖ਼ੁਸ਼ੀ ਨੂੰ ਸਮਝਣ ਲਈ ਪਹਿਲਾਂ ਸਾਨੂੰ ਖ਼ੁਸ਼ੀ ਅਤੇ ਸੁਖ ਸਹੂਲਤ ਵਿਚਲੇ ਅੰਤਰ ਨੂੰ ਸਮਝਣਾ ਪਵੇਗਾ। ਸੁਖ ਅਜਿਹੀ ਚੀਜ਼ ਹੈ, ਜੋ ਜਲਦੀ ਖ਼ੁਸ਼ੀ ਦਿੰਦੀ ਹੈ। ਉਦਾਹਰਣ ਦੇ ਤੌਰ 'ਤੇ, ਸੁਆਦੀ ਭੋਜਨ ਖਾਣਾ, ਨਵੀਆਂ ਚੀਜ਼ਾਂ ਖਰੀਦਣਾ, ਮਨੋਰੰਜਨ ਦੇਖਣਾ। ਦੂਜਿਆਂ ਤੋਂ ਪ੍ਰਸ਼ੰਸਾ ਪ੍ਰਾਪਤ ਕਰਨਾ। ਇਹ ਚੀਜ਼ਾਂ ਥੋੜ੍ਹੇ ਸਮੇਂ ਲਈ ਚੰਗੀਆਂ ਲੱਗਦੀਆਂ ਹਨ। ਪਰ ਕੁਝ ਸਮੇਂ ਬਾਅਦ ਇਹ ਭਾਵਨਾ ਅਲੋਪ ਹੋ ਜਾਂਦੀ ਹੈ। ਫਿਰ ਸਾਨੂੰ ਹੋਰ ਚਾਹੀਦਾ ਹੈ। ਇਹ ਚੱਕਰ ਕਦੇ ਖ਼ਤਮ ਨਹੀਂ ਹੁੰਦਾ। ਖ਼ੁਸ਼ੀ ਕਿਉਂ ਨਹੀਂ ਰਹਿੰਦੀ। ਸੁਖ (ਖ਼ੁਸ਼ੀ) ਬਾਹਰੀ ਚੀਜ਼ਾਂ 'ਤੇ ਨਿਰਭਰ ਕਰਦਾ ਹੈ। ਇਹ ਮਿਊਜ਼ੀਅਮ, ਲੋਕਾਂ, ਹਾਲਾਤਾਂ ਅਤੇ ਆਰਾਮ 'ਤੇ ਨਿਰਭਰ ਕਰਦੀ ਹੈ। ਜੇਕਰ ਸਥਿਤੀ ਬਦਲ ਜਾਂਦੀ ਹੈ, ਤਾਂ ਖ਼ੁਸ਼ੀ ਗਾਇਬ ਹੋ ਜਾਂਦੀ ਹੈ।

ਇਕ ਵਿਅਕਤੀ ਜੋ ਸਿਰਫ਼ ਖ਼ੁਸ਼ੀ 'ਤੇ ਨਿਰਭਰ ਕਰਦਾ ਹੈ। ਹਮੇਸ਼ਾਂ ਦੌੜਦਾ ਰਹਿੰਦਾ ਹੈ। ਹੋਰ ਪੈਸੇ ਲਈ ਦੌੜਨਾ, ਆਪਣੇ ਵੱਲ ਦੂਜਿਆਂ ਦੇ ਧਿਆਨ ਲਈ ਦੌੜਨਾ। ਹੋਰ ਆਰਾਮ ਲਈ ਦੌੜਨਾ। ਇਹ ਤਣਾਅ ਪੈਦਾ ਕਰਦਾ ਹੈ, ਖ਼ੁਸ਼ੀ ਨਹੀਂ। ਉਦਾਸੀ ਦਿੰਦੇ ਹਨ। ਮਾਨਸਿਕ ਤੌਰ 'ਤੇ ਸ਼ਾਂਤ ਲੋਕ ਸਮਝਦੇ ਹਨ ਕਿ ਸੱਚੀ ਖ਼ੁਸ਼ੀ ਅੰਦਰੂਨੀ ਹੁੰਦੀ ਹੈ। ਸੱਚੀ ਖ਼ੁਸ਼ੀ ਬਾਹਰੀ ਚੀਜ਼ਾਂ 'ਤੇ ਨਿਰਭਰ ਨਹੀਂ ਕਰਦੀ। ਇਹ ਅੰਦਰੂਨੀ ਸ਼ਾਂਤੀ, ਸ਼ਾਂਤੀ, ਸਵੀਕ੍ਰਿਤੀ ਅਤੇ ਸੰਤੁਸ਼ਟੀ ਤੋਂ ਆਉਂਦੀ ਹੈ।

**ਸ਼ੁਕਰਗੁਜ਼ਾਰੀ** (Gratitude)

ਸੱਚਮੁੱਚ ਖ਼ੁਸ਼ ਵਿਅਕਤੀ ਸ਼ਾਂਤ ਰਹਿੰਦਾ ਹੈ, ਭਾਵੇਂ ਜ਼ਿੰਦਗੀ ਸੰਪੂਰਨ ਨਾ ਹੋਵੇ। ਉਨ੍ਹਾਂ ਨੂੰ ਠੀਕ ਮਹਿਸੂਸ ਕਰਨ ਲਈ ਸਭ ਕੁਝ ਸਹੀ ਢੰਗ ਨਾਲ ਜਾਣ ਦੀ ਜ਼ਰੂਰਤ ਨਹੀਂ ਹੁੰਦੀ। ਇਹ ਅਸਲ ਤਾਕਤ ਹੈ। ਖ਼ੁਸ਼ੀ ਸਾਨੂੰ ਨਿਰਭਰ ਬਣਾਉਂਦੀ ਹੈ। ਜਦੋਂ ਅਸੀਂ ਖ਼ੁਸ਼ੀ 'ਤੇ ਨਿਰਭਰ ਚੀਜ਼ਾਂ ਗੁਆਉਣ ਤੋਂ ਡਰਦੇ ਹਾਂ। ਅਸੀਂ ਨਿਰਣੇ ਤੋਂ ਡਰਦੇ ਹਾਂ। ਅਸੀਂ ਅਸਫਲਤਾ ਤੋਂ ਡਰਦੇ ਹਾਂ। ਡਰ ਖ਼ੁਸ਼ੀ ਨੂੰ ਮਾਰ ਦਿੰਦਾ ਹੈ। ਸੱਚੀ ਖ਼ੁਸ਼ੀ ਡਰ ਨੂੰ ਦੂਰ ਕਰਦੀ ਹੈ। ਕਿਉਂਕਿ ਇਸ ਨੂੰ ਕਿਸੇ ਵੀ ਚੀਜ਼ ਦਾ ਡਰ ਨਹੀਂ ਹੁੰਦਾ। ਜਿਹੜਾ ਵਿਅਕਤੀ ਆਪਣੇ ਅੰਦਰ ਖ਼ੁਸ਼ੀ ਲੱਭਦਾ ਹੈ ਉਹ ਕਦੇ ਵੀ ਖ਼ਾਲੀ ਨਹੀਂ ਹੁੰਦਾ।

ਇਕ ਵਿਅਕਤੀ (ੳ) ਕੁਝ ਨਵਾਂ ਖਰੀਦਦਾ ਹੈ, ਉਹ ਉਤਸ਼ਾਹਿਤ ਮਹਿਸੂਸ ਕਰਦਾ ਹੈ। ਕੁਝ ਦਿਨਾਂ ਬਾਅਦ ਉਤਸ਼ਾਹ ਖ਼ਤਮ ਹੋ ਜਾਂਦਾ ਹੈ। ਹੁਣ ਉਹ ਕੁਝ ਹੋਰ ਚਾਹੁੰਦਾ ਹੈ। ਦੂਜਾ ਵਿਅਕਤੀ (ਅ) ਸਾਦਗੀ ਨਾਲ ਰਹਿੰਦਾ ਹੈ। ਉਹ ਛੋਟੇ ਪਲਾਂ ਦਾ ਆਨੰਦ ਮਾਣਦਾ ਹੈ। ਵਿਅਕਤੀ (ੳ) ਨੂੰ ਸੁਖ ਸਹੂਲਤ ਹੁੰਦੀ ਹੈ, ਜਦ ਕਿ ਵਿਅਕਤੀ (ਅ) ਨੂੰ ਖ਼ੁਸ਼ੀ ਮਹਿਸੂਸ ਹੁੰਦੀ ਹੈ। ਇੱਕੋ ਸੰਸਾਰ, ਵੱਖਰੀ ਮਾਨਸਿਕਤਾ। ਜ਼ਿਆਦਾ ਸਫਲਤਾ ਦਾ ਮਤਲਬ ਜ਼ਿਆਦਾ ਸ਼ਾਂਤ ਹੋਣਾ ਨਹੀਂ ਹੁੰਦਾ। ਜ਼ਿਆਦਾ ਧਿਆਨ ਦਾ ਮਤਲਬ ਜ਼ਿਆਦਾ ਖ਼ੁਸ਼ੀ ਨਹੀਂ ਹੁੰਦੀ। ਸੱਚੀ ਖ਼ੁਸ਼ੀ ਉਦੋਂ ਹੁੰਦੀ ਹੈ ਜਦੋਂ ਅਸੀਂ ਸੰਤੁਸ਼ਟ ਰਹਿਣਾ ਸਿੱਖਦੇ ਹਾਂ।

**ਸੁਖ ਤੋਂ ਖ਼ੁਸ਼ੀ ਵੱਲ ਕਿਵੇਂ ਵਧੀਏ।**

ਮਾਨਸਿਕ ਤੌਰ 'ਤੇ ਸ਼ਾਂਤ ਲੋਕ ਇਨ੍ਹਾਂ ਆਦਤਾਂ ਦਾ ਅਭਿਆਸ ਕਰਦੇ ਹਨ। ਉਹ ਛੋਟੀਆਂ ਚੀਜ਼ਾਂ ਦਾ ਆਨੰਦ ਮਾਣਦੇ ਹਨ। ਉਹ ਤੁਲਨਾ ਕਰਨੀ ਬੰਦ ਕਰ ਦਿੰਦੇ ਹਨ, ਬੇਲੋੜੀਆਂ ਇੱਛਾਵਾਂ ਨੂੰ ਘਟਾਉਂਦੇ ਹਨ, ਸ਼ਾਂਤੀ ਦੇ ਪ੍ਰਦਰਸ਼ਨ 'ਤੇ ਧਿਆਨ ਕੇਂਦਰਿਤ ਕਰਦੇ ਹਨ। ਉਹ ਸਮਝਦੇ ਹਨ ਕਿ ਜਦੋਂ ਇੱਛਾਵਾਂ ਘਟ ਜਾਂਦੀਆਂ ਹਨ ਤਾਂ ਖ਼ੁਸ਼ੀ ਵਧਦੀ ਹੈ। ਘੱਟ ਇੱਛਾਵਾਂ ਮਾਤਰ ਸ਼ਾਂਤੀ। ਸੁੱਖ ਸਰੀਰ ਨੂੰ ਉਤੇਜਿਤ ਕਰਦੀ ਹੈ। ਸੱਚੀ ਖ਼ੁਸ਼ੀ ਮਨ ਨੂੰ ਸ਼ਾਂਤ ਕਰਦੀ ਹੈ। ਖ਼ੁਸ਼ੀ ਸ਼ਾਂਤ ਹੁੰਦੀ ਹੈ। ਜਦੋਂ ਅਸੀਂ ਸੁਖ ਦਾ ਪਿੱਛਾ ਕਰਨਾ ਬੰਦ ਕਰ ਦਿੰਦੇ ਹਾਂ ਅਤੇ ਸੱਚੀ ਸ਼ਾਂਤੀ ਤੇ ਸੱਚੀ ਖ਼ੁਸ਼ੀ ਸ਼ੁਰੂ ਹੋ ਜਾਂਦੀ ਹੈ।

# ਸੰਪਾਦਕ ਦੀ ਡਾਕ

## ਕੇਰਲਾ ਦੀ 'ਗੋਲਡਨ ਗਰਲ' ਪੀ ਟੀ ਊਸ਼ਾ

ਮਿਤੀ 21 ਮਾਰਚ 2026 ਨੂੰ 'ਪੰਜਾਬ ਟਾਈਮਜ਼' ਵੱਲੋਂ ਪ੍ਰਕਾਸ਼ਿਤ ਕੀਤਾ, ਪ੍ਰਿੰਸੀਪਲ ਸਰਵਣ ਸਿੰਘ ਦਾ ਲੇਖ, ਕੇਰਲਾ ਦੀ 'ਗੋਲਡਨ ਗਰਲ' ਪੀ ਟੀ ਊਸ਼ਾ ਪੜ੍ਹਿਆ, ਬਹੁਤ ਵਧੀਆ ਲੱਗਿਆ। ਪ੍ਰਿੰਸੀਪਲ ਸਰਵਣ ਸਿੰਘ ਦੀ ਪੰਜਾਬੀ ਖੇਡ ਸੱਭਿਆਚਾਰ ਨੂੰ, ਵਡਮੁੱਲੀ ਦੇਣ ਹੈ। ਮੈਨੂੰ ਇਸ ਗੱਲ ਦਾ ਮਾਣ ਹੈ ਕਿ ਲਾਲਾ ਲਾਜਪਤ ਰਾਏ ਸਰਕਾਰੀ ਕਾਲਜ ਢੁੱਡੀਕੇ (ਮੋਗਾ) ਵਿਚ ਆਪਣੀ ਸਰਕਾਰੀ ਨੌਕਰੀ ਦੇ ਸ਼ੁਰੂ ਵਿਚ ਇਸ ਮਾਣਮੱਤੇ ਖੇਡ ਲਿਖਾਰੀ ਦੀ ਸੰਗਤ ਨੂੰ ਮਾਣਨ ਦਾ ਮੈਨੂੰ ਮੌਕਾ ਮਿਲਿਆ।

ਪ੍ਰਿੰਸੀਪਲ ਸਰਵਣ ਸਿੰਘ ਖੇਡਾਂ ਨਾਲ ਸਬੰਧਤ ਕਿਸੇ ਵੀ ਸ਼ਖ਼ਸੀਅਤ ਬਾਰੇ ਜਾਣਕਾਰੀ, ਪੂਰੀ ਤਰ੍ਹਾਂ ਘੋਖ ਕੇ ਦਿੰਦੇ ਹਨ, ਜੋ ਉਨ੍ਹਾਂ ਦੀ ਕਲਮ ਦੀ ਮੁਹਾਰਤ ਹੈ ਤੇ ਖ਼ਾਸ ਤੌਰ 'ਤੇ ਇਹ ਨਵੀਂ ਨੌਜਵਾਨ ਪੀੜ੍ਹੀ ਲਈ ਇਕ ਵਰਦਾਨ ਹੈ, ਜੇ ਉਹ ਇਸ ਦਾ ਪੂਰਾ ਲਾਹਾ ਲੈਣ, ਕਿਉਂਕਿ ਨਵੀਂ ਪੀੜ੍ਹੀ ਨੂੰ ਇਹ ਚੇਟਕ ਲੱਗਣੀ ਜ਼ਰੂਰੀ ਹੈ। ਵਿਦੇਸ਼ਾਂ ਵਿਚ ਕਈ ਜਾਗਰੂਕ ਮਾਪੇ ਤਾਂ ਆਪਣੇ ਬੱਚਿਆਂ ਨੂੰ ਇਹੋ ਜਿਹੀ ਸੇਧ ਦੇ ਰਹੇ ਹਨ। ਬੱਚਿਆਂ ਨੂੰ ਮੌਕੇ ਬਹੁਤ ਮਿਲ ਸਕਦੇ ਹਨ, ਪਰ ਚੇਟਕ ਲਾਉਣੀ ਜ਼ਰੂਰੀ ਹੈ, ਜੋ ਇਹੋ ਜਿਹੇ ਸੁਹਿਰਦ ਖੇਡ ਲਿਖਾਰੀ ਹੀ ਲਾ ਰਹੇ ਹਨ। ਪੀ ਟੀ ਊਸ਼ਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਇਸ ਲੇਖ ਵਿਚ ਦਿੱਤੀ ਗਈ ਹੈ ਕਿ ਕਿਵੇਂ ਇੱਕ ਗਰੀਬ ਪਰਿਵਾਰ ਵਿਚੋਂ ਉੱਠ ਕੇ ਇਕ ਲੜਕੀ ਨੇ ਘੱਟੋ-ਘੱਟ ਦੋ ਦਹਾਕਿਆਂ ਤੱਕ ਭਾਰਤੀ ਐਥਲੈਟਿਕਸ ਨੂੰ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਤੱਕ ਪਹੁੰਚਾਇਆ। ਕਿਵੇਂ ਨਾਮਣਾ ਖਟਦੀ ਹੋਈ ਰਾਜ ਸਭਾ ਮੈਂਬਰ ਬਣੀ ਅਤੇ ਖੇਡਾਂ ਨਾਲ ਜੁੜੇ ਅਵਾਰਡ ਪ੍ਰਾਪਤ ਕੀਤੇ ਅਤੇ ਵੱਡੇ ਅਹੁਦਿਆਂ 'ਤੇ ਬਿਰਾਜਮਾਨ ਹੋਣਾ ਕਿਸੇ ਵਡਭਾਗੀ ਦੇ ਹਿੱਸੇ ਆਉਂਦਾ ਹੈ। ਪਰਮਾਤਮਾ ਲੇਖਕ ਤੇ ਗੋਲਡਨ ਗਰਲ ਨੂੰ ਲੰਮੀ ਉਮਰ ਬਖ਼ਸ਼ਣ।

# ਬੰਦਿਆ ! ਕੁਝ ਤਾਂ ਚੌਗਿਰਦੇ ਵਿਚੋਂ ਸਿੱਖ

**ਸ਼ਬਦ ਜੋਤ**



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਮਨੁੱਖ ਅਕਸਰ ਹੀ ਬੇਧਿਆਨਾ। ਆਲੇ-ਦੁਆਲੇ ਤੋਂ ਬੇਨਿਆਜ਼। ਆਪਣੇ ਹੀ ਖ਼ਿਆਲਾਂ ਵਿਚ ਗਵਾਚਿਆ ਬੰਦਾ ਖ਼ੁਦ ਨੂੰ ਵੀ ਭੁੱਲ ਜਾਂਦਾ। ਇਹ ਵੀ ਭੁੱਲ ਜਾਂਦਾ ਕਿ ਉਸਦੇ ਆਲੇ-ਦੁਆਲੇ ਕੀ ਹੋ ਰਿਹਾ ਏ? ਕਿਹੜੀਆਂ ਕਿਰਿਆਵਾਂ ਉਸਨੂੰ ਪ੍ਰਭਾਵਤ ਕਰਦੀਆਂ? ਕਿਹੜਾ ਵੇਲਾ ਹੈ ਅਤੇ ਕਿਹੜੀਆਂ ਰੁੱਤਾਂ ਦਾ ਰਾਗ 'ਵਾ ਵਿਚ ਗੂੰਜ ਰਿਹਾ ਏ।

ਬੰਦਾ ਬਾਹਰ ਵੰਨੀਂ ਹੀ ਧਿਆਨ ਲਾਈ ਰੱਖਦਾ ਤੇ ਕਦੇ-ਕਦਾਈਂ ਹੀ ਅੰਦਰ ਵੱਲ ਨੂੰ ਮੁੜਦਾ। ਪਰ ਜ਼ਿਆਦਾਤਰ ਉਸਦਾ ਧਿਆਨ ਨਾ ਤਾਂ ਬਾਹਰ ਵੱਲ ਤੇ ਨਾ ਹੀ ਅੰਦਰ ਵੱਲ। ਉਹ ਆਪਣੀਆਂ ਹੀ ਸੋਚਾਂ ਵਿਚ ਗਵਾਚਾ, ਆਪਣੇ ਭਰਮ-ਭੁਲੇਖਿਆਂ ਅਤੇ ਗਿਣਤੀਆਂ- ਮਿਣਤੀਆਂ ਵਿਚ ਉਲਝਿਆ ਹੀ ਜੀਵਨ ਨੂੰ ਅਜਾਈਂ ਗਵਾਉਂਦਾ।

ਦਰਅਸਲ ਬੰਦੇ ਨੂੰ ਪਤਾ ਹੀ ਨਹੀਂ ਲੱਗਦਾ ਕਿ ਉਹ ਕਿਉਂ ਜੀਅ ਰਿਹਾ? ਕਿਸ ਲਈ ਜੀਅ ਰਿਹਾ? ਕੀ ਕਰ ਰਿਹਾ? ਉਸਦੀ ਪਸੰਦ ਕੀ ਏ? ਉਸਦੀਆਂ ਤਰਜੀਹਾਂ ਕਿਹੜੀਆਂ? ਉਸਦੀ ਕਿਹੜੀ ਅਪੂਰਨ ਤਮੰਨਾ? ਉਸਦੀਆਂ ਮਨੋਕਾਮਾਨਵਾਂ ਨੇ ਕਿਹੜਾ ਮੋੜ ਕੱਟਣਾ? ਉਸਦੀ ਸੋਚ ਦੇ ਦਾਇਰੇ ਬਹੁਤ ਹੀ ਸੀਮਤ। ਉਸਦੇ ਸੁਪਨਿਆਂ ਦਾ ਸੰਸਾਰ ਬਹੁਤ ਸੌੜਾ। ਉਹ ਆਪਣੀਆਂ ਸੰਭਾਵਨਾਵਾਂ ਤੋਂ ਅਵੇਸਲਾ। ਫਿਰ ਭਲਾ ਉਹ ਕਿਹੜੀਆਂ ਸਫ਼ਲਤਾਵਾਂ ਦਾ ਸ਼ਾਹ-ਅਸਵਾਰ ਬਣ ਸਕਦਾ?

ਬੰਦੇ ਨੂੰ ਇਹ ਤਾਂ ਗਿਆਨ ਹੀ ਨਹੀਂ ਕਿ ਉਸਦੀ ਜੀਵਨ ਸ਼ੈਲੀ ਕੀ ਹੈ? ਜ਼ਿੰਦਗੀ ਨੂੰ ਹੋਰ ਖੂਬਸੂਰਤ ਅਤੇ ਖੂਬਸੀਰਤ ਕਿਵੇਂ ਬਣਾਇਆ ਜਾ ਸਕਦਾ? ਕਿਹੜੇ ਤਰੀਕਿਆਂ ਨਾਲ ਉਹ ਸਮਾਜ ਵਿਚ ਯੋਗਦਾਨ ਪਾ ਕੇ ਇਸਦੀ ਸਾਰਥਿਕਤਾ ਅਤੇ ਸੁੰਦਰਤਾ ਨੂੰ ਹੋਰ ਨਿਖਾਰ ਸਕਦਾ?

ਬੰਦਾ ਨੂੰ ਚਾਹੀਦਾ ਕਿ ਸਵੇਰ ਨੂੰ ਸੈਰ 'ਤੇ ਨਿਕਲੇ। ਮੌਲ਼ਦੀ ਕੁਦਰਤ ਨੂੰ ਨਿਹਾਰੇ। ਬਿਰਖ਼ਾਂ 'ਤੇ ਪੰਛੀਆਂ ਦੀ ਰਾਗਣੀ ਸੁਣੇ। ਪੱਤਿਆਂ ਵਿਚੋਂ ਸਰਕਦੀ ਹਵਾ ਦੀਆਂ ਸੁਰਾਂ ਵਿਚ ਖ਼ੁਦ ਨੂੰ ਸਰੂਰੇ। ਨਿਖ਼ਰੇ ਅੰਬਰ ਦੀ ਪਾਕੀਜ਼ਗੀ ਨੂੰ ਆਪਣੇ ਅੰਦਰ ਉਤਾਰੇ। ਚੋਗ ਦੀ ਭਾਲ ਵਿਚ ਨਿਕਲੇ ਪੰਛੀਆਂ ਦੀਆਂ ਡਾਰਾਂ ਨੂੰ ਦੇਖੇ। ਸਰਘੀ ਦੀ ਫੁੱਟ ਰਹੀ ਲੋਅ ਵਾਂਗ ਆਪਣੇ ਮਨ ਵਿਚ ਚਾਨਣ ਦੀ ਚਿਣਗ ਲਾਵੇ। ਜਦ ਬੰਦਾ ਆਲੇ-ਦੁਆਲੇ ਪਸਰੀ ਕੁਦਰਤ ਨਾਲ ਇਕਸੁਰ ਹੋ ਕੇ ਆਪਣੀਆਂ ਸੋਚਾਂ, ਸੰਵੇਦਨਾਵਾਂ ਅਤੇ ਸੁਪਨਿਆਂ ਵਿਚ ਤਾਜ਼ਗੀ ਭਰਦਾ ਤਾਂ ਉਸਦੇ ਪੈਰਾਂ ਵਿਚ ਸਫ਼ਰ ਉਗਣਾ ਲਾਜ਼ਮੀ ਹੁੰਦਾ। ਉਸਨੂੰ ਅਹਿਸਾਸ ਹੁੰਦਾ ਕਿ ਕੁਦਰਤ ਦੀ ਖੂਬਸੂਰਤੀ ਵਿਚੋਂ ਮਨ ਦੀ ਖੂਬਸੂਰਤੀ ਕਿਵੇਂ ਪੈਦਾ ਹੁੰਦੀ ਅਤੇ ਬੰਦੇ ਦੇ ਮਨ ਤੇ ਰੂਹ ਵਿਚ ਖੇੜਾ ਕਿੰਝ ਪੈਦਾ ਹੁੰਦਾ?

ਕਦੇ ਦਰਿਆ ਦੇ ਕੰਢੇ ਬੈਠ ਕੇ ਵਿਅਰਥ ਸੋਚਾਂ ਦੀਆਂ ਘੁੰਮਣ-ਘੇਰੀਆਂ ਵਿਚ ਗਵਾਚਣ ਦੀ ਬਜਾਏ ਵਗ ਰਹੇ ਦਰਿਆ ਦੀ ਤੋਰ ਵਾਂਗ ਆਪਣੇ ਜੀਵਨ ਨੂੰ ਤੁਰਦੇ ਰਹਿਣ ਦੀ ਆਦਤ ਬਖਸ਼ਣੀ। ਇਸ ਦੀਆਂ ਲਹਿਰਾਂ ਵਿਚ ਪੈਦਾ ਹੋ ਰਹੇ ਸੁਰ-ਸੰਗੀਤ ਨੂੰ ਮਾਨਣ ਅਤੇ ਲਹਿਰਾਂ ਵਾਂਗ ਇਕ ਦੂਜੇ ਨਾਲ ਲਿਪਟ ਕੇ ਆਪਣਿਆਂ ਵਿਚ ਸਮਾਉਣ ਦੀ ਆਦਤ ਨੂੰ ਮਨ ਵਿਚ ਪੈਦਾ ਕਰਨਾ। ਆਪਣਿਆਂ ਵਿਚ ਸਮਾ ਜਾਣ ਦੀ ਸੋਝੀ ਮਨ ਵਿਚ ਪੈਦਾ ਹੋ ਜਾਵੇ ਤਾਂ ਮਨ ਵਿਚ ਪੈਦਾ ਹੋਣ ਵਾਲੀ ਨਫ਼ਰਤ, ਘ੍ਰਿਣਾ, ਦੁਸ਼ਮਨੀ ਤੇ ਦਵੈਤ ਮਨ ਜੂਹੇ ਕਦੇ ਨਹੀਂ ਪੈਦਾ ਹੋਵੇਗੀ। ਪਾਣੀ ਪਾਕੀਜ਼ ਅਤੇ ਇਸ ਵਿਚ ਪਈ ਕੋਈ ਲਕੀਰ ਕਦੇ ਵੀ ਥਿਰ ਨਹੀਂ ਰਹਿੰਦੀ। ਪਾਣੀ ਵਿਚ ਕਦੇ ਨਹੀਂ ਪੈਂਦੀਆਂ ਵੰਡੀਆਂ। ਦੋਹਾਂ ਕੰਢਿਆਂ ਦੇ ਆਪਸੀ ਮੋਹ ਨੂੰ ਆਪਣੀ ਕਰਮ-ਸ਼ੈਲੀ ਦਾ ਅਧਾਰ ਬਣਾਉਣਾ ਜੋ ਦਰਿਆ ਨੂੰ ਬੁੱਕਲ ਵਿਚ ਲੈ ਕੇ ਇਸਨੂੰ ਰੂਪ ਅਤੇ ਰਵਾਨਗੀ ਦਿੰਦੇ। ਬੰਦੇ ਨੂੰ ਸੋਚਣਾ ਚਾਹੀਦਾ ਕਿ ਕੀ ਉਸਨੇ ਕਦੇ ਦਰਿਆ ਬਣ ਕੇ ਰੱਕੜ ਨੂੰ ਭਾਗ ਲਾਏ? ਕਿਸੇ ਦੀ ਪਿਆਸ ਬੁਝਾਈ ਜਾਂ ਪਾਣੀ ਵਾਂਗ ਮਨਾਂ ਵਿਚਲੀਆਂ ਅਦਿੱਖ ਲਕੀਰਾਂ ਨੂੰ ਮਿਟਾਉਣ ਦੀ ਚੇਸ਼ਟਾ ਮਨ ਵਿਚ ਪੈਦਾ ਕੀਤੀ। ਵਗਦੇ ਪਾਣੀਆਂ ਵਰਗੀ ਤਾਸੀਰ ਤੋਂ ਬੰਦਾ ਬਹੁਤ ਕੁਝ ਸਿੱਖ ਸਕਦਾ। ਪਰ ਬੰਦੇ ਕੁਝ ਸਿੱਖਣ ਦੀ ਬਜਾਏ ਕਈ ਵਾਰ ਪਾਣੀਆਂ ਨੂੰ ਸਿਖਾਉਣ ਤੁਰ ਪੈਂਦਾ ਤਾਂ ਹੀ ਦਰਿਆਵਾਂ ਵਿਚ ਬਰੇਤੇ ਉਗਦੇ।

ਬੰਦਾ ਖੇਤਾਂ ਵਿਚ ਫਿਰਦਾ, ਵੱਟ 'ਤੇ ਟਹਿਲਦਿਆਂ ਸਿਰਫ਼ ਖੇਤਾਂ 'ਤੇ ਕਬਜ਼ੇ ਦੀ ਭਾਵਨਾ ਲੈ ਕੇ ਨਿਕਲਦਾ। ਕਦੇ ਵੀ ਉਹ ਖੇਤਾਂ ਦੀ ਹਰਿਆਵਲ ਨੂੰ ਆਪਣੀ ਮਨ ਦੀ ਬੈਰਾਨਗੀ ਦੇ ਨਾਮ ਨਹੀਂ ਕਰਦਾ। ਨਾ ਹੀ ਉਸਨੂੰ ਅਹਿਸਾਸ ਹੁੰਦਾ ਕਿ ਆੜਾਂ ਵਿਚ ਵਗਦਾ ਪਾਣੀ ਫ਼ਸਲਾਂ ਦੀ ਜਿੰਦ ਜਾਨ ਹੋ, ਕਿਸਾਨ ਦੀਆਂ ਕਿਸਮਤ ਰੇਖਾਵਾਂ ਲਿਖਦਾ ਅਤੇ ਖਾਲੀ ਕੋਠੜੀ ਵਿਚ ਬੋਹਲ ਲਾਉਂਦਾ। ਬੰਦੇ ਜੰਮਣ ਵਾਲੀਆਂ ਜ਼ਮੀਨਾਂ ਦੀਆਂ ਵੰਡੀਆਂ ਪਾਉਣ ਵਾਲੇ ਸ਼ਖਸ ਨੂੰ ਇਹ ਯਾਦ ਨਹੀਂ ਰਹਿੰਦਾ ਕਿ ਪੈਰਾਂ ਹੇਠ ਮਿੱਧੀ ਜਾ ਰਹੀ ਮਿੱਟੀ ਨੇ 'ਕੇਰਾਂ ਤੇਰੇ ਉਪਰ ਪੈ ਕੇ ਤੇਰੀ ਮਿੱਟੀ ਨੂੰ ਆਪਣੇ ਵਿਚ ਮਿਲਾ ਲੈਣਾ। ਮਿੱਟੀ ਵਿਚ ਨਿੰਮਣ ਵਾਲਿਆ!



ਕਾਹਦਾ ਮਾਣ ਕਰੇਂਦਾ ਤੂੰ ਮਿੱਟੀ ਦਾ। ਤੇਰੇ ਹੱਥਾਂ ਵਿਚ ਮਿੱਟੀ ਨੇ ਕਿਸਮਤ ਲਿਖੀ ਅਤੇ ਤੇਰੀ ਹਉਮੈ ਨੇ ਵੀ ਮਿੱਟੀ ਹੋਣਾ। ਆਪਣੇ ਆਪ ਨੂੰ ਮਿੱਟੀ ਦਾ ਆੜੀ ਸਮਝੇਂਗਾ ਤਾਂ ਇਹ ਮਿੱਟੀ ਤੇਰੀਆਂ ਸੁੱਖਾਂ ਸੁੱਖਦੀ, ਤੇਰੀ ਤਲੀ 'ਤੇ ਉਗ ਕੇ ਸੋਨਾ ਵੀ ਬਣ ਸਕਦੀ ਏ। ਤੂੰ ਸੋਚੀਂ ਕਿ ਇਸ ਮਿੱਟੀ ਵਿਚ ਕਬਰਾਂ ਉਗਾਉਣ ਦੀ ਸੋਚਣ ਵਾਲਾ ਆਖਰ ਨੂੰ ਖੁਦ ਵੀ ਕਬਰ ਹੀ ਬਣ ਜਾਂਦਾ। ਮਿੱਟੀ ਦਾ ਮਾਣ ਨਹੀਂ ਕਰੀਦਾ ਸਗੋਂ ਮਿੱਟੀ ਨੂੰ ਮਾਣ ਦੇਈਦਾ ਤਾਂ ਹੀ ਬੰਦਾ ਉਸ ਮਾਣ ਦਾ ਹਾਣੀ ਹੋ ਸਕਦਾ।

ਬੀਚ ਦੇ ਕੰਢੇ ਬੈਠ ਕੇ ਸਮੁੰਦਰ ਦੀਆਂ ਲਹਿਰਾਂ ਗਿਣਨ ਵਾਲਿਆ! ਇਨ੍ਹਾਂ ਲਹਿਰਾਂ ਵਿਚ ਜੀਵਨ ਧੜਕਦਾ। ਲਹਿਰਾਂ ਵਾਰ-ਵਾਰ ਕੰਢਿਆਂ ਨੂੰ ਮਿਲਣ ਲਈ ਅਹੁਲਦੀਆਂ। ਰੇਤ ਨੂੰ ਭਿਉਂਦੀਆਂ, ਚੁੰਮਦੀਆਂ ਤੇ ਫਿਰ ਪਰਤਦੀਆਂ। ਇਹ ਵਰਤਾਰਾ ਉਨ੍ਹਾਂ ਦੇ ਜੀਵਨ ਦਾ ਅਧਾਰ। ਬੀਚ 'ਤੇ ਬਿਖਰੇ ਘੋਗੇ ਅਤੇ ਸਿੱਪੀਆਂ ਨੂੰ ਕਦੇ ਨੇੜਿਉਂ ਨਿਹਾਰੀਂ ਤਾਂ ਤੈਨੂੰ ਅਹਿਸਾਸ ਹੋਵੇਗਾ ਕਿ ਇਨ੍ਹਾਂ ਵਿਚ ਵੀ ਜੀਵਨ ਧੜਕਦਾ। ਜਦ ਬੱਚੇ ਇਨ੍ਹਾਂ ਨੂੰ ਇਕੱਠੇ ਕਰਕੇ ਆਪਣੇ ਕਮਰਿਆਂ ਵਿਚ ਸਜਾਉਂਦੇ। ਉਨ੍ਹਾਂ ਦੇ ਮਨਾਂ ਵਿਚ ਘੋਗੇ-ਸਿਪੀਆਂ ਵਿਚ ਪੈਦਾ ਹੋਣ ਵਾਲੇ ਹੀਰਿਆਂ ਦੀ ਤਮੰਨਾ ਹੁੰਦੀ। ਸਮੁੰਦਰ ਨੂੰ ਦੂਰ ਤੀਕ ਦੇਖਦਿਆਂ ਇਸਦੀ ਵਿਸ਼ਾਲਤਾ ਤੇ ਡੂੰਘਾਈ ਵਿਚੋਂ ਬੰਦਾ ਬਹੁਤ ਕੁਝ ਸਿੱਖ ਸਕਦਾ ਹੈ। ਆਪਣੀ ਸੋਚ ਦੇ ਫੈਲਾਅ ਅਤੇ ਮਨ ਦੀਆਂ ਅਸੀਮ ਪਰਤਾਂ ਨੂੰ ਫਰੋਲ ਕੇ ਬੰਦਾ ਆਪਣੇ ਅੰਦਰਲੀ ਧਰਾਤਲ ਵਿਚੋਂ ਮਾਣਕ-ਮੋਤੀਆਂ ਦਾ ਖਜ਼ਾਨਾ ਪ੍ਰਾਪਤ ਕਰ ਸਕਦਾ। ਪਰ ਬੰਦੇ ਦੀ ਸੋਚ ਸਤਹੀ ਹੀ ਹੁੰਦੀ। ਉਹ ਸਮੁੰਦਰੀ ਕਾਇਨਾਤ ਨੂੰ ਉਪਰੀ ਨਜ਼ਰ ਨਾਲ ਦੇਖ ਕੇ ਹੀ ਖਾਲੀ ਹੱਥ ਪਰਤ ਆਉਂਦਾ। ਸਮੁੰਦਰ ਕੋਲੋਂ ਪਰਤਣ ਲੱਗਿਆਂ ਬੰਦੇ ਨੂੰ ਚਾਹੀਦਾ ਕਿ ਸਮੁੰਦਰ ਵਰਗੀ ਸ਼ੀਤਲਤਾ, ਤਰਲਤਾ ਅਤੇ ਚੰਨ ਨੂੰ ਮਿਲਣ ਦੀ ਤਾਂਘ ਮਨ ਵਿਚ ਪੈਦਾ ਕਰਦਾ ਰਹੇ। ਸ਼ਾਂਤ ਰਾਤ ਨੂੰ ਸਮੁੰਦਰ ਵਿਚ ਉਤਰੇ ਚੰਨ ਦੀ ਸਮੁੰਦਰ ਨਾਲ ਕੀਤੀ ਗੁਫ਼ਤਗੂ ਵਾਂਗ ਆਪਣੇ ਅੰਦਰਲੇ ਸਮੁੰਦਰ ਨਾਲ ਵੀ ਸੰਵਾਦ ਰਚਾਇਆ ਕਰੇ।

ਬੰਦਾ ਪਹਾੜਾਂ 'ਤੇ ਜਾਂਦਾ ਪਰ ਪਹਾੜਾਂ ਤੋਂ ਕੁਝ ਸਿੱਖੇ ਬਗੈਰ ਹੀ ਪਰਤ ਆਉਂਦਾ। ਕਦੇ ਪਹਾੜਾਂ ਦੀਆਂ ਬਰਫ਼ਾਂ ਲੱਧੀਆਂ ਚੋਟੀਆਂ ਨੂੰ ਤੱਕਣਾ। ਕਿਵੇਂ ਉਹ ਅੰਬਰ ਨੂੰ ਛੂਹਣ ਲਈ ਕਾਹਲੀਆਂ? ਮੌਸਮਾਂ ਦੀ ਮਾਰ ਸਹਿੰਦਿਆਂ ਵੀ ਸਿਰ ਉਚਾ ਰੱਖਣ ਦਾ ਹੁਨਰ ਕਦੇ ਪਰਬਤਾਂ ਤੋਂ ਸਿੱਖਣਾ। ਫਿਰ ਅਹਿਸਾਸ ਹੋਵੇਗਾ ਕਿ ਸਿਰ ਉਚਾ ਰੱਖਣ ਲਈ ਕਿੰਨਾ ਮੁੱਲ ਤਾਰਨਾ ਪੈਂਦਾ? ਪਰ ਕਿੰਨਾ ਗਰਵ ਹੁੰਦਾ ਸਿਰ ਉਚਾ ਚੁੱਕ ਕੇ ਜਿਉਣ ਦਾ। ਪਹਾੜ ਹੀ ਦੱਸਦੇ ਕਿ ਸਿਖਰ 'ਤੇ ਪਹੁੰਚਣ ਲਈ ਬੜੇ ਟੇਢੇ-ਮੇਢੇ ਅਤੇ ਬਿਖੜੇ ਪੈਂਡਿਆਂ ਨਾਲ ਹੀ ਸਿਖਰ 'ਤੇ ਪਹੁੰਚਿਆ ਜਾ ਸਕਦਾ। ਬੇਹਿੰਮਤੇ ਲੋਕ ਤਾਂ ਅੱਧ ਵਿਚਕਾਰੋਂ ਹੀ ਹੌਸਲਾ ਹਾਰ ਵਾਪਸ ਪਰਤ ਆਉਂਦੇ। ਪਰਬਤਾਂ ਨੂੰ ਆਪਣਾ ਯਾਰ ਬਣਾਉਣ ਵਾਲੇ ਹੀ ਪਰਬਤੀ ਜੇਰੇ ਦੇ ਮਾਲਕ ਜਿਨ੍ਹਾਂ ਦੀ ਸੋਚ ਵਿਚ ਉਚੇਰੇ ਦਿਸਹੱਦਿਆਂ ਨੂੰ ਆਪਣੇ ਕਲਾਵੇ ਵਿਚ ਲੈਣ ਦਾ ਦਮ ਹੁੰਦਾ।

ਟਿਕੀ ਹੋਈ ਰਾਤ ਵਿਚ ਘਰ ਦੀ ਛੱਤ 'ਤੇ ਆਪਣੇ ਹਮਸਫ਼ਰ ਨਾਲ ਮੰਜੇ 'ਤੇ ਲੇਟਿਆ ਸ਼ਖਸ ਸੋਚਦਾ ਹੈ ਕਿ ਚਾਨਣੀ ਰਾਤ ਵਿਚ ਚੰਨ ਵਰਗਾ ਸਾਥ ਮਾਨਣ ਦਾ ਅਕਹਿ ਆਨੰਦ ਵਿਰਲਿਆਂ ਦੇ ਹਿੱਸੇ ਆਉਂਦਾ। ਪਰ ਅੰਬਰ ਵਿਚ ਦੀਵਿਆਂ ਦੇ ਥਾਲ ਦੀ ਰੌਸ਼ਨੀ ਵਿਚ ਖੁਦ ਨੂੰ ਦੁੱਧ ਧੋਤਾ ਸਮਝਦਿਆਂ ਵੀ ਤਾਰਿਆਂ ਭਰੇ ਅੰਬਰ ਦੀ ਸਿਫ਼ਤ ਸਲਾਹ ਕਰਨ ਦਾ ਚੇਤਾ ਨਹੀਂ ਆਉਂਦਾ। ਉਸਨੂੰ ਇਹ ਧਿਆਨ ਹੀ ਨਹੀਂ ਰਹਿੰਦਾ ਕਿ ਅਗਰ ਚਾਨਣੀ ਨਾ ਹੁੰਦੀ ਤਾਂ ਆਪਣੇ ਸੱਜਣ ਦੇ ਮੁਖੜੇ ਨੂੰ ਕਿੰਝ ਨਿਹਾਰਦਾ? ਤਾਰਿਆਂ ਵਰਗੀ ਕੋਸੀ ਗੁਫ਼ਤਗੂ ਕਿੰਝ ਰਚਾਉਂਦਾ? ਛੱਤ 'ਤੇ ਉਤਰੇ ਚੰਨ ਦੀ ਰਸਭਿੰਨੀ ਗੱਲਬਾਤ ਵਿਚੋਂ ਉਸਨੂੰ ਜਿਊਣ ਦਾ ਹੁਨਰ ਕਿੰਝ ਮਿਲਦਾ? ਅਸਮਾਨ ਵਿਚ ਟੁੱਟਦੇ ਤਾਰੇ ਨੂੰ ਦੇਖ ਕੇ ਉਸਨੂੰ ਇਹ ਸਮਝ ਬਿਲਕੁਲ ਨਹੀਂ ਪੈਂਦੀ ਕਿ ਪਤਾ ਨਹੀਂ ਜੀਵਨ ਦੇ ਕਿਸ ਮੋੜ 'ਤੇ ਪਲ ਭਰ ਵਿਚ ਟੁੱਟਦੇ ਤਾਰੇ ਵਾਂਗ ਚਾਨਣ ਦੀ ਲੀਕ ਪੈਦਾ ਕਰ ਰਾਖ਼ ਬਣ ਕੇ ਧਰਤ 'ਤੇ ਬਿਖਰ ਜਾਣਾ। ਕਿਸੇ ਨੂੰ ਯਾਦ ਨਹੀਂ ਰਹਿਣਾ ਕਿ ਕਦੇ ਕੋਈ ਤਾਰਾ ਹੁੰਦਾ ਸੀ ਜੋ ਧਰਤ ਦੀ ਜੂਹ ਵਿਚ ਆ, ਰੌਸ਼ਨੀ ਬਖੇਰ ਸਦਾ ਲਈ ਧਰਤ ਦਾ ਹਿੱਸਾ ਹੀ ਬਣ ਗਿਆ। ਜੀਵਨ ਦੇ ਰਾਂਗਲੇ ਪਲਾਂ ਨੂੰ ਮਾਣਦਿਆਂ, ਆਲੇ-ਦੁਆਲੇ ਵਿਚੋਂ ਜ਼ਿੰਦਗੀ ਦੇ ਨਕਸ਼ਾਂ ਦੀ ਨਿਸ਼ਾਨਦੇਹੀ ਕਰਕੇ ਹੀ ਬੰਦਾ ਆਪਣੀ ਜ਼ਿੰਦਗੀ ਨੂੰ ਹੋਰ ਰੰਗੀਨ ਤੇ ਹੁਸੀਨ ਵੀ ਬਣਾ ਸਕਦਾ ਪਰ ਬੰਦੇ ਨੂੰ ਕੌਣ ਇਹ ਰਮਜ਼ਾਂ ਸਮਝਾਵੇ?

ਨੌਜਵਾਨ ਔਲਾਦ ਆਪਣੇ ਮਾਂ-ਬਾਪ ਦੇ ਮੁਖੜੇ ਨਹੀਂ ਨਿਹਾਰਦੀ। ਉਨ੍ਹਾਂ ਦੇ ਮੱਥਿਆਂ 'ਤੇ ਉਗ ਆਈਆਂ ਝੁਰੜੀਆਂ ਵਿਚੋਂ ਜੀਵਨ-ਪ੍ਰਾਪਤੀ ਦਾ ਇਤਿਹਾਸ ਨਹੀਂ ਪੜ੍ਹਦੀ ਸਗੋਂ ਉਨ੍ਹਾਂ ਦੇ ਬੁਢਾਪੇ ਨੂੰ ਕੋਸਣ ਲੱਗਦੀ। ਕਦੇ ਉਨ੍ਹਾਂ ਦੇ ਪੈਰਾਂ ਵਿਚ ਉਗੀਆਂ ਬਿਆਈਆਂ ਵਿਚ ਜੀਵਨੀ ਪੈਂਡਿਆਂ ਦਾ ਇਤਿਹਾਸ ਪੜ੍ਹਨਾ ਤਾਂ ਸਮਝ ਲੱਗੇਗੀ ਕਿ ਕਿੰਨਾ ਔਖਾ ਹੁੰਦਾ ਨੰਗੇ ਪੈਰੀਂ ਕੱਚੇ-ਰਾਹਾਂ ਵਿਚੋਂ ਆਪਣੀਆਂ ਪੈੜਾਂ ਦੇ ਨਿਸ਼ਾਨ ਭਵਿੱਖ ਦੇ ਨਾਮ ਕਰਨੇ। ਉਨ੍ਹਾਂ ਦੇ ਹੱਥਾਂ ਦੀ ਫੱਟੀਆਂ ਕੋਰਾਂ ਵਿਚੋਂ ਆਉਂਦੀ ਮਿਹਨਤ ਤੇ ਮੁਸ਼ੱਕਤ ਦੀਆਂ ਸੁਰਖ ਸਵੇਰ ਵਰਗੀਆਂ ਕਿਰਨਾਂ ਨਾਲ ਆਪਣੇ ਮਸਤਕ ਨੂੰ ਰੁਸ਼ਨਾਉਣਾ ਤਾਂ ਬੰਦੇ ਨੂੰ ਸਮਝ ਆਵੇਗੀ ਕਿ ਮਿਹਨਤ ਵਿਚੋਂ ਉਗੀਆਂ ਕਿਸਮਤ-ਲਕੀਰਾਂ ਨੂੰ ਨਿਹਾਰਨ 'ਤੇ ਕਿੰਨਾ ਸੁਖਨ ਅਤੇ ਸਕੂਨ ਮਿਲਦਾ। ਇਹੀ ਸਕੂਨ ਅਗਰ ਬੰਦਾ ਆਪਣੇ ਬਜ਼ੁਰਗਾਂ ਕੋਲੋਂ ਹਾਸਲ ਕਰਕੇ ਆਪਣੀ ਅਗਲੇਰੀ ਪੀੜ੍ਹੀ ਦੇ ਨਾਮ ਲਾ ਦੇਵੇ ਤਾਂ ਬੰਦੇ ਦੀ ਸੋਚ ਦੇ ਵਾਰੇ ਜਾਈਦਾ। ਪਰ ਬੰਦਾ ਤਾਂ ਪਤਾ ਨਹੀਂ ਕਿਹੜੀਆਂ ਬੁਣਤੀਆਂ ਵਿਚੋਂ ਨਿੱਜਵਾਦ ਦਾ ਭਰਮ ਪਾਲਦਾ, ਮਾਪਿਆਂ ਦੀ ਕਿਰਤ-ਸਾਧਨਾ ਨੂੰ ਚੁਰਾਉਣ ਦੀਆਂ ਚਾਲਾਂ ਹੀ ਚੱਲਦਾ। ਭਲਾ! ਸਾਧਨਾ ਅਤੇ ਸਿਫ਼ਤ ਵੀ ਚੋਰੀ ਹੋ ਸਕਦੀ। ਕਿਰਤ ਅਤੇ ਕੀਰਤੀ ਨੂੰ ਹਥਿਆਉਣ ਵਾਲੇ ਸਿਰਫ਼ ਆਪਣੇ ਲਈ ਕਬਰ ਦੀ ਖ਼ੁਦਾਈ ਦਾ ਇੰਤਜ਼ਾਮ ਕਰਦੇ। ਉਨ੍ਹਾਂ ਦੇ ਹੱਥ ਪੱਲੇ ਭਲਾ ਕੀ ਆਵੇਗਾ?

ਬੰਦਾ ਡੂੰਘੀ ਸ਼ਾਮ ਵਿਚ ਡੁੱਬ ਰਹੇ ਸੂਰਜ ਨੂੰ ਦੇਖਦਾ ਹੈ। ਇਸਦੇ ਬਦਲਦੇ ਰੰਗਾਂ ਨੂੰ ਵੀ ਅੰਬਰ ਵਿਚ ਫੈਲਦੇ ਦੇਖਦਾ ਅਤੇ ਇਸ ਵਿਚ ਉਸਦੀ ਸਾਰੀ ਸੋਚ ਸਿਮਟ ਜਾਂਦੀ ਹੈ। ਉਹ ਇਹ ਕਦੇ ਵੀ ਨਹੀਂ ਸੋਚਦਾ ਕਿ ਸੂਰਜ ਦੇ ਛੁਪਣ ਵਾਂਗ ਬੰਦੇ ਨੇ ਵੀ ਇਸ ਜਹਾਨ ਤੋਂ ਤੁਰ ਜਾਣਾ ਹੈ। ਉਹ ਇਸ ਧਰਤ ਦੇ ਨਾਵੇਂ ਧੁੱਪ ਵਰਗਾ ਕੁਝ ਅਰਪਿਤ ਕਰਕੇ ਇਸ ਜਹਾਨ ਤੋਂ ਰੁਖ਼ਸਤ ਹੋਇਆ ਹੈ ਜਾਂ ਸਿਰਫ਼ ਹਨੇਰੀ ਬਿਰਤੀ ਨੂੰ ਹੀ ਉਸਨੇ ਸਮਿਆਂ ਦੇ ਨਾਮ ਕੀਤਾ ਹੈ, ਇਸ ਨੇ ਹੀ ਉਸਦੀ ਜੀਵਨ-ਪ੍ਰਾਪਤੀ ਨੂੰ ਨਿਰਧਰਾਤ ਕਰਨਾ ਹੈ। ਉਸਦੇ ਜਾਣ ਤੋਂ ਬਾਅਦ ਉਸਦੀ ਅਰਥੀ ਦੇ ਮਗਰ ਜਾ ਰਹੇ ਲੋਕ ਕੀ ਗੱਲਾਂ ਕਰਦੇ, ਇਹ ਬੰਦੇ ਦੀ ਅਸਲ ਵਿਰਾਸਤ ਹੁੰਦੀ। ਪਰ ਬੰਦੇ ਨੂੰ ਤਾਂ ਇਸਦਾ ਕਦੇ ਖ਼ਿਆਲ ਹੀ ਨਹੀਂ ਆਉਂਦਾ ਕਿਉਂਕਿ ਉਸਦੇ ਮਨ ਦਾ ਵਹਿਮ ਹੁੰਦਾ ਕਿ ਸੂਰਜ ਹੀ ਛੁਪਿਆ ਹੈ, ਮੈਂ ਤਾਂ ਚਿਰੰਜੀਵ ਰਹਿਣਾ ਹੈ। ਬੰਦਿਆ! ਕਦੇ ਸੂਰਜ ਦੀ ਯਾਤਰਾ ਵਰਗਾ ਕੁਝ ਤਾਂ ਕਰ ਕਿ ਬਨਸਪਤੀ ਮੌਲਦੀ ਰਹੇ ਅਤੇ ਧਰਤ ਨਿੱਘ ਅਤੇ ਰੌਸ਼ਨੀ ਵਿਚ ਖੁਦ ਦੀ ਧੰਨਭਾਗਤਾ ਦਾ ਰਾਗ ਗਾਉਂਦੀ ਰਹੇ। ਤੁਰ ਜਾਣ ਵਾਲੇ ਦੀਆਂ ਇਹ ਯਾਦਾਂ ਹੀ ਹੁੰਦੀਆਂ ਕਿ ਉਹ ਕਈ ਯੁੱਗਾਂ ਤੀਕ ਮਰਨ ਤੋਂ ਬਾਅਦ ਵੀ ਜੀਂਦਾ ਰਹਿੰਦਾ। ਕੁਝ ਲੋਕ ਤਾਂ ਜਿਉਂਦੇ ਵੀ ਮਰਿਆਂ ਬਰਾਬਰ ਹੀ ਹੁੰਦੇ। ਬੰਦਿਆ ਕੁਝ ਤਾਂ ਸੋਚ ਵਿਚਾਰ ਕਿ ਕੇਹਾ ਹੈ ਤੇਰਾ ਵਿਵਹਾਰ, ਕੈਸੇ ਨੇ ਤੇਰੇ ਵਿਚਾਰ, ਕੀ ਰੰਗ ਖਿੜਾਉਂਦਾ ਤੇਰਾ ਕਿਰਦਾਰ ਅਤੇ ਕਿਸ ਰੂਪ ਵਿਚ ਤੈਨੂੰ ਯਾਦ ਕਰੇਗਾ ਸੰਸਾਰ?

ਖਿਡੌਣਾ ਬਣਿਆ ਬੱਚਾ ਖਿਡੌਣਿਆਂ ਨਾਲ ਖੇਡ ਰਿਹਾ। ਨੇੜੇ ਬੈਠੇ ਸ਼ਖਸ ਨੂੰ ਇਸਦਾ ਕੋਈ ਇਲਮ ਨਹੀਂ ਕਿ ਬੱਚੇ ਦੀ ਮਾਸੂਮੀਅਤ ਦੇ ਕੀ ਅਰਥ ਨੇ? ਉਸਦੀ ਸੋਚ ਦੀ ਪਵਿੱਤਰਤਾ ਦਾ ਆਲਮ ਕੀ ਹੈ? ਉਸਦੇ ਪਾਕ ਵਿਚਾਰਾਂ ਵਿਚ ਕਿਹੜੀਆਂ ਧਾਰਨਾਵਾਂ ਪੈਦਾ ਹੋ ਰਹੀਆ? ਉਹ ਕਿਹੜੇ ਸੁਪਨਿਆਂ ਦਾ ਸੱਚ ਆਪਣੀ ਖੇਡ ਵਿਚੋਂ ਦੇਖ ਰਿਹਾ? ਉਸ ਵਲੋਂ ਕੋਰੇ ਕਾਗਜ਼ 'ਤੇ ਮਾਰੀਆਂ ਲਕੀਰਾਂ ਵਿਚੋਂ ਕਿਹੜੇ ਚਿੱਤਰ ਉਸਦੇ ਮਨ ਦੇ ਚਿੱਤਰਪੱਟ 'ਤੇ ਉਕਰੇ ਜਾ ਰਹੇ? ਉਹ ਆਪਣੇ ਖਿਡੌਣਿਆਂ ਨਾਲ ਕਿਸ ਕਿਸਮ ਦੀ ਵਾਰਤਾਲਾਪ ਕਰ ਰਿਹਾ? ਉਹ ਨਿੱਕੀਆਂ ਗੱਲਾਂ ਕਰਦਾ ਖ਼ੁਦ ਹੀ ਪ੍ਰਸ਼ਨ ਅਤੇ ਖ਼ੁਦ ਹੀ ਜਵਾਬ ਬਣਦਾ। ਉਸ ਨੂੰ ਭੁੱਖ ਜਾਂ ਪਿਆਸ ਦੀ ਕੋਈ ਪ੍ਰਵਾਹ ਨਹੀਂ। ਉਹ ਕਦੇ ਕੰਧਾਂ 'ਤੇ ਚਿੱਤਰਕਾਰੀ ਕਰਨ ਲੱਗਦਾ। ਕਦੇ ਆਪਣੇ ਖਿਡੌਣਿਆਂ ਵਿਚ ਤਰ੍ਹਾਂ-ਤਰ੍ਹਾਂ ਦੀਆਂ ਆਵਾਜ਼ਾਂ ਪੈਦਾ ਕਰ ਨੱਚਣ ਵੀ ਲੱਗਦਾ। ਆਪਣੇ ਹੀ ਰੰਗ ਵਿਚ ਰੰਗਿਆ, ਦੁਨੀਆ ਤੋਂ ਬੇਨਿਆਜ਼ ਰਹਿ ਕੇ ਸੁਖਨ ਦਾ ਪੂਰਨ ਮੁਜੱਸਮਾ, ਬੇਫ਼ਿਕਰ ਜ਼ਿੰਦਗੀ ਦਾ ਚਿਰਾਗ। ਜੇਕਰ ਬੱਚੇ ਨੂੰ ਦੇਖ ਕੇ ਉਸਦੇ ਕੋਲ ਬੈਠੇ ਸ਼ਖਸ ਦਾ ਜੀਅ ਬੱਚਾ ਬਣਨ ਨੂੰ ਨਹੀਂ ਕਰਦਾ ਤਾਂ ਸਮਝੋ ਕਿ ਉਸ ਸ਼ਖਸ ਦਾ ਅੰਦਰ ਮਰ ਚੁੱਕਾ ਅਤੇ ਉਹ ਜਿਊਂਦੀ ਲਾਸ਼ ਹੈ। ਬੱਚੇ ਨੂੰ ਦੇਖ ਕੇ ਜਦ ਕੋਈ ਸ਼ਖਸ ਬੱਚਾ ਬਣਦਾ ਤਾਂ ਉਸਦੀ ਅੰਦਰਲੀ ਨਿਰਛੱਲਤਾ ਅਤੇ ਪਾਕੀਜ਼ ਬਿਰਤੀ ਉਛਲਦੀ। ਉਹ ਆਪਣੀ ਅੰਦਰਲੀ ਕਾਲਖ਼ ਧੋ ਕੇ ਬਚਪਨੇ ਰਾਹੀਂ ਆਪਣੀ ਜ਼ਿੰਦਗੀ ਨੂੰ ਦੇਖਣ, ਮਾਨਣ ਅਤੇ ਜਿਊਣ ਦੇ ਕਾਬਲ ਹੋ ਜਾਂਦਾ। ਐ ਮਨੁੱਖ! ਕਦੇ ਬੱਚਿਆਂ ਵਿਚ ਬੱਚਾ ਬਣਨਾ। ਤੈਨੂੰ ਪਤਾ ਲੱਗੇਗਾ ਕਿ ਅਜੇਹੀ ਅਕਹਿ ਅਤੇ ਆਨੰਦਤ ਅਵਸਥਾ ਬਹੁਤ ਵਿਰਲਿਆਂ ਦਾ ਨਸੀਬ ਅਤੇ ਤੂੰ ਵਿਰਲਿਆਂ ਵਿਚੋਂ ਵਿਰਲਾ ਬਣ ਜਾਵੇਂਗਾ।

ਬੰਦਿਆ! ਆਪਣੇ ਜੀਵਨ ਵਿਚ ਵਿਚਰਦਿਆਂ ਕਦੇ ਵੀ ਬੇਧਿਆਨੀ ਨਾਲ ਜੀਵਨ-ਰਾਹਾਂ ਦਾ ਪੈਂਡਾ ਤੈਅ ਨਾ ਕਰ। ਸਗੋਂ ਆਲੇ-ਦੁਆਲੇ ਦੇ ਵਰਤਾਰਿਆਂ ਦਾ ਹਿੱਸਾ ਬਣ ਕੇ, ਇਨ੍ਹਾਂ ਵਿਚੋਂ ਜੀਵਨ-ਜਾਚ ਦੀਆਂ ਦਾਤਾਂ ਗ੍ਰਹਿਣ ਕਰਕੇ ਆਪਣੇ ਜੀਵਨ ਦੀਆਂ ਤਰਜ਼ੀਹਾਂ ਮਿੱਥ। ਜ਼ਿੰਦਗੀ ਦਾ ਹਰ ਰੰਗ ਤੇਰੀ ਤਲੀ 'ਤੇ ਯੁੱਗ ਜਿਉਣ ਦਾ ਵਰਦਾਨ ਖੁਣੇਗਾ। 'ਕੇਰਾਂ ਆਪਣਾ ਨਜ਼ਰੀਆ ਤਾਂ ਬਦਲ। ਦੇਖਣਾ ਤੇਰੇ ਜੀਵਨ ਦੇ ਰੰਗ-ਢੰਗ ਹੀ ਬਦਲ ਜਾਣਗੇ। ਬੇਅਰਥੀ, ਬੇਮਕਸਦੀ ਅਤੇ ਬੇਮਤਲਬੀ ਜ਼ਿੰਦਗੀ ਨੂੰ ਜਿਊਣ ਦਾ ਸੁਹਾਵਣਾ ਮਕਸਦ ਮਿਲ ਜਾਵੇਗਾ।

# ਜ਼ਿੰਦਗੀ ਦੀ ਕਿਤਾਬ ਦਾ ਹਰ ਸਫ਼ਾ ਅਨਮੋਲ ਹੁੰਦਾ ਹੈ

ਜ਼ਿੰਦਗੀ ਇੱਕ ਕਿਤਾਬ ਵਾਂਗ ਹੈ, ਜਿਸ ਦਾ ਹਰ ਸਾਲ ਇੱਕ ਨਵਾਂ ਸਫ਼ਾ ਹੁੰਦਾ ਹੈ। ਜਦੋਂ ਅਸੀਂ ਪਿਛਲੇ ਸਾਲ ਵੱਲ ਮੁੜ ਕੇ ਵੇਖਦੇ ਹਾਂ ਤਾਂ ਕਈ ਯਾਦਾਂ, ਤਜਰਬੇ, ਖੁਸ਼ੀਆਂ ਤੇ ਦੁੱਖ ਇੱਕ ਫਿਲਮ ਵਾਂਗ ਅੱਖਾਂ ਅੱਗੇ ਘੁੰਮਣ ਲੱਗ ਪੈਂਦੇ ਹਨ। ਕੁਝ ਪਲ ਅਜਿਹੇ ਹੁੰਦੇ ਹਨ ਜੋ ਸਾਨੂੰ ਮਾਣ ਮਹਿਸੂਸ ਕਰਾਉਂਦੇ ਹਨ, ਤੇ ਕੁਝ ਅਜਿਹੇ ਵੀ ਹੁੰਦੇ ਹਨ ਜੋ ਸਾਨੂੰ ਸਬਕ ਦੇ ਜਾਂਦੇ ਹਨ। ਇਸ ਤਰ੍ਹਾਂ ਇੱਕ ਸਾਲ ਹੋਰ ਬੀਤ ਜਾਂਦਾ ਹੈ ਅਤੇ ਜ਼ਿੰਦਗੀ ਦੀ ਕਿਤਾਬ ਵਿਚ ਇੱਕ ਹੋਰ ਸਫ਼ਾ ਜੁੜ ਜਾਂਦਾ ਹੈ।

ਹਰ ਸਾਲ ਮਨੁੱਖ ਲਈ ਇਮਤਿਹਾਨ ਵਾਂਗ ਹੁੰਦਾ ਹੈ। ਇਸ ਦੌਰਾਨ ਅਸੀਂ ਕੁਝ ਖੱਟਦੇ ਹਾਂ ਤੇ ਕੁਝ ਗੁਆ ਲੈਂਦੇ ਹਾਂ। ਕਈ ਵਾਰ ਸਾਡੀ ਮਿਹਨਤ ਸਾਨੂੰ ਕਾਮਯਾਬੀ ਦੀ ਚੋਟੀ ਤੱਕ ਲੈ ਜਾਂਦੀ ਹੈ, ਪਰ ਕਈ ਵਾਰ ਨਾਕਾਮੀ ਵੀ ਸਾਡੇ ਦਰਵਾਜ਼ੇ 'ਤੇ ਖੜੀ ਮਿਲਦੀ ਹੈ। ਪਰ ਅਸਲ ਸਿਆਣਪ ਇਸ ਗੱਲ ਵਿਚ ਹੈ ਕਿ ਅਸੀਂ ਨਾਕਾਮੀਆਂ ਤੋਂ ਟੁੱਟਦੇ ਨਹੀਂ, ਸਗੋਂ ਉਨ੍ਹਾਂ ਤੋਂ ਸਿੱਖ ਕੇ ਅੱਗੇ ਵਧਦੇ ਹਾਂ। ਜ਼ਿੰਦਗੀ ਦਾ ਹਿਸਾਬ ਸਿਰਫ਼ ਨਫ਼ੇ-ਨੁਕਸਾਨ ਨਾਲ ਨਹੀਂ ਲਗਦਾ, ਸਗੋਂ ਉਹ ਤਜਰਬਿਆਂ ਨਾਲ ਬਣਦਾ ਹੈ ਜੋ ਸਾਨੂੰ ਮਜ਼ਬੂਤ ਬਣਾਉਂਦੇ ਹਨ।

ਇੱਕ ਸਾਲ ਬੀਤਣ ਦਾ ਮਤਲਬ ਇਹ ਵੀ ਹੈ ਕਿ ਅਸੀਂ ਪਹਿਲਾਂ ਨਾਲੋਂ ਜ਼ਿਆਦਾ ਤਜਰਬੇਕਾਰ ਹੋ ਗਏ ਹਾਂ। ਜੋ ਗਲਤੀਆਂ ਅਸੀਂ ਕੱਲ੍ਹ ਕੀਤੀਆਂ ਸਨ, ਉਹ ਅੱਜ ਸਾਨੂੰ ਸਹੀ ਰਾਹ ਦਿਖਾਉਂਦੀਆਂ ਹਨ। ਹਰ ਮੁਸ਼ਕਲ ਸਾਨੂੰ ਇਹ ਸਿਖਾਉਂਦੀ ਹੈ ਕਿ ਹਿੰਮਤ ਅਤੇ ਸਬਰ ਨਾਲ ਹਰ ਰੁਕਾਵਟ ਨੂੰ ਪਾਰ ਕੀਤਾ ਜਾ ਸਕਦਾ ਹੈ। ਜਦੋਂ ਮਨੁੱਖ ਦੇ ਅੰਦਰ ਹੌਸਲਾ ਜਿਊਂਦਾ ਰਹਿੰਦਾ ਹੈ, ਤਾਂ ਉਸ ਲਈ ਕੋਈ ਵੀ ਮੰਜ਼ਿਲ ਦੂਰ ਨਹੀਂ ਰਹਿੰਦੀ।

ਸੱਚ ਇਹ ਹੈ ਕਿ ਜ਼ਿੰਦਗੀ ਵਿਚ ਅਸਲ ਕਾਮਯਾਬੀ ਉਹਨਾਂ ਨੂੰ ਮਿਲਦੀ ਹੈ ਜੋ ਹਰ ਨਵੇਂ ਸਵੇਰੇ ਨੂੰ ਇੱਕ ਨਵਾਂ ਮੌਕਾ ਸਮਝਦੇ ਹਨ। ਉਹ ਲੋਕ ਕਦੇ ਪਿਛਲੇ ਦੁੱਖਾਂ ਵਿਚ ਨਹੀਂ ਫਸਦੇ, ਸਗੋਂ ਭਵਿੱਖ ਦੀਆਂ ਸੰਭਾਵਨਾਵਾਂ ਵੱਲ ਤੱਕਦੇ ਹਨ। ਉਹ ਆਪਣੀ ਮਿਹਨਤ, ਸਬਰ ਅਤੇ ਵਿਸ਼ਵਾਸ ਨਾਲ ਨਵੀਆਂ ਮੰਜ਼ਿਲਾਂ ਦੀ ਤਲਾਸ਼ ਕਰਦੇ ਹਨ। ਇਸੇ ਕਰਕੇ ਉਹ ਹਰ ਸਾਲ ਆਪਣੇ ਲਈ ਇੱਕ ਨਵਾਂ ਇਤਿਹਾਸ ਲਿਖਣ ਦਾ ਜਜ਼ਬਾ ਰੱਖਦੇ ਹਨ।

ਇੱਕ ਸਾਲ ਦੇ ਖ਼ਤਮ ਹੋਣ ਨਾਲ ਸਾਡੇ ਅੰਦਰ ਇੱਕ ਨਵੀਂ ਉਮੀਦ ਜਨਮ ਲੈਂਦੀ ਹੈ। ਅਸੀਂ ਸੋਚਦੇ ਹਾਂ ਕਿ ਆਉਣ ਵਾਲਾ ਸਮਾਂ ਹੋਰ ਵੀ ਵਧੀਆ ਹੋਵੇਗਾ। ਇਹ ਉਮੀਦ ਹੀ ਮਨੁੱਖ ਦੀ ਸਭ ਤੋਂ ਵੱਡੀ ਤਾਕਤ ਹੈ। ਜਦੋਂ ਮਨੁੱਖ ਆਪਣੇ ਆਪ ਨੂੰ ਮੁੜ ਤਿਆਰ ਕਰ ਲੈਂਦਾ ਹੈ, ਤਾਂ ਉਹ ਪੁਰਾਣੀਆਂ ਨਾਕਾਮੀਆਂ ਨੂੰ ਪਿੱਛੇ ਛੱਡ ਕੇ ਨਵੀਆਂ ਕਾਮਯਾਬੀਆਂ ਦੀ ਰਾਹੀਂ ਤੁਰ ਪੈਂਦਾ ਹੈ। ਅਸਲ ਵਿਚ ਜ਼ਿੰਦਗੀ ਦਾ ਸੁੰਦਰ ਰਾਜ ਵੀ ਇਹੀ ਹੈ ਕਿ ਅਸੀਂ ਕਦੇ ਹਾਰ ਨਹੀਂ ਮੰਨਦੇ। ਹਰ ਡਿਗਣ ਤੋਂ ਬਾਅਦ ਖੜ੍ਹ ਹੋ ਜਾਣਾ ਹੀ ਮਨੁੱਖ ਦੀ ਅਸਲ ਜਿੱਤ ਹੈ। ਜਿਹੜਾ ਮਨੁੱਖ ਆਪਣੇ ਅੰਦਰਲੇ ਵਿਸ਼ਵਾਸ ਨੂੰ ਜਿਊਂਦਾ ਰੱਖਦਾ ਹੈ, ਉਹ ਹਰ ਮੁਸ਼ਕਲ ਨੂੰ ਮੌਕੇ ਵਿਚ ਬਦਲ ਸਕਦਾ ਹੈ।

ਇਸ ਲਈ ਜਦੋਂ ਵੀ ਇੱਕ ਸਾਲ ਬੀਤਦਾ ਹੈ ਤਾਂ ਸਾਨੂੰ ਦੁੱਖੀ ਹੋਣ ਦੀ ਬਜਾਏ ਖੁਸ਼ ਹੋਣਾ ਚਾਹੀਦਾ ਹੈ ਕਿ ਸਾਨੂੰ ਇੱਕ ਹੋਰ ਮੌਕਾ ਮਿਲਿਆ ਹੈ। ਇੱਕ ਹੋਰ ਸਫ਼ਾ ਮਿਲਿਆ ਹੈ ਜਿਸ 'ਤੇ ਅਸੀਂ ਆਪਣੀ ਮਿਹਨਤ, ਆਪਣੇ ਸੁਪਨੇ ਅਤੇ ਆਪਣੇ ਹੌਸਲੇ ਨਾਲ ਇੱਕ ਨਵੀਂ ਕਹਾਣੀ ਲਿਖ ਸਕਦੇ ਹਾਂ।

ਅਖੀਰ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਜ਼ਿੰਦਗੀ ਦੀ ਕਿਤਾਬ ਦਾ ਹਰ ਸਫ਼ਾ ਅਨਮੋਲ ਹੁੰਦਾ ਹੈ। ਕਦੇ ਇਹ ਸਾਨੂੰ ਰੁਲਾਂਦਾ ਹੈ ਤੇ ਕਦੇ ਹਸਾਂਦਾ ਹੈ, ਪਰ ਹਰ ਸਫ਼ਾ ਸਾਨੂੰ ਕੁਝ ਨਾ ਕੁਝ ਸਿਖਾ ਕੇ ਜਾਂਦਾ ਹੈ। ਇਸ ਲਈ ਹੌਸਲੇ ਨੂੰ ਕਦੇ ਮਰਣ ਨਾ ਦਿਓ, ਆਪਣੇ ਸੁਪਨਿਆਂ ਨੂੰ ਜਿਉਂਦਾ ਰੱਖੋ ਅਤੇ ਹਰ ਨਵੇਂ ਸਾਲ ਨੂੰ ਇੱਕ ਨਵਾਂ ਮੌਕਾ ਸਮਝ ਕੇ ਅੱਗੇ ਵਧੋ। ਹੋ ਸਕਦਾ ਹੈ ਕਿ ਆਉਣ ਵਾਲਾ ਸਾਲ ਹੀ ਉਹ ਹੋਵੇ ਜਦੋਂ ਤੁਸੀਂ ਆਪਣੀ ਜ਼ਿੰਦਗੀ ਦਾ ਸਭ ਤੋਂ ਸੁੰਦਰ ਇਤਿਹਾਸ ਲਿਖ ਦਿਓ।

*-ਗੁਰਭਿੰਦਰ ਗੁਰੀ*

# ਸਫ਼ਲ ਗਾਇਕ ਤੇ ਨਾਇਕ ਅਮਰਿੰਦਰ ਗਿੱਲ

ਰਜਵਿੰਦਰ ਪਾਲ ਸ਼ਰਮਾ

ਗੀਤਕਾਰੀ, ਗਾਇਕੀ, ਅਦਾਕਾਰੀ ਅਤੇ ਪ੍ਰੋਡਕਸ਼ਨ ਤਿੰਨਾਂ ਨਾਲ ਵਫ਼ਾਦਾਰੀ ਨਿਭਾਉਣ ਵਾਲਾ ਅਮਰਿੰਦਰ ਗਿੱਲ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਬਚਪਨ ਵਿਚ ਸ਼ੀਸ਼ੇ ਅੱਗੇ ਖੜ੍ਹ ਕੇ ਐਕਟਿੰਗ ਕਰਨ ਵਾਲਾ ਅਮਰਿੰਦਰ ਗਿੱਲ ਅੱਜ ਆਪਣੀ ਸੁਰੀਲੀ ਆਵਾਜ਼, ਸੱਭਿਆਚਾਰਕ ਗਾਇਕੀ ਅਤੇ ਬਿਹਤਰੀਨ ਅਦਾਕਾਰੀ ਰਾਹੀਂ ਛਾਇਆ ਹੋਇਆ ਹੈ।



## ਘਰ ਦਾ ਨਾਂ 'ਐਮੀ'

ਅੰਮ੍ਰਿਤਸਰ ਦੇ ਪਿੰਡ ਬੂਹੜ ਚੰਦ 'ਚ 11 ਮਈ, 1976 ਨੂੰ ਜਨਮੇ ਅਮਰਿੰਦਰ ਗਿੱਲ ਦਾ ਪਿਤਾ ਡਾਕਟਰ ਇੰਦਰਜੀਤ ਗਿੱਲ ਅਤੇ ਅਧਿਆਪਕਾ ਮਾਤਾ ਅਮਰੀਕ ਕੌਰ ਗਿੱਲ ਨੇ ਅਮਰਿੰਦਰ ਗਿੱਲ ਦਾ ਨਿੱਕਾ ਨਾਮ ਐਮੀ ਰੱਖਿਆ। ਜਦੋਂ ਘਰ 'ਚ ਐਮੀ ਇਕੱਲਾ ਹੁੰਦਾ ਸ਼ੀਸ਼ੇ ਅੱਗੇ ਖੜ੍ਹ ਕੇ ਐਕਟਰ ਬਣਨ ਦੀ ਨਕਲਾਂ



ਕਰਦਾ। ਮੁੱਢਲੀ ਸਿੱਖਿਆ ਦੀ ਪ੍ਰਾਪਤੀ ਤੋਂ ਬਾਅਦ ਅਮਰਿੰਦਰ ਗਿੱਲ ਨੇ ਆਪਣੀ ਗ੍ਰੈਜੂਏਸ਼ਨ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ। ਉਸ ਦੀ ਗਾਇਕੀ ਤੇ ਅਦਾਕਾਰੀ ਨੂੰ ਨਿਖਾਰਨ 'ਚ ਖ਼ਾਲਸਾ ਕਾਲਜ ਦੇ ਯੂਥ ਫੈਸਟੀਵਲਾਂ ਨੇ ਮਹੱਤਵਪੂਰਨ ਭੂਮਿਕਾ ਨਿਭਾਈ। ਖੇਤੀਬਾੜੀ ਵਿਗਿਆਨ 'ਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਮਾਸਟਰ ਡਿਗਰੀ ਹਾਸਲ ਕਰ ਕੇ ਅਮਰਿੰਦਰ ਗਿੱਲ ਕੁੱਝ ਸਮਾਂ ਸੈਟਰਲ ਕੋਆਪਰੇਟਿਵ ਬੈਂਕ 'ਚ ਮੈਨੇਜਰ ਵਜੋਂ ਨੌਕਰੀ ਕਰਦਾ ਰਿਹਾ ਪਰ ਗਾਇਕੀ ਤੇ ਅਦਾਕਾਰੀ ਦੇ ਜਨੂੰਨ ਨੇ ਅਮਰਿੰਦਰ ਗਿੱਲ ਨੂੰ ਨੌਕਰੀ ਛੱਡਣ ਲਈ ਮਜਬੂਰ ਕਰ ਦਿੱਤਾ।

## 'ਸਾਨੂੰ ਇਸ਼ਕ ਹੋ ਗਿਆ' ਨਾਲ ਸ਼ੁਰੂਆਤ

ਅਮਰਿੰਦਰ ਗਿੱਲ ਦੀ ਗਾਇਕੀ ਦੀ ਸ਼ੁਰੂਆਤ 1999 'ਚ ਜਲੰਧਰ ਦੂਰਦਰਸ਼ਨ ਦੇ ਪ੍ਰੋਗਰਾਮ 'ਕਾਲਾ ਡੋਰੀਆ' ਤੋਂ ਹੋਈ, ਜਿੱਥੇ ਉਸ ਨੇ 'ਸਾਨੂੰ ਇਸ਼ਕ ਹੋ ਗਿਆ' ਗੀਤ ਗਾ ਕੇ ਦਰਸ਼ਕਾਂ ਦਾ ਦਿਲ ਲੁੱਟਿਆ। ਇਸ ਤੋਂ ਬਾਅਦ 2002 'ਚ ਆਈ ਐਲਬਮ 'ਏਕ ਵਾਅਦਾ' ਦੇ ਗੀਤ 'ਜੇ ਮਿਲੀ ਉਹ ਕੁੜੀ ਨੇ ਅਮਰਿੰਦਰ ਗਿੱਲ ਨੂੰ ਚੋਟੀ ਦੇ ਗਾਇਕਾਂ ਵਿਚ ਸ਼ੁਮਾਰ ਕਰ ਦਿੱਤਾ। ਗਾਇਕੀ ਤੇ ਗੀਤਕਾਰੀ ਦਾ ਸ਼ੌਕ ਅਮਰਿੰਦਰ ਗਿੱਲ ਨੂੰ ਸਿਨੇਮਾ ਵੱਲ ਲੈ ਆਇਆ। ਉਸ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ 2009 ਵਿਚ ਆਈ ਪੰਜਾਬੀ ਫਿਲਮ 'ਮੁੰਡੇ ਯੂਕੇ ਦੇ' ਵਿਚ ਸਹਾਇਕ ਕਲਾਕਾਰ ਵਜੋਂ ਕੀਤੀ। ਫਿਰ 'ਇਕ ਕੁੜੀ ਪੰਜਾਬ ਦੀ', 'ਤੂੰ ਮੇਰਾ ਬਾਈ ਮੈਂ ਤੇਰਾ ਬਾਈ', 'ਲਵ ਪੰਜਾਬ', 'ਲਾਹੌਰੀਏ', 'ਚੱਲ ਮੇਰਾ ਪੁੱਤ ਭਾਗ ਇੱਕ, ਦੋ, ਤਿੰਨ ਤੇ ਚਾਰ', 'ਅੰਗਰੇਜ਼', 'ਗੋਰਿਆਂ ਨੂੰ ਦਫ਼ਾ ਕਰੋ', 'ਅਸ਼ਕੇ', 'ਮੁੰਡੇ ਕਮਾਲ ਦੇ', 'ਡੈਡੀ ਕੂਲ ਮੁੰਡੇ ਫੂਲ', 'ਮਿੱਤਰਾਂ ਦਾ ਚੱਲਿਆ ਟਰੱਕ ਨੀਂ', 'ਦਾਰੂ ਨਾ ਪੀਂਦਾ ਹੋਵੇ', 'ਗੋਲਕ', 'ਬੁਗਨੀ, ਬੈਂਕ ਤੇ ਬਟੂਆ', 'ਵੇਖ ਬਰਾਤਾਂ ਚੱਲੀਆਂ', 'ਟੌਹਰ ਮਿੱਤਰਾਂ ਦੀ ਅਤੇ 'ਛੱਲਾ ਮੁੜ ਕੇ ਨਹੀਂ ਆਇਆ' ਫਿਲਮਾਂ ਪੰਜਾਬੀ ਸਿਨੇਮਾ ਵਿਚ ਮੀਲ ਪੱਥਰ ਸਾਬਤ ਹੋਈਆਂ। ਗਿੱਲ ਦੀ ਗਾਇਕੀ ਤੇ ਅਦਾਕਾਰੀ ਸਾਫ਼-ਸੁਥਰੀ, ਪਰਿਵਾਰਕ ਅਤੇ ਸਮਾਜ ਨੂੰ ਸ਼ੀਸ਼ਾ ਦਿਖਾਉਣ ਵਿਚ ਕਾਮਯਾਬ ਰਹੀ।

'ਚੱਲ ਜਿੰਦੀਏ', 'ਜਿੰਦੇ' ਆਦਿ ਗੀਤ ਅੱਜ ਵੀ ਰੂਹ ਨੂੰ ਸਕੂਨ ਦਿੰਦੇ ਹਨ।

'ਨਾਜਰਾ ਲਾ ਸੀਪ ਦੀ ਬਾਜ਼ੀ ਸੱਥਾਂ ਖ਼ਾਲੀ ਹੋ ਚੱਲੀਆਂ ਸੁਣ ਕੇ ਪਿੰਡਾਂ ਵਿੱਚੋਂ ਖ਼ਤਮ ਹੋ ਰਹੀ ਰੌਣਕ ਅਤੇ ਪੰਜਾਬ ਨੂੰ ਪੇਸ਼ ਆ ਰਹੀਆਂ ਦਰਪੇਸ਼ ਮੁਸ਼ਕਲਾਂ ਦੀ ਝਲਕ ਦਿਖਾਈ ਦਿੰਦੀ ਹੈ।

'ਅੰਗਰੇਜ਼' ਤੇ 'ਲਾਹੌਰੀਏ' ਵਰਗੀਆਂ ਫਿਲਮਾਂ ਪੁਰਾਤਨ ਪੇਂਡੂ ਸੱਭਿਆਚਾਰ ਨਾਲ ਰੂਬਰੂ ਕਰਵਾਉਣ ਵਿਚ ਕਾਮਯਾਬ ਰਹੀਆਂ। ਚੱਲ ਮੇਰਾ ਪੁੱਤ' ਦੇ ਸਾਰੇ ਭਾਗ ਅਤੇ ਛੱਲਾ ਮੁੜਕੇ ਨਹੀਂ ਆਇਆ' ਪੰਜਾਬ ਦੀ ਜਵਾਨੀ ਦੇ ਵਿਦੇਸ਼ ਵੱਲ ਹੋ ਰਹੇ ਪ੍ਰਵਾਸ ਅਤੇ ਉੱਥੇ ਨੌਜਵਾਨਾਂ ਨੂੰ ਆਪਣੀ ਹੋਂਦ ਬਣਾਈ ਰੱਖਣ ਪੇਸ਼ ਆ ਰਹੀਆਂ ਮੁਸ਼ਕਲਾਂ ਨੂੰ ਉਜਾਗਰ ਕਰਨ ਵਿਚ ਸਫਲ ਰਹੀਆਂ।

**ਸਰੋਤਿਆਂ ਦਾ ਪਿਆਰ**-ਆਪਣੀ ਬਿਹਤਰੀਨ ਗਾਇਕੀ ਤੇ ਅਦਾਕਾਰੀ ਲਈ ਅਮਰਿੰਦਰ ਗਿੱਲ ਨੂੰ ਦੇਸ਼ ਵਿਦੇਸ਼ ਤੋਂ ਕਈ ਮਾਣ-ਸਨਮਾਨ ਵੀ ਹਾਸਲ ਹੋਏ, ਜਿਨ੍ਹਾਂ ਵਿਚ ਪੀਟੀਸੀ ਪੰਜਾਬੀ ਫਿਲਮ ਐਵਾਰਡ ਸੱਤ ਵਾਰ, ਫਿਲਮਫੇਅਰ ਪੰਜਾਬੀ ਪੁਰਸਕਾਰ ਦੋ ਵਾਰ, ਪੀਟੀਸੀ ਪੰਜਾਬੀ ਮਿਊਜ਼ਿਕ ਐਵਾਰਡ ਚਾਰ ਵਾਰ ਅਤੇ ਵਿਰਾਸਤ ਫਿਲਮ ਪੁਰਸਕਾਰ ਇਕ ਵਾਰ ਪ੍ਰਾਪਤ ਹੋਇਆ। ਇਨ੍ਹਾਂ ਸਾਰੇ ਪੁਰਸਕਾਰਾਂ ਦੇ ਨਾਲ-ਨਾਲ ਸਭ ਤੋਂ ਵੱਡਾ ਇਨਾਮ ਤੇ ਪੁਰਸਕਾਰ ਹੈ ਸਰੋਤਿਆਂ ਤੇ ਦਰਸ਼ਕਾਂ ਵੱਲੋਂ ਅਮਰਿੰਦਰ ਗਿੱਲ ਨੂੰ ਮਿਲਿਆ ਪਿਆਰ। ਅੱਜ ਵੀ ਉਸ ਦੇ ਗੀਤਾਂ ਤੇ ਫਿਲਮਾਂ ਦੀ ਸਰੋਤੇ/ ਦਰਸ਼ਕ ਬੇਸਬਰੀ ਨਾਲ ਉਡੀਕ ਕਰਦੇ ਹਨ।

ਕਲਾ ਪਰਿਕਰਮਾ

# ਰਤਨ ਬਾਈ ਦੀਆਂ ਗੀਤਾਂ ਨਾਲ ਪ੍ਰੀਤਾਂ

ਪੰਜਾਬੀ ਗਾਇਕੀ ਦਾ ਖੇਤਰ ਬਹੁਤ ਵਿਸ਼ਾਲ ਹੈ। ਇਸ 'ਚ ਬਹੁਤ ਸਾਰੇ ਗਾਇਕ ਅਜਿਹੇ ਹਨ, ਜੋ ਕਿਸੇ ਸੁਰੀਲੇ ਗਾਇਕ ਨੂੰ ਆਪਣਾ ਆਦਰਸ਼ ਮੰਨ ਕੇ ਜਾਂ ਫਿਰ ਵਿਰਾਸਤ 'ਚ ਮਿਲੀ ਗਾਇਕੀ ਨਾਲ ਆਪਣੇ ਆਪ ਨੂੰ ਗਾਇਕੀ ਪ੍ਰਤੀ ਸਮਰਪਿਤ ਕਰ ਦਿੰਦੇ ਹਨ। ਉਹ ਲੰਬੀ ਸਾਧਨਾ ਤੇ ਰਿਆਜ਼ ਕਰ ਕੇ ਇਸ ਖੇਤਰ ਵਿਚ ਪ੍ਰਵੇਸ਼ ਕਰਦੇ ਹਨ। ਅਜਿਹੇ ਹੀ ਇਕ ਸੁਰੀਲੇ ਗਾਇਕ ਦਾ ਨਾਂ ਹੈ ਰਤਨ ਬਾਈ (ਰੀ)।

**ਵਿਰਾਸਤ 'ਚ ਗਾਇਕੀ**-ਪਿਤਾ ਲੋਕ ਗਾਇਕ ਓਮਿੰਦਰ ਓਮਾ ਤੇ ਮਾਤਾ ਪ੍ਰਵੀਨ ਕੌਰ ਦੇ ਘਰ ਸ਼ਹਿਰ ਕੁਰਾਲੀ ਦੇ ਜੰਮਪਲ ਰਤਨ ਬਾਈ ਨੂੰ ਗਾਇਕੀ ਵਿਰਾਸਤ 'ਚ ਮਿਲੀ ਹੈ। ਪੰਜਾਬੀ ਸੱਭਿਆਚਾਰਕ ਮੇਲਿਆਂ ਦੀ ਜਿੰਦ ਓਮਿੰਦਰ ਓਮਾ ਸੰਗੀਤ ਜਗਤ ਦਾ ਉਹ ਅਧਿਆਪਕ ਹੈ, ਜਿਸ ਨੇ ਪੰਜਾਬੀ ਗਾਇਕੀ ਦੇ ਕਈ ਮਸ਼ਹੂਰ ਚਿਹਰਿਆਂ ਨੂੰ ਸੰਗੀਤ ਦੀ ਨਰਸਰੀ ਤੋਂ ਲੈ ਕੇ ਉਂਗਲਾਂ ਫੜ-ਫੜ ਲੋਕਾਂ ਅੱਗੇ ਪੇਸ਼ ਕੀਤਾ। ਇਸ ਸਮੇਂ ਉਸ ਨੇ ਜੇਠ ਦੀਆਂ ਧੁੱਪਾਂ ਤੇ ਪੋਹ ਦੀ ਠੰਢ ਦੀ ਵੀ ਪ੍ਰਵਾਹ ਨਾ ਕੀਤੀ ਪਰ ਸ਼ੋਹਰਤ ਦੀ ਭੀੜ 'ਚ ਉਹ ਮਕਬੂਲ ਚਿਹਰੇ ਉਸ ਤੋਂ ਉਂਗਲ ਛੁੜਾ ਅੱਗੇ ਨਿਕਲ ਗਏ ਤੇ ਉਹ ਖੜ੍ਹਾ-ਖਲੋਤਾ ਰਹਿ ਗਿਆ। ਗਾਇਕ ਰਤਨ ਬਾਈ ਨੂੰ ਮਾਣ ਹੈ ਕਿ ਉਹ ਗਾਇਕੀ ਦੇ ਖੇਤਰ ਵਿਚ ਪੈਰਾਸ਼ੂਟ ਰਾਹੀਂ ਦਾਖ਼ਲ ਨਹੀਂ ਹੋਇਆ। ਗਾਇਕੀ ਉਸ ਨੂੰ ਵਿਰਾਸਤ 'ਚ ਮਿਲੀ ਹੈ। ਗਾਇਕ ਬਣਨ ਦਾ ਜਨੂੰਨ ਉਸ ਨੂੰ ਆਪਣੇ ਪਿਤਾ ਨੂੰ ਗਾਉਂਦਿਆਂ ਦੇਖ ਚੜ੍ਹਿਆ ਹੈ। ਘਰ ਵਿਚਲੇ ਸੰਗੀਤਕ ਮਾਹੌਲ 'ਚ ਭਿੱਜੇ ਰਤਨ ਨੇ ਸੰਗੀਤ ਦੀ ਸਿੱਖਿਆ ਪਿਤਾ ਤੋਂ ਲੈ ਲਈ। ਫਿਰ ਉਸ ਨੇ ਗਾਇਕੀ ਨਾਲ ਅਜਿਹੀ ਗੂੜੀ ਪ੍ਰੀਤ ਪਾਈ ਕਿ ਗਾਇਕੀ ਦੀ ਅੰਬਰ ਦੀ ਸਤਰੰਗੀ ਪੀਂਘ ਦਾ ਰੰਗ ਗੂੜ੍ਹਾ ਹੁੰਦਾ ਗਿਆ।

**ਸੰਗੀਤਕ ਸਫ਼ਰ ਦੀ ਸ਼ੁਰੂਆਤ**-ਉਸ ਨੇ ਬਤੌਰ ਗਾਇਕ ਧਾਰਮਿਕ ਗੀਤ 'ਨਨਕਾਣਾ' ਨਾਲ ਆਪਣੇ ਸਫ਼ਰ ਦੀ ਸ਼ੁਰੂਆਤ ਕੀਤੀ। ਉਸ ਦੇ ਰਿਕਾਰਡ ਧਾਰਮਿਕ ਗੀਤ 'ਸਾਨੂੰ ਆਸਰਾ ਗੁਰੂ ਦੀ ਬਾਣੀ ਦਾ' ਅਤੇ ਮਾਤਾ ਦੀਆਂ ਭੇਟਾ ਤੇ ਭਜਨ 'ਮਸਤ ਮਲੰਗ ਬਣ ਨਚਣਾ', 'ਆਇਆ ਗੁਸਾਈ ਵਾਲੇ ਦਾ ਮੇਲਾ' ਆਦਿ ਹਨ। ਉਸ ਨੇ ਸੰਗੀਤ ਜਗਤ ਨੂੰ, ਸੋਲੋ ਦੇ ਦੋਗਾਣੇ ਦੇ ਕੇ ਨਾਮਣਾ ਖੱਟਿਆ ਹੈ। ਉਸ ਦੇ ਸੋਲੋ ਗੀਤ 'ਘੈਂਟ ਬੰਦੇ', 'ਮਿਲਟੀ' ਅਤੇ ਦੋਗਾਣਾ 'ਸ਼ਗਨਾਂ ਦਾ ਕੜਾ' ਦੀ ਚਰਚਾ ਹਮੇਸ਼ਾ ਹੀ ਰਹਿੰਦੀ ਹੈ।

**ਗੀਤ 'ਕੁੜਤੇ ਪਜਾਮੇ' ਨਾਲ ਚਰਚਾ 'ਚ**-ਬ੍ਰੇਕ ਤੋਂ ਬਾਅਦ ਉਹ ਸੋਲੋ ਗੀਤ 'ਕੁੜਤੇ ਪਜਾਮੇ' ਲੈ ਕੇ ਹਾਜ਼ਰ ਹੋਇਆ ਹੈ। ਗੀਤਕਾਰ



ਅਰਸ਼ਦੀਪ ਚੀਮਾ ਦੇ ਲਿਖੇ ਗੀਤ ਨੂੰ ਉੱਘੇ ਸੰਗੀਤਕਾਰ ਐੱਲਐੱਲ ਬੀਟ ਨੇ ਸੰਗੀਤ 'ਚ ਪਰੋਇਆ ਹੈ। ਗੀਤ ਦਾ ਵੀਡੀਓ ਮਸ਼ਹੂਰ 'ਵੀਡੀਓ ਡਾਇਰੈਕਟਰ ਗੱਗੀ ਸਿੰਘ ਨੇ ਤਿਆਰ ਕੀਤਾ ਹੈ। ਪੇਸ਼ਕਸ਼ ਪਾਬਲਾ ਰਿਕਾਰਡਜ਼ ਦੀ ਹੈ। ਗਾਇਕ ਰਤਨ ਬਾਈ ਵੱਲੋਂ ਆਪਣੀ ਬੁਲੰਦ ਆਵਾਜ਼ ਵਿਚ ਗਾਏ ਇਸ ਗੀਤ ਦੀ ਸੰਗੀਤਕ ਖੇਤਰ ਵਿਚ ਖ਼ਾਸੀ ਚਰਚਾ ਹੈ। ਰਤਨ ਬਾਈ ਦਾ ਕਹਿਣਾ ਹੈ ਕਿ ਸੰਗੀਤ ਇਕ ਸਮੁੰਦਰ ਹੈ ਅਤੇ ਜ਼ਿੰਦਗੀ ਇਕ ਸੰਘਰਸ਼ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 4 ਅਪਰੈਲ 2026 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-735



*ਮੁੜ ਪੁਰਾਣੇ ਕੰਮ ਆਉਣੇ ਨੇ, ਠੰਢੇ ਹੋ ਗਏ ਗੈਸ ਦੇ ਚੁੱਲ੍ਹੇ,*
*ਝੂਠੇ ਹੋਏ ਸਰਕਾਰਾਂ ਦੇ ਦਾਅਵੇ, ਲੱਕੜੀਆਂ ਨੂੰ ਤਰਸਦੇ ਚੁੱਲ੍ਹੇ।*
*ਬਲ਼ਦੀ ਉੱਤੇ ਤੇਲ ਨੇ ਪਾਉਂਦੇ, ਜੰਗਾਂ ਵਾਲ਼ੇ ਉਡਾਉਂਦੇ ਚੁੱਲ੍ਹੇ,*
*ਮਹਿੰਗਾਈ ਨੇ ਲੱਕ ਤੋੜਿਆ, ਲਾਰੇ ਲਾ ਪਤਿਆਉਂਦੇ ਚੁੱਲ੍ਹੇ।*

## ਕੈਪਸ਼ਨ ਮੁਕਾਬਲਾ-733



ਖੇਡਣ ਦੇ ਦਿਨ ਕਬਰੀਂ ਸੁੱਤੀਆਂ,
ਤੈਨੂੰ ਕੀ ਦਰਦ ਨਾ ਆਇਆ,
ਦੱਸ ਇਹ ਤੇਰਾ ਕੀਤਾ ਕਾਰਾ ਜਾਂ,
ਇਜ਼ਰਾਈਲ ਯਮ ਚੜ੍ਹਾਇਆ?
ਮਨੁੱਖਤਾ ਸ਼ਰਮਸਾਰ ਨਹੀਂ ਹੋਈ,
ਜ਼ਾਲਮ ਹੈ ਕਹਿਰ ਮਚਾਇਆ,
ਹੋਂਦ ਤੇਰੀ 'ਤੇ ਸ਼ੱਕ ਪੈਦਾ ਹੋਇਆ,
ਕਿਉਂ ਮੌਕਾ ਨਹੀ ਖੁੰਝਾਇਆ?
*-ਸੇਵਾ ਸਿੰਘ 'ਨੂਰਪੁਰੀ'*

---

ਅੰਨ੍ਹੀ ਸੱਤਾ ਦੇ ਜ਼ਾਲਮ ਹੰਕਾਰਿਆ!
ਓ ਮਾਨਵਤਾ ਦੇ ਹਤਿਆਰਿਆ!!
ਕੀ ਦੋਸ਼ ਸੀ ਜਿੰਦਾਂ ਮਲੂਕ ਦਾ?
ਨਿੱਕਾ ਦਿਲ ਸੀਨੇ ਸੀ ਧੜਕਦਾ।
ਜੋ ਸਨ ਭਵਿੱਖ ਇਕ ਮੁਲਕ ਦਾ।
ਤੇਰੀਆਂ ਅੱਖਾਂ ਵਿਚ ਜੋ ਰੜਕਦਾ।
ਚਾਈਂ-ਚਾਈਂ ਪੜ੍ਹਨ ਜੋ ਆਈਆਂ।
ਪਲ ਵਿਚ ਤੂੰ ਲਾਸ਼ਾਂ ਬਣਾਈਆਂ।
ਕੀ ਬੀਤੀ ਉੱਤੇ ਬਾਬੁਲ ਮਾਈਆਂ,
ਰੋਂਦੇ ਵਿਲਕਦੇ ਭੈਣਾਂ ਤੇ ਭਾਈਆਂ!
ਡੂੰਘਾ ਜ਼ਖ਼ਮ ਦਿੱਤਾ ਤੂੰ ਸੁੱਤੇ ਸ਼ੇਰ ਨੂੰ।
ਲਾਈ ਚੁਆਤੀ ਬਰੂਦੀ ਢੇਰ ਨੂੰ।
ਨਾ ਉਡੀਕੀਂ ਬਹੁਤੀ ਹੁਣ ਦੇਰ ਤੂੰ।
ਚੱਖ ਵੇਖੀਂ ਅਣਕਿਆਸੀ ਭੇੜ ਤੂੰ।
ਤੈਨੂੰ ਭੱਜਿਆਂ ਰਾਹ ਨਹੀਂ ਥਿਆਉਣਾ।
ਤੇ ਪੈਣਾ ਵੀ ਅੰਤ ਗਿੜਗਿੜਾਉਣਾ।
ਲਹੂ ਵਹਾਏ ਦਾ ਹਿਸਾਬ ਚੁਕਾਉਣਾ।
ਵੇਲਾ ਗਿਆ ਫੇਰ ਹੱਥ ਨਾ ਆਉਣਾ।
*-ਗੁਰਬਖਸ਼ ਸਿੰਘ 'ਨਾਕਾਮ'*

---

ਉਹ ਕੌਣ ਹੈ?
ਜਿਹਨੇ ਆਪਣੀ ਹਉਮੈ ਲਈ
ਕਹਿਰ ਦੁਨੀਆ 'ਤੇ ਢਾਹ ਦਿੱਤਾ।
ਉਹ ਕੌਣ ਹੈ?
ਜਿਹਨੇ ਹੱਸਦੇ ਵੱਸਦੇ ਲੋਕਾਂ ਦੇ
ਬੱਸ ਰੋਣਾ ਪੱਲੇ ਪਾ ਦਿੱਤਾ।
ਉਹ ਕੌਣ ਹੈ?
ਜਿਹਨੇ ਆਪਣੇ ਝੰਡੇ ਲਈ
ਕਫ਼ਨਾਂ ਦਾ ਲੰਗਰ ਲਾ ਦਿੱਤਾ।
ਉਹ ਕੌਣ ਹੈ?
ਜਿਹਨੇ ਇੱਕ ਸੌ ਪੈਂਹਟ ਮਸੂਮਾਂ ਨੂੰ
ਲਾਸ਼ਾਂ ਦੇ ਢੇਰ ਬਣਾ ਦਿੱਤਾ।
ਉਹ ਕੌਣ ਹੈ?
ਜਿਹਨੇ ਸਕੂਲ ਪੜ੍ਹਦੀਆਂ ਬੱਚੀਆਂ ਨੂੰ
ਕਬਰਾਂ ਵਿਚ ਸੁਲਾ ਦਿੱਤਾ।
ਕੁੱਲ ਦੁਨੀਆਂ ਦੇ ਲੋਕੋ ਸੋਚੋ,
ਉਠੋ, ਬੋਲੋ,
'ਨਹੀਂ ਮੁਆਫ਼ੀ ਓਸ ਦਰਿੰਦੇ ਨੂੰ
ਜਿਸ ਦੁਨੀਆਂ ਨੂੰ ਤੜਫ਼ਾ ਦਿੱਤਾ।
*-ਜਗਮੀਤ ਸਿੰਘ ਪੰਧੇਰ*
*ਫੋਨ: +1 8257607222*

---

ਪੱਛਮ ਤੋਂ ਚੜ੍ਹ ਕੇ ਆਈ ਮਾਤਮੀ ਨ੍ਹੇਰੀ
ਜ਼ਹਿਰੀ ਬੰਬਾਂ ਨੇ ਲਾਈ ਗੇੜੀ।
ਮਾਸੂਮ ਬਾਲੜੀਆਂ
ਥਾਂ 'ਤੇ ਹੋ ਗਈਆਂ ਢੇਰੀ।
ਤਰਸ ਵਾਲੀਆਂ ਅੱਖਾਂ 'ਚੋਂ
ਵਗ ਵਗ ਹੰਝੂ ਸੁੱਕਗੇ।
ਜ਼ੁਲਮੀ ਸ਼ਾਸਕਾਂ ਦੇ ਭੇੜ ਵਿਚ
ਦੁਨਿਆਵੀ ਤਾਲ ਮੇਲ
ਰਿਸ਼ਤੇ ਨਾਤੇ ਮੁੱਕਗੇ।
*-ਅਮਰਜੀਤ ਸਿੰਘ ਤੂਰ (ਕੁਲਬੁਰਛਾਂ)*
*ਫੋਨ: 98784-69639*

# ਫਗਵਾੜੇ ਦਾ ਮਾਣ ਫੁੱਟਬਾਲਰ ਇੰਦਰ ਸਿੰਘ

ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਇੰਦਰ ਸਿੰਘ ਨੂੰ ਪੰਜਾਬ ਦਾ ਪੇਲੇ ਕਿਹਾ ਜਾਂਦਾ ਹੈ। ਉਹ ਭਾਰਤੀ ਫੁੱਟਬਾਲ ਟੀਮ ਦਾ ਕਪਤਾਨ ਤੇ 1967-68 'ਚ ਏਸ਼ੀਅਨ ਆਲ ਸਟਾਰਜ਼ ਇਲੈਵਨ ਦਾ ਮੈਂਬਰ ਰਿਹਾ। 1962 ਤੋਂ 85 ਤਕ ਉਹ ਉੱਚ ਪਾਏ ਦੀ ਫੁੱਟਬਾਲ ਖੇਡਿਆ ਤੇ ਉਹਦੇ ਨਾਂ ਦੀਆਂ ਧੁੰਮਾਂ ਪੈਂਦੀਆਂ ਰਹੀਆਂ। ਉਹਦੀ ਤੇਜ਼-ਤਰਾਰ ਖੇਡ ਨੇ ਅਨੇਕ ਕਲੱਬਾਂ ਨੂੰ ਰੰਗ-ਭਾਗ ਲਾਏ। ਉਹਨੂੰ ਬਦੇਸ਼ੀ ਮੁਲਕਾਂ ਤੇ ਕਲੱਬਾਂ ਨੇ ਖੇਡਣ ਦੇ ਬਥੇਰੇ ਲਾਲਚ ਦਿੱਤੇ ਪਰ ਉਸ ਨੇ ਪੰਜਾਬ ਤੇ ਭਾਰਤ ਦੀਆਂ ਕਲੱਬਾਂ ਵੱਲੋਂ ਖੇਡਣ ਨੂੰ ਹੀ ਤਰਜੀਹ ਦਿੱਤੀ। 1962 ਵਿਚ ਉਹ ਲੀਡਰਜ਼ ਕਲੱਬ ਜਲੰਧਰ ਵੱਲੋਂ ਖੇਡਣ ਲੱਗਾ ਸੀ ਤੇ 1985 ਵਿਚ ਫਗਵਾੜੇ ਦੇ ਜੇਸੀਟੀ ਕਲੱਬ ਵੱਲੋਂ ਖੇਡਦਿਆਂ ਰਿਟਾਇਰ ਹੋਇਆ। 2001 ਤੋਂ 2011 ਤਕ ਉਹ ਪੰਜਾਬ ਫੁੱਟਬਾਲ ਐਸੋਸੀਏਸ਼ਨ ਦਾ ਆਨਰੇਰੀ ਸੈਕਟਰੀ ਰਿਹਾ। 2003 ਵਿਚ ਉਸ ਨੂੰ 'ਫਗਵਾੜੇ ਦਾ ਮਾਣ' ਅਵਾਰਡ ਨਾਲ ਸਨਮਾਨਿਆ ਗਿਆ। ਹੁਣ ਉਹ ਜੀਵਨ ਦੀ ਸ਼ਾਮ ਆਪਣੇ ਸ਼ਹਿਰ ਫਗਵਾੜੇ ਵਿਚ ਹੀ ਬਿਤਾ ਰਿਹੈ।

ਉਹਦਾ ਜਨਮ 23 ਦਸੰਬਰ 1943 ਨੂੰ ਫਗਵਾੜੇ ਦੇ ਇਕ ਸਾਧਾਰਨ ਕਿਰਤੀ ਪਰਿਵਾਰ ਵਿਚ ਹੋਇਆ ਸੀ। ਉਸ ਨੇ ਵਰ੍ਹਿਆਂ-ਬੱਧੀ ਫੁੱਟਬਾਲ ਖੇਡੀ ਜਿਸ ਦੌਰਾਨ ਸੈਂਕੜੇ ਗੋਲ ਕੀਤੇ। ਉਹ ਫੁੱਟਬਾਲ ਦੀਆਂ ਪ੍ਰਸਿੱਧ ਕਲੱਬਾਂ, ਪੰਜਾਬ ਰਾਜ ਤੇ ਭਾਰਤ ਦੀਆਂ ਟੀਮਾਂ ਦਾ ਕਪਤਾਨ ਵੀ ਰਿਹਾ ਅਤੇ ਮੈਨੇਜਰ ਤੇ ਪ੍ਰਬੰਧਕ ਵੀ। ਉਹਦਾ ਕੱਦ-ਕਾਠ ਹਾਕੀ ਦੇ ਬਾਬਾ ਬੋਹੜ ਊਧਮ ਸਿੰਘ ਤੇ ਲੰਮੀਆਂ ਦੌੜਾਂ ਦੇ ਏਸ਼ੀਅਨ ਚੈਂਪੀਅਨ ਹਰੀ ਚੰਦ ਵਾਂਗ ਸਮੱਧਰ ਹੀ ਹੈ। ਉਹਦਾ ਬਚਪਨ ਫਗਵਾੜੇ ਬੀਤਿਆ, ਜੁਆਨੀ ਵੀ ਫਗਵਾੜੇ ਦੀਆਂ ਜੂਹਾਂ 'ਚ ਮਾਣੀ ਤੇ ਬੁਢਾਪਾ ਵੀ ਫਗਵਾੜੇ 'ਚ ਹੀ ਕੱਟਿਆ ਜਾ ਰਿਹੈ। ਉਹ ਫਗਵਾੜੇ ਦੀ ਸ਼ਾਨ ਹੈ ਤੇ ਪੰਜਾਬ ਦਾ ਮਾਣ। ਭਾਰਤ ਸਰਕਾਰ ਨੇ ਉਸ ਨੂੰ ਅਰਜਨਾ ਅਵਾਰਡ ਨਾਲ ਨਿਵਾਜਿਆ ਤੇ ਦਿੱਲੀ ਦੀ ਜਰਨਲਿਸਟ ਯੂਨੀਅਨ ਨੇ 1974 ਦਾ ਸਰਬੋਤਮ ਭਾਰਤੀ ਖਿਡਾਰੀ ਐਲਾਨਿਆ। ਉਹਦੀ ਖੇਡ ਕਲਾਤਮਿਕ ਹੋਣ ਦੇ ਨਾਲ ਏਨੀ ਸਾਫ-ਸੁਥਰੀ ਸੀ ਕਿ ਉਹਦੇ ਲੰਮੇ ਖੇਡ ਜੀਵਨ 'ਚ ਇਕ ਵਾਰ ਵੀ ਕਿਸੇ ਰੈਫਰੀ ਨੂੰ ਲਾਲ ਕਾਰਡ ਵਿਖਾਉਣ ਦੀ ਲੋੜ ਨਾ ਪਈ।


ਇੰਦਰ ਸਿੰਘ ਵੇਖਣ ਨੂੰ ਇੰਨਾ ਸਾਦਾ ਬੰਦਾ ਲੱਗਦੈ ਕਿ ਫੁੱਟਬਾਲ ਦੇ ਇਸ ਲਾਸਾਨੀ ਖਿਡਾਰੀ ਨੂੰ ਕੋਈ ਰਾਹ ਖਹਿੜੇ ਮਿਲ ਪਵੇ ਤਾਂ ਯਕੀਨ ਹੀ ਨਾ ਕਰੇ ਕਿ ਇਹ ਵੀ ਕੋਈ ਖਿਡਾਰੀ ਐ! ਐਨ ਉਵੇਂ ਜਿਵੇਂ ਏਸ਼ਿਆਈ ਖੇਡਾਂ ਦੇ ਦੋ ਗੋਲਡ ਮੈਡਲ ਜਿੱਤਣ ਵਾਲੇ ਦੌੜਾਕ ਹਰੀ ਚੰਦ ਨੂੰ ਕੋਈ ਅਥਲੀਟ ਨਹੀਂ ਸੀ ਮੰਨਦਾ ਉਵੇਂ ਕੋਈ ਇੰਦਰ ਸਿੰਘ ਨੂੰ ਜਰਨੈਲ ਸਿੰਘ ਜਾਂ ਗੁਰਦੇਵ ਸਿੰਘ ਗਿੱਲ ਵਾਂਗ ਰੋਅਬ ਦਾਅਬ ਵਾਲਾ ਫੁੱਟਬਾਲਰ ਨਹੀਂ ਸਮਝਦਾ। ਇਹੋ ਕਾਰਨ ਸੀ ਕਿ ਰੇਲ ਗੱਡੀ ਦਾ ਸਫ਼ਰ ਕਰਦਿਆਂ ਉਸ ਨੂੰ ਬਹਿਣ ਲਈ ਕੋਈ ਥਾਂ ਵੀ ਨਹੀਂ ਸੀ ਛੱਡਦਾ। ਹੈਰਾਨੀ ਦੀ ਗੱਲ ਹੈ ਕਿ ਸਮੱਧਰ ਕੱਦ ਦੇ ਇੰਦਰ ਸਿੰਘ ਨੇ ਵੱਡੇ ਕੱਦਾਵਰ ਖਿਡਾਰੀਆਂ ਨੂੰ ਵਾਹਣੀਂ ਪਾਈ ਰੱਖਿਆ!

ਉਹਦੇ ਗੁਆਂਢੀ ਦੱਸਦੇ ਸਨ ਕਿ ਉਹ ਪੈਰਾਂ ਨਾਲ ਗੇਂਦ ਰੇੜ੍ਹਨਾ ਪਹਿਲਾਂ ਸਿੱਖਿਆ ਤੇ ਤੁਰਨਾ ਮਗਰੋਂ। ਜਦੋਂ ਸਕੂਲੇ ਜਾਣ ਲੱਗਾ ਤਾਂ ਉਹ ਬਸਤੇ 'ਚ ਕਾਪੀਆਂ ਕਿਤਾਬਾਂ ਪਿੱਛੋਂ ਪਾਉਂਦਾ, ਬਾਲਾਂ ਪਹਿਲਾਂ। ਸਕੂਲ ਦੇ ਮੈਦਾਨ ਵਿਚ ਉਸ ਨੇ ਸਕੂਲ ਲੱਗਣ ਤੋਂ ਪਹਿਲਾਂ ਵੀ ਬਾਲਾਂ ਨੂੰ ਠੇਡੇ ਮਾਰਦੇ ਫਿਰਨਾ ਤੇ ਸਕੂਲ 'ਚ ਛੁੱਟੀ ਹੋਣ ਤੋਂ ਪਿੱਛੋਂ ਵੀ ਬਾਲ ਮਗਰ ਭੱਜੇ ਫਿਰਨਾ। ਅੱਧੀ ਛੁੱਟੀ ਵੇਲੇ ਵੀ ਤੇ ਸਵੇਰੇ ਸ਼ਾਮੀਂ ਵੀ। ਦੁਪਹਿਰੇ ਧੁੱਪ 'ਚ ਪੈਰ ਤਪ ਜਾਣੇ ਤਾਂ ਹਲਟੀ ਦੇ ਪਾਣੀ ਨਾਲ ਠੰਢੇ ਕਰ ਕੇ ਫਿਰ ਖੇਡਣ 'ਚ ਮਸਤ ਹੋ ਜਾਣਾ। ਸਕੂਲ 'ਚ ਵਧੇਰੇ ਕੁੱਟ ਉਸ ਨੇ ਕਿਤਾਬਾਂ ਨਾ ਪੜ੍ਹਨ ਤੇ ਫੁੱਟਬਾਲ ਵੱਧ ਖੇਡਣ ਦੀ ਖਾਧੀ। ਉਹਦੀ ਕਿਰਤ ਕਮਾਈ ਵੇਖੀਏ ਤਾਂ ਫੁੱਟਬਾਲ ਦੇ ਸਿਰ 'ਤੇ ਹੀ ਉਸ ਨੇ ਉਮਰ ਭਰ ਦੀਆਂ ਰੋਟੀਆਂ ਕਮਾਈਆਂ। ਫੁੱਟਬਾਲ ਦੇ ਖਿਡਾਰੀ ਵਜੋਂ ਨਾ ਸਿਰਫ ਉਹ ਆਪਣੇ ਸਕੂਲ ਜਾਂ ਆਲੇ-ਦੁਆਲੇ 'ਚ ਹਰਮਨ-ਪਿਆਰਾ ਖਿਡਾਰੀ ਬਣਿਆ ਸਗੋਂ ਸਕੂਲਾਂ ਤੋਂ ਲੈ ਕੇ ਉਹ ਅਨੇਕਾਂ ਛੋਟੇ-ਵੱਡੇ ਟੂਰਨਾਮੈਂਟਾਂ ਦਾ ਸਭ ਤੋਂ ਵੱਧ ਗੋਲ ਕਰਨ ਵਾਲਾ ਖਿਡਾਰੀ ਐਲਾਨਿਆ ਜਾਂਦਾ ਰਿਹਾ।

1959 'ਚ ਉਹ ਪੰਜਾਬ ਸਕੂਲਾਂ ਦੀ ਟੀਮ ਵਿਚ ਚੁਣਿਆ ਗਿਆ ਸੀ। ਟਰਾਇਲ ਚੰਡੀਗੜ੍ਹ ਹੋਏ ਸਨ। ਉਦੋਂ ਕਿਸੇ ਦੇ ਖ਼ਾਬ ਖ਼ਿਆਲ 'ਚ ਵੀ ਨਹੀਂ ਸੀ ਕਿ ਇਹ ਬਲੂੰਗੜਾ ਜਿਹਾ ਬਾਲ ਟੀਮ ਵਿਚ ਚੁਣਿਆ ਜਾਏਗਾ? ਕੋਚ ਚੈਟਰਜੀ ਤਾਂ ਉਸ ਨੂੰ ਵੇਖਣ ਸਾਰ ਕਹਿਣ ਲੱਗ ਪਿਆ ਸੀ ਕਿ ਇਹ ਬਚੂੰਗੜਾ ਜਿਹਾ ਬਾਲ ਵੱਡੇ ਖਿਡਾਰੀਆਂ ਦੀ ਝਾਲ ਕਿਥੋਂ ਝੱਲ ਲਵੇਗਾ? ਇਹ ਤਾਂ ਡਰਦਾ ਮਾਰਾ ਈ ਅਗਲਿਆਂ ਲਈ ਰਾਹ ਛੱਡ ਦੇਵੇਗਾ। ਪਰ ਉਹਦਾ ਅਨੁਮਾਨ ਗ਼ਲਤ ਨਿਕਲਿਆ। ਉਹ ਪੰਜਾਬ ਦੀ ਟੀਮ ਵਿਚ ਚੁਣਿਆ ਵੀ ਗਿਆ ਅਤੇ ਅਗਾਂਹ ਲਈ ਜਿੱਤਾਂ ਦੇ ਬੀਜ ਵੀ ਬੀਜੇ ਗਏ। ਮੁੱਢਲੀਆਂ ਜਮਾਤਾਂ ਉਹ ਸਰਕਾਰੀ ਸਕੂਲ 'ਚ ਪੜ੍ਹਿਆ ਤੇ ਉਪਰਲੀਆਂ ਆਰੀਆ ਹਾਈ ਸਕੂਲ ਫਗਵਾੜੇ।

ਪਹਿਲੀ ਵਾਰ ਉਹਨੂੰ ਮਿਲਣ ਮੈਂ ਫਗਵਾੜੇ ਗਿਆ ਤਾਂ ਪੁੱਛ-ਗਿੱਛ ਕੇ ਮਸੀਂ ਉਹਦਾ ਘਰ ਲੱਭਿਆ। 1980 ਦੇ ਆਸ-ਪਾਸ ਦਾ ਸਮਾਂ ਸੀ। ਤਦ ਤਕ ਉਹ ਪ੍ਰਸਿੱਧ ਖਿਡਾਰੀ ਬਣ ਚੁੱਕਾ ਸੀ। ਮੈਂ ਬੂਹਾ ਠਕੋਰਿਆ ਤਾਂ ਰਤਾ ਕੁ ਸਾਂਵਲੇ ਰੰਗ ਦੇ ਇਕਹਿਰੇ ਜਿਹੇ ਨੌਜੁਆਨ ਨੇ ਬੂਹਾ ਖੋਲ੍ਹਿਆ। ਉਹਦੇ ਖੁੱਲ੍ਹਾ ਕੁੜਤਾ ਪਜਾਮਾ ਪਾਇਆ ਹੋਇਆ ਸੀ ਤੇ ਨਾਭੀ ਰੰਗ ਦੀ ਉੱਚੀ ਪੋਚਵੀਂ ਪੱਗ ਬੰਨ੍ਹੀ ਹੋਈ ਸੀ। ਕੱਦ ਉਹਦਾ ਮਸੀਂ ਪੰਜ ਫੁੱਟ ਚਾਰ ਕੁ ਇੰਚ ਦਾ ਲੱਗਦਾ ਸੀ ਪਰ ਉੱਚੀ ਪੱਗ ਕਰਕੇ ਸਾਢੇ ਕੁ ਪੰਜ ਫੁੱਟ ਦਾ ਦਿਸਿਆ ਸੀ। ਉਹਦੀਆਂ ਅੱਖਾਂ ਦਾ ਰੰਗ ਨਸਵਾਰੀ, ਦਾੜ੍ਹੀ ਛਾਂਗੀ ਹੋਈ ਤੇ ਅੱਖਾਂ ਹੇਠਲੀਆਂ ਹੱਡੀਆਂ ਰਤਾ ਕੁ ਉਭਰਵੀਆਂ ਸਨ। ਉਨ੍ਹੀਂ ਦਿਨੀਂ ਕੈਮਰੇ ਦੀ ਥਾਂ ਮੈਂ ਅੱਖਾਂ ਨਾਲ ਹੀ ਖਿਡਾਰੀ ਦਾ ਚਿਹਰਾ-ਮੋਹਰਾ ਮਨ 'ਚ ਉਤਾਰ ਲੈਂਦਾ ਸਾਂ। ਉਹਦੀ ਬਾਹਰੀ ਦਿੱਖ ਦਾ ਸਮੁੱਚਾ ਪ੍ਰਭਾਵ ਅਤਿ ਸਾਧਾਰਨ ਸੀ ਜਿਸ 'ਚੋਂ ਉਹਦੇ ਏਸ਼ੀਅਨ ਆਲ ਸਟਾਰ ਹੋਣ ਵਾਲੀ ਝਲਕ ਨਹੀਂ ਸੀ ਝਲਕ ਰਹੀ। ਉਹ ਬੜੀ ਨਿਮਰਤਾ ਤੇ ਤਪਾਕ ਨਾਲ ਮਿਲਿਆ ਅਤੇ ਮੈਨੂੰ ਆਪਣੀ ਬੈਠਕ ਵਿਚ ਲੈ ਗਿਆ।

ਮੈਂ ਅਨੇਕ ਖਿਡਾਰੀਆਂ ਦੀਆਂ ਤਗ਼ਮਿਆਂ, ਤਸਵੀਰਾਂ, ਟਰਾਫੀਆਂ ਤੇ ਹੋਰ ਖੇਡ ਵਸਤਾਂ ਨਾਲ ਸਜੀਆਂ ਬੈਠਕਾਂ ਵੇਖੀਆਂ ਹੋਈਆਂ ਸਨ। ਇੰਦਰ ਸਿੰਘ ਨੇ ਜਿਵੇਂ ਆਪਣੀ ਬੈਠਕ ਨੂੰ ਸ਼ਿੰਗਾਰਿਆ ਸੀ ਉਹਦਾ ਪ੍ਰਭਾਵ ਹੀ ਨਿਆਰਾ ਸੀ। ਇਕ ਪਾਸੇ ਸ਼ੀਸ਼ਿਆਂ ਦੇ ਵੱਡੇ ਖਾਨੇ 'ਚ ਸੌ ਕੁ ਟਰਾਫੀਆਂ, ਸ਼ੀਲਡਾਂ, ਕੱਪ, ਖੇਡ ਨਿਸ਼ਾਨੀਆਂ ਤੇ ਤਗ਼ਮੇ ਲਿਸ਼ਕਾ-ਪੁਸ਼ਕਾ ਕੇ ਰੱਖੇ ਹੋਏ ਸਨ। ਉਹ ਕਿਸੇ ਵੱਡੇ ਖੇਡ ਅਦਾਰੇ ਦੀ ਸਜਾਵਟ ਲੱਗਦੇ ਸਨ। ਪਰ ਗੱਲਾਂ ਕਰਨ 'ਤੇ ਪਤਾ ਲੱਗਾ ਕਿ ਉਹ ਸਾਰੀਆਂ ਮੱਲਾਂ 'ਕੱਲੇ ਇੰਦਰ ਸਿਓਂ ਦੀਆਂ ਮਾਰੀਆਂ ਹੋਈਆਂ ਸਨ। ਇਕ ਕੰਧ ਉਪਰ ਸ੍ਰੀ ਹਰਿਮੰਦਰ ਸਾਹਿਬ ਦਾ ਸ਼ੀਸ਼ੇ ਜੜਿਆ ਰੰਗੀਨ ਚਿੱਤਰ ਸੀ ਤੇ ਉਹਦੇ ਹੇਠਾਂ ਲੱਕ ਜਿੱਡੀ ਉੱਚੀ ਸ਼ੀਲਡ ਸੁਭਾਏਮਾਨ ਸੀ। ਸੰਭਵ ਹੈ ਉਹ ਕਿਸੇ ਸ਼ੀਸ਼ੇ ਦੇ




ਖਾਨੇ ਵਿਚ ਨਾ ਸਮਾਈ ਹੋਵੇ। ਜਿਨ੍ਹਾਂ ਕੱਪਾਂ ਤੇ ਟਰਾਫੀਆਂ ਨੂੰ ਸਾਹਮਣੇ ਦੇ ਖਾਨੇ 'ਚ ਜਗ੍ਹਾ ਨਹੀਂ ਸੀ ਮਿਲੀ ਉਹ ਇਕ ਹੋਰ ਖਾਨੇ 'ਚ ਬੰਦ ਸਨ।

ਮੈਂ ਆਪਣੀ ਆਦਤ ਅਨੁਸਾਰ ਪਹਿਲਾਂ ਖਿਡਾਰੀ ਦੀ ਡੀਲ-ਡੌਲ 'ਤੇ ਨਜ਼ਰ ਮਾਰਦਾਂ ਤੇ ਫਿਰ ਉਹਦੇ ਹੱਥਾਂ-ਪੈਰਾਂ ਨੂੰ ਨੀਝ ਨਾਲ ਵੇਖਦਾਂ ਜੋ ਉਹਦੀ ਖੇਡ ਦੇ ਵਧੇਰੇ ਕੰਮ ਆਏ ਹੋਣ। ਬੈਠਕ 'ਚ ਬਹਿੰਦਿਆਂ ਮੈਂ ਇੰਦਰ ਸਿੰਘ ਦੇ ਪੈਰਾਂ ਵੱਲ ਨੀਝ ਗੱਡੀ ਜਿਨ੍ਹਾਂ ਨੇ ਸੈਂਕੜੇ ਗੋਲ ਕੀਤੇ ਸਨ। ਉਹ ਪੈਰ ਅਸਲੋਂ ਨਿੱਕੇ-ਨਿੱਕੇ ਸਨ ਜਿਵੇਂ ਕਿਸੇ ਨਾਚੀ ਦੇ ਹੋਣ। ਮੇਰੇ ਮਨ 'ਚ ਆਇਆ ਕਿ ਜਿਹੜੇ ਬੰਦੇ ਕਿਸੇ ਦਾ ਮੂੰਹ ਵੇਖ ਕੇ ਉਹਦੀ ਸ਼ਖਸੀਅਤ ਦਾ ਅਨੁਮਾਨ ਲਾਉਂਦੇ ਹਨ, ਉਨ੍ਹਾਂ ਦਾ ਅਨੁਮਾਨ ਕਿੰਨਾ ਗ਼ਲਤ ਹੋ ਸਕਦੈ? ਭਲਾ ਇੰਦਰ ਸਿੰਘ ਦੇ ਪੈਰ ਵੇਖ ਕੇ ਕੋਈ ਕਿਵੇਂ ਅਨੁਮਾਨ ਲਾ ਸਕਦੈ ਕਿ ਇਹ ਕਿ ਇਹ ਫੁੱਟਬਾਲ ਦੇ ਸੈਂਕੜੇ ਮੈਦਾਨਾਂ ਵਿਚ ਹਜ਼ਾਰਾਂ ਮੀਲ ਦੌੜੇ ਹਨ ਤੇ ਇਨ੍ਹਾਂ ਨਾਲ ਅਨੇਕ ਟੂਰਨਾਮੈਂਟ ਜਿੱਤੇ ਗਏ ਹਨ।

ਪਾਣੀ-ਧਾਣੀ ਪੀਣ ਪਿੱਛੋਂ ਮੈਂ ਇੰਦਰ ਸਿੰਘ ਨਾਲ ਉਹਦੇ ਖੇਡ ਜੀਵਨ ਦੀਆਂ ਗੱਲਾਂ ਤੋਰੀਆਂ ਤਾਂ ਉਹ ਦੁਆਬੀ ਲਹਿਜ਼ੇ 'ਚ ਪਹਿਲਾਂ ਜਕਦਾ ਤੇ ਫਿਰ ਖੁੱਲ੍ਹਦਾ ਹੋਇਆ ਖੁੱਲ੍ਹੀਆਂ ਗੱਲਾਂ ਕਰਨ ਲੱਗਾ। ਉਸ ਨੇ ਦੱਸਿਆ, 'ਜਿਸ ਵੇਲੇ ਮੈਂ ਅੱਠਵੀਂ 'ਚ ਹੋਇਆ ਤਾਂ ਸਾਡੇ ਸਕੂਲ ਦੇ ਪੀਟੀ ਵਾਲੀਆ ਸਾਹਿਬ ਨੇ ਮੈਨੂੰ ਸਕੂਲ ਦੀ ਫੁੱਟਬਾਲ ਟੀਮ ਵਿਚ ਪਾ ਲਿਆ। ਉਂਜ ਮੈਂ ਹਾਕੀ ਤੇ ਅਥਲੈਟਿਕਸ ਅੱਲੇ ਵੀ ਮਾੜਾ ਮੋਟਾ ਹੱਥ ਮਾਰ ਲੈਂਦਾ ਸੀ। ਅਸਲ ਵਿਚ ਉਨ੍ਹੀਂ ਮੈਨੂੰ ਫੁੱਟਬਾਲ ਖੇਡਣ ਲਾਇਆ। 1959 'ਚ ਮੈਂ ਪੰਜਾਬ ਸਕੂਲਾਂ ਦੀ ਟੀਮ 'ਚ ਚੁਣਿਆ ਗਿਆ। ਚੰਡੀਗੜ੍ਹ ਟ੍ਰਾਇਲ ਹੋਣ ਲੱਗੇ ਤਾਂ ਕੋਚ ਚੈਟਰਜੀ ਆਖੇ ਇਹ ਤਾਂ ਨਿੱਕਾ ਜਿਹਾ। ਇਨ ਕੀ ਖੇਡਣਾ? ਪਰ ਜੋਗਿੰਦਰ ਸਿੰਘ ਵਾਲੀਏ ਨੇ ਜ਼ੋਰ ਪਾ ਕੇ ਮੈਨੂੰ ਟੀਮ 'ਚ ਪੁਆ ਦਿੱਤਾ। ਮੌਕਾ ਮਿਲਣ ਦੀ ਲੋੜ ਸੀ, ਮੈਂ ਸਭ ਤੋਂ ਬਹੁਤੇ ਗੋਲ ਕੀਤੇ।'

ਮੈਂ ਪੁੱਛਿਆ, 'ਖੇਡਣ ਨਾਲ ਤੁਸੀਂ ਪੜ੍ਹੇ ਕਿਥੋਂ ਤੱਕ?' ਉਸ ਨੇ ਬਿਨਾਂ ਸੰਗ-ਸੰਗਾਅ ਦੇ ਸਪੱਸ਼ਟ ਕਿਹਾ ਕਿ ਪੜ੍ਹਾਈ 'ਚ ਮੈਂ ਹੁਸ਼ਿਆਰ ਨਾ ਸੀ, ਕਮਜ਼ੋਰ ਈ ਸਾਂ। ਮੈਂ ਦਸਵੀਂ ਦੇ ਪਰਚੇ ਤਾਂ ਦੇ ਦਿੱਤੇ ਸੀ ਪਰ ਅੰਗਰੇਜ਼ੀ 'ਚ ਪੰਜ ਨੰਬਰਾਂ 'ਤੇ ਫੇਲ੍ਹ ਹੋ ਗਿਆ ਸੀ। ਸਾਡੇ ਕਈ ਖਿਡਾਰੀ ਫੇਲ੍ਹ ਹੋਣ ਦੀ ਗੱਲ ਹੀ ਨਹੀਂ ਦੱਸਦੇ ਬਈ ਕੋਈ ਲਿਖ ਨਾ ਦੇਵੇ। ਮੇਰੇ ਬਾਰੇ ਤੁਸੀਂ ਜ਼ਰੂਰ ਲਿਖਿਓ ਕਿ ਮੈਂ ਅੰਡਰ ਮੈਟ੍ਰਿਕ ਆਂ। ਖਿਡਾਰੀ ਨੂੰ ਸਹੀ ਗੱਲ ਨਹੀਂ ਲੁਕਾਉਣੀ ਚਾਹੀਦੀ।

ਉਹਦੇ ਦੱਸਣ ਮੁਜਬ ਉਹਦੇ 'ਚ ਫੁੱਟਬਾਲ ਖੇਡਣ ਦੀ ਰੀਝ ਏਨੀ ਸੀ ਕਿ ਉਸ ਨੂੰ ਫੁੱਟਬਾਲ ਖੇਡਣ ਤੋਂ ਸਿਵਾ ਹੋਰ ਕੁਝ ਸੁੱਝਦਾ ਹੀ ਨਹੀਂ ਸੀ। ਇਹੋ ਕਾਰਨ ਹੈ ਕਿ ਉਹ ਕੇਵਲ 100 ਰੁਪਏ ਮਹੀਨੇ ਦੀ ਨੌਕਰੀ ਉਤੇ ਲੀਡਰਜ਼ ਕਲੱਬ ਜਲੰਧਰ 'ਚ ਭਰਤੀ ਹੋ ਗਿਆ। ਇਹ 1962 ਦੀ ਗੱਲ ਹੈ। ਇਸ ਤੋਂ ਪਹਿਲਾਂ ਉਹ ਲਗਾਤਾਰ ਤਿੰਨ ਸਾਲ ਸਕੂਲਾਂ ਦੇ ਸਰਬ ਭਾਰਤੀ ਟੂਰਨਾਮੈਂਟ ਖੇਡ ਚੁੱਕਾ ਸੀ। ਦੋ ਵਾਰ ਪੰਜਾਬ ਸਕੂਲਾਂ ਦੀ ਫੁੱਟਬਾਲ ਟੀਮ ਦਾ ਕਪਤਾਨ ਬਣ ਕੇ ਸਭ ਤੋਂ ਬਹੁਤੇ ਗੋਲ ਵੀ ਕਰ ਚੁੱਕਾ ਸੀ। 1960-61 ਵਿਚ ਉਹ ਲੀਡਰਜ਼ ਕਲੱਬ ਵੱਲੋਂ ਬਤੌਰ ਮਹਿਮਾਨ ਖਿਡਾਰੀ ਖੇਡਿਆ ਸੀ। ਲੀਡਰਜ਼ ਕਲੱਬ ਦੇ ਕਰਤਾ-ਧਰਤਾ ਦਵਾਰਕਾ ਦਾਸ ਸਹਿਗਲ ਨੇ ਇੰਦਰ ਸਿੰਘ 'ਚ ਵਧੀਆ ਖਿਡਾਰੀ ਬਣਨ ਦੀਆਂ ਸੰਭਾਵਨਾਵਾਂ ਵੇਖ ਕੇ ਹੀ ਉਹਨੂੰ ਆਪਣੀ ਕਲੱਬ 'ਚ ਆਉਣ ਦਾ ਸੱਦਾ ਦਿੱਤਾ ਸੀ ਜੋ ਇੰਦਰ ਸਿੰਘ ਨੇ ਖ਼ੁਸ਼ੀ ਨਾਲ ਪਰਵਾਨ ਕਰ ਲਿਆ ਸੀ।

ਇੰਦਰ ਸਿੰਘ ਦੀ ਤਮੰਨਾ ਸੀ ਕਿ ਉਸ ਨੂੰ ਕੋਈ ਐਸੀ ਨੌਕਰੀ ਮਿਲੇ ਜਿਸ ਵਿਚ ਉਹ ਵੱਧ ਤੋਂ ਵੱਧ ਸਮਾਂ ਫੁੱਟਬਾਲ ਖੇਡ ਸਕੇ। ਲੀਡਰਜ਼ ਦੀ ਨੌਕਰੀ ਮਿਲਣ ਨਾਲ ਉਹਦੀ ਦਿਲੀ ਖਾਹਿਸ਼ ਪੂਰੀ ਹੋ ਗਈ। ਉਹ ਫਗਵਾੜਿਓਂ ਗੱਡੀ ਚੜ੍ਹਦਾ ਤੇ ਜਲੰਧਰ ਉਤਰ ਕੇ ਕਲੱਬ ਤਕ ਡੇਢ ਦੋ ਕਿਲੋਮੀਟਰ ਦੌੜਦਾ ਹੋਇਆ ਜਾਂਦਾ। ਫਿਰ ਕੋਚ ਜਿੰਨੀ ਮਿਹਨਤ ਕਰਾਉਂਦਾ ਉਹ ਤਨਦੇਹੀ ਨਾਲ ਕਰਦਾ ਤੇ ਵਾਪਸੀ 'ਤੇ ਫਿਰ ਵਾਧੂ ਦੌੜ ਲਾਉਂਦਾ। ਲੀਡਰਜ਼ ਕਲੱਬ ਵੱਲੋਂ ਉਹ 1962 ਤੋਂ 74 ਤਕ ਖੇਡਿਆ। ਇਸ ਦੌਰਾਨ ਲੀਡਰਜ਼ ਦੀ ਟੀਮ ਨੇ ਦੇਸ਼ ਦੀਆਂ ਕਹਿੰਦੀਆਂ ਕਹਾਉਂਦੀਆਂ ਟੀਮਾਂ ਨੂੰ ਹਰਾਇਆ। ਉਸ ਨੇ ਬੀ ਕਲਾਸ ਟੂਰਨਾਮੈਂਟ ਤਾਂ ਜਿੱਤਣੇ ਹੀ ਸਨ ਕੁਝ ਏ ਕਲਾਸ ਟੂਰਨਾਮੈਂਟ ਵੀ ਜਿੱਤੇ। ਉਨ੍ਹਾਂ 'ਚ ਇੰਦਰ ਸਿੰਘ ਅਕਸਰ ਬੈੱਸਟ ਸਕੋਰਰ ਹੁੰਦਾ। 1964 ਤੋਂ 74 ਤਕ ਉਹ ਲੀਡਰਜ਼ ਕਲੱਬ ਦੀ ਟੀਮ ਦਾ ਕੈਪਟਨ ਵੀ ਰਿਹਾ। ਉਹਦੀ ਕਪਤਾਨੀ 'ਚ ਲੀਡਰਜ਼ ਦੀ ਟੀਮ ਦੇਸ਼ ਦੇ ਪ੍ਰਸਿੱਧ ਡੀ.ਸੀ.ਐੱਮ. ਕਲੱਬ ਦਿੱਲੀ ਦਾ ਫਾਈਨਲ ਪੰਜ ਵਾਰ ਖੇਡੀ ਅਤੇ ਡੁਰੰਡ ਤੇ ਰੋਵਰਜ਼ ਕੱਪ ਦੇ ਫਾਈਨਲ ਮੈਚ ਵੀ ਖੇਡੀ।

1962 ਤੋਂ ਹੀ ਉਹਦਾ ਪੰਜਾਬ ਰਾਜ ਵੱਲੋਂ ਸੰਤੋਸ਼ ਟਰਾਫੀ ਖੇਡਣ ਦਾ ਦੌਰ ਸ਼ੁਰੂ ਹੁੰਦਾ ਹੈ। ਸੱਟ-ਫੇਟ ਦੇ ਸਮੇਂ ਨੂੰ ਛੱਡ ਕੇ ਉਹ ਰਾਸ਼ਟਰੀ ਫੁੱਟਬਾਲ ਚੈਂਪੀਅਨਸ਼ਿਪ 1978 ਤਕ ਖੇਡਦਾ ਰਿਹਾ। 1965 ਤੋਂ 78 ਤਕ ਤਿੰਨ ਮੌਕਿਆਂ ਨੂੰ ਛੱਡ ਕੇ ਉਹ ਲਗਾਤਾਰ ਪੰਜਾਬ ਟੀਮ ਦਾ ਕਪਤਾਨ ਰਿਹਾ। ਉਹਦੀ ਕਪਤਾਨੀ ਵਿਚ ਪੰਜਾਬ ਨੇ ਦੋ ਵਾਰ ਨੈਸ਼ਨਲ ਚੈਂਪੀਅਨਸ਼ਿਪ ਜਿੱਤੀ ਜਦਕਿ ਬੰਗਾਲ ਦੀ ਟੀਮ ਸੰਤੋਸ਼ ਟਰਾਫੀ 'ਤੇ ਆਪਣੀ ਮਾਲਕੀ ਸਮਝਦੀ ਸੀ। 1974 ਦੀ ਨੈਸ਼ਨਲ ਚੈਂਪੀਅਨਸ਼ਿਪ ਸਮੇਂ ਤਾਂ ਜੱਗੋਂ ਤੇਰ੍ਹਵੀਂ ਹੋਈ। ਉਦੋਂ ਪੰਜਾਬ ਦੀ ਟੀਮ ਨੇ ਕੁਲ 46 ਗੋਲ ਕੀਤੇ, ਜਿਨ੍ਹਾਂ 'ਚ 23 ਗੋਲ ਇੰਦਰ ਸਿੰਘ ਦੇ ਸਨ। ਬੰਗਾਲ ਵਿਰੁੱਧ ਫਾਈਨਲ ਮੈਚ ਖੇਡਦਿਆਂ ਪੰਜਾਬ ਨੇ ਉਹਨੂੰ ਰਿਕਾਰਡ 6-0 ਗੋਲਾਂ ਨਾਲ ਹਰਾਇਆ ਸੀ। ਉਨ੍ਹਾਂ 6 ਗੋਲਾਂ ਵਿਚ ਇੰਦਰ ਸਿੰਘ ਦਾ ਹੈਟ੍ਰਿਕ ਸੀ ਯਾਨੀ ਲਗਾਤਾਰ 3 ਗੋਲ!

1963 ਵਿਚ ਉਹ ਪਹਿਲੀ ਵਾਰ ਭਾਰਤੀ ਟੀਮ 'ਚ ਚੁਣਿਆ ਗਿਆ ਤੇ ਪ੍ਰੀ-ਓਲੰਪਿਕ ਟੂਰਨਾਮੈਂਟ ਖੇਡਿਆ। 'ਏਸ਼ੀਆ ਦਾ ਜਰਨੈਲ' ਜਰਨੈਲ ਸਿੰਘ ਉਦੋਂ ਬੰਗਾਲ ਵੱਲੋਂ ਖੇਡਦਾ ਸੀ। ਇੰਦਰ ਸਿੰਘ ਪੰਜਾਬ ਦਾ ਪਹਿਲਾ ਖਿਡਾਰੀ ਸੀ ਜੋ ਭਾਰਤ ਦੀ ਨੈਸ਼ਨਲ ਟੀਮ ਵਿਚ ਪਾਇਆ ਗਿਆ। 1964 ਵਿਚ ਉਹ ਫਿਰ ਭਾਰਤ ਵੱਲੋਂ ਪ੍ਰੀ-ਓਲੰਪਿਕ ਟੂਰਨਾਮੈਂਟ ਖੇਡਿਆ। ਉਸੇ ਸਾਲ ਉਹ ਇਜ਼ਰਾਈਲ ਦਾ ਏਸ਼ੀਅਨ ਕੱਪ ਫੁੱਟਬਾਲ ਟੂਰਨਾਮੈਂਟ ਖੇਡਣ ਗਿਆ ਜਿਥੇ ਉਹਨੇ ਸਭ ਤੋਂ ਵੱਧ ਗੋਲ ਕੀਤੇ। ਉਹਨੂੰ ਟੂਰਨਾਮੈਂਟ ਦਾ ਬਿਹਤਰੀਨ ਖਿਡਾਰੀ ਐਲਾਨਿਆ ਗਿਆ। ਉਥੇ ਭਾਰਤੀ ਟੀਮ ਨੇ ਦੂਜਾ ਸਥਾਨ ਹਾਸਲ ਕੀਤਾ ਸੀ।

1964 'ਚ ਉਹ ਕੁਆਲਾਲੰਪੁਰ ਦਾ ਟੂਰਨਾਮੈਂਟ ਖੇਡਿਆ ਜੋ ਏਸ਼ੀਆ ਦਾ ਅੱਵਲ ਨੰਬਰ ਫੁੱਟਬਾਲ ਟੂਰਨਾਮੈਂਟ ਸਮਝਿਆ ਜਾਂਦਾ ਹੈ। ਉਥੇ ਵੀ ਉਸ ਨੇ ਕਮਾਲ ਦੀ ਖੇਡ ਵਿਖਾਈ ਜੀਹਦੇ ਕਰਕੇ ਮਲਾਇਆ ਦੇ ਸਰਦਾਰਾਂ ਨੇ ਉਸ ਨੂੰ ਮੋਢਿਆਂ 'ਤੇ ਚੁੱਕ ਲਿਆ ਤੇ ਸਟੇਡੀਅਮ 'ਚ ਗੇੜੇ ਦਿੱਤੇ। ਮਲਾਇਆ ਸਰਕਾਰ ਵੱਲੋਂ ਉਸ ਨੂੰ ਨੌਕਰੀ ਪੇਸ਼ਕਸ਼ ਹੋਈ ਜੋ ਉਸ ਨੇ ਦੇਸ਼ਭਗਤੀ ਹਿਤ ਠੁਕਰਾ ਦਿੱਤੀ। 1967, 68, 69 ਤੇ 70 'ਚ ਉਹ ਲਗਾਤਾਰ ਕੁਆਲਾਲੰਪੁਰ ਦਾ ਟੂਰਨਾਮੈਂਟ ਖੇਡਦਾ ਰਿਹਾ। 1969 'ਚ ਉਹ ਭਾਰਤੀ ਟੀਮ ਦਾ ਕਪਤਾਨ ਸੀ। ਉਸ ਨੇ 1966 ਦੀਆਂ ਏਸ਼ੀਅਨ ਖੇਡਾਂ ਵਿਚ ਵੀ ਭਾਗ ਲਿਆ ਪਰ ਉਥੇ ਭਾਰਤੀ ਟੀਮ 1962 ਦੀਆਂ ਏਸ਼ਿਆਈ ਖੇਡਾਂ ਵਾਂਗ ਗੋਲਡ ਮੈਡਲ ਨਹੀਂ ਸੀ ਜਿੱਤ ਸਕੀ। 1969 ਵਿਚ ਉਸ ਨੂੰ ਅਰਜਨ ਅਵਾਰਡ ਦਿੱਤਾ ਗਿਆ। 1974 'ਚ ਦਿੱਲੀ ਦੇ ਖੇਡ ਪੱਤਰਕਾਰਾਂ ਵੱਲੋਂ ਉਸ ਨੂੰ ਦੇਸ਼ ਦਾ ਸਰਬੋਤਮ ਫੁੱਟਬਾਲਰ ਐਲਾਨਿਆ ਗਿਆ।

2003 'ਚ 'ਫਗਵਾੜੇ ਦਾ ਮਾਣ' ਅਵਾਰਡ ਦਿੱਤਾ ਗਿਆ। ਉਹਨੂੰ ਪੰਜਾਬ ਦਾ ਪੇਲੇ ਕਹਿ ਕੇ ਵਡਿਆਇਆ ਜਾ ਰਿਹੈ। ਕਦੇ ਬੰਗਾਲੀ ਖਿਡਾਰੀਆਂ ਨੇ ਉਸ ਨੂੰ ਤਾਅਨਾ ਮਾਰਿਆ ਸੀ ਕਿ ਪੰਜਾਬੀ ਹਾਕੀ ਹੀ ਖੇਡ ਸਕਦੇ ਹਨ, ਫੁੱਟਬਾਲ ਨਹੀਂ। ਉਸੇ ਦਿਨ ਤੋਂ ਇੰਦਰ ਸਿੰਘ ਨੇ ਮਨ 'ਚ ਧਾਰ ਲਿਆ ਸੀ ਕਿ ਉਹ ਬੰਗਾਲੀ ਖਿਡਾਰੀਆਂ ਦੇ ਇਸ ਮਿਹਣੇ ਦਾ ਜਵਾਬ ਉਨ੍ਹਾਂ ਨੂੰ ਹਰਾ ਕੇ ਦੇਵੇਗਾ ਜੋ ਉਸ ਨੇ ਆਖ਼ਰ ਹਰਾ ਕੇ ਹੀ ਲਿਆ।

# ਨਾਰੀ ਸੰਸਾਰ-ਖਾੜਕੂ ਪਹਿਰੇਦਾਰ !



ਤਰਲੋਚਨ ਸਿੰਘ ਦੁਪਾਲ ਪੁਰ
ਫੋਨ: 001-408-905-5517

ਬਚਪਨੇ ਦੇ ਸਮੇਂ ਜਿੱਥੇ ਸਾਡੇ ਪਿੰਡ ਬਾਂਦਰੀ ਵਾਲ਼ੇ ਮਦਾਰੀ ਅਤੇ ਜਾਦੂ ਦੇ ਟ੍ਰਿੱਕ ਕਰਨ ਵਾਲ਼ੇ ਪੇਂਡੂ ਲੋਕਾਂ ਦਾ ਮਨੋਰੰਜਨ ਕਰਨ ਆਉਂਦੇ ਹੁੰਦੇ ਸਨ, ਉੱਥੇ ਕਈ ਵਾਰ ਅਜਿਹੇ ਨੌਟੰਕੀ ਵਾਲੇ ਵੀ ਆਉਂਦੇ ਹੁੰਦੇ ਸਨ ਜਿਨ੍ਹਾਂ ਦੇ ਨਾਲ ਦੀ ਕੁੜੀ ਜਾਂ ਜਨਾਨੀ ਉੱਚੀ ਕਰਕੇ ਬੰਨ੍ਹੇ ਹੋਏ ਰੱਸੇ ਉੱਤੇ ਨੰਗੇ ਪੈਰੀਂ ਤੁਰ ਕੇ ਦਿਖਾਉਂਦੀ ਹੁੰਦੀ ਸੀ।

ਅਜਿਹੇ ਇਕ ਮੌਕੇ ਅਸੀਂ ਸਾਰੇ ਪਿੰਡ ਦੇ ਨਿਆਣੇ-ਸਿਆਣੇ ਗੁਰਦੁਆਰੇ ਮੋਹਰੇ ਖਾਲੀ ਪਏ ਤੌੜ ਵਿਚ ਘੇਰਾ ਘੱਤੀ ਬੈਠੇ ਸਾਂ। ਦਸ ਕੁ ਫੁੱਟ ਦੀ ਵਿੱਥ ਰੱਖ ਕੇ ਦੋ ਮਜ਼ਬੂਤ ਜਿਹੇ ਡੰਡੇ ਗੱਡੇ ਹੋਏ ਸਨ, ਜਿਨ੍ਹਾਂ ਨੂੰ ਬਿਜਲੀ ਦੇ ਖੰਭ੍ਹਿਆਂ ਦੀਆਂ ਖਿੱਚਾਂ ਵਾਂਗ ਸੁਪੋਰਟਾਂ ਦਿੱਤੀਆਂ ਹੋਈਆਂ ਸਨ। ਦਰਸ਼ਕਾਂ ਵਲੋਂ ਲਿਆਂਦਾ ਆਟਾ-ਦਾਣਾ ਪਾਉਣ ਲਈ ਆਪਣੇ ਨਾਲ ਲਿਆਂਦੇ ਥੈਲੇ ਕੋਲ ਬੈਠਾ ਤਮਾਸ਼ਾ ਕਰਨ ਵਾਲ਼ਾ ਭਾਈ ਢੋਲਕੀ ਵਜਾ ਰਿਹਾ ਸੀ। ਉਹਦੇ ਨਾਲ ਦੀ ਜਨਾਨੀ ਰੱਸੇ ਉੱਤੇ ਚੜ੍ਹੀ ਹੋਈ, ਬੈਲੈਂਸ ਬਣਾਉਣ ਵਾਸਤੇ ਦੋਹਾਂ ਹੱਥਾਂ ਵਿਚ ਲਾਠੀ ਫੜ ਕੇ ਕਦਮ ਕਦਮ ਤੁਰ ਰਹੀ ਸੀ।

ਸੱਜਿਉਂ ਖੱਬੇ ਅਤੇ ਖੱਬਿਉਂ ਸੱਜੇ ਨੂੰ ਬੜੀ ਸਾਵਧਾਨੀ ਨਾਲ ਉਸਨੂੰ ਰੱਸੇ ਉੱਤੇ ਤੁਰਦੀ ਦੇਖ ਕੇ ਅਸੀਂ ਹੈਰਾਨੀ ਨਾਲ ਸਾਹ ਸੂਤੀ ਖੜ੍ਹੇ ਸਾਂ। ਏਨੇ ਨੂੰ ਆਪਣੇ ਨਿੱਕੇ ਪੋਤਰੇ ਦੇ ਮਗਰ-ਮਗਰ



ਤੁਰਦੀ ਡੰਗੋਰੀ ਫੜੀ ਖਾੜਕੂ ਮਾਈ ਬੰਤੀ ਕੌਰ ਵੀ ਉੱਥੇ ਆ ਪਹੁੰਚੀ।

ਆਉਂਦੀ ਨੇ ਪਹਿਲਾਂ ਪੁਲ਼ਸੀਆਂ ਦੀ ਤਰ੍ਹਾਂ 'ਮੌਕਾ ਦੇਖਣ ਵਾਂਗ' ਚਾਰ ਚੁਫੇਰੇ ਸਰਸਰੀ ਜਿਹੀ ਨਜ਼ਰ ਮਾਰੀ। ਫਿਰ ਇਕ ਦਮ ਹੱਥ 'ਚ ਫੜੀ ਡੰਗੋਰੀ ਨੂੰ 'ਤਾਂਹ ਨੂੰ ਉਲਾਰਦੀ ਹੋਈ ਰੱਸੇ ਉੱਤੇ ਤੁਰਦੀ ਜਨਾਨੀ ਵੱਲ ਨੂੰ ਵਧੀ-

'ਕੁੜੇ ਕੁੜੀਏ, ਉੱਤਰ ਥੱਲੇ...! ਤੂੰ ਕਾਹਨੂੰ ਆਹ ਮੁਲਖੱਈਏ ਮੋਹਰੇ ਨੰਗੇ ਸਿਰ ਤਮਾਸ਼ਾ ਕਰਨ ਡਹੀਉਂ ਆਂ? ਆਹ ਜਿਹੜਾ ਥੇਹ ਹੋਣਾ ਹੇਠਾਂ ਬੈਠਾ ਢੋਲਕੀ ਦੀ 'ਢਿੱਪ-ਢਿੱਪ' ਕਰੀ ਜਾਂਦਾ ਐ, ਚੜ੍ਹਾ ਇਹਨੂੰ ਰੱਸੇ ਉੱਪਰ ਨਿਖਸਮੇਂ ਨੂੰ...!'

ਦਰਸ਼ਕਾਂ 'ਚ ਹਾਸਾ ਮਚ ਗਿਆ ਪਰ ਮਾਈ ਉਵੇਂ ਰੋਹਬ ਨਾਲ ਡੰਗੋਰੀ ਉਲਾਰਦੀ ਹੋਈ ਫਿਰ ਢੋਲਕੀ ਵਜਾਉਂਦੇ ਭਾਈ ਵੱਲ ਨੂੰ ਵਧੀ-

'ਵੇਹ ਮੁਜ਼ੂਆ ਜਿਹਾ, ਤੈਨੂੰ ਭੋਰਾ ਸ਼ਰਮ ਨੀਂ ਆਉਂਦੀ ਪਿੰਡ-ਪਿੰਡ ਤੀਵੀਂ ਨਚਾਉਂਦੇ ਫਿਰਦੇ ਨੂੰ? ਆਪਣੀ 'ਲਗਦੀ' ਨੂੰ ਉਤਾਰ ਹੇਠਾਂ ਤੇ ਤੂੰ ਚੜ੍ਹ ਰੱਸੇ ਉੱਪਰ...ਟੱਪ ਜ਼ਰਾ ਰੱਸੇ ਉੱਤੇ...ਪਤਾ ਲੱਗੇ ਤੈਨੂੰ ਕਿ ਉਹ ਵਿਚਾਰੀ ਕਿੰਨੀਂ ਔਖੀ ਹੋ ਕੇ ਤੁਰਦੀ ਆ...ਜਾਨ ਜੋਖੋਂ 'ਚ ਪਾ ਕੇ '

ਢੋਲਕੀ ਵੱਜਣੀ ਬੰਦ ਹੋ ਗਈ ਤਮਾਸ਼ਾ ਰੁਕ ਗਿਆ! ਰੱਸੇ ਉੱਤੋਂ ਛੜੱਪਾ ਮਾਰ ਕੇ ਜਨਾਨੀ ਹੇਠਾਂ ਉੱਤਰ ਆਈ। ਉਸਨੂੰ ਇਕ ਪਾਸੇ ਬੈਠੇ ਆਪਣੇ ਨਿਆਣੇ ਦਾ ਸਿਰ ਪਲ਼ੋਸਦੀ ਦੇਖ ਕੇ ਮਾਈ ਦਾ ਗੁੱਸਾ ਫੇਰ ਸੱਤਵੇਂ ਅਸਮਾਨ 'ਤੇ ਜਾ ਚੜ੍ਹਿਆ! ਢੋਲਕੀ ਵਾਲ਼ੇ ਵੱਲ ਫਿਰ ਬਿੱਫਰ ਕੇ ਪੈ ਗਈ-

'ਦਾਦੇ ਮਗੌਣਿਆਂ ਨਾਲੇ ਇਹ ਤੇਰੇ ਨਿਆਣੇ ਜੰਮੇਂ...ਨਾਲੇ ਤੇਰੇ ਲਈ ਕਮਾਈ ਕਰੇ? ਹੈਂਸਹਾਰਿਆ ਸ਼ਰਮ ਨੂੰ ਹੱਥ ਮਾਰ ਜ਼ਰਾ??...ਖਬਰਦਾਰ ਜੇ ਇਹਨੂੰ ਕਦੇ ਮੁੜਕੇ ਏਦਾਂ ਰੱਸੇ 'ਤੇ ਚੜ੍ਹਾਇਆ??'

# ਸਿਹਤ, ਸਾਧਨ, ਸਫਰ ਤੇ ਸੰਸਕ੍ਰਿਤੀ

## ਨਿੱਕ ਸੁੱਕ




**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਭਾਰਤ ਕਈ ਸਦੀਆਂ ਤੋਂ ਵਿਦੇਸ਼ੀ ਤਾਕਤਾਂ ਦੇ ਅਧੀਨ ਰਿਹਾ, ਜੋ ਇਸ ਦੇਸ਼ ਨੂੰ ਲੁੱਟਣ ਆਉਂਦੇ ਅਤੇ ਰਾਜੇ ਬਣ ਕੇ ਬੈਠ ਜਾਂਦੇ। ਇਹ ਹੁਕਮਰਾਨ ਅਤੇ ਇਨ੍ਹਾਂ ਦੀ ਸਹਿਯੋਗੀ ਜੁੰਡਲੀ ਭਾਰਤ ਵਾਸੀਆਂ ਉੱਤੇ ਇੰਨਾ ਜ਼ੁਲਮ ਕਰਦੀ ਕਿ ਕਿਸੇ ਦੀ ਵੀ ਇੱਜ਼ਤ-ਪੱਤ ਅਤੇ ਜਾਨ-ਮਾਲ ਸੁਰੱਖਿਅਤ ਨਹੀਂ ਸੀ। ਵਿਦੇਸ਼ੀ ਹਮਲਾਵਰ ਤਾਂ ਜੋ ਜ਼ੁਲਮ ਕਰਦੇ ਸਨ, ਸੋ ਕਰਦੇ ਸਨ, ਪਰ ਜੋ ਪਾਪ ਭਾਰਤਵਰਸ਼ ਵਿਚ ਜੜ੍ਹਾਂ ਜਮਾ ਚੁੱਕਾ ਸੀ, ਉਹ ਵੀ ਕਹਿਣੀ-ਕਥਨੀ ਤੋਂ ਬਾਹਰ ਸੀ। ਇੱਥੋਂ ਦੇ ਰਾਜੇ ਅਤੇ ਅਖੌਤੀ ਉੱਚ ਜਾਤਾਂ ਵਾਲੇ ਆਪਣੇ ਹੀ ਲੋਕਾਂ ਉੱਤੇ ਜ਼ੁਲਮ ਦੀਆਂ ਹੱਦਾਂ ਟੱਪ ਚੁੱਕੇ ਸਨ। ਭਾਰਤ ਦੇ ਲੋਕ ਵੱਖ-ਵੱਖ ਜਾਤਾਂ, ਜਿਵੇਂ ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ, ਚੰਡਾਲ ਆਦਿ ਵਿਚ ਵੰਡੇ ਹੋਏ ਸਨ। ਸ਼ੂਦਰਾਂ ਅਤੇ ਚੰਡਾਲਾਂ ਉੱਪਰ ਬੜਾ ਜ਼ੁਲਮ ਹੁੰਦਾ ਸੀ। ਇਨ੍ਹਾਂ ਵਿਚ ਆਪਸੀ ਏਕਤਾ ਵੀ ਕੋਈ ਨਹੀਂ ਸੀ। ਇਨ੍ਹਾਂ ਹਾਲਾਤਾਂ ਦਾ ਵਿਦੇਸ਼ੀ ਧਾੜਵੀ ਖ਼ੂਬ ਫਾਇਦਾ ਉਠਾਉਂਦੇ ਰਹੇ ਅਤੇ ਇਸ ਦੇਸ਼, ਇਸ ਦੇ ਸਰਮਾਏ ਅਤੇ ਲੋਕਾਂ ਨੂੰ ਲੁੱਟਦੇ ਰਹੇ। ਵਿਦੇਸ਼ੀ ਧਾੜਵੀਆਂ ਵਿਚ ਤਾਂ ਇਹ ਕਹਾਵਤ ਵੀ ਮਸ਼ਹੂਰ ਹੋ ਗਈ ਸੀ ਕਿ ਇਹ ਬੇਗੈਰਤ ਲੋਕਾਂ ਦੀ ਧਰਤੀ ਹੈ, ਇਸ ਨੂੰ ਜਿਵੇਂ ਮਰਜ਼ੀ ਲੁੱਟੋ-ਕੁੱਟੋ, ਜੋ ਮਰਜ਼ੀ ਕਰੋ, ਇਹ ਲੋਕ ਕੁਝ ਵੀ ਮੂੰਹੋਂ ਨਹੀਂ ਬੋਲਦੇ, ਸੀਂ ਤੱਕ ਨਹੀਂ ਕਰਦੇ।

ਗੁਰੂ ਨਾਨਕ ਦੇਵ ਸਾਹਿਬ ਦਾ ਪ੍ਰਕਾਸ਼ 15 ਅਪ੍ਰੈਲ 1469 ਈਸਵੀ ਨੂੰ ਨਨਕਾਣਾ ਸਾਹਿਬ ਦੀ ਧਰਤੀ 'ਤੇ ਹੋਇਆ, ਇੱਕ ਐਸਾ ਪ੍ਰਕਾਸ਼ ਜਿਸ ਦੇ ਹਨੇਰਾ ਹੁਣ ਤਾਈਂ ਵੀ ਕਰੀਬ ਨਹੀਂ ਜਾ ਸਕਿਆ। ਬਾਬਾ ਅਕਾਲ ਪਾਤਸ਼ਾਹ ਨੇ ਹੱਕ-ਸੱਚ ਦਾ ਨਾਅਰਾ ਬੁਲੰਦ ਕੀਤਾ... ਨਾ ਅਨੇਕ... ਸਭ ਇੱਕ ਹੀ ਹਨ।

ਜਾਤ-ਪਾਤ ਦੇ ਕੋਹੜ ਅਤੇ ਨਾ-ਬਰਾਬਰੀ ਨੂੰ ਖ਼ਤਮ ਕਰਨ ਲਈ ਲੋਕਾਂ ਨੂੰ ਸ਼ਬਦ ਰੂਪ ਜੁਗਤ ਧਿਆਨ-ਗਿਆਨ ਦਿੱਤਾ। ਗਿਆਨ ਵੀ ਐਸਾ ਕਿ ਸ਼ਬਦ ਦਾ ਪ੍ਰਕਾਸ਼ ਲੋਕਾਂ ਦੇ ਹਨੇਰੇ ਮਨਾਂ ਨੂੰ ਰੌਸ਼ਨ ਕਰਨ ਲੱਗਾ।

ਹਿੰਦੂ ਪਹਾੜੀਆਂ ਨੂੰ ਇਹ ਸਭ ਗੱਲਾਂ ਚੰਗੀਆਂ ਨਾ ਲੱਗੀਆਂ। ਉਨ੍ਹਾਂ ਅਨੇਕਾਂ ਵਾਰ ਪਾਤਸ਼ਾਹ ਉੱਤੇ ਚੜ੍ਹਾਈ ਵੀ ਕੀਤੀ, ਪਰ ਮੂੰਹ ਦੀ ਖਾ ਕੇ ਸ਼ਰਮਸ਼ਾਰ ਹੋਏ। ਜਦ ਕੋਈ ਵੱਸ ਨਾ ਚੱਲਿਆ ਤਾਂ ਬਾਈਧਾਰ ਦੇ ਰਾਜੇ ਮੁਗ਼ਲ ਦਰਬਾਰ ਵਿਚ ਝੂਠੀਆਂ ਬਾਤਾਂ ਲੈ ਕੇ ਪਹੁੰਚ ਗਏ। ਅੱਗੋਂ ਝੂਠਿਆਂ ਨੇ ਵੀ ਝੂਠੀਆਂ ਉੱਤੇ ਝੱਟ ਯਕੀਨ ਕਰ ਲਿਆ। ਔਰੰਗਜ਼ੇਬ ਦੇ ਹੁਕਮ ਨਾਲ ਸੂਬਾ ਸਰਹੱਦ, ਲਾਹੌਰ, ਕਸ਼ਮੀਰ ਅਤੇ ਬਾਈਧਾਰ ਦੇ





ਰਾਜਿਆਂ ਨੇ ਰਲ ਕੇ ਅਨੰਦਾਂ ਦੀ ਪੁਰੀ ਨੂੰ ਘੇਰਾ ਪਾ ਲਿਆ। ਪਰ ਛੇ-ਸੱਤ ਮਹੀਨੇ ਜਦ ਜਿੱਤ ਨਸੀਬ ਨਾ ਹੋਈ ਤਾਂ ਬਾਈਧਾਰ ਦੇ ਹਿੰਦੂ ਰਾਜਿਆਂ ਅਤੇ ਮੁਗ਼ਲਾਂ ਨੇ ਗੁਰੂ ਜੀ ਅੱਗੇ ਗਊਆਂ ਅਤੇ ਕੁਰਾਨ ਦੀਆਂ ਕਸਮਾਂ ਖਾਧੀਆਂ, ਕਿ ਆਪ ਇਹ ਕਿਲ੍ਹਾ ਖਾਲੀ ਕਰ ਦਿਓ, ਆਪ ਜੀ ਨੂੰ ਕੋਈ ਨਹੀਂ ਰੋਕੇਗਾ ਰਾਹ ਵਿਚ। ਪਰ ਹੋਇਆ ਇਸ ਦੇ ਉਲਟ। ਔਰੰਗਜ਼ੇਬ ਅਤੇ ਬਾਈਧਾਰ ਦੇ ਹਿੰਦੂ ਰਾਜੇ ਅਤੇ ਰੰਘੜਾਂ ਨੇ ਸਤਿਗੁਰੂ ਜੀ ਦੇ ਕਾਫਲੇ ਉੱਤੇ ਸਿਰਸਾ ਦੇ ਕੰਢੇ ਹੱਲਾ ਬੋਲ ਦਿੱਤਾ। ਸਿਰਸਾ ਦਾ ਕੰਢਾ, ਕੋਟਲਾ ਨਿਹੰਗ, ਚਮਕੌਰ ਦੀ ਗੜ੍ਹੀ, ਸਰਹੰਦ ਦੀ ਕੰਧ, ਖਿਦਰਾਣੇ ਦੀ ਢਾਬ, ਮਾਛੀਵਾੜੇ ਦਾ ਜੰਗਲ ਅੱਜ ਵੀ ਧਰਮ ਯੁੱਧ ਦੀ ਗਵਾਹੀ ਭਰਦੇ ਹਨ। ਜੋ ਕਲੰਕ ਬਾਈਧਾਰ ਦੇ ਹਿੰਦੂ ਰਾਜਿਆਂ ਅਤੇ ਮੁਗ਼ਲ ਬਾਦਸ਼ਾਹ ਨੇ ਖੱਟਿਆ, ਉਹ ਅੱਜ ਵੀ ਜਿਉਂ ਦਾ ਤਿਉਂ ਹੈ। ਗੁਰੂ ਨਾਨਕ ਪਾਤਸ਼ਾਹ ਜੀ ਦਾ ਜੋ 'ਇੱਕ' ਦਾ ਉਪਦੇਸ਼ ਸੀ, ਉਹ ਦਸਵੇਂ ਜਾਮੇ ਤੱਕ ਆ ਕੇ ਪੂਰਾ ਪ੍ਰਵਾਨ ਚੜ੍ਹ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਨੂੰ ਅੱਜ ਵੀ ਪਿਆਰ ਅਤੇ ਇਨਸਾਨੀਅਤ ਸਿਖਾ ਰਹੇ ਹਨ, ਵੈਰੀਆਂ ਤੋਂ ਕਿੰਝ ਮੁਕਤ ਹੋਣਾ ਹੈ ਸਭ ਦੱਸ ਰਹੇ ਹਨ। 234 ਪੰਨਿਆਂ ਦੀ ਲੋਕਗੀਤ ਪ੍ਰਕਾਸ਼ਨ ਮੁਹਾਲੀ ਦੁਆਰਾ ਛਪੀ 'ਜ਼ਫਰਨਾਮਾ ਜਿੱਤ ਦੀ ਚਿੱਠੀ' ਗੁਰੂ ਗੋਬਿੰਦ ਸਿੰਘ ਜੀ ਵੱਲੋਂ ਲਿਖੀ ਇੱਕ ਸ਼ਾਹਕਾਰ ਲਿਖਤ ਹੈ। ਇਹ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਸੁਭਾਇਮਾਨ ਹੈ। ਬਹੁਤੇ ਵਿਦਵਾਨ ਕਹਿੰਦੇ ਹਨ ਕਿ 111 ਸ਼ੇਅਰ ਹੀ ਜਿੱਤ ਦੀ ਚਿੱਠੀ ਦੇ ਹਨ। ਪਰ ਜੇ ਗੌਰ ਨਾਲ ਵੇਖੀਏ ਅਤੇ ਪੜ੍ਹੀਏ, ਜੋ ਨਾਲ 11 ਹਿਕਾਇਤਾਂ ਹਨ, ਉਹ ਬੰਦੇ ਨੂੰ ਸ਼ੀਸ਼ਾ ਦਿਖਾਉਣ ਦੀ ਕਾਬਲੀਅਤ ਰੱਖਦੀਆਂ ਹਨ। ਵੈਸੇ ਵੀ ਬੰਦਾ ਦੂਜਿਆਂ ਦੇ ਔਗੁਣ ਛੇਤੀ ਦੇਖਦਾ ਹੈ। ਇਹੀ ਕਾਰਨ ਹੈ ਕਿ ਗੁਰੂ ਜੀ ਨੇ ਇਹ ਜੋ ਕਹਾਣੀਆਂ ਲਿਖੀਆਂ ਹਨ, ਉਹ ਝੱਟ ਔਰੰਗਜ਼ੇਬ ਦੇ ਮਨ ਨੂੰ ਲੱਗੀਆਂ ਹੋਣਗੀਆਂ। ਪਰ ਹਰੇਕ ਕਹਾਣੀ ਵਿਚ ਗੁਰੂ ਜੀ ਨੇ ਇਸ਼ਾਰਾ ਔਰੰਗਜ਼ੇਬ ਨੂੰ ਖ਼ੁਦ ਦੇ ਕਰਮ ਦੇਖਣ ਵੱਲ ਕੀਤਾ ਹੈ।

ਨਸਲ ਸ਼ਬਦ ਇੰਝ ਹੈ:
ਨ ਈਮਾ ਪ੍ਰਸਤੀ ਨ ਔਜਾਇ ਦੀ॥
ਨ ਸਾਹਿਬ ਸ਼ਨਾਸੀ ਨ ਮਹੰਮਦ ਯਕੀਂ॥ 46॥
ਹਰ ਆਂ ਕਸ ਕਿ ਈਮਾ ਪ੍ਰਸਤੀ ਕੁਨਦ॥
ਨ ਪੈਮਾ ਖ਼ੁਦਸ਼ ਪੇਸ਼ੋ ਪਸਤੀ ਕੁਨਦ॥ 47॥
ਕਿ ਈਂ ਮਰਦ ਰਾ ਜ਼ੱਰਹ ਏਤਬਾਰ ਨੇਸਤ॥
ਚਿ ਕਸਮੇ ਕੁਰਾਨਸਤੁ ਯਜ਼ਦਾ ਯਕੇਸਤ॥ 48॥
ਚੁ ਕਸਮੇ ਕੁਰਾ ਸਦ ਕੁਨਦ ਇਖ਼ਤਿਯਾਰ॥
ਮਰਾ ਕਤਰਹ ਨਾਯਦ ਅਜ਼ੋ ਏਤਬਾਰ॥ 49॥
ਅਗਰਚਿ ਤੁਰਾ ਏਤਬਾਰ ਆਮਦੇ॥
ਕਮਰ ਬਸਤ ਏ ਪੇਸ਼ਵਾ ਆਮਦੇ॥ 50॥

ਨਾ ਤੂੰ ਕਰਦਾ ਧਰਮ ਪਾਲਣਾ, ਨਾ ਕੋਈ ਤੈਨੂੰ ਈਮਾਨ ਰਾਸ ਹੈ।
ਨਾ ਤੈਨੂੰ ਸਾਹਿਬ ਦੀ ਪਛਾਣ, ਨਾ ਤੇਰਾ ਮੁਹੰਮਦ ਤੇ ਵਿਸ਼ਵਾਸ ਹੈ॥ 46॥
ਹਾਂ, ਜੇ ਕੋਈ ਮਰਦ ਕਰਦਾ ਹੈ ਆਪਣੇ ਧਰਮ ਦੀ ਪ੍ਰੌੜਤਾ।
ਫਿਰ ਉਹ ਅੱਗੇ-ਪਿੱਛੇ ਕਦੈ, ਆਪਣਾ ਵਚਨ ਨਹੀਂ ਤੋੜਦਾ॥ 47॥
ਕਿ ਜ਼ਰਾ ਜਿੰਨਾ ਵੀ ਨਹੀਂ, ਤੇਰੇ ਜਿਹੇ ਬੰਦੇ ਦਾ ਇਤਬਾਰ।
ਮੁੱਕਰਿਆ ਕਸਮ ਕੁਰਾਨ ਤੋਂ, ਰੱਬ ਇੱਕ ਉਂਝ ਕਹੇਂ ਵਾਰ-ਵਾਰ॥ 48॥
ਚਾਹੇ ਹੁਣ ਤੂੰ ਸੌ-ਸੌ ਕਸਮਾਂ ਕੁਰਾਨ ਦੀਆਂ ਖਾ ਵਾਰ-ਵਾਰ।
ਹੁਣ ਤੇਰੇ ਉੱਤੇ ਮੈਨੂੰ ਬੂੰਦ ਜਿਹਾ ਵੀ ਨਹੀਂ ਹੈ ਇਤਬਾਰ॥ 49॥
ਜੇਕਰ ਤੂੰ ਰੱਤੀ ਭਰ ਵੀਂ ਮੇਰੇ ਪ੍ਰਤੀ ਇਤਬਾਰ ਦਿਖਾਉਂਦਾ।
ਤਾਂ ਤੂੰ ਕਮਰਕੱਸਾ ਕਰਕੇ, ਮੇਰੇ ਸਾਹਮਣੇ ਆ ਦਿਖਾਉਂਦਾ॥ 50॥
ਅੰਤਿਕਾ
ਪਾਤਸ਼ਾਹੀ 10ਵੀਂ॥
ਦੇਹ ਸਿਵਾ ਬਰੁ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰਿ ਆਪਨੀ ਜੀਤ ਕਰੋਂ॥

# ਤਰਲ ਨਫਰਤ



**ਅਵਤਾਰ ਸਿੰਘ (ਪ੍ਰੋ.)**
ਫੋਨ: +91-94175-18384

ਕੁਝ ਦਿਨ ਹੋਏ ਮੈਨੂੰ ਸ਼ਹੀਦ ਊਧਮ ਸਿੰਘ ਬਾਰੇ ਬੋਲਣ ਲਈ ਬੁਲਾਇਆ ਗਿਆ। ਮੈਨੂੰ ਲੱਗਿਆ ਕਿ ਮੈਂ ਇਸ ਵਿਸ਼ੇ ਦਾ ਮਾਹਿਰ ਨਹੀਂ ਹਾਂ ਤੇ ਮੈਂ ਨਾਂਹ ਕਰ ਦਿਤੀ, ਪਰ ਮੇਰੇ 'ਤੇ ਜ਼ੋਰ ਪਾਉਣ 'ਤੇ ਅਖੀਰ ਮੈਂ ਬੋਲਣ ਲਈ ਹਾਮੀ ਭਰ ਦਿਤੀ ਅਤੇ ਸ਼ਹੀਦ ਊਧਮ ਸਿੰਘ ਬਾਰੇ ਪੜ੍ਹਨ, ਲਿਖਣ ਅਤੇ ਸੋਚਣ ਲਗ ਪਿਆ।

ਮੈਨੂੰ ਭਾਈ ਕਪੂਰ ਸਿੰਘ ਦੀ ਕਹੀ ਗੱਲ ਚੇਤੇ ਆਈ ਕਿ ਆਮ ਲੋਕ ਲੋਕਾਂ ਬਾਰੇ ਗੱਲਾਂ ਕਰਦੇ ਹਨ, ਦਰਮਿਆਨੇ ਲੋਕ ਘਟਨਾਵਾਂ ਬਾਰੇ ਗੱਲਾਂ ਕਰਦੇ ਹਨ ਤੇ ਚੰਗੇ ਲੋਕ ਵਿਚਾਰ ਦੀਆਂ ਗੱਲਾਂ ਕਰਦੇ ਹਨ। ਮੈਂ ਸੋਚਿਆ ਕਿ ਮੈਂ ਉਥੇ ਸ਼ਹੀਦ ਊਧਮ ਸਿੰਘ ਦੀ ਘਟਨਾ ਪਿੱਛੇ ਕਾਰਜਸ਼ੀਲ ਵਿਚਾਰ ਅਤੇ ਅਹਿਸਾਸ ਦੀ ਗੱਲ ਕਰਾਂਗਾ। ਇਸ ਵਿਚਾਰ ਨੂੰ ਮਨ ਵਿਚ ਰਖ ਕੇ ਮੈਂ ਪੜ੍ਹਨਾ ਸ਼ੁਰੂ ਕੀਤਾ ਤਾਂ ਮੇਰੇ ਮਨ ਵਿਚ ਕੁਝ ਇਹੋ ਜਿਹੇ ਵਿਚਾਰ ਅਤੇ ਅਹਿਸਾਸ ਆਉਣੇ ਸ਼ੁਰੂ ਹੋ ਗਏ।

ਸ਼ਹੀਦ ਊਧਮ ਸਿੰਘ ਹੋਰੀਂ ਦੋ ਭਾਈ ਸਨ। ਪਹਿਲਾਂ ਉਨ੍ਹਾਂ ਦੀ ਮਾਂ ਚੱਲ ਵਸੀ ਤੇ ਫਿਰ ਬਾਪ ਵੀ ਨਾ ਰਿਹਾ। ਕਿਸੇ ਨੇ ਦੋਵੇਂ ਭਾਈਆਂ ਨੂੰ ਅੰਮ੍ਰਿਤਸਰ ਦੇ ਯਤੀਮਖ਼ਾਨੇ ਵਿਚ ਛੱਡ ਦਿਤਾ। ਉਥੇ ਜਾਂਦੇ ਹੀ ਵੱਡਾ ਭਾਈ ਵੀ ਤੁਰ ਗਿਆ ਤੇ ਊਧਮ ਸਿੰਘ ਇਕੱਲਾ ਰਹਿ ਗਿਆ।

ਸ਼ੇਖ ਸਾਅਦੀ ਲਿਖਦਾ ਹੈ ਕਿ ਯਤੀਮਾਂ ਸਾਹਮਣੇ ਆਪਣੇ ਬੱਚੇ ਦਾ ਮੂੰਹ ਨਹੀਂ ਚੁੰਮੀਦਾ, ਕਿਉਂਕਿ ਉਹ ਸੋਚਦੇ ਹਨ ਕਿ ਜੇ ਉਨ੍ਹਾਂ ਦੇ ਮਾਪੇ ਹੁੰਦੇ ਤਾਂ ਉਨ੍ਹਾਂ ਨੂੰ ਪਿਆਰ ਕਰਦੇ। ਏਨੀ ਨਿਤਾਣੀ ਤੇ ਕਮਜ਼ੋਰ ਮਾਨਸਿਕਤਾ ਵਾਲੇ ਬੱਚੇ ਹਮੇਸ਼ਾ ਤਰਸ ਦੇ ਪਾਤਰ ਬਣੇ ਰਹਿੰਦੇ ਹਨ ਤੇ ਦੂਸਰਿਆਂ ਦੇ ਰਹਿਮੋ-ਕਰਮ 'ਤੇ ਨਿਰਭਰ ਕਰਦੇ ਹਨ। ਪਰ ਊਧਮ ਸਿੰਘ ਅਜਿਹਾ ਨਹੀਂ ਸੀ। ਉਸਦੀ ਮਾਨਸਿਕਤਾ ਏਨੀ ਬਲਵਾਨ ਸੀ ਕਿ ਉਹ ਕਿਸੇ ਦੇ ਰਹਿਮੋ-ਕਰਮ 'ਤੇ ਨਿਰਭਰ ਕਰਨ ਵਾਲਾ ਨਹੀਂ ਸੀ। ਬਲਕਿ ਉਹ ਆਪ ਏਨਾ ਰਹਿਮ ਦਿਲ ਸੀ ਕਿ ਉਸ ਕੋਲੋਂ ਕਿਸੇ ਦਾ ਦੁਖ ਨਹੀਂ ਸੀ ਦੇਖਿਆ ਜਾਂਦਾ।

ਬਾਲ ਊਧਮ ਸਿੰਘ ਦੇ ਸਾਹਮਣੇ ਜਲ੍ਹਿਆਂ ਵਾਲੇ ਬਾਗ ਵਿਚ ਸੈਕੜੇ ਨਿਰਦੋਸ਼ ਲੋਕ ਮਾਰ ਦਿਤੇ ਗਏ। ਉਸਦੇ ਕੋਮਲ ਮਨ ਤੋਂ ਇਹ ਸਾਕਾ ਜਰਿਆ ਨਾ ਗਿਆ ਤੇ ਉਸਨੇ ਫੈਸਲਾ ਕੀਤਾ ਕਿ ਇਸ ਘਿਨਾਉਣੇ ਜ਼ੁਰਮ ਦੀ ਸਜ਼ਾ ਦੇਣੀ ਬਣਦੀ ਹੈ। ਕਿਉਂਕਿ ਇਹ ਛੋਟਾ-ਮੋਟਾ ਅਪਰਾਧ ਨਹੀਂ ਸੀ ਜੋ ਮਾਫ ਕੀਤਾ ਜਾ ਸਕੇ। ਇਸ ਕਰਕੇ ਉਸਨੇ ਅਖੀਰ ਲੰਡਨ ਵਿਚ ਜਾ ਕੇ ਦੋਸ਼ੀ ਨੂੰ ਉਸਦੇ ਜ਼ੁਰਮ ਦੀ ਸਜ਼ਾ ਦਿਤੀ।

ਜਲ੍ਹਿਆਂਵਾਲੇ ਬਾਗ ਵਿਚ ਅੰਨ੍ਹੇਵਾਹ ਕਤਲੇਆਮ ਕਰਨ ਵਾਲਾ ਜਨਰਲ ਡਾਇਰ ਸੀ, ਜਿਸਨੂੰ ਇਨਾਮਾਂ ਨਾਲ ਨਿਵਾਜ ਕੇ ਰਿਟਾਇਰ ਕਰ ਦਿਤਾ ਗਿਆ ਸੀ। ਉਸਨੂੰ ਹਾਰਟ ਅਟੈਕ ਹੋ ਗਿਆ ਤੇ ਉਹ ਅਧਰੰਗ ਦਾ ਸ਼ਿਕਾਰ ਹੋ ਕੇ ਬਿਸਤਰੇ 'ਤੇ ਸਵਾਰ ਹੋ ਗਿਆ। ਉਹ ਅਕਸਰ ਕਹਿੰਦਾ, 'ਕਈ ਲੋਕ ਸਮਝਦੇ ਹਨ ਕਿ ਮੈਂ ਜਲ੍ਹਿਆਂ ਵਾਲੇ ਬਾਗ ਵਿਚ ਜੋ ਕੀਤਾ ਸਹੀ ਕੀਤਾ ਤੇ ਕਈ ਸਮਝਦੇ ਹਨ ਕਿ ਬੁਰਾ ਕੀਤਾ। ਮੈਂ ਰੱਬ ਨੂੰ ਪੁੱਛਾਂਗਾ ਕਿ ਮੈਂ ਸਹੀ ਕੀਤਾ ਕਿ ਗਲਤ ਕੀਤਾ ਸੀ'। ਇਨ੍ਹਾਂ ਸੋਚਾਂ ਵਿਚ ਹੀ ਉਸਨੂੰ ਬ੍ਰੇਨ-ਸਟ੍ਰੋਕ ਹੋ ਗਿਆ ਤੇ ਉਹ ਬੋਲਣੋ ਵੀ ਰਹਿ ਗਿਆ ਤੇ ਉਹ 23 ਜੁਲਾਈ 1927 ਨੂੰ ਚੱਲ ਵਸਿਆ।

ਪਤਾ ਨਹੀਂ ਊਧਮ ਸਿੰਘ ਨੂੰ ਇਸ ਗੱਲ ਦਾ ਪਤਾ ਸੀ ਕਿ ਨਹੀਂ ਕਿ ਜਲ੍ਹਿਆਂ ਵਾਲੇ ਕਤਲੇਆਮ ਦਾ ਅਸਲ ਦੋਸ਼ੀ ਤੁਰ ਗਿਆ ਹੈ। ਉਹ ਲੰਡਨ ਵਿਚ ਸੀ ਕਿ ਉਸਨੂੰ ਅਚਾਨਕ ਪਤਾ ਲਗਿਆ ਕਿ ਜਲ੍ਹਿਆਂ ਵਾਲੇ ਕਤਲੇਆਮ ਸਮੇਂ ਪੰਜਾਬ ਦਾ ਲੈਫ਼ਟੀਨੈਂਟ ਗਵਰਨਰ ਰਿਹਾ ਓਡਵਾਇਰ ਕਿਤੇ ਆ ਰਿਹਾ ਹੈ। ਉਸਨੇ, ਸ਼ਾਇਦ, ਕਤਲੇਆਮ ਕਰਨ ਵਾਲੇ ਜਨਰਲ ਡਾਇਰ ਦੇ ਭੁਲੇਖੇ ਵਿਚ ਹੀ, 13 ਮਾਰਚ, 1940 ਨੂੰ, ਉਸਨੂੰ ਮਾਰ ਮੁਕਾਇਆ। ਬੇਸ਼ਕ ਓਡਵਾਇਰ ਜਲ੍ਹਿਆਂਵਾਲੇ ਕਤਲੇਆਮ ਦਾ ਸਿੱਧਾ ਦੋਸ਼ੀ ਨਹੀਂ ਸੀ, ਪਰ ਉਸਨੇ ਇਸ ਕਤਲੇਆਮ ਦੇ ਸਿੱਧੇ ਦੋਸ਼ੀ ਨੂੰ ਗਲਤ ਵੀ ਨਹੀਂ ਸੀ ਕਿਹਾ ਤੇ ਨਾ ਹੀ ਉਸਨੂੰ ਸਜ਼ਾ ਦਿਤੀ ਸੀ। ਫਿਰ ਉਸਨੂੰ ਇਸ ਦੋਸ਼ ਦੀ ਸਜ਼ਾ ਦੇਣੀ ਬਣਦੀ ਹੀ ਸੀ। ਇਸ ਮੁਜ਼ਰਿਮ ਨੂੰ ਆਪ ਸਜ਼ਾ ਦੇਣ ਬਦਲੇ ਊਧਮ ਸਿੰਘ ਨੂੰ ਮੌਤ ਦੀ ਸਜ਼ਾ ਸੁਣਾ ਦਿਤੀ ਗਈ ਤੇ 31 ਜੁਲਾਈ 1940 ਨੂੰ ਉਸਨੂੰ ਫਾਂਸੀ ਦੇ ਦਿਤੀ ਗਈ। ਭਾਰਤੀ ਲੋਕਾਂ ਵਲੋਂ ਉਸਦੀ ਮੌਤ ਨੂੰ ਸ਼ਹਾਦਤ ਦਾ ਦਰਜਾ ਦਿਤਾ ਗਿਆ। ਉਸਦੀ ਫਾਂਸੀ ਕਿਸੇ ਗੱਲੋਂ ਵੀ ਸ਼ਹਾਦਤ ਤੋਂ ਘੱਟ ਨਹੀਂ ਹੈ। ਬਲਕਿ ਇਕ ਯਤੀਮ ਵਜੋਂ ਉਸਦੀ ਫਾਂਸੀ, ਆਮ ਦੀ ਬਜਾਏ, ਮਹਾਨ ਸ਼ਹਾਦਤ ਦਾ ਦਰਜਾ ਰਖਦੀ ਹੈ। ਸਵਾਲ ਪੈਦਾ ਹੁੰਦਾ ਹੈ ਕਿ ਜਿਸ ਕਰਮ ਬਦਲੇ ਉਸਨੂੰ ਫਾਂਸੀ ਦੀ ਸਜ਼ਾ ਹੋਈ, ਉਸ ਕਰਮ ਨੂੰ ਕੀ ਕਹਿਣਾ ਚਾਹੀਦਾ ਹੈ?

ਕਿਸੇ ਮੁਜਰਿਮ ਨੂੰ ਸਜ਼ਾ ਦੇਣ ਦੀ ਜਿੰਮੇਵਾਰੀ ਰਾਜ ਦੀ ਹੁੰਦੀ ਹੈ। ਪਰ ਜੇ ਕੋਈ ਰਾਜ ਦੋਸ਼ੀ ਨੂੰ ਸਜ਼ਾ ਦੇਣ ਦੀ ਬਜਾਏ ਉਸਨੂੰ ਸਹੀ ਸਾਬਤ ਕਰੇ ਤਾਂ ਅਕਸਰ ਲੋਕ ਉਸਨੂੰ ਆਪ ਸਜ਼ਾ ਦੇਣ ਦੇ ਰਾਹ ਪੈ ਜਾਂਦੇ ਹਨ। ਫਿਰ ਇਸ ਰਾਹੇ ਤੁਰਨ ਵਾਲੇ ਲੋਕਾਂ ਨੂੰ ਜਦ ਰਾਜ ਵਲੋਂ ਸਜ਼ਾ ਦਿਤੀ ਜਾਂਦੀ ਹੈ ਤਾਂ ਲੋਕ ਉਸਨੂੰ, ਸਜ਼ਾ ਨਹੀਂ, ਸ਼ਹਾਦਤ ਦਾ ਦਰਜਾ ਦਿੰਦੇ ਹਨ। ਅਜਿਹਾ ਜੇ ਕਿਸੇ ਯਤੀਮ ਨਾਲ ਹੋਇਆ ਹੋਵੇ ਤਾਂ ਉਸਨੂੰ ਮਹਾਨ ਸਹੀਦ ਕਹਿਣਾ ਬਣਦਾ ਹੈ। ਮੈਂ ਉਸ ਸਮਾਗਮ 'ਤੇ ਗਿਆ ਤਾਂ ਉਥੇ ਢਾਡੀ ਲੱਗੇ ਹੋਏ ਸਨ। ਮੈਂ ਦੇਖਿਆ ਕਿ ਬੇਸ਼ਕ ਲੋਕ ਢਾਡੀਆਂ ਨੂੰ ਪੈਸੇ ਦੇ ਰਹੇ ਸਨ, ਪਰ ਸੁਣ ਕੋਈ ਨਹੀਂ ਸੀ ਰਿਹਾ। ਇਸ ਗੱਲ ਦਾ ਢਾਡੀਆਂ ਨੂੰ ਵੀ ਪਤਾ ਸੀ ਤੇ ਸ਼ਾਇਦ ਉਨ੍ਹਾਂ ਨੂੰ ਵੀ ਪੈਸਿਆਂ ਨਾਲ ਹੀ ਮਤਲਬ ਸੀ। ਲੋਕ ਆਈ-ਜਾਈ ਜਾ ਰਹੇ ਸਨ ਤੇ ਜਿਹੜੇ ਬੈਠੇ ਸਨ ਉਹ ਵੀ ਆਪੋ-ਆਪਣੇ ਮੋਬਾਇਲਾਂ 'ਤੇ ਲੱਗੇ ਹੋਏ ਸਨ। ਢਾਡੀਆਂ ਨੂੰ ਵੀ ਜਿਵੇਂ ਪਤਾ ਸੀ ਕਿ ਉਨ੍ਹਾਂ ਨੂੰ ਸਿਰਫ ਉਦੋਂ ਤਕ ਲਾਇਆ ਗਿਆ ਹੈ, ਜਦ ਤਕ ਹਾਲ ਭਰ ਨਹੀਂ ਜਾਂਦਾ। ਮੈਂ ਉਨ੍ਹਾਂ ਨੂੰ ਧਿਆਨ ਨਾਲ ਸੁਣ ਰਿਹਾ ਸੀ ਤੇ ਉਨ੍ਹਾਂ ਦਾ ਮੁਖੀ ਵਾਰ-ਵਾਰ ਕਹਿ ਰਿਹਾ ਸੀ ਕਿ ਸ਼ਹੀਦ ਊਧਮ ਸਿੰਘ ਨੇ ਜਨਰਲ ਡਾਇਰ ਦੇ ਤਾੜ੍ਹ-ਤਾੜ੍ਹ ਗੋ.ਲੀਆਂ ਮਾਰੀਆਂ ਤੇ ਜਲ੍ਹਿਆਂਵਾਲੇ ਬਾਗ ਦਾ ਬਦਲਾ ਲਿਆ। ਉਸਨੂੰ ਇਹ ਵੀ ਨਹੀਂ ਸੀ ਪਤਾ ਕਿ ਜਲ੍ਹਿਆਂਵਾਲੇ ਬਾਗ ਦਾ ਕਤਲੇਆਮ ਕਿਸਨੇ ਕੀਤਾ ਸੀ ਤੇ ਊਧਮ ਸਿੰਘ ਨੇ ਕਿਸਨੂੰ ਮਾਰਿਆ ਸੀ। ਉਸ ਲਈ ਡਾਇਰ ਤੇ ਓਡਵਾਇਰ ਕੋਈ ਫਰਕ ਨਹੀਂ ਸੀ। ਉਨ੍ਹਾਂ ਦਾ ਕੰਮ ਤਾਂ ਜੋਸ਼ ਚੜ੍ਹਾਉਣਾ ਸੀ ਤੇ ਜੋਸ਼ ਵਿਚ ਹੋਸ਼ ਕਿਥੇ ਰਹਿੰਦਾ ਹੈ।

ਢਾਡੀ ਹਟੇ ਤਾਂ ਸਕੱਤਰ ਨੇ ਕਿਹਾ ਕਿ ਇਥੇ ਹੀ ਦੀਵਾਨ ਦੀ ਸਮਾਪਤੀ ਹੈ ਤੇ ਹੁਣ ਸੈਮੀਨਾਰ ਦਾ ਅਰੰਭ ਹੁੰਦਾ ਹੈ। ਫਿਰ ਉਸਨੇ ਸਭ ਤੋਂ ਪਹਿਲਾਂ ਇਕ ਵਿਦਵਾਨ ਸੱਜਣ ਨੂੰ ਬੁਲਾਇਆ। ਉਹ ਪੇਸ਼ੇ ਵਜੋਂ ਪੱਤਰਕਾਰ ਲਗਦਾ ਸੀ ਤੇ ਉਸੇ ਲਹਿਜ਼ੇ ਵਿਚ ਉਸਨੇ ਆਪਣੇ ਵਿਚਾਰ ਰੱਖੇ। ਬੇਸ਼ਕ ਉਸਦੇ ਵਿਚਾਰ ਅਜੋਕੀ ਰਾਜਨੀਤੀ ਤੋਂ ਪ੍ਰੇਰਿਤ ਸਨ ਪਰ ਫਿਰ ਵੀ ਉਸਦੇ ਵਿਚਾਰਾਂ ਵਿਚ ਇਕ ਤਵਾਜਨ ਸੀ।

ਫਿਰ ਸਕੱਤਰ ਨੇ ਮੇਰਾ ਨਾਂ ਬੋਲਿਆ ਤਾਂ ਮੈਂ ਆਪਣੇ ਵਿਚਾਰ ਰੱਖੇ। ਮੈਂ ਕਿਹਾ ਕਿ ਦੀਵਾਨ ਵਿਚ ਆਈ-ਚਲਾਈ ਰਹਿੰਦੀ ਹੈ ਤੇ ਹੁਣ ਸਕੱਤਰ ਜੀ ਦੇ ਕਹਿਣ ਮੁਤਾਬਕ ਦੀਵਾਨ ਸਮਾਪਤ ਹੋ ਗਿਆ ਹੈ ਤੇ ਸੈਮੀਨਾਰ ਚੱਲ ਰਿਹਾ ਹੈ। ਸੈਮੀਨਾਰ ਵਿਚ ਆਈ-ਚਲਾਈ, ਜੋਸ਼ੋ-ਖਰੋਸ਼, ਤਾੜੀਆਂ, ਨਾਅਰੇ ਜਾ ਜੈਕਾਰੇ ਠੀਕ ਨਹੀਂ ਹੁੰਦੇ। ਸੈਮੀਨਾਰ ਵਿਚ ਸੰਜੀਦਗੀ ਚਾਹੀਦੀ ਹੈ।

ਸਮੇਂ ਦੀ ਨਜ਼ਾਕਤ ਨੂੰ ਮੁਖ ਰਖਦੇ ਹੋਏ ਮੈਂ ਏਨਾ ਹੀ ਕਿਹਾ ਕਿ ਵਿਸ਼ਵ ਵਿਚ ਕੁਝ ਅਜਿਹੇ ਅਧਿਐਨ ਹੋਏ ਹਨ ਜੋ ਦੱਸਦੇ ਹਨ ਕਿ ਜ਼ੁਰਮ ਦਾ ਬਦਲਾ ਲੈਣ ਨਾਲ ਜ਼ੁਰਮ ਦੀ ਲੜੀ ਤੁਰ ਪੈਂਦੀ ਹੈ ਤੇ ਸਿਆਣੇ ਲੋਕ ਬਦਲਾ ਲੈਣ ਨੂੰ ਜਾਇਜ਼ ਨਹੀਂ ਸਮਝਦੇ। ਸਿਆਣੇ ਲੋਕ ਕਿਸੇ ਜ਼ੁਰਮ ਦਾ ਬਦਲਾ ਲੈਣ ਦੀ ਬਜਾਏ ਮਾਫ ਕਰਨ ਨੂੰ ਬਿਹਤਰ ਸਮਝਦੇ ਹਨ। ਫਿਰ ਵੀ ਕਈ ਜ਼ੁਰਮ ਅਜਿਹੇ ਹੁੰਦੇ ਹਨ ਜਿਨ੍ਹਾਂ ਨੂੰ ਮਾਫ ਕਰਨਾ ਠੀਕ ਨਹੀਂ ਹੁੰਦਾ। ਅਜਿਹੇ ਘਿਨਾਉਣੇ ਜ਼ੁਰਮ ਦੀ ਸਜ਼ਾ ਦੇਣੀ ਜ਼ਰੂਰੀ ਹੁੰਦੀ ਹੈ। ਜੇ ਰਾਜ ਅਜਿਹੇ ਘਿਨਾਉਣੇ ਜ਼ੁਰਮ ਦੀ ਸਜ਼ਾ ਨਾ ਦੇਵੇ ਤਾਂ ਲੋਕ ਸਜ਼ਾ ਦੇਣ ਦੇ ਰਾਹ ਪੈ ਜਾਂਦੇ ਹਨ। ਊਧਮ ਸਿੰਘ ਨੇ ਇਹ ਰਾਹ ਚੁਣਿਆ ਤੇ ਜਲ੍ਹਿਆਂਵਾਲੇ ਕਤਲੇਆਮ ਦੇ ਦੋਸ਼ੀ ਨੂੰ ਆਪ ਸਜ਼ਾ ਦਿਤੀ। ਜਿਸਦੇ ਬਦਲੇ ਬੇਸ਼ਕ ਉਸਨੂੰ ਆਪਣੀ ਜਾਨ 'ਤੋਂ ਵੀ ਹੱਥ ਧੋਣੇ ਪਏ। ਮੇਰਾ ਜ਼ੋਰ ਇਸ ਗੱਲ 'ਤੇ ਸੀ ਕਿ ਸ਼ਹੀਦ ਊਧਮ ਸਿੰਘ ਵਲੋਂ ਓਡਵਾਇਰ ਨੂੰ ਸਜ਼ਾ ਦੇਣ ਵਾਲੇ ਕਾਰਨਾਮੇ ਨੂੰ ਬਦਲਾ ਕਹਿਣਾ ਉਸਨੂੰ ਨੀਵਾਂ ਕਰਦਾ ਹੈ। ਸਕੱਤਰ ਸਾਹਿਬ ਨੇ ਫਿਰ ਕਿਸੇ ਹੋਰ ਸਜਣ ਨੂੰ ਬੁਲਾਇਆ, ਜੋ ਪੇਸ਼ੇ ਵਜੋਂ ਆਪਣੇ ਆਪ ਨੂੰ ਡਾਕਟਰ ਦਸਦਾ ਸੀ ਤੇ ਨਾਲੇ ਇਹ ਵੀ ਦਸਦਾ ਸੀ ਕਿ ਉਸਦੀ ਦੋ ਲੱਖ ਰੁਪਏ ਤੋਂ ਵੱਧ ਪੈਨਸ਼ਨ ਹੈ। ਉਸਨੇ ਇਹ ਗੱਲ ਬੜੇ ਫਖਰ ਨਾਲ ਦੱਸੀ ਕਿ ਉਸਨੇ ਆਪਣਾ ਘਰ ਨਹੀਂ ਬਣਾਇਆ। ਉਹ ਵਾਰ-ਵਾਰ ਬਾਣੀ ਦੀਆਂ ਤੁਕਾਂ ਦਾ ਸਹਾਰਾ ਲੈ ਰਿਹਾ ਸੀ ਤੇ ਸੈਮੀਨਾਰ ਵਿਚ ਢਾਡੀਆਂ ਦੀ ਤਰਾਂ ਕਿੱਲ੍ਹ-ਕਿੱਲ੍ਹ ਕੇ ਬੋਲ ਰਿਹਾ ਸੀ। ਉਸਦੇ ਮੂੰਹ ਵਿਚੋਂ ਥੁੱਕ ਦੇ ਕਿਣਕੇ ਫੁਆਰੇ ਦੀ ਤਰ੍ਹਾਂ ਫੁੱਟ ਰਹੇ ਸਨ। ਉਸਦੀ ਹਰ ਗੱਲ ਘੁੰਮ-ਫਿਰਾ ਕੇ ਇਥੇ ਮੁਕਦੀ ਸੀ ਕਿ ਸ਼ਹੀਦ ਊਧਮ ਸਿੰਘ ਨੇ ਸਜ਼ਾ ਨਹੀਂ ਦਿਤੀ, ਬਲਕਿ ਬਦਲਾ ਲਿਆ। ਕਹਿਣ ਲਗਾ ਕਿ ਬਦਲਾ ਲੈਣਾ ਜੀਂਦੀਆਂ-ਜਾਗਦੀਆਂ ਕੌਮਾਂ ਦਾ ਕੰਮ ਹੁੰਦਾ ਹੈ। ਹੈਰਾਨੀ ਦੀ ਗੱਲ ਇਹ ਸੀ ਕਿ ਉਸਦੀ ਗੱਲ ਵਿਚ ਨਾ ਕਿਸੇ ਵਿਦਵਾਨ ਦਾ ਜ਼ਿਕਰ ਸੀ, ਨਾ ਕਿਤਾਬ ਦਾ ਤੇ ਨਾ ਹੀ ਕਿਸੇ ਅਧਿਐਨ ਦਾ। ਉਹ ਜੋ ਵੀ ਬੋਲ ਰਿਹਾ ਸੀ ਸਿਰਫ ਆਪਣੀ ਜਹਾਲਤ ਅਤੇ ਨਫਰਤ ਵਿਚੋਂ ਬੋਲ ਰਿਹਾ ਸੀ। ਉਸਦਾ ਇਕ ਵੀ ਸ਼ਬਦ ਅਜਿਹਾ ਨਹੀਂ ਸੀ, ਜਿਸਤੋਂ ਪਤਾ ਲਗਦਾ ਕਿ ਉਹ ਡਾਕਟਰ ਹੈ।

ਮੈਨੂੰ ਉਸ ਉਤੇ ਬਹੁਤ ਗੁੱਸਾ ਆ ਰਿਹਾ ਸੀ ਤੇ ਜੀ ਕਰਦਾ ਸੀ ਕਿ ਉਸਦਾ ਜਵਾਬ ਦੇਵਾਂ। ਪਰ ਮੈਂ ਗੁੱਸੇ ਨੂੰ ਪੀ ਹੀ ਗਿਆ ਤੇ ਨਾਲੇ ਇਹ ਵੀ ਸੋਚਿਆ ਕਿ ਮੈਂ ਹੁਣੇ ਹੀ ਬਦਲੇ ਦੇ ਵਿਰੁੱਧ ਬੋਲਿਆ ਹਾਂ ਤੇ ਮਾਫ ਕਰ ਦੇਣ ਨੂੰ ਚੰਗਾ ਦਸਿਆ ਹੈ। ਫਿਰ ਉਸਦਾ ਜ਼ੁਰਮ ਵੀ ਏਨਾ ਵੱਡਾ ਨਹੀਂ ਕਿ ਮਾਫ ਨਾ ਕੀਤਾ ਜਾ ਸਕੇ। ਮੈਂ ਚੁੱਪ ਹੀ ਰਿਹਾ ਤੇ ਉਹ ਆਪਣਾ ਭਾਸ਼ਣ ਮੁਕਾ ਕੇ ਮੇਰੇ ਲਾਗੇ ਆ ਕੇ ਬੈਠ ਗਿਆ। ਉਹ ਮੇਰੇ ਵਲ ਵਾਰ-ਵਾਰ ਇਸਤਰ੍ਹਾਂ ਦੇਖ ਰਿਹਾ ਸੀ, ਜਿਵੇਂ ਉਹ ਐਟਮ ਬੰਬ ਹੋਵੇ ਤੇ ਮੈਂ ਹੀਰੋਸ਼ੀਮਾਂ ਜਾਂ ਨਾਗਾਸਾਕੀ ਹੋਵਾਂ। ਮੈਨੂੰ ਲੱਗਿਆ ਜਿਵੇਂ ਉਹ ਸੋਚਦਾ ਸੀ ਕਿ ਮੈਂ ਉਸਤੋਂ ਮਾਫੀ ਮੰਗਾਂਗਾ। ਪਰ ਮੈਨੂੰ ਉਸ 'ਤੇ ਤਰਸ ਆ ਰਿਹਾ ਸੀ ਕਿ ਦੋ ਲੱਖ ਤੋਂ ਵੱਧ ਪੈਨਸ਼ਨ ਲੈਣ ਵਾਲੇ ਦਾ ਇਹ ਹਾਲ ਹੈ ਕਿ ਸ਼ਾਇਦ ਹੀ ਉਹਦੇ ਸਾਹਮਣੇ ਕਦੇ ਕੋਈ ਬਹਿੰਦਾ ਹੋਵੇਗਾ। ਮੈਨੂੰ ਹੈਰਾਨੀ ਹੋ ਰਹੀ ਸੀ ਕਿ ਇਹ ਕਿੱਦਾਂ ਦਾ ਡਾਕਟਰ ਹੋਵੇਗਾ ਜਿਸਨੂੰ ਇਹ ਵੀ ਨਹੀਂ ਪਤਾ ਕਿ ਘੱਟੋ-ਘੱਟ ਸੈਮੀਨਾਰ ਵਿਚ ਏਨਾ ਕਿੱਲ੍ਹਣ ਦੀ ਜ਼ਰੂਰਤ ਨਹੀਂ ਹੁੰਦੀ। ਮੈਨੂੰ ਉਨ੍ਹਾਂ ਲੋਕਾਂ 'ਤੇ ਵੀ ਹਾਸਾ ਆ ਰਿਹਾ ਸੀ, ਜਿਹੜੇ ਉਸਦੀ ਕਿੱਲ੍ਹ ਸੁਣ-ਸੁਣ ਕੇ ਵਾਰ-ਵਾਰ ਤਾੜੀਆਂ ਮਾਰਦੇ, ਨਾਅਰੇ ਲਾਉਂਦੇ ਤੇ ਜੈਕਾਰੇ ਛੱਡਦੇ ਸਨ। ਉਨ੍ਹਾਂ ਵਿਚਾਰਿਆਂ 'ਤੇ ਤਰਸ ਹੀ ਕੀਤਾ ਜਾ ਸਕਦਾ ਹੈ, ਜਿਨ੍ਹਾਂ ਨੂੰ ਰੈਲੀ, ਧਰਨੇ ਤੇ ਸੈਮੀਨਾਰ ਵਿਚਲਾ ਫਰਕ ਵੀ ਨਹੀਂ ਸੀ ਪਤਾ।

ਇਸ ਧਰਨੇ ਜਾਂ ਰੈਲੀਨੁਮਾ ਸੈਮੀਨਾਰ ਦੀ ਸਮਾਪਤੀ ਮਗਰੋਂ ਮੈਂ ਬਾਹਰ ਜਾ ਕੇ ਥਾਲੀ ਲਈ, ਰੋਟੀ ਪਾਈ ਤੇ ਪਾਸੇ ਬਹਿ ਕੇ ਖਾਣ ਲਗ ਪਿਆ। ਮੇਰੇ ਕੋਲ ਦੋ ਸੱਜਣ ਹੋਰ ਆ ਕੇ ਬਹਿ ਗਏ। ਉਹ ਪੇਸ਼ੇ ਵਜੋਂ ਅਧਿਆਪਕ ਲਗ ਰਹੇ ਸਨ। ਉਹ ਕਹਿਣ ਲੱਗੇ ਕਿ ਕੁਝ ਲੋਕ ਇਹੋ ਜਿਹੇ ਹੁੰਦੇ ਹਨ, ਜੋ ਕਦੇ ਵੀ ਸਮਾਜ ਨੂੰ ਸਹੀ ਰਸਤੇ ਨਹੀਂ ਤੁਰਨ ਦਿੰਦੇ। ਕਿਉਂਕਿ ਉਹ ਹਮੇਸ਼ਾ ਇਹੀ ਚਾਹੁੰਦੇ ਹਨ ਕਿ ਲੋਕ ਮਰਦੇ ਰਹਿਣ ਤੇ ਸੂਝ-ਬੂਝ ਤੋਂ ਕੰਮ ਨਾ ਲੈਣ। ਅੱਗ ਲਾਉਣਾ ਹੀ ਅਜਿਹੇ ਲੋਕਾਂ ਦਾ ਧਰਮ ਹੁੰਦਾ ਹੈ। ਉਸ ਥੁੱਕ ਦੀ ਬੋਰੀ ਨੂੰ ਸੁਣਦਿਆਂ ਜਿਹੜਾ ਮੈਨੂੰ ਗੁੱਸਾ ਆਇਆ ਸੀ, ਉਹ ਸ਼ਾਂਤ ਹੋ ਗਿਆ ਕਿ ਚਲੋ ਇਸ ਸਮਾਗਮ ਵਿਚ ਸੂਝਵਾਨ ਸੱਜਣ ਵੀ ਬੈਠੇ ਸਨ। ਪਰ ਮੈਂ ਸੋਚ ਰਿਹਾ ਸੀ ਕਿ ਨਫਰਤ ਤਾਂ ਹਮੇਸ਼ਾ ਖੁਸ਼ਕ ਹੁੰਦੀ ਹੈ। ਪਰ ਏਨੀ ਤਰਲ ਨਫਰਤ ਪਹਿਲੀ ਵਾਰੀ ਦੇਖੀ।

# ਅਪਰਾਧ ਅਤੇ ਸਿਆਸਤ ਵਿਚਕਾਰ ਖ਼ਤਰਨਾਕ ਗੱਠਜੋੜ

ਲੋਕਤੰਤਰ ਦੀ ਮਜ਼ਬੂਤੀ ਸਾਫ਼-ਸੁਥਰੀ ਸਿਆਸਤ 'ਤੇ ਨਿਰਭਰ ਕਰਦੀ ਹੈ, ਪਰ ਜਦੋਂ ਕਾਨੂੰਨ ਬਣਾਉਣ ਵਾਲੇ ਹੀ ਕਾਨੂੰਨ ਤੋੜਨ ਦੇ ਦੋਸ਼ਾਂ 'ਚ ਘਿਰੇ ਹੋਣ, ਤਾਂ ਇਹ ਪ੍ਰਣਾਲੀ ਲਈ ਵੱਡੀ ਚਿੰਤਾ ਬਣ ਜਾਂਦੀ ਹੈ। ਭਾਰਤ ਵਰਗੇ ਵਿਸ਼ਾਲ ਲੋਕਤੰਤਰ ਵਿਚ ਅਪਰਾਧ ਅਤੇ ਸਿਆਸਤ ਦੇ ਵਿਚਕਾਰ ਵਧਦਾ ਗੱਠਜੋੜ ਨਾ ਸਿਰਫ਼ ਨੈਤਿਕ ਪਤਨ ਦਾ ਸੰਕੇਤ ਹੈ, ਸਗੋਂ ਇਹ ਲੋਕਤੰਤਰ ਦੀ ਜੜ੍ਹ ਨੂੰ ਵੀ ਕਮਜ਼ੋਰ ਕਰ ਰਿਹਾ ਹੈ।



ਸਿਆਸੀ ਪਾਰਟੀਆਂ ਆਪਣੇ ਸਿਧਾਂਤਾਂ ਨੂੰ ਛਿੱਕੇ ਟੰਗ ਕੇ ਆਪਰਾਧਿਕ ਪਿਛੋਕੜ ਵਾਲੇ ਲੋਕਾਂ ਨੂੰ ਸੰਵਿਧਾਨਕ ਅਹੁਦਿਆਂ ਉਤੇ ਬੈਠਾ ਉਨ੍ਹਾਂ ਹੱਥ ਦੇਸ਼ ਦੀ ਵਾਗਡੋਰ ਸੰਭਾਲ ਦਿੰਦੀਆਂ ਹਨ, ਜਿੱਥੇ ਉਹ ਉਸ ਸੰਵਿਧਾਨਕ ਪ੍ਰਕਿਰਿਆ ਦਾ ਹਿੱਸਾ ਬਣ ਜਾਂਦੇ ਹਨ, ਜਿੱਥੇ ਨਾ ਸਿਰਫ਼ ਦੇਸ਼ ਦੇ ਅਹਿਮ ਫ਼ੈਸਲੇ ਹੀ ਲਏ ਜਾਂਦੇ ਹਨ, ਸਗੋਂ ਕਾਨੂੰਨ ਵੀ ਬਣਾਏ ਜਾਂਦੇ ਹਨ। ਸਵਾਲ ਇਹ ਉਠਦਾ ਹੈ ਕਿ ਅਪਰਾਧ ਅਤੇ ਸਿਆਸਤ ਦੇ ਵਿਚਕਾਰ ਇਹ ਕਾਲਾ ਅਤੇ ਖ਼ਤਰਨਾਕ ਗੱਠਜੋੜ ਕਿਉਂ ਅਤੇ ਕਿਵੇਂ ਵਧ-ਫੁੱਲ ਰਿਹਾ ਹੈ।

**ਗੁਰਮੀਤ ਸਿੰਘ ਪਲਾਹੀ**
**ਫੋਨ: 9815802070**

ਭਾਰਤੀ ਸਿਆਸਤ ਵਿਚ ਸਾਰੀਆਂ ਸਿਆਸੀ ਧਿਰਾਂ ਸਾਫ਼-ਸੁਥਰੀ ਸਿਆਸਤ ਦੇ ਪੱਖ ਵਿਚ ਹਨ, ਲੇਕਿਨ ਹੈਰਾਨੀ ਵਾਲੀ ਗੱਲ ਹੈ ਕਿ ਚੋਣਾਂ ਦੌਰਾਨ ਉਨ੍ਹਾਂ ਅਪਰਾਧਿਕ ਪਿਛੋਕੜ ਵਾਲੇ ਨੇਤਾਵਾਂ ਨੂੰ ਅੱਗੇ ਲਿਆਉਣ 'ਚ ਕੋਈ ਹਿਚਕਾਹਟ ਨਹੀਂ ਵਿਖਾਈ ਜਾਂਦੀ। ਨਤੀਜਾ ਇਹ ਨਿਕਲਦਾ ਹੈ ਕਿ ਦਾਗ਼ੀ ਨੇਤਾ ਵਿਧਾਨ ਸਭਾਵਾਂ ਤੋਂ ਲੈ ਕੇ ਭਾਰਤੀ ਸੰਸਦ ਤੱਕ ਪਹੁੰਚ ਜਾਂਦੇ ਹਨ ਅਤੇ ਹੋਰ ਤਾਕਤਵਰ 'ਧੱਕਾ-ਧੌਂਸ ਨੇਤਾ' ਬਣ ਜਾਂਦੇ ਹਨ।

ਦੇਸ਼ ਵਿਚ ਪਿਛਲੇ ਕਈ ਦਹਾਕਿਆਂ ਵਿਚ ਸਿਆਸਤ ਦਾ ਜਿਸ ਤਰ੍ਹਾਂ ਅਪਰਾਧੀਕਰਨ ਹੋਇਆ ਹੈ, ਉਸ ਨਾਲ ਲੋਕਤੰਤਰ ਦੇ ਉਦੇਸ਼ਾਂ ਅਤੇ ਨਿਸ਼ਾਨਿਆਂ ਨੂੰ ਗਹਿਰੀ ਸੱਟ ਲੱਗੀ ਹੈ। ਭਾਰਤੀ ਪਾਰਲੀਮੈਂਟ ਵਿਚ ਸਿਆਣਿਆਂ ਦੇ ਸਦਨ 'ਰਾਜ ਸਭਾ' ਸੰਬੰਧੀ ਛਪੀ ਇੱਕ ਰਿਪੋਰਟ ਨਾਲ ਆਮ ਲੋਕਾਂ 'ਚ ਵੱਡੀ ਚਿੰਤਾ ਉਸ ਸਮੇਂ ਸਾਹਮਣੇ ਆਈ ਜਦੋਂ ਵੇਖਿਆ ਗਿਆ ਕਿ ਰਾਜ ਸਭਾ ਦੇ 32 ਫ਼ੀਸਦੀ ਮੌਜੂਦਾ ਮੈਂਬਰਾਂ ਉੱਤੇ ਅਪਰਾਧਿਕ ਮਾਮਲੇ ਭਾਰਤੀ ਅਦਾਲਤਾਂ ਵਿਚ ਲੰਬਿਤ ਹਨ। ਉਹ ਰਾਜ ਸਭਾ, ਜਿਸ ਵਿਚ ਮੈਂਬਰ ਹਰ ਛੇ ਸਾਲਾਂ ਬਾਅਦ ਸੂਬਿਆਂ ਦੀਆਂ ਵਿਧਾਨ ਸਭਾਵਾਂ, ਵਿਧਾਨ ਪਰਿਸ਼ਦਾਂ ਦੇ ਮੈਂਬਰਾਂ ਵੱਲੋਂ ਚੁਣੇ ਜਾਂਦੇ ਹਨ ਅਤੇ ਕੁਝ ਪ੍ਰਤੀਸ਼ਤ ਭਾਰਤ ਸਰਕਾਰ ਵੱਲੋਂ ਚੰਗੀ ਯੋਗਤਾ, ਵੱਖ-ਵੱਖ ਖੇਤਰਾਂ 'ਚ ਪ੍ਰਸਿੱਧੀ ਪ੍ਰਾਪਤ ਲੋਕ ਭੇਜੇ ਜਾਂਦੇ ਹਨ ਅਤੇ ਸਿਆਸੀ ਧਿਰਾਂ ਵਾਹ ਲੱਗਦੀ ਆਪਣੇ ਸਿਆਣੇ ਮੈਂਬਰਾਂ ਨੂੰ ਇਸ 'ਸਿਆਣੀ ਸੰਸਦ' ਵਿਚ ਭੇਜਣ ਦਾ ਦਾਅਵਾ ਕਰਦੀਆਂ ਹਨ।

ਅਪ੍ਰੈਲ 2026 ਵਿਚ ਦੇਸ਼ ਦੀਆਂ ਪੱਛਮੀ ਬੰਗਾਲ, ਤਾਮਿਲਨਾਡੂ, ਕੇਰਲ, ਅਸਾਮ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਪਾਂਡੀਚੇਰੀ ਵਿਚ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ। ਖੱਬੇ ਪੱਖੀ ਵਿਚਾਰਧਾਰਾ ਵਾਲੇ ਕੇਰਲ ਵਿਚ ਏ.ਡੀ.ਆਰ. ਦੀ 2025 'ਚ ਛਪੀ ਰਿਪੋਰਟ ਵਿਚ ਸਾਹਮਣੇ ਆਇਆ ਕਿ 92 ਵਿਧਾਇਕ ਅਪਰਾਧਿਕ ਮਾਮਲਿਆਂ 'ਚ ਲਿਪਤ ਹਨ। ਇਸ ਸੰਬੰਧੀ ਉਨ੍ਹਾਂ ਵੱਲੋਂ ਦਿੱਤੇ ਹਲਫ਼ਨਾਮਿਆਂ ਵਿਚ ਉਨ੍ਹਾਂ ਇਹ ਗੱਲ ਕਬੂਲੀ ਹੈ ਕਿ ਉਨ੍ਹਾਂ ਖ਼ਿਲਾਫ਼ ਅਪਰਾਧਿਕ ਮਾਮਲੇ ਅਦਾਲਤਾਂ ਵਿਚ ਹਨ। ਪੱਛਮੀ ਬੰਗਾਲ ਦੀ ਏ.ਡੀ.ਆਰ. ਰਿਪੋਰਟ ਦੱਸਦੀ ਹੈ ਕਿ 223 ਤ੍ਰਿਣਮੂਲ ਕਾਂਗਰਸ ਦੇ ਵਿਧਾਇਕਾਂ ਵਿਚੋਂ 92 (41%), ਭਾਜਪਾ ਦੇ 64 ਵਿਚੋਂ 42 (66%) ਵਿਧਾਇਕਾਂ ਖ਼ਿਲਾਫ਼ ਕੇਸ ਕੋਰਟਾਂ ਵਿਚ ਹਨ ਤੇ 50 ਫ਼ੀਸਦੀ ਕਰੋੜਪਤੀ ਹਨ। ਇਨ੍ਹਾਂ ਅਪਰਾਧਿਕ ਮਾਮਲਿਆਂ ਵਿਚ ਧੋਖਾਧੜੀ, ਔਰਤਾਂ ਨਾਲ ਬਲਾਤਕਾਰ ਅਤੇ ਕਤਲ ਤੱਕ ਦੇ ਕੇਸ ਦਰਜ ਹਨ। ਤਾਮਿਲਨਾਡੂ ਵਿਚ 224 ਵਿਚੋਂ 134 ਵਿਧਾਇਕਾਂ ਉੱਤੇ, ਅਸਾਮ ਵਿਚ 34 ਵਿਧਾਇਕ ਅਤੇ ਪਾਂਡੀਚੇਰੀ 'ਚ 30 ਵਿਚੋਂ 13 ਵਿਧਾਇਕਾਂ ਉੱਤੇ ਅਪਰਾਧਿਕ ਮਾਮਲੇ ਦਰਜ ਹਨ। ਅਸਲ ਵਿਚ ਸਿਰਫ਼ ਕੁਝ ਪਾਰਟੀਆਂ ਨੂੰ ਛੱਡ ਕੇ ਬਾਕੀ ਸਾਰੀਆਂ ਪਾਰਟੀਆਂ ਦੇ ਨੇਤਾਵਾਂ ਵਿਚੋਂ ਬਹੁਤਿਆਂ ਵਿਰੁੱਧ ਇਹ ਕੇਸ ਅਦਾਲਤਾਂ ਵਿਚ ਲੰਮੇ ਸਮੇਂ ਤੋਂ ਚੱਲ ਰਹੇ ਹਨ।

ਧਿਆਨਦੇਣ ਯੋਗ ਹੈ ਕਿ ਹਰ ਸਾਲ ਏ.ਡੀ.ਆਰ. ਦੀ ਰਿਪੋਰਟ ਛਪਦੀ ਹੈ। ਇਸ ਪ੍ਰਤੀ ਚਿੰਤਾ ਵੱਡੇ ਪੱਧਰ 'ਤੇ ਦਰਸਾਈ ਜਾਂਦੀ ਹੈ, ਪਰ ਇਵੇਂ ਲੱਗਦੈ ਕਿ ਨਾ ਤਾਂ ਕੋਈ ਸਿਆਸੀ ਦਲ ਇਸਨੂੰ ਗੰਭੀਰਤਾ ਨਾਲ ਲੈਂਦਾ ਹੈ ਅਤੇ ਨਾ ਹੀ ਭਾਰਤੀ ਚੋਣ ਕਮਿਸ਼ਨ ਇਸ ਸੰਬੰਧੀ ਕੋਈ ਠੋਸ ਪਹਿਲ ਕਰਦਾ ਹੈ। ਨਤੀਜਾ ਇਹ ਨਿਕਲਦਾ ਹੈ ਕਿ ਹਰ ਵਾਰ ਦਾਗ਼ੀ ਪਿਛੋਕੜ ਵਾਲੇ ਲੋਕਾਂ ਨੂੰ ਸਿਆਸੀ ਪਾਰਟੀਆਂ ਟਿਕਟ ਦੇ ਦਿੰਦੀਆਂ ਹਨ ਅਤੇ ਉਸਦੇ ਨਾਮਜ਼ਦਗੀ ਉੱਤੇ ਚੋਣ ਕਮਿਸ਼ਨ ਦੀ ਮੋਹਰ ਲੱਗ ਜਾਂਦੀ ਹੈ।

ਨਰਿੰਦਰ ਮੋਦੀ ਜਦੋਂ 26 ਮਈ 2014 ਵਿਚ ਦੇਸ਼ ਦੇ ਪ੍ਰਧਾਨ ਮੰਤਰੀ ਬਣੇ ਸਨ ਤਾਂ ਉਨ੍ਹਾਂ ਪਾਰਲੀਮੈਂਟ ਵਿਚ ਇਹ ਗੱਲ ਗੱਜ-ਵੱਜ ਕੇ ਕਹੀ ਸੀ ਕਿ 'ਉਹ ਦੇਸ਼ ਦੀ ਪਾਰਲੀਮੈਂਟ ਵਿਚੋਂ ਅਪਰਾਧਿਕ ਪਿਛੋਕੜ ਵਾਲੇ ਲੋਕਾਂ ਤੋਂ ਸਮੁੱਚੀ ਸੰਸਦ ਨੂੰ ਮੁਕਤੀ ਦਿਵਾਉਣਗੇ।' ਪਰ ਆਪਣੇ 2014 ਤੋਂ 2026 ਤੱਕ ਦੇ ਰਾਜਕਾਲ 'ਚ ਏ.ਡੀ.ਆਰ. ਦੀ ਰਿਪੋਰਟ ਅਨੁਸਾਰ ਅਪਰਾਧਿਕ ਮਾਮਲਿਆਂ ਵਾਲੇ ਐੱਮ.ਪੀ. ਅਤੇ ਐੱਮ.ਐੱਲ.ਏ. ਦੀ ਹਕੀਕਤ ਇਹ ਹੈ ਕਿ ਮੌਜੂਦਾ ਲੋਕ ਸਭਾ, ਜੋ 2024 ਵਿਚ ਚੁਣੀ ਗਈ, ਕੁੱਲ 543 ਮੈਂਬਰਾਂ ਵਿਚੋਂ 251 (46%) ਉੱਤੇ ਅਪਰਾਧਿਕ ਮਾਮਲੇ ਹਨ, ਜਿਨ੍ਹਾਂ ਵਿਚ 170 ਉੱਤੇ ਗੰਭੀਰ ਅਪਰਾਧਿਕ ਮਾਮਲੇ ਹਨ, ਜਿਨ੍ਹਾਂ ਵਿਚ 151 ਇਨ੍ਹਾਂ ਕਾਨੂੰਨ-ਘਾੜਿਆਂ ਵਿਰੁੱਧ ਔਰਤਾਂ ਨਾਲ ਬਲਾਤਕਾਰ ਅਤੇ ਹੋਰ ਮਾਮਲਿਆਂ ਸੰਬੰਧੀ ਕੇਸ ਹਨ। ਦੇਸ਼ ਵਿਚ ਭਾਜਪਾ ਦੇ ਐੱਮ.ਪੀ. ਇਨ੍ਹਾਂ ਮਾਮਲਿਆਂ 'ਚ ਪਹਿਲੇ ਨੰਬਰ ਉੱਤੇ ਅਤੇ ਕਾਂਗਰਸ ਦੇ ਐੱਮ.ਪੀ. ਦੂਜੇ ਨੰਬਰ ਉੱਤੇ ਹਨ। ਇਹ ਅਪਰਾਧਿਕ ਮਾਮਲੇ ਅਦਾਲਤਾਂ ਵਿਚ ਭੁਗਤ ਰਹੇ ਹਨ।

ਸਿਤਮ ਦੀ ਗੱਲ ਵੇਖੋ ਕਿ ਦੇਸ਼ ਦਾ ਰਾਜਭਾਗ ਚਲਾਉਣ ਵਾਲੇ ਕੇਂਦਰ ਅਤੇ ਰਾਜ ਸਰਕਾਰਾਂ ਦੇ ਕੁੱਲ ਮੰਤਰੀਆਂ ਵਿਚੋਂ 47 ਫ਼ੀਸਦੀ ਉੱਤੇ ਅਪਰਾਧਿਕ ਮਾਮਲੇ ਦਰਜ ਹਨ। ਇੱਕ ਏ.ਡੀ.ਆਰ. ਰਿਪੋਰਟ ਅਨੁਸਾਰ ਦੇਸ਼ ਦੇ 643 ਮੰਤਰੀਆਂ, ਜਿਨ੍ਹਾਂ ਵਿਚ ਕੇਂਦਰ ਅਤੇ 27 ਸੂਬਾ ਅਸੈਂਬਲੀ ਦੇ ਕੁੱਲ ਮੰਤਰੀਆਂ ਵਿਚੋਂ 302 (47%) ਵਿਰੁੱਧ ਅਪਰਾਧਿਕ ਅਦਾਲਤੀ ਕੇਸ ਹਨ, ਜਿਨ੍ਹਾਂ ਵਿਚ 174 (27 ਫ਼ੀਸਦੀ) ਮੰਤਰੀਆਂ ਵਿਰੁੱਧ



ਗੰਭੀਰ ਦੋਸ਼ ਹਨ।

ਦਾਗ਼ੀ ਸਿਆਸਤਦਾਨਾਂ ਦੇ ਕੇਸਾਂ ਦੀ ਸੁਣਵਾਈ ਲਈ ਵਿਸ਼ੇਸ਼ ਅਦਾਲਤਾਂ ਦਾ ਗਠਨ ਸੁਪਰੀਮ ਕੋਰਟ ਵੱਲੋਂ ਕੀਤਾ ਗਿਆ ਹੈ, ਪਰ ਅਨੇਕਾਂ ਕੇਸਾਂ ਵਿਚ ਫ਼ੈਸਲਾ ਸਾਲਾਂ ਬਾਅਦ ਆਉਂਦਾ ਹੈ ਅਤੇ ਇਹ ਨੇਤਾ ਆਪਣੇ ਅਹੁਦਿਆਂ ਉੱਤੇ ਕਾਇਮ ਰਹਿੰਦੇ ਹਨ। ਕਈ ਵਾਰ ਤਾਂ ਪੁਲਿਸ ਅਤੇ ਪ੍ਰਸ਼ਾਸਨ ਦੇ ਗੱਠਜੋੜ ਦੇ ਕਾਰਨ ਸਮੇਂ-ਸਿਰ ਜਾਂਚ ਹੀ ਪੂਰੀ ਨਹੀਂ ਕੀਤੀ ਜਾਂਦੀ ਅਤੇ ਸਿਆਸੀ ਦਲ ਆਪਣੇ ਇਨ੍ਹਾਂ ਨੇਤਾਵਾਂ ਦਾ ਅਪਰਾਧਿਕ ਪਿਛੋਕੜ ਲੋਕਾਂ ਸਾਹਮਣੇ ਵਿਖਾਉਂਦੇ ਹੀ ਨਹੀਂ। ਹਾਲਾਂਕਿ ਭਾਰਤੀ ਚੋਣ ਆਯੋਗ ਚੋਣ ਲੜਨ ਵਾਲੇ ਇਹੋ-ਜਿਹੇ ਉਮੀਦਵਾਰਾਂ ਨੂੰ ਇਸ ਕਿਸਮ ਦੇ ਵੇਰਵੇ ਪ੍ਰੈੱਸ ਵਿਚ ਦਰਸਾਉਣ ਦੀ ਹਦਾਇਤ ਕਰਦਾ ਹੈ।

ਅਪਰਾਧਿਕ ਪਿਛੋਕੜ ਵਾਲੇ ਇਹ ਨੇਤਾ, ਧੱਕੇ-ਧੌਂਸ ਦੀ ਸਿਆਸਤ ਕਰਦਿਆਂ ਸਰਕਾਰੀ ਮਸ਼ੀਨਰੀ ਦੀ ਵਰਤੋਂ ਕਰਨ ਲਈ ਪੈਸੇ ਅਤੇ ਬਾਹੂਬਲ ਦੀ ਵਰਤੋਂ ਕਰਨ ਤੱਕ ਵੀ ਜਾਂਦੇ ਹਨ। ਹਾਲਾਂਕਿ ਭਾਰਤ ਦੀ ਸਰਬ ਉੱਚ ਅਦਾਲਤ ਸੁਪਰੀਮ ਕੋਰਟ ਨੇ ਇਨ੍ਹਾਂ ਮਾਮਲਿਆਂ ਸੰਬੰਧੀ ਗੰਭੀਰ ਫ਼ੈਸਲੇ ਲਏ ਹਨ। ਤੇਜ਼ ਗਤੀ ਵਾਲੀਆਂ ਅਦਾਲਤਾਂ ਦਾ ਗਠਨ ਕੀਤਾ ਹੈ, ਤਾਂ ਕਿ ਇਨ੍ਹਾਂ ਕੇਸਾਂ ਦਾ ਹਾਈਕੋਰਟਾਂ ਰਾਹੀਂ ਬਕਾਇਦਾ ਮੁਲਾਂਕਣ ਕਰਨ ਉਪਰੰਤ ਫ਼ੈਸਲੇ ਲਏ ਜਾਣ ਅਤੇ ਉਨ੍ਹਾਂ ਐੱਮ.ਪੀ. ਜਾਂ ਵਿਧਾਇਕਾਂ ਨੂੰ ਆਪਣੇ ਅਹੁਦਿਆਂ ਤੋਂ ਬਰਖ਼ਾਸਤ ਕੀਤਾ ਜਾ ਸਕੇ। ਪਰ ਇਸ ਸੰਬੰਧੀ ਅੱਗੋਂ ਕਾਰਵਾਈ ਚਿੰਤਾ ਦਾ ਵਿਸ਼ਾ ਹੈ।

ਸਿਆਸਤ ਵਿਚ ਜਦੋਂ ਤੋਂ ਬਾਹੂਬਲ ਅਤੇ ਧਨ ਦੀ ਵਰਤੋਂ ਲੋਕਾਂ ਨੂੰ ਪ੍ਰਭਾਵਿਤ ਕਰਨ ਲਈ ਵਧੀ ਹੈ, ਚੋਣਾਂ ਜਿੱਤਣ ਲਈ ਇਸ ਦੀ ਵਰਤੋਂ ਲਗਭਗ ਸਾਰੀਆਂ ਪਾਰਟੀਆਂ ਕਰਨ ਲੱਗੀਆਂ ਹਨ ਤਾਂ ਕਿ ਸੱਤਾ ਹਥਿਆਈ ਜਾ ਸਕੇ। ਸਿਆਸੀ ਪਾਰਟੀਆਂ ਦੀ ਪਹਿਲ ਹੁਣ ਲੋਕ ਸੇਵਾ ਨਹੀਂ ਰਹੀ, ਸਗੋਂ 'ਚੋਣ ਜਿੱਤ' ਤੱਕ ਸੀਮਤ ਹੋ ਗਈ ਹੈ, ਕਿਉਂਕਿ ਦੇਸ਼ ਵਿਚ ਜਾਤ ਅਤੇ ਧਰਮ ਦੇ ਆਧਾਰ ਉੱਤੇ ਵੋਟ ਬੈਂਕ ਹਥਿਆਏ ਜਾ ਰਹੇ ਹਨ। ਇਸੇ ਕਰਕੇ 'ਤਾਕਤਵਰ' ਉਮੀਦਵਾਰ ਅੱਗੇ ਆ ਰਹੇ ਹਨ, ਜਿਹੜੇ ਕਾਲੇ ਧਨ ਦੀ ਖੁੱਲ੍ਹੇਆਮ ਵਰਤੋਂ ਕਰਦੇ ਹਨ। ਇਨ੍ਹਾਂ ਪਿੱਛੇ ਗੈਂਗ ਜੁੜੇ ਹਨ ਅਤੇ ਲੋੜ ਵੇਲੇ ਤਾਕਤ ਦੀ ਵਰਤੋਂ ਕਰਦੇ ਹਨ।

ਦੇਸ਼ ਦੇ ਪੇਂਡੂ ਅਤੇ ਪਿਛੜੇ ਖੇਤਰਾਂ ਵਿਚ ਇਨ੍ਹਾਂ ਉਮੀਦਵਾਰਾਂ ਦੇ ਅਪਰਾਧਿਕ ਪਿਛੋਕੜ ਦੀ ਗੱਲ ਨਹੀਂ ਪੁੱਜਦੀ, ਜੇਕਰ ਪੁੱਜਦੀ ਵੀ ਹੈ ਤਾਂ ਸਿਆਸੀ ਧਿਰਾਂ ਇਸਦਾ ਕੋਈ ਨਾ ਕੋਈ ਤੋੜ ਲੱਭ ਕੇ 'ਪੈਸੇ' ਦੀ ਵਰਤੋਂ ਕਰਕੇ ਵੋਟਰਾਂ ਨੂੰ ਭਰਮਾ ਲੈਂਦੀਆਂ ਹਨ ਜਾਂ ਡਰਾ ਲੈਂਦੀਆਂ ਹਨ।

ਧਨ ਅਤੇ ਬਲ ਦੀ ਵਰਤੋਂ ਸਿਰਫ਼ ਸਿਆਸਤ ਵਿਚ ਹੀ ਨਹੀਂ, ਸਮੁੱਚੇ ਸਮਾਜ ਵਿਚ ਫੈਲ ਰਹੀ ਹੈ, ਜਿਸ ਨਾਲ ਸਿਆਸਤ ਵਿਚ ਤਾਨਾਸ਼ਾਹੀ ਅਤੇ ਸਮਾਜ ਵਿਚ ਧੱਕੇਸ਼ਾਹੀ ਅਤੇ ਬਾਹੂਬਲ ਸਿਖਰਾਂ ਛੋਹ ਰਿਹਾ ਹੈ। ਚੋਣਾਂ 'ਚ ਸਿਆਸੀ ਧੱਕਾ ਤੇ ਪੈਸੇ ਦੀ ਵਰਤੋਂ ਚੋਣਾਵੀ ਬਾਂਡ (ਇਲੈਕਟੋਰਲ ਬੌਂਡਜ਼) ਨੇ ਵਧਾਈ, ਕਿਉਂਕਿ ਵੱਡੇ ਕਾਰਪੋਰੇਟ ਅਸਿੱਧੇ ਨਹੀਂ ਸਗੋਂ ਸਿੱਧੇ ਤੌਰ 'ਤੇ ਇਸ 'ਚ ਆਪਣਾ 'ਹਿੱਸਾ', 'ਯੋਗਦਾਨ' ਪਾਉਣ ਲੱਗੇ ਅਤੇ ਸਮਾਜ, ਵਪਾਰ, ਸਿਆਸਤ ਨੂੰ ਪ੍ਰਭਾਵਿਤ ਕਰਨ ਲੱਗੇ। ਉਨ੍ਹਾਂ ਦੀ ਪਹੁੰਚ 'ਦੰਭੀ ਸਿਆਸਤਦਾਨਾਂ' ਤੱਕ ਵਧੀ ਅਤੇ ਉਨ੍ਹਾਂ ਦੇਸ਼ ਦੀ ਸਿਆਸਤ ਨੂੰ ਪ੍ਰਭਾਵਿਤ ਕਰਨ ਅਤੇ ਆਪਣੇ ਅਨੁਸਾਰ ਨੀਤੀਆਂ ਬਣਾਉਣ ਲਈ ਇਸ ਹਥਿਆਰ ਦੀ ਵਰਤੋਂ ਪਹਿਲਾਂ ਚੁੱਪ-ਚਾਪ ਅਤੇ ਹੁਣ ਸਿੱਧੇ ਤੌਰ 'ਤੇ ਕਰਨੀ ਸ਼ੁਰੂ ਕੀਤੀ ਹੋਈ ਹੈ ਅਤੇ ਦੇਸ਼ ਦੇ ਹਰ ਅਦਾਰੇ ਤੱਕ ਪਹੁੰਚ ਵਧਾਈ ਹੋਈ ਹੈ।

ਜਦੋਂ ਤੱਕ ਸਿਆਸੀ ਧਿਰਾਂ ਸਾਫ਼ ਦਿੱਖ ਅਤੇ ਲੋਕ-ਹਿਤੈਸ਼ੀ ਪਹੁੰਚ ਵਾਲੇ ਲੋਕਾਂ ਨੂੰ ਅੱਗੇ ਨਹੀਂ ਲਿਆਉਂਦੀਆਂ, ਉਦੋਂ ਤੱਕ ਇਸ 'ਕਾਲੇ ਕਾਰੋਬਾਰ-ਕਾਲੇ ਬਜ਼ਾਰ' ਉੱਤੇ ਕਾਬੂ ਪਾਉਣਾ ਔਖਾ ਹੈ। ਸਮੇਂ ਦੀ ਲੋੜ ਹੈ ਕਿ ਕਾਇਦੇ-ਕਾਨੂੰਨ ਅਨੁਸਾਰ ਅਪਰਾਧਿਕ ਮਾਮਲੇ ਦਰਜ ਹੋਣ ਉੱਤੇ ਦਾਗ਼ੀ ਨੇਤਾਵਾਂ ਨੂੰ ਚੋਣ ਲੜਨ ਤੋਂ ਰੋਕਿਆ ਜਾਣਾ ਚਾਹੀਦਾ ਹੈ। ਇਹ ਸਾਫ਼-ਸੁਥਰੀ ਰਾਜਨੀਤੀ ਲਈ ਜ਼ਮੀਨ ਤਿਆਰ ਕਰਨ ਦੀ ਦਿਸ਼ਾ ਵੱਲ ਵੱਡਾ ਕਦਮ ਸਾਬਤ ਹੋ ਸਕਦਾ ਹੈ। ਅੱਜ ਭਾਰਤੀ ਲੋਕਤੰਤਰ ਵਿਚ ਪਾਰਦਰਸ਼ਤਾ ਅਤੇ ਜਵਾਬਦੇਹੀ ਸਮੇਂ ਦੀ ਲੋੜ ਹੈ, ਜਿਸ ਤੋਂ ਲਗਭਗ ਸਮੁੱਚੀਆਂ ਸਿਆਸੀ ਪਾਰਟੀਆਂ ਪਿੱਠ ਕਰੀ ਬੈਠੀਆਂ ਹਨ। ਜੇਕਰ ਇਸ ਰੁਝਾਨ ਨੂੰ ਸਮੇਂ ਸਿਰ ਨਹੀਂ ਰੋਕਿਆ ਗਿਆ, ਤਾਂ ਉਹ ਦਿਨ ਦੂਰ ਨਹੀਂ ਜਦੋਂ ਲੋਕਤੰਤਰ ਸਿਰਫ਼ ਕਾਗਜ਼ੀ ਪ੍ਰਣਾਲੀ ਬਣ ਕੇ ਰਹਿ ਜਾਵੇਗਾ।

ਲੋੜ ਹੈ ਕਿ ਸਿਆਸੀ ਪਾਰਟੀਆਂ ਆਪਣੀ ਜ਼ਿੰਮੇਵਾਰੀ ਸਮਝਣ, ਚੋਣ ਪ੍ਰਣਾਲੀ ਵਿਚ ਪਾਰਦਰਸ਼ਤਾ ਲਿਆਈ ਜਾਵੇ ਅਤੇ ਜਨਤਾ ਵੀ ਸਚੇਤ ਹੋ ਕੇ ਸਹੀ ਉਮੀਦਵਾਰਾਂ ਦੀ ਚੋਣ ਕਰੇ। ਕਿਉਂਕਿ ਆਖ਼ਿਰਕਾਰ, ਲੋਕਤੰਤਰ ਦੀ ਅਸਲੀ ਤਾਕਤ ਜਾਗਰੂਕ ਵੋਟਰ ਹੀ ਹੁੰਦਾ ਹੈ।

## ਵੰਡ ਤੋਂ ਬਾਅਦ ਦੇ ਪੰਜਾਬ ਦੇ ਸਭ ਤੋਂ ਵੱਡੇ ਦੁਖਾਂਤ ਦੇ ਫੈਸਲਾਕੁਨ ਮੋੜ ਦਾ ਅਹਿਮ ਇਤਿਹਾਸਕ ਦਸਤਾਵੇਜ਼ - ਪੁਸਤਕ 'ਬੇਅੰਤ ਸਿੰਘ ਕਤਲ ਦਾ ਅਸਲ ਸੱਚ'

ਸ. ਉਜਾਗਰ ਸਿੰਘ ਦੀ ਲਿਖੀ 215 ਸਫਿਆਂ ਦੀ ਪੁਸਤਕ 'ਬੇਅੰਤ ਸਿੰਘ ਕਤਲ ਦਾ ਅਸਲ ਸੱਚ' ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ ਵਲੋਂ 2025 ਵਿਚ ਛਾਪੀ ਗਈ ਸੀ। ਡੇਢ ਦਰਜਨ ਪੁਸਤਕਾਂ ਦੇ ਲੇਖਕ ਦੀ ਇਹ ਪੁਸਤਕ ਇਸ ਕਰਕੇ ਆਪਣੇ ਵਰਗੀ ਆਪ ਹੈ ਕਿਉਂਕਿ ਇਸ ਨੂੰ ਉਨ੍ਹਾਂ ਅਣਗਿਣਤ ਬੇਗੁਨਾਹਾਂ ਦੇ ਨਾਂ ਸਮਰਪਿਤ ਕੀਤਾ ਗਿਆ ਹੈ, ਜਿਨ੍ਹਾਂ ਨੂੰ ਮੌਤ ਦੇ ਘਾਣ ਉਤਾਰਿਆ ਗਿਆ ਸੀ। ਇਸ ਪੁਸਤਕ ਨੂੰ ਮੁੱਖ-ਬੰਧ ਵਿਚ 'ਵੰਡ ਤੋਂ ਬਾਅਦ ਦੇ ਪੰਜਾਬ ਦੇ ਸਭ ਤੋਂ ਵੱਡੇ ਦੁਖਾਂਤ ਦੇ ਫੈਸਲਾਕੁਨ ਮੋੜ



**ਬਲਕਾਰ ਸਿੰਘ ਪ੍ਰੋਫੈਸਰ**
**ਫੋਨ: +91- 93163-01328**


ਦਾ ਅਹਿਮ ਇਤਿਹਾਸਕ ਦਸਤਾਵੇਜ਼' ਕਿਹਾ ਗਿਆ ਹੈ। ਲੇਖਕ ਨੇ ਬੇਅੰਤ ਸਿੰਘ ਬਾਰੇ ਪ੍ਰਚਲਿਤ ਧਾਰਨਾਵਾਂ ਨਾਲ ਪੈਦਾ ਸਵਾਲਾਂ ਦੇ ਜਵਾਬ ਦੇਣ ਦੀ ਕੋਸ਼ਿਸ਼ ਕਰਦਿਆਂ ਸ਼ੁਰੂਆਤ ਏਥੋਂ ਕੀਤੀ ਹੋਈ ਹੈ ਕਿ ਬੇਅੰਤ ਸਿੰਘ ਦਾ ਕਤਲ (ਹੱਤਿਆ) ਖਾੜਕੂਆਂ ਦੇ ਹੱਥੋਂ ਨਹੀਂ ਹੋਇਆ ਸੀ। ਪੁਸਤਕ ਨੂੰ ਪੜ੍ਹਦਿਆਂ ਮੈਨੂੰ ਲੱਗਿਆ ਕਿ ਸਮਕਾਲੀ ਵਰਤਾਰਿਆਂ ਦੇ ਪ੍ਰਭਾਵ ਅਧੀਨ ਬਣੀਆਂ ਧਾਰਨਾਵਾਂ ਦੇ ਠੀਕ ਜਾਂ ਗਲਤ ਹੋਣ ਦਾ ਫੈਸਲਾ ਸਮਾਂ ਕਰਦਾ ਰਹਿੰਦਾ ਹੈ। ਇਸ ਪੁਸਤਕ ਨੇ ਗਲ ਪਈਆਂ ਧਾਰਨਾਵਾਂ ਦੇ ਲੇਖੇ ਜੋਖੇ ਦੀਆਂ ਸੰਭਾਵਨਾਵਾਂ ਸਾਹਮਣੇ ਲੈ ਆਂਦੀਆਂ ਹਨ। ਪੁਸਤਕ ਤੋਂ ਪਤਾ ਲੱਗਾ ਹੈ ਕਿ ਸਰਕਾਰੀ ਤੰਤਰ ਦੀ ਸਾਂਝੀ ਟੀਮ ਹੋਣ ਦੇ ਬਾਵਜੂਦ ਪੁਲੀਸ ਮੁਖੀ ਕੇ.ਪੀ.ਐਸ ਗਿੱਲ ਅਤੇ ਮੁਖ ਮੰਤਰੀ ਬੇਅੰਤ ਸਿੰਘ ਇਕ ਨਹੀਂ ਦੋ ਸਨ ਅਤੇ ਉਨ੍ਹਾਂ ਦੀ ਹਾਲਾਤ ਬਾਰੇ ਪਹੁੰਚ ਵੀ ਇਕੋ ਜਿਹੀ ਨਹੀਂ ਸੀ। ਪਹਿਲਾ ਗੋਲੀ ਦਾ ਜਵਾਬ ਗੋਲੀ ਨਾਲ ਦੇਣ ਦਾ ਮੁਦਈ ਸੀ ਅਤੇ ਦੂਜਾ ਦਰਪੇਸ਼ ਸਮੱਸਿਆ ਦਾ ਹੱਲ ਸੰਵਾਦ ਮੰਨਦਾ ਸੀ। ਦੋਹਾਂ ਦੀ ਪਹੁੰਚ ਨੂੰ ਨਿਖੇੜ ਕੇ ਵੇਖਾਂਗੇ ਤਾਂ ਸ਼ਾਂਤੀ ਦੇ ਮਸੀਹੇ ਦੇ ਭਾਰ ਹੇਠ ਦਫਨ ਮਨੁੱਖੀ ਹੱਕਾਂ ਦੀ ਉਲੰਘਣਾ ਦੇ ਵਿਰੋਧ ਵਾਲੀ ਮਾਨਸਿਕਤਾ ਨੂੰ ਸਮਝ ਸਕਾਂਗੇ। ਲੇਖਕ ਨੇ ਬੇਅੰਤ ਸਿੰਘ ਦੇ ਕਿਸਾਨੀ ਪਿਛੋਕੜ ਵਿਚ ਵਹਿੰਦੇ ਸਿੱਖ ਰੰਗ ਦੇ ਹਵਾਲੇ ਨਾਲ ਇਹ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਅਹੁਦੇ ਦੇ ਅਧਿਕਾਰ ਨਾਲ ਉਹ ਅਹੁਦੇ ਦੀ ਨੈਤਿਕਤਾ ਵਾਂਗ ਨਿਭ ਰਹੇ ਸਨ। ਲੇਖਕ ਮੁਤਾਬਕ ਨਿਮਰਤਾ ਨਾਲ ਵਿਚਰਦਿਆਂ ਸ਼ਾਕਾਹਾਰੀ ਪਹੁੰਚ ਨੂੰ ਵੀ ਲੁਕੋ ਕੇ ਹੀ ਰੱਖਦੇ ਸਨ, ਸਾਰੇ ਧਰਮਾਂ ਦੀ ਕਦਰ ਕਰਦੇ ਸਨ, ਪ੍ਰੰਤੂ ਪੱਕੇ ਗੁਰਸਿੱਖ ਸਨ ਅਤੇ ਜਿੱਥੇ ਮਰਿਆਦਾ ਦੀ ਉਲੰਘਣਾ ਹੁੰਦੀ ਉਹ ਤੁਰੰਤ ਟੋਕਦੇ ਸਨ। ਮਨੁੱਖੀ ਹੱਕਾਂ ਦੀ ਉਲੰਘਣਾ ਦਾ ਵਿਰੋਧ ਕਰਨ ਕਰਕੇ ਬੇਅੰਤ ਸਿੰਘ ਸਰਕਾਰ ਨੂੰ ਫੇਲ੍ਹ ਕਰਨ ਦੀ ਕੋਸ਼ਿਸ਼ ਹੁੰਦੀ ਰਹੀ ਸੀ। ਪੁਲਿਸ ਨੇ ਪ੍ਰਸ਼ਾਸਨ 'ਤੇ ਭਾਰੂ ਹੋਣ ਦੀ ਸਦਾ ਕੋਸ਼ਿਸ਼ ਕੀਤੀ ਅਤੇ ਏਸੇ ਨਾਲ ਜੁੜਿਆ ਹੋਇਆ ਹੈ ਬੇਅੰਤ ਸਿੰਘ ਦਾ ਕਤਲ।

ਸਿਆਸੀ ਕਸ਼ਮਕਸ਼ ਵਿਚੋਂ ਮੁੱਖ ਮੰਤਰੀ ਬਣ ਜਾਣ ਨਾਲ ਦਰਪੇਸ਼ ਉਤਰਾਵਾਂ ਚੜ੍ਹਾਵਾਂ ਨੂੰ ਚਸ਼ਮਦੀਦ ਵਾਂਗ ਬਿਆਨਦੀਆਂ ਘਟਨਾਵਾਂ ਵਿਕਾਰ ਪੁਲਿਸ ਦੀ ਭੂਮਿਕਾ ਨੂੰ ਐਕਸਟੈਨਸ਼ਨ ਲਈ ਹੱਥਕੰਡੇ ਦੱਸਿਆ ਗਿਆ ਹੈ। ਸਾਜ਼ਸ਼ੀ ਗਤੀਵਿਧੀਆਂ ਵਿਚ ਉਲਝੇ ਪੰਜਾਬ ਵਿਚ 31 ਅਗਸਤ 1995 ਨੂੰ ਸ਼ਾਮ ਦੇ 5.13 ਮਿੰਟ 'ਤੇ ਮੁੱਖ ਮੰਤਰੀ ਅਤੇ 16 ਹੋਰ ਦੀ ਮੌਤ ਹੋ ਜਾਂਦੀ ਹੈ। ਇਸ ਤੋਂ ਤੁਰੰਤ ਬਾਅਦ ਵਾਪਰੇ ਵੇਰਵਿਆਂ ਨਾਲ ਜਿਸ ਤਰ੍ਹਾਂ ਮਨੁੱਖੀ ਬੰਬ ਨਾਲ ਹੋਈ ਹੱਤਿਆ ਦੀ ਕਹਾਣੀ ਪੁਲਿਸ ਮੁੱਖੀ ਵੱਲੋਂ ਪਰਸਾਰੀ ਜਾਂਦੀ ਹੈ, ਉਸ ਦੇ ਉਲਟ ਕਾਰ ਵਿਚ ਰੱਖੇ ਬੰਬ ਦੀ ਸਚਾਈ ਲੇਖਕ ਦਲੀਲਾਂ ਅਤੇ ਸਬੂਤਾਂ ਨਾਲ ਪੇਸ਼ ਕਰਦਾ ਹੈ, ਉਹ ਇਸ ਪੁਸਤਕ ਦਾ ਹਾਸਲ ਹੈ। ਪਹਿਲਾ ਸਵਾਲ ਇਹ ਪੈਦਾ ਕੀਤਾ ਗਿਆ ਹੈ ਕਿ ਸੁਰੱਖਿਆ ਦੀ ਅਣਗਹਿਲੀ ਨੂੰ ਲੈ ਕੇ ਸਿਪਾਹੀ ਵੀ ਸਸਪੈਂਡ ਨਹੀਂ ਕੀਤਾ ਗਿਆ। ਸਥਿਤੀ ਇਹ




ਬਣੀ ਹੋਈ ਸੀ ਕਿ ਅਤਿਵਾਦ ਦੀ ਆੜ ਵਿਚ ਪੁਲਿਸ ਮੁੱਖੀ ਮਨਮਾਨੀਆਂ ਕਰਨ ਲੱਗ ਪਏ ਸਨ ਅਤੇ ਪੁਲਿਸ ਆਪ ਮੁਹਾਰੀ ਹੋ ਗਈ ਸੀ। ਕੈਟ ਕਲਚਰ ਦੇ ਹਵਾਲੇ ਨਾਲ ਇਹ ਕਿਹਾ ਗਿਆ ਹੈ ਕਿ 'ਕੇਂਦਰ ਸਰਕਾਰ ਦੀਆਂ ਗੁਪਤਚਰ ਏਜੰਸੀਆਂ ਸਿੱਖਾਂ ਦੀ ਪ੍ਰਭੁਸਤਾ ਨੂੰ ਖ਼ਤਮ ਕਰਨਾ ਚਾਹੁੰਦੀਆਂ ਸਨ, ਕਿਉਂਕਿ ਉਹ ਸਿੱਖਾਂ ਦੀ ਪ੍ਰਤਿਭਾ, ਨਿਡਰਤਾ, ਦਲੇਰੀ, ਨਿਧੜਕਤਾ ਅਤੇ ਖ਼ੁਦਦਾਰੀ ਤੋਂ ਖਾਰ ਖਾਂਦੀਆਂ ਸਨ (136)। ਨਤੀਜਾ ਇਹ ਕੱਢਿਆ ਹੋਇਆ ਹੈ ਕਿ 'ਜਿੰਨੀ ਦੇਰ ਸ. ਬੇਅੰਤ ਸਿੰਘ ਨੂੰ ਉਨ੍ਹਾਂ ਵਰਤਣਾ ਸੀ ਵਰਤ ਲਿਆ। ਜਦੋਂ ਉਨ੍ਹਾਂ ਏਜੰਸੀਆਂ ਨੂੰ ਚੁਣੌਤੀ ਦੇਣੀ ਸ਼ੁਰੂ ਕਰ ਦਿਤੀ ਤਾਂ ਏਜੰਸੀਆਂ ਨੇ ਆਪਣੀ ਮਦਦ ਵਾਪਸ ਲੈ ਲਈ ਅਤੇ ਸ. ਬੇਅੰਤ ਸਿੰਘ ਨੂੰ ਰਸਤੇ ਦਾ ਰੋੜਾ ਸਮਝਦਿਆਂ ਆਪਣੇ ਰਾਹ ਵਿਚੋਂ ਹਟਾ ਦਿੱਤਾ' (140)। ਪੁਸਤਕ ਵਿਚ ਪੁਲਿਸ ਮੁਖੀ ਦੀਆਂ ਮਨ ਮਰਜ਼ੀਆਂ ਨਾਲ ਸਬੰਧਤ ਵੇਰਵੇ ਦਿੱਤੇ ਹੋਏ ਹਨ ਅਤੇ ਨਤੀਜਾ ਇਹ ਕੱਢਿਆ ਹੋਇਆ ਹੈ ਕਿ ਪੁਲਿਸ ਮੁਖੀ, ਮੁਖ ਮੰਤਰੀ ਦੀ ਸੁਣ ਤਾਂ ਲੈਂਦੇ ਸਨ, ਪ੍ਰੰਤੂ ਕਰਦੇ ਆਪਣੀ ਮਨ-ਮਰਜ਼ੀ ਸਨ। ਅਜਿਹਾ ਜਿਸ ਸ਼ਹਿ ਨਾਲ ਹੋ ਰਿਹਾ ਸੀ, ਉਸ ਦੇ ਵੇਰਵੇ ਵੀ ਇਸ ਪੁਸਤਕ ਵਿਚ ਸ਼ਾਮਲ ਹਨ। ਇਹੋ ਜਿਹੀਆਂ ਗੱਲਾਂ ਕਤਲ ਦੀ ਸਾਜ਼ਸ਼ ਦਾ ਸ਼ੱਕ ਪੈਦਾ ਕਰਦੀਆਂ ਹਨ। ਹਾਲਾਤ ਨੂੰ ਭਾਂਪਦਿਆਂ ਮੁਖ ਮੰਤਰੀ ਨੇ ਅਸਤੀਫਾ ਦੇਣ ਦਾ ਮਨ ਵੀ ਬਣਾ ਲਿਆ ਸੀ। ਪਰ ਇਹ ਕਦਮ ਚੁੱਕਣ 'ਤੋਂ ਹਾਮੀਆਂ ਹਿਤੈਸ਼ੀਆਂ ਨੇ ਰੋਕ ਲਿਆ ਸੀ। ਪੁਲਿਸ ਦੀਆਂ ਵਧੀਕੀਆਂ ਦੀ ਸਜ਼ਾ ਸਿਆਸਤਦਾਨਾਂ ਨੂੰ ਭੁਗਤਣੀ ਪੈ ਰਹੀ ਸੀ ਅਤੇ ਇਹ ਸੱਚ ਸਾਹਮਣੇ ਆ ਗਿਆ ਸੀ ਕਿ 'ਨੌਜਵਾਨ ਕੋਈ ਅਤਿਵਾਦੀ ਨਹੀਂ ਸਨ ਸਗੋਂ ਉਨ੍ਹਾਂ ਨੂੰ ਬਦਨਾਮ ਅਤੇ ਮਜਬੂਰ ਕੀਤਾ ਗਿਆ ਸੀ' (144)। ਲੇਖਕ ਦੀਆਂ ਨਿਗਾਹਾਂ ਵਿਚ ਅਮਨ ਦੀ ਬਹਾਲੀ ਬਹੁਤ ਸਾਰੀਆਂ ਜਾਨਾਂ ਦੀ ਅਹੂਤੀ ਲੈ ਕੇ ਹੋਈ, ਸ. ਬੇਅੰਤ ਸਿੰਘ ਵੀ ਉਨ੍ਹਾਂ ਵਿਚ ਸ਼ਾਮਲ ਹਨ। ਸਮਕਾਲੀ ਰਾਜਨੀਤੀ ਅਤੇ ਰਾਜਨੀਤਕਾਂ ਨੂੰ ਸਮਝਣ ਵਿਚ ਇਹ ਪੁਸਤਕ ਸਹਾਇਕ ਦੀ ਭੂਮਿਕਾ ਨਿਭਾਉਂਦੀ ਹੈ। ਲੇਖਕ ਈਮਾਨਦਾਰੀ ਨਾਲ ਹੱਡਬੀਤੀਆਂ ਵਾਂਗ ਗੱਲਾਂ ਕਰਦਾ ਹੋਇਆ ਜਿਹੋ ਜਿਹਾ ਮਸੌਦਾ ਸਾਹਮਣੇ ਲਿਆ ਰਿਹਾ ਹੈ, ਇਸ ਨੂੰ ਲੈ ਕੇ ਇਸ ਦੀ ਅਕਾਦਮਿਕਤਾ ਉਸਾਰੇ ਜਾਣ ਦੀ ਲੋੜ ਹੈ।

# ਉਸਤਾਦ ਮਿੱਤਰ-ਸ਼ਮਸ਼ੇਰ ਸੰਧੂ



**ਹਰਿੰਦਰ ਸਿੰਘ ਬੀਸਲਾ**
ਫੋਨ: 001-562-726-7674

ਸ਼ਮਸ਼ੇਰ ਸੰਧੂ ਨਾਲ ਪਹਿਲੀ ਮੁਲਾਕਾਤ ਹੀ ਬਹੁਤ ਨਾਟਕੀ ਰਹੀ। ਬੰਗਾ ਕਾਲਜ ਵਿਚ ਇਹ ਮੇਰਾ ਦੂਜਾ ਸਾਲ ਸੀ, ਕਲਾਸ ਪਹਿਲੀ ਹੀ ਸੀ। ਨੋਟਿਸ ਬੋਰਡ 'ਤੇ ਕਾਲਜ ਦੀ ਲਿਖਾਰੀ ਤੇ ਬੁਲਾਰੇ ਸਭਾ ਦੀ ਚੋਣ ਬਾਰੇ ਪੜ੍ਹ ਕੇ ਦੱਸੇ ਹੋਏ ਕਮਰੇ ਵਿਚ ਜਾ ਹਾਜਿਰ ਹੋਇਆ। ਕਮਰੇ ਵਿਚ ਪੰਜਾਬੀ ਵਿਭਾਗ ਦੇ ਮੁਖੀ ਡਾ. ਸਿੱਕਾ ਜੀ ਦੇ ਨਾਲ ਇਕ ਬਹੁਤ ਹੀ ਸੁਨੱਖਾ ਤੇ ਵਿਦਿਆਰਥੀ ਲਗਦਾ ਨੌਜਵਾਨ ਵੀ ਬੈਠਾ ਸੀ। ਡਾ. ਸਿੱਕਾ ਦੇ ਦੱਸਣ ਤੋਂ ਪਤਾ ਲੱਗਾ ਕਿ ਉਹ ਸਨ ਪੰਜਾਬੀ ਦੇ ਲੈਕਚਰਾਰ ਸ਼ਮਸ਼ੇਰ ਸੰਧੂ ਜਿਨ੍ਹਾਂ ਹੁਣ ਸਭਾ ਦੇ ਇੰਚਾਰਜ ਵੀ ਹੋਣਾ ਸੀ। ਸੰਧੂ ਨੇ ਹੀ ਸੁਝਾਅ ਦਿੱਤਾ ਕਿ ਲਿਖਾਰੀ ਤਾਂ ਪਰਖੇ ਨਹੀਂ ਜਾਣੇ ਬੁਲਾਰੇ ਤਾਂ ਪਰਖ ਲਈਏ। ਉਨ੍ਹਾਂ ਨੇ ਹੀ ਕੁਝ ਵਿਸ਼ੇ ਦਿੱਤੇ ਬੋਲਣ ਲਈ। ਭਰੇ ਹੋਏ ਕਮਰੇ ਵਿਚ ਸਭਾ ਦੇ ਪੁਰਾਣੇ ਅਹੁਦੇਦਾਰ ਵੀ ਹਾਜ਼ਰ ਸਨ, ਪਰ ਸਭ ਕੋਈ ਨਾ ਕੋਈ ਬਹਾਨਾ ਮਾਰ ਗਏ। ਬੱਸ ਮੌਕਾ ਮੇਲ ਹੀ ਸੀ ਕਿ ਮੈਂ ਜਕਦਾ ਜਕਦਾ ਦੋ ਤਿੰਨ ਮਿੰਟ ਬੋਲ ਗਿਆ। ਇਹ ਸੀ ਸਾਡੀ ਪਹਿਲੀ ਮੁਲਾਕਾਤ ਜੋ ਛੇਤੀ ਉਮਰਾਂ ਦੀ ਦੋਸਤੀ ਵਿਚ ਬਦਲ ਗਈ। ਇਥੇ ਹੀ ਪਹਿਲੀ ਵਾਰ ਹਰਬੰਸ ਹੀਉਂ ਤੇ ਜਸਵਿੰਦਰ ਨਾਲ ਮੇਲ ਹੋਇਆ ਜਿਨ੍ਹਾਂ ਨਾਲ ਰਲ ਕੇ ਸੰਧੂ, ਹਰਬੰਸ, ਜਸਵਿੰਦਰ ਤੇ ਸਾਡੀ ਚੌਕੜੀ ਬਣੀ।

ਗਿਆਰਵੀਂ ਜਮਾਤ ਦਾ ਮੇਰੇ ਵਾਲਾ ਸੈਕਸ਼ਨ ਸੰਧੂ ਹੋਰਾਂ ਕੋਲ ਨਾ ਗਿਆ, ਸਾਨੂੰ ਡਾ. ਸਿੱਕਾ ਪੜ੍ਹਾਉਣ ਲੱਗ ਪਏ। ਪਰ ਸੰਧੂ ਹੋਰਾਂ ਨੂੰ ਮਿਲਣ ਦੀ ਖਿੱਚ ਹਰ ਵਿਹਲੇ ਪੀਰੀਅਡ ਵਿਚ ਮਿਊਜ਼ਿਕ ਰੂਮ ਵਿਚ ਲੈ ਜਾਂਦੀ, ਜਿਥੇ ਸੰਧੂ ਵੀ ਆਪਣੇ ਵਿਹਲੇ ਪੀਰੀਅਡ ਵਿਚ ਆ ਜਾਂਦੇ। ਮੇਰੇ ਵਾਂਗ ਉਨ੍ਹਾਂ ਨਾਲ ਸਮਾਂ ਬਿਤਾਉਣ ਵਾਲੇ ਵਿਦਿਆਰਥੀਆਂ ਦਾ ਤਾਂਤਾ ਲੱਗਾ ਰਹਿੰਦਾ। ਇਸ ਕਮਰੇ ਦੀ ਸਾਂਝ ਵਿਚੋਂ ਹੀ ਹਰਬੰਸ ਹੀਉਂ ਅਤੇ ਜਸਵਿੰਦਰ ਮਜਾਰੀ ਨਾਲ ਸਾਂਝ ਬਣੀ ਜੋ ਮੇਰੇ ਤੋਂ ਦੋ ਕਲਾਸਾਂ ਅੱਗੇ ਪੜ੍ਹ ਰਹੇ ਸਨ। ਅਸੀਂ ਤਿੰਨਾਂ ਨੇ ਇਥੇ ਹੀ ਸੰਧੂ ਤੋਂ ਉਨ੍ਹਾਂ ਦੀਆਂ ਕਵਿਤਾਵਾਂ ਸੁਣੀਆਂ। ਉਨ੍ਹਾਂ ਕੋਲੋਂ ਲੈ ਕੇ ਉਨ੍ਹਾਂ ਦੀ ਕਹਾਣੀਆਂ ਦੀ ਕਿਤਾਬ 'ਕੋਈ ਦਿਓ ਜਵਾਬ' ਪੜ੍ਹੀ।

ਇਨ੍ਹਾਂ ਦਿਨਾਂ ਵਿਚ ਹੀ ਉਨ੍ਹਾਂ ਨੇ ਗਾਇਕਾਂ ਦੇ ਰੇਖਾ ਚਿੱਤਰ ਲਿਖਣੇ ਸ਼ੁਰੂ ਕੀਤੇ। ਕਵਿਤਾ ਅਤੇ ਕਹਾਣੀ ਤੋਂ ਉਨ੍ਹਾਂ ਨੇ ਕਿਨਾਰਾ ਹੀ ਕਰ ਲਿਆ ਸੀ। ਸਾਰਾ ਧਿਆਨ ਗਾਇਕਾਂ ਬਾਰੇ ਲਿਖਣ ਵੱਲ ਲਾ ਲਿਆ ਸੀ। ਸਾਨੂੰ ਪਹਿਲਾਂ ਹੀ ਖਬਰਾਂ ਮਿਲ ਜਾਂਦੀਆ ਕਿ ਦੀਦਾਰ ਸੰਧੂ ਤੇ ਕੁਲਦੀਪ ਕੌਰ 'ਘੱਗਰੇ ਦੀ ਵੇ ਲੌਣ ਭਿੱਜ ਗਈ' ਦੀਆਂ ਤਿਆਰੀਆਂ ਕਰ ਰਹੇ ਹਨ, ਰਿਕਾਰਡ ਕਰਵਾਉਣ ਲਈ। ਕੁਲਦੀਪ ਮਾਣਕ ਦੀ ਐਚ.ਐਮ.ਵੀ. ਨਾਲ ਨਰਾਜ਼ਗੀ ਚੱਲ ਰਹੀ ਆ। ਸੁਰਿੰਦਰ ਛਿੰਦਾ ਕਲੀਆਂ ਦੀ ਤਿਆਰੀ ਕਰ ਰਿਹਾ। ਸੰਧੂ ਹੋਰਾਂ ਦੀ ਹੱਲਾ-ਸ਼ੇਰੀ ਨਾਲ ਮੈਂ, ਹਰਬੰਸ ਤੇ ਜਸਵਿੰਦਰ ਵੱਖ ਵੱਖ ਕਾਲਜਾਂ ਵਿਚ ਕਵਿਤਾ ਉਚਾਰਨ ਦੇ ਮੁਕਾਬਲਿਆਂ ਵਿਚ ਸ਼ਾਮਲ ਹੁੰਦੇ ਰਹੇ। ਪਤਾ ਹੀ ਨਾ ਚਲਿਆ ਕਿ ਸਾਲ ਕਿਵੇਂ ਲੰਘ ਗਿਆ।

ਅਗਲੇ ਸਾਲ ਮੇਰੇ ਘਰੇਲੂ ਹਾਲਾਤ ਇਸ ਤਰ੍ਹਾਂ ਦੇ ਬਣੇ ਕਿ ਮੈਨੂੰ ਪੜ੍ਹਾਈ ਛੱਡ ਕੇ ਖੇਤੀ ਸ਼ੁਰੂ ਕਰਨੀ ਪਈ। ਕਾਲਜ ਜਾਣਾ ਬੰਦ ਹੋ ਗਿਆ। ਸੰਧੂ ਨੂੰ ਮਿਲਣ ਦੀ ਤਾਂਘ ਨਾਲ ਮੈਂ ਜਦ ਵੀ ਵਕਤ ਮਿਲਦਾ ਬੰਗੇ ਕਾਲਜ ਚਲਾ ਜਾਂਦਾ। ਉਨ੍ਹਾਂ ਨੇ ਵੀ ਮੈਨੂੰ ਜਸਵਿੰਦਰ ਹੋਰਾਂ ਨਾਲ ਕਾਲਜਾਂ ਵਿਚ ਭੇਜ ਦੇਣਾ। ਉਨ੍ਹਾਂ ਦਿਨਾਂ ਵਿਚ ਅਸੀਂ ਕਈ ਮੁਕਾਬਲਿਆਂ ਵਿਚੋਂ ਇਨਾਮ ਵੀ ਲੈ ਆਂਦੇ।

ਇਨ੍ਹਾਂ ਹੀ ਸਾਲਾਂ ਵਿਚ ਇਹ ਖੂਬਸੂਰਤ ਸਬੱਬ ਬਣ ਗਿਆ ਕਿ ਸੰਧੂ ਮੇਰੇ ਗੁਆਂਢੀ ਪਿੰਡ ਗੁਣਾਚੌਰ ਵਿਖੇ ਵਿਆਹਿਆ ਗਿਆ। ਸਾਡੇ ਮੇਲ-ਮਿਲਾਪ ਲਈ ਇਹ ਵੀ ਵਰਦਾਨ ਸਾਬਤ ਹੋਇਆ। ਅਗਲੇ ਸਾਲ ਸੰਧੂ ਅਤੇ ਉਸ ਦੇ ਸਹੁਰਿਆਂ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਉਨ੍ਹਾਂ ਨੂੰ ਬੰਗੇ ਕਾਲਜ ਵਿਚ ਥਾਂ ਨਾ ਮਿਲ ਸਕੀ, ਹਾਲਾਂਕਿ ਸੰਧੂ ਲੈਕਚਰਾਰ ਦੇ ਤੌਰ 'ਤੇ ਏਨੇ ਹਰਮਨ ਪਿਆਰੇ ਸਨ ਕਿ ਉਹ ਮੁੰਡੇ ਜੋ ਸਿਰਫ ਗੇੜੀ ਮਾਰਨ ਹੀ ਕਾਲਜ ਆਉਂਦੇ ਸੀ, ਉਹ ਵੀ ਉਨ੍ਹਾਂ ਦਾ ਪੀਰੀਅਡ ਨਾ ਛੱਡਦੇ। ਇਨ੍ਹਾਂ ਵਿਹਲ ਦੇ ਦਿਨਾਂ ਵਿਚ ਸ਼ਮਸ਼ੇਰ ਕੁਝ ਨਿਰਾਸ਼ ਵੀ ਰਹਿਣ ਲੱਗ ਪਿਆ ਸੀ। ਪਰ ਇਹ ਨਿਰਾਸ਼ਾ ਬਹੁਤੇ ਦਿਨ ਨਾ ਰਹੀ। 'ਪੰਜਾਬੀ ਟ੍ਰਿਬਿਊਨ' ਵਿਚ ਛੇਤੀ ਹੀ ਬਰਜਿੰਦਰ ਸਿੰਘ ਹਮਦਰਦ ਦੇ ਯਤਨ ਨਾਲ ਉਹ ਸਬ-ਐਡੀਟਰ ਜਾ ਲੱਗੇ। ਹੁਣ ਕਦੇ ਸੋਚਦਾ ਤਾਂ ਲਗਦਾ ਕਿ ਚੰਗਾ ਹੀ ਹੋਇਆ ਕਿ ਬੰਗੇ ਕਾਲਜ ਵਾਲਿਆਂ ਉਨ੍ਹਾਂ ਨੂੰ ਪੱਕੇ ਨਹੀਂ ਕੀਤਾ, ਕਿਉਂਕਿ ਜਿਵੇਂ ਸੁਖਵੀਰ ਗੁਣਾਚੌਰ ਵਾਲੇ ਪਰਿਵਾਰ ਦੀ ਇਕੱਲੀ ਲੜਕੀ ਹੈ ਤਾਂ ਸੰਧੂ ਨੇ ਹਮੇਸ਼ਾਂ ਲਈ ਬੰਗੇ ਅਤੇ ਗੁਣਾਚੌਰ ਦਾ ਹੋ ਕੇ ਰਹਿ ਜਾਣਾ ਸੀ। ਜਿਵੇਂ ਉਸ ਨੇ ਚੰਡੀਗੜ੍ਹ ਜਾ ਕੇ ਉੱਚੀਆਂ ਉਡਾਣਾਂ ਭਰੀਆਂ, ਸ਼ਾਇਦ ਇਨ੍ਹਾਂ ਤੋਂ ਵਾਂਝਾ ਰਹਿ ਜਾਂਦਾ।

ਸ਼ਮਸ਼ੇਰ ਦਾ ਸਾਡੇ ਗੁਆਂਢੀ ਪਿੰਡ ਗੁਣਾਚੌਰ ਵਿਆਹਿਆ ਜਾਣਾ, ਸਾਡੀਆਂ ਹੁਣ ਤੱਕ ਬਣੀਆਂ ਪਰਿਵਾਰਕ ਸਾਂਝਾਂ ਦਾ ਸਬੱਬ ਬਣ ਗਿਆ। ਉਹ ਗੁਣਾਚੌਰ ਆਉਂਦਾ ਤਾਂ ਮੋਟਰ-ਸਾਈਕਲ ਚੁੱਕ ਕੇ ਤਲਵੰਡੀ ਫੱਤੂ ਆ ਜਾਂਦਾ। ਉਨ੍ਹਾਂ ਦਿਨਾਂ ਵਿਚ ਫੋਨ ਕਿਥੇ ਹੁੰਦੇ ਸਨ, ਪਰ ਦਿਲ ਦੀਆਂ ਜੁੜੀਆਂ ਤਾਰਾਂ ਹੀ ਸਨ ਕਿ ਅਸੀਂ ਅਕਸਰ ਮਿਲ ਪੈਂਦੇ ਰਹੇ। ਤਲਵੰਡੀ ਲਗਦੀਆਂ ਮਹਿਫ਼ਲਾ ਅਤੇ ਸੰਧੂ ਦੇ ਮਿਲਾਪੜੇ ਸੁਭਾਅ ਦਾ ਕਰਿਸ਼ਮਾ ਸੀ ਕਿ ਮੇਰੇ ਉਹ ਮਿੱਤਰ ਬਾਰੀ, ਕੰਮਾ, ਮੱਖਣ ਤੇ ਪੰਮੀ ਜਿਹੜੇ ਕਦੇ ਪ੍ਰਾਇਮਰੀ ਸਕੂਲ ਤੋਂ ਅੱਗੇ ਨਹੀਂ ਸੀ ਗਏ, ਉਹ ਵੀ ਉਸ ਦੇ ਮਿਤਰਾਂ ਦੀ ਲਿਸਟ ਵਿਚ ਸ਼ਾਮਲ ਹੋ ਗਏ। ਕੋਈ ਗਿਣਤੀ ਨਹੀਂ ਅਸੀਂ ਕਿੰਨੇ ਦਿਨ ਕਿੰਨੀਆ ਰਾਤਾਂ, ਇਕੱਠਿਆਂ ਨੇ ਗੁਣਾਚੌਰ ਜਾਂ ਤਲਵੰਡੀ ਬਿਤਾਈਆਂ ਹੋਣ। ਭੈਣ ਸੁਖਵੀਰ ਦੇ ਪਿਤਾ ਨੰਬਰਦਾਰ ਦਰਸ਼ਨ ਸਿੰਘ ਤੇ ਮਾਤਾ ਗੁਰਚਰਨ ਕੌਰ ਤੋਂ ਵੀ ਮੈਨੂੰ ਰੱਜਵਾਂ ਪਿਆਰ ਮਿਲਿਆ।

ਸ਼ਮਸ਼ੇਰ ਸੰਧੂ ਨਾਲ ਸੰਬੰਧਾਂ ਕਰਕੇ ਹੀ ਮੈਨੂੰ ਵੱਖ-ਵੱਖ ਖੇਤਰ ਦੀਆਂ ਅਜ਼ੀਮ ਸ਼ਖਸੀਅਤਾਂ ਨਾਲ ਮੇਲ-ਮਿਲਾਪ ਦੇ ਮੌਕੇ ਮਿਲੇ। ਪਾਸ਼ ਨਾਲ ਪਹਿਲੀ ਵਾਰ ਬੰਗੇ ਕਾਲਜ ਉਸ ਨੂੰ ਮਿਲਣ ਆਏ ਨਾਲ ਹੀ ਮੇਲ ਹੋਇਆ, ਜੋ ਉਸ ਦੇ ਅਮਰੀਕਾ ਜਾਣ ਤੱਕ ਜਾਰੀ ਰਿਹਾ। ਫਿਲਮਕਾਰ ਜਗਜੀਤ ਚੂਹੜਚੱਕ ਨਾਲ ਪਹਿਲੀ ਮੁਲਾਕਾਤ ਵੀ ਉਸ ਦੇ ਚੰਡੀਗੜ੍ਹ ਵਾਲੇ ਕਮਰੇ ਵਿਚ ਹੀ ਹੋਈ, ਜੋ ਜਗਜੀਤ ਦੀ ਮੌਤ ਤੱਕ ਨਿਭਦੀ ਰਹੀ। ਗੁਰਭਜਨ ਗਿੱਲ, ਅਮਰੀਕ ਬਨਵੈਤ, ਸਵਿਤੋਜ, ਸੁਰਜੀਤ ਪਾਤਰ ਤੇ ਹੋਰ ਬਹੁਤ ਸਾਰੀਆਂ ਸਾਹਿਤਕ ਸ਼ਖਸ਼ੀਅਤਾਂ ਨਾਲ ਨਿੱਘੇ ਸਬੰਧ ਉਸ ਜ਼ਰੀਏ ਬਣੇ। ਬਹੁਤ ਸਾਰੇ ਗਾਇਕਾਂ ਤੇ ਕਲਾਕਾਰਾਂ ਜਿਨ੍ਹਾਂ ਵਿਚ ਹੰਸ ਰਾਜ ਹੰਸ, ਬਿੰਦਰਖੀਆ, ਕਮਲਜੀਤ ਨੀਲੋਂ, ਅਤੁਲ ਸ਼ਰਮਾ ਤੇ ਹੋਰਾਂ ਨਾਲ ਲਾਗੇ ਹੋ ਕੇ ਵਿਚਰਨ ਦਾ ਮੌਕਾ ਮਿਲਿਆ ਤਾਂ ਉਹ ਵੀ ਸੰਧੂ ਕਰ ਕੇ ਹੀ ਸੀ।

ਹੁਣ ਜਦ ਮੈਂ ਸ਼ਮਸ਼ੇਰ ਨਾਲ ਆਪਣੇ 45 ਸਾਲ ਲੰਬੇ ਸਬੰਧਾਂ 'ਤੇ ਝਾਤ ਮਾਰਦਾਂ ਤਾਂ ਕੋਈ ਮੌਕਾ ਨਜ਼ਰ ਨਹੀਂ ਆਉਂਦਾ ਜਿਥੇ ਦੁੱਖ-ਸੁੱਖ, ਖੁਸ਼ੀ-ਗਮੀ ਵਿਚ ਇਕੱਠੇ ਨਾ ਹੋਏ ਹੋਈਏ। 1980 'ਚ ਜਦੋਂ ਮੇਰਾ ਵਿਆਹ ਸੀ ਤਾਂ ਮੇਰੇ ਕੱਪੜੇ ਪਸੰਦ ਕਰਨ ਤੋਂ ਲੈ ਕੇ ਸੁਰਿੰਦਰ ਛਿੰਦੇ ਨੂੰ ਬੁੱਕ ਕਰਨ ਤੱਕ ਹਰ ਫੈਸਲੇ 'ਚ ਮੋਹਰੀ ਸੀ। ਹਾਲਾਂ ਕਿ ਸਾਡੀ ਰੀਝ ਤਾਂ ਦੀਦਾਰ ਸੰਧੂ ਨੂੰ ਸੱਦਣ ਦੀ ਸੀ, ਪਰ ਉਸ ਦੇ ਪਹਿਲਾਂ ਬੁੱਕ ਹੋਣ ਕਰਕੇ ਪੂਰੀ ਨਾ ਹੋ ਸਕੀ। ਸਾਡੇ ਬੱਚੇ ਗਗਨ ਤੇ ਸੁਖਮਣੀ, ਨਵਦੀਪ ਤੇ ਮਨਮੀਤ ਵੀ ਹਾਣੀ ਹੀ ਹਨ। ਮੈਨੂੰ ਅਜੇ ਕੱਲ੍ਹ ਵਾਂਗ ਯਾਦ ਹੈ ਜਦ ਸ਼ਮਸ਼ੇਰ ਦੇ ਮੋਟਰ-ਸਾਈਕਲ ਤੇ ਅਸ਼ੋਕ ਸ਼ਰਮਾ ਦੇ ਸਕੂਟਰ 'ਤੇ ਸਵਾਰ ਹੋ ਕੇ ਅਸੀਂ ਦੋਵਾਂ ਪਰਿਵਾਰਾਂ ਨੇ ਚੰਡੀਗੜ੍ਹ ਦਾ ਆਲਾ-ਦਵਾਲਾ ਘੁੰਮਿਆ ਸੀ। ਸ਼ਮਸ਼ੇਰ ਦੀ ਚੰਡੀਗੜ੍ਹ ਬਣ ਰਹੀ ਕੋਠੀ ਲਈ ਸਾਰੀ ਰਾਤ ਭਰੋਮਜਾਰੇ ਦੇ ਆਰੇ 'ਤੇ ਬੈਠ ਕੇ ਲੱਕੜ ਚਿਰਵਾਈ ਸੀ। ਕੋਠੀ ਦੇ ਗ੍ਰਹਿ ਪਰਵੇਸ਼ ਸਮੇਂ ਰੌਣਕਾਂ ਦਾ ਹਿੱਸਾ ਬਣੇ ਸੀ। ਦੀਦਾਰ ਸੰਧੂ ਤੇ ਅਮਰ ਨੂਰੀ ਨੂੰ ਇਕੱਠਿਆਂ ਆਪਣਾ ਅਮਰ ਗੀਤ 'ਮੇਰਾ ਕੱਲ੍ਹ ਦਾ ਕਾਲਜਾ ਦੁੱਖਦਾ' ਗਉਂਦਿਆਂ ਵੀ ਆਖਰੀ ਵਾਰ ਇਸ ਮਹਿਫਲ ਵਿਚ ਹੀ ਸੁਣਿਆ ਸੀ।

ਸੰਧੂ ਦੀ ਵਜ੍ਹਾ ਕਰਕੇ ਮੈਨੂੰ ਜਿੰਦਗੀ ਵਿਚ ਉਹ ਮੌਕੇ ਮਿਲੇ, ਜਿਨ੍ਹਾਂ ਦੀ ਉਨ੍ਹਾਂ ਦੇ ਸਾਥ ਬਿਨਾਂ ਸੰਭਾਵਨਾ ਹੀ ਨਾ ਹੁੰਦੀ। ਮੈਂ ਪਹਿਲੀ ਵਾਰ ਰੇਡੀਓ ਸਟੇਸ਼ਨ ਜਲੰਧਰ ਦੇ ਪ੍ਰੋਗਰਾਮ ਯੁਵ ਬਾਣੀ 'ਚ ਕਹਾਣੀ ਪੜ੍ਹਨ ਉਨ੍ਹਾਂ ਨਾਲ ਹੀ ਗਿਆ, ਜਿਸ ਦੇ ਪੇਸ਼ਕਾਰ ਉਹ ਹੀ ਸਨ। ਖੂਬਸੂਰਤ ਸਬੱਬ ਸੀ ਕਿ ਗੀਤਕਾਰ ਤੇ ਗਾਇਕ ਜਸਵੰਤ ਸੰਦੀਲਾ ਵੀ ਉਸੇ ਪ੍ਰੋਗਰਾਮ ਵਿਚ ਪਹਿਲੀ ਵਾਰ ਰੇਡੀਓ ਸਟੇਸ਼ਨ 'ਤੇ ਗਿਆ ਸੀ। ਫੇਰ ਰੇਡੀਓ ਸਟੇਸ਼ਨ 'ਤੇ ਜਾਣ ਦੇ ਬਥੇਰੇ ਮੌਕੇ ਮਿਲੇ। ਦੂਰਦਰਸ਼ਨ ਜਲੰਧਰ 'ਤੇ ਜਾਣ ਦਾ ਸਬੱਬ ਵੀ ਉਹਦੇ ਨਾਲ ਹੀ ਬਣਿਆ, ਜਦੋਂ ਬਿੰਦਰੱਖੀਏ ਦੇ ਇਕ ਰ-ਬ-ਰੂ





ਵਿਚ ਮੈਂ ਵੀ ਸਵਾਲ ਕਰਤਾ ਬਣਿਆ। ਉਸ ਦੇ ਜ਼ਰੀਏ ਲਖਵਿੰਦਰ ਜੌਹਲ ਤੇ ਸਵਿਤੋਜ ਨਾਲ ਬਣੀ ਸਾਂਝ ਨੇ ਦੂਰਦਰਸ਼ਨ 'ਤੇ ਜਾਣ ਦੇ ਵੀ ਬਥੇਰੇ ਮੌਕੇ ਦਿੱਤੇ। ਜੇ ਅਸੀਂ ਰਲ਼ ਕੇ ਸੁਰਜੀਤ ਪਾਤਰ ਦੀ ਅਵਾਜ਼ ਵਿਚ ਕੈਸਿਟ 'ਬਿਰਖ਼ ਜੋ ਸਾਜ਼ ਹੈ' ਰਿਕਾਰਡ ਕਰਵਾ ਸਕੇ ਤਾਂ ਇਹ ਵੀ ਉਸ ਦੇ ਦਿੱਤੇ ਹੌਸਲੇ ਕਰਕੇ ਸੀ। ਦੋ ਕੁ ਵਾਰ ਪ੍ਰੋਗਰਾਮ ਬਣ ਕੇ ਰੱਦ ਹੋਣ 'ਤੇ ਉਹਨੇ ਤੇ ਅਤੁਲ ਸ਼ਰਮਾ ਨੇ ਹੀ ਮੇਰਾ ਹੌਸਲਾ ਡਿਗਣ ਨਹੀਂ ਦਿੱਤਾ। ਇਕ ਵਾਰ ਤਾਂ ਉਹਨੇ ਤੇ ਅਤੁਲ ਨੇ, ਜਦ ਉਹ ਸ਼ਿਮਲੇ ਦੁਪਿਹਰ ਰੰਗੀਨ ਕਰੀ ਬੈਠੇ ਸਨ, ਉਥੋਂ ਫੋਨ ਕਰਕੇ ਮੈਨੂੰ ਚੇਤਾ ਕਰਾਇਆ, ਜਦੋਂ ਬੰਗਿਆਂ ਤੋਂ ਮੇਰੇ ਪਿੰਡ ਫੋਨ ਕਰਨਾ ਵੀ ਟੇਡੀ ਖੀਰ ਸੀ।

ਪੰਜਾਬੀ ਲੋਕ ਸੰਗੀਤ, ਫਿਲਮਾਂ ਤੇ ਕਬੱਡੀ ਸਾਡੇ ਦੋਵਾਂ ਦੇ ਸਾਂਝੇ ਸ਼ੌਕ ਹਨ। ਅਸੀਂ ਸੈਂਕੜੇ ਕਬੱਡੀ ਮੈਚ ਇਕੱਠਿਆਂ ਨੇ ਦੇਖੇ ਹਨ। ਜਦ ਪੰਜਾਬ ਵਿਚ ਮੋਟਰ-ਸਾਈਕਲ ਚਲਾਉਣ 'ਤੇ ਪਾਬੰਦੀ ਲੱਗੀ ਹੋਈ ਸੀ, ਅਸੀਂ ਸਾਇਕਲਾਂ 'ਤੇ ਸਫ਼ਰ ਕਰ ਕੇ ਵੀ ਕਬੱਡੀ ਦੇ ਮੈਚ ਦੇਖਣ ਜਾਂਦੇ ਰਹੇ ਹਾਂ। ਝਿੰਗੜਾਂ ਦੇ ਟੂਰਨਾਮੈਂਟ ਵਿਚ ਅਸੀਂ ਇਕੱਠਿਆਂ ਬਲਵਿੰਦਰ ਫਿੱਡੂ ਨੂੰ ਪਹਿਲੀ ਵਾਰ ਕਬੱਡੀ ਖੇਡਦਾ ਦੇਖਿਆ। ਪੱਤੜਾਂ ਵਾਲੇ ਬੋਲੇ ਦੀ ਖੇਡ ਵੀ ਸਾਡੇ ਪਿੰਡ ਦੇ ਟੂਰਨਾਮੈਂਟ ਵਿਚ ਅਸੀਂ ਇਕੱਠਿਆਂ ਪਹਿਲੀ ਵਾਰ ਦੇਖੀ। ਕਿਲ੍ਹਾ ਰਾਇਪੁਰ, ਢੁੱਡੀਕੇ ਤੇ ਹਕੀਮ ਪੁਰ ਦੇ ਟੂਰਨਾਮੈਂਟ ਅਸੀਂ ਬਹੁਤੀ ਵਾਰ ਇਕੱਠਿਆਂ ਦੇਖੇ। ਫਿੱਡੂ ਤੇ ਬੋਲੇ ਦੀ ਖੇਡ ਤੋਂ ਤਾਂ ਸੰਧੂ ਏਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਦੋਵਾਂ ਬਾਰੇ ਆਰਟੀਕਲ ਵੀ ਲਿਖੇ।

ਫਿਲਮਾਂ ਬਥੇਰੀਆਂ ਅਸੀਂ ਇਕੱਠਿਆਂ ਨੇ ਦੇਖੀਆਂ ਵੀ ਤੇ ਇਕੱਲੇ ਇਕੱਲੇ ਦੇਖੀਆਂ ਫਿਲਮਾਂ ਬਾਰੇ ਗੱਲਾਂ ਵੀ ਬਹੁਤ ਕੀਤੀਆਂ ਹਨ। 'ਨਿਊ ਦਿੱਲੀ ਟਾਈਮਜ਼' ਦੇਖੀ ਫਿਲਮ ਬਾਰੇ ਉਸ ਗੱਲਾਂ ਰਾਹੀਂ ਮੇਰੇ ਅੰਦਰ ਇੰਨੀ ਜਗਿਆਸਾ ਪੈਦਾ ਕਰ ਦਿੱਤੀ ਕਿ ਮੈਂ ਦੂਜੇ ਦਿਨ ਫਿਲਮ ਦੇਖਣ ਲਈ ਉਸ ਦੇ ਨਾਲ ਹੀ ਚੰਡੀਗੜ੍ਹ ਨੂੰ ਚੜ੍ਹ ਗਿਆ। ਮੇਰੇ ਦੱਸਣ ਤੇ ਮੇਰਾ ਭਣੌਈਆ ਗੁਰਦਿਆਲ ਵੀ.ਸੀ.ਆਰ. ਲੈ ਕੇ ਆਇਆ ਤੇ ਕੁਝ ਆਰਟ ਫਿਲਮਾਂ ਵੀ, ਇਸ ਗੱਲ ਦੀ ਪਰਵਾਹ ਕੀਤੇ ਬਿਨਾ ਕਿ ਮੋਟਰ-ਸਾਈਕਲ ਤੇ ਦੋਹਰੀ ਸਵਾਰੀ ਦੀ ਪਾਬੰਦੀ ਹੈ, ਮੈਂ, ਸੰਧੂ ਤੇ ਜਸਵਿੰਦਰ ਤਿੰਨੇ ਇਕੋ ਮੋਟਰ-ਸਾਈਕਲ ਤੇ ਚੜ੍ਹ ਕੇ ਸਰਗੂੰਦੀ (ਗੁਰਾਇਆ) ਨੂੰ ਚਲ ਪਏ। ਮੈਂ ਚਾਲਕ ਤੇ ਓਹ ਦੋਵੇਂ ਮੇਰੇ ਪਿੱਛੇ ਬਹਿ ਗਏ। ਪੁਲੀਸ ਨਾਕਿਆਂ ਤੇ ਦੋਵੇਂ ਥੱਲੇ ਉਤੱਰ ਜਾਂਦੇ ਤੇ ਨਾਕਾ ਟੱਪ ਕੇ ਫਿਰ ਅਸਵਾਰ ਹੋ ਜਾਂਦੇ। ਇਵੇਂ ਬਚਦੇ-ਬਚਾਉਂਦੇ ਅਸੀਂ ਮੰਜ਼ਿਲ 'ਤੇ ਪਹੁੰਚ ਗਏ ਪਰ ਉਸ ਦਿਨ ਇਕੋ ਵਾਰੀ ਦੇਖੀਆਂ ਤਿੰਨੇ ਫਿਲਮਾਂ 'ਅਰਬ', 'ਅਰਧ ਸਤਿਅ' ਤੇ 'ਐਲਬਟ ਪਿੰਟੋ ਕੋ ਗੁਸਾ ਕਿਉਂ ਆਤਾ ਹੈ' ਅਜੇ ਵੀ ਚੇਤਿਆਂ ਵਿਚ ਡੂੰਘੀਆਂ ਉੱਕਰੀਆਂ ਹੋਈਆਂ ਹਨ। ਮੇਰੇ ਭੈਣ ਦੇ ਸਹੁਰਾ ਸਾਹਿਬ, ਜਿਹੜੇ ਉਦੋਂ ਪਿੰਡ ਦੇ ਸਰਪੰਚ ਸਨ, ਇਹ ਜਾਣ ਕੇ ਬਾਹਲੇ ਹੈਰਾਨ ਹੋਏ ਕਿ ਅਸੀਂ ਫਿਲਮਾਂ ਦੇਖਣ ਆਏ ਹਾਂ। ਇਹ ਚੇਤਾ ਕਰ ਕੇ ਹੁਣ ਵੀ ਖੁਸ਼ ਹੋਈਦਾ, ਕਿ ਪ੍ਰਾਹੁਣੇ ਦੇ ਪਿਆਏ ਦੋ ਦੋ ਹਾੜਿਆਂ ਦਾ ਕਰਿਸ਼ਮਾ ਸੀ ਕਿ ਮੁੜਦਿਆਂ ਨੂੰ ਨਾ ਸਾਨੂੰ ਕਿਸੇ ਨਾਕੇ ਦਾ ਚੇਤਾ ਰਿਹਾ ਤੇ ਨਾ ਤੀਹਰੀ ਸਵਾਰੀ ਦੀ ਪਾਬੰਦੀ ਦਾ। ਦੀਦਾਰ ਸੰਧੂ ਦੇ ਗੀਤ ਗਾਉਂਦੇ ਅਸੀਂ ਸੁਖ-ਸਵੀਲੀ ਤਲਵੰਡੀ ਫੱਤੂ ਪਹੁੰਚ ਗਏ।

ਕਾਲਜ ਦੇ ਦਿਨਾਂ ਤੋਂ ਲੈ ਕੇ ਅੱਜ ਤੱਕ ਗੀਤ-ਸੰਗੀਤ ਵੀ ਰਲ ਕੇ ਬਥੇਰਾ ਮਾਣਿਆਂ। ਜਿਵੇਂ ਮੈਂ ਪਹਿਲਾਂ ਜ਼ਿਕਰ ਕੀਤਾ ਹੈ ਕਿ ਸੰਧੂ ਦੇ ਬਹੁਤ ਸਾਰੇ ਗਾਇਕਾਂ ਤੇ ਗਾਇਕਾਵਾਂ ਨਾਲ ਸਬੰਧਾਂ ਦੀ ਬਦੌਲਤ ਮੈਂ ਵੀ ਉਨ੍ਹਾਂ ਦੀ ਬਹੁਤ ਸੰਗਤ ਮਾਣੀ ਹੈ। ਦੀਦਾਰ ਸੰਧੂ ਦਾ ਆਪਣੇ ਲਾਗਲੇ ਪਿੰਡ ਸੋਡੀਆਂ 'ਚ ਇਕ ਅਖਾੜਾ ਦੇਖ ਕੇ ਮੁੜਦਿਆਂ ਮੋਟਰ-ਸਾਈਕਲ ਤੋਂ ਡਿੱਗ ਕੇ ਸੱਟਾਂ ਵੀ ਲਵਾਈਆਂ। ਗਿਣਤੀ ਨਹੀਂ ਕਿ ਕਿਨੇ ਪ੍ਰੋ.ਮੋਹਨ ਸਿੰਘ ਤੇ ਅਮਰ ਸਿੰਘ ਸ਼ੌਂਕੀ ਮੇਲੇ ਅਸੀਂ ਹੋਰ ਮਿੱਤਰਾਂ ਸੰਗ ਰਲ ਕੇ ਇਕੱਠਿਆ ਮਾਣੇ। 1994 ਵਿਚ ਸ਼ੌਂਕੀ ਮੇਲੇ ਤੋਂ ਬਾਅਦ ਅਸੀਂ ਮੇਰੇ ਪਿੰਡ ਨੂੰ ਚਾਲੇ ਪਾਏ ਤਾਂ ਮੀਂਹ ਮਾਹਲ ਪੁਰ ਤੋਂ ਨਿਕਲਦਿਆਂ ਹੀ ਸ਼ੁਰੂ ਹੋ ਗਿਆ। ਨਾ ਤਾਂ ਅਸੀਂ ਇੰਦਰਮੋਹਨ ਸੋਢੀ ਨੂੰ ਬੰਗੇ ਉਤਰਨ ਦਿੱਤਾ ਤੇ ਨਾ ਜਸਵੀਰ ਗੁਣਾਚੌਰ ਨੂੰ, ਜਗਜੀਤ ਚੂਹੜਚੱਕ , ਕੁਲਬੀਰ ਸੈਣੀ ਤੇ ਸੰਧੂ ਨਾਲ ਸਨ ਹੀ, ਅਸੀਂ ਆਉਂਦੇ ਹੋਏ ਕਮਲਜੀਤ ਨੀਲੋਂ ਨੂੰ ਵੀ ਤਲਵੰਡੀ ਫੱਤੂ ਦਾ ਪਤਾ ਲਿਖਾ ਆਏ ਸਾਂ। ਉਹ ਵੀ ਦੂਜੇ ਦਿਨ ਸਵੇਰੇ ਥ੍ਰੀਵ੍ਹੀਲਰ 'ਤੇ ਪਿੰਡ ਆ ਪਹੁੰਚਿਆ। ਤਿੰਨ ਦਿਨ ਮੀਂਹ ਹਟਿਆ ਨਹੀਂ ਤੇ ਸਾਰਿਆਂ ਰਲ਼ ਕੇ ਉਹ ਰੌਣਕਾਂ ਲਾਈਆਂ ਜੋ ਮਿਥ ਕੇ ਲੱਗ ਹੀ ਨਹੀਂ ਸਕਦੀਆਂ। ਉਦੋਂ ਖਿੱਚੀਆਂ ਤਸਵੀਰਾਂ ਹੁਣ ਵੀ ਸਾਡੇ ਲਈ ਅਜ਼ੀਮ ਸਰਮਾਇਆ ਹਨ। ਪ੍ਰੋ.ਮੋਹਨ ਸਿੰਘ ਮੇਲਾ ਜਿਸ ਸਾਲ ਪੱਖੋਵਾਲ ਵਾਲੀ ਸੜਕ 'ਤੇ ਲੱਗਾ, ਮੇਲੇ 'ਚੋਂ ਅਸੀਂ ਜਗਮੋਹਨ ਕੋਰ ਦੇ ਘਰ ਖੁਸ਼ੀ ਸਾਂਝੀ ਕਰਨ ਗਏ, ਜਿਸ ਨੂੰ ਉਸ ਸਾਲ ਦਾ ਸਨਮਾਨ ਮਿਲਿਆ ਸੀ। ਖੁਸ਼ੀ ਦੇ ਦੋ ਦੋ ਪੈਗ ਲਾ ਕੇ ਜਦ ਅਸੀਂ ਤੁਰਨਾ ਚਾਹਿਆ ਤਾਂ ਜਗਮੋਹਨ ਕੌਰ ਕਹੇ ਕਿ ਮੇਲਾ ਤਾਂ ਹੁਣ ਮੁਕ ਗਿਆ ਤੁਸੀਂ ਹੋਰ ਠਹਿਰ ਜਾਵੋ। ਮੇਰੇ ਮੂੰਹ 'ਚੋਂ ਅਚਾਨਕ ਨਿਕਲੇ ਕਿ ਅਸੀਂ ਮੇਲੇ ਪਿੱਛੋਂ ਉੱਡਦੇ ਲਿਫਾਫੇ ਦੇਖਣੇ ਹਨ, ਕਿਸੇ ਨੇ ਗੱਲ ਗੋਲੀ ਕਿ ਨਹੀਂ ਪਰ ਉਸ ਮੇਲੇ ਦੀ ਸੰਧੂ ਵਲੋਂ ਲਿਖੀ ਰਿਪੋਰਟ ਦਾ ਹੈਡਿੰਗ ਸੀ 'ਮੇਲੇ ਪਿੱਛੋਂ ਜਿਵੇਂ ਖਾਲੀ ਉਡੱਦੇ ਲਿਫਾਫੇ', ਜਿਸ ਵਿਚ ਮੇਲਾ ਮੁੱਕੇ ਤੋਂ ਬਾਅਦ ਖਤਾਨਾਂ ਵਿਚ ਨੱਚਦੇ ਮੁੰਡਿਆਂ ਦਾ ਜ਼ਿਕਰ ਸੀ।

ਸ਼ਮਸ਼ੇਰ ਤੇ ਸੁਖਵੀਰ ਨੇ ਗੁਣਾਚੌਰ ਦੋਵਾਂ ਬੱਚਿਆਂ ਦੇ ਜਨਮ ਦਿਨ ਦੀ ਖੁਸ਼ੀ ਵਿਚ ਅਖੰਡਪਾਠ ਰੱਖਿਆ। ਇਸ ਸਮਾਗਮ ਦੇ ਸੱਦਾ ਪੱਤਰ ਕੋਈ ਮੇਰੇ ਵੱਡੇ ਭਰਾ ਮੱਖਣ ਸਿੰਘ ਤੇ ਹੋਰ ਦੋ ਤਿੰਨ ਘਰਾਂ ਵਿਚ ਦੇ ਗਿਆ। ਭਾਜੀ ਹੋਰੀਂ ਜਦ ਮੇਰੇ ਨਾਲ ਜ਼ਿਕਰ ਕੀਤਾ ਤਾਂ ਮੈਂ ਹੈਰਾਨ ਜ਼ਰੂਰ ਹੋਇਆ ਕਿ ਮੇਰਾ ਕਾਰਡ ਕਿਵੇਂ ਰਹਿ ਗਿਆ। ਸਮਾਗਮ ਤੋਂ ਦੋ ਕੁ ਦਿਨ ਪਹਿਲਾਂ ਜਦ ਕਾਰਡ ਚੰਡੀਗੜ੍ਹ ਤੋਂ ਡਾਕ ਰਾਹੀਂ ਭੇਜਿਆ ਮਿਲ ਗਿਆ ਤਾਂ ਗੱਲ ਮੇਰੇ ਖਾਨੇ ਪੈ ਗਈ। ਥੋੜੇ ਦਿਨ ਪਹਿਲਾਂ ਸਹਿਕਾਰੀ ਬੈਂਕ ਨਵਾਂ ਸ਼ਹਿਰ ਦੀ ਚੌਣ ਹੋ ਕੇ ਹਟੀ ਸੀ 'ਜਿਸ ਵਿਚ ਸੁਖਵੀਰ ਦੇ ਸਕੇ ਮਾਮਾ ਜੀ ਮੋਹਨ ਸਿੰਘ ਲੰਗੇਰੀ ਤੇ ਸਾਡੇ ਬਜ਼ੁਰਗ ਮਿੱਤਰ ਗਿਆਨੀ ਬਲਦੇਵ ਸਿੰਘ ਆਹਮਣੇ-ਸਾਹਮਣੇ ਸਨ। ਮੈਂ ਉਨ੍ਹਾਂ ਦਿਨਾਂ ਵਿਚ ਪਿੰਡ ਦਾ ਸਰਪੰਚ ਸਾਂ ਤੇ ਇਕੋ ਇਕ ਵੋਟ, ਸਹਿਕਾਰੀ ਸਭਾ ਦਾ ਪ੍ਰਧਾਨ ਪਰਮਜੀਤ ਸਿੰਘ ਮੇਰਾ ਮਿੱਤਰ ਵੀ ਸੀ। ਨੰਬਰਦਾਰ ਦਰਸ਼ਨ ਸਿੰਘ ਹੋਰੀਂ ਇਸ ਸਬੰਧ ਵਿਚ ਪਹਿਲਾਂ ਮੈਨੂੰ ਆਪ ਮਿਲੇ, ਫਿਰ ਵੋਟਾਂ ਤੋਂ ਇਕ ਦਿਨ ਪਹਿਲਾਂ ਸ਼ਮਸ਼ੇਰ ਵੀ ਆਇਆ ਪਰ ਸਾਡਾ ਮੇਲ ਨਹੀਂ ਹੋਇਆ। ਵੋਟਾਂ ਵਿਚ ਮੋਹਨ ਸਿੰਘ ਹੋਰੀਂ ਜਿੱਤ ਗਏ, ਪਰ ਡਾਕ ਰਾਹੀਂ ਮਿਲੇ ਕਾਰਡ ਤੋਂ ਮੈਨੂੰ ਲੱਗਾ ਕਿ ਜਿਵੇਂ ਉਹ ਮੈਨੂੰ ਆਪਣੇ ਨਾਲ ਧਿਰ ਬਣਿਆ ਖੜ੍ਹਾ ਦੇਖਣਾ ਚਾਹੁੰਦੇ ਸਨ, ਮੈਂ ਖੜ੍ਹ ਨਹੀਂ ਸਕਿਆ। ਉਸ ਸਮਾਗਮ ਵਿਚ ਮੈਂ ਆਪਣੇ-ਆਪ ਨੂੰ ਸਹਿਜ ਨਹੀਂ ਰੱਖ ਸਕਿਆ ਤੇ ਰਸਮੀ ਜਿਹੀ ਹਾਜ਼ਰੀ ਲਵਾ ਕੇ ਆ ਗਿਆ। ਤਿੰਨ ਕੁ ਮਹੀਨੇ ਪਿਛੋਂ ਅਸੀਂ ਬੰਗੇ ਇਕੱਠੇ ਹੋ ਗਏ, ਮੈਂ ਬਹਿਣ ਦੀ ਸੁਲ੍ਹਾ ਮਾਰੀ ਤੇ ਸੰਧੂ ਝੱਟ ਸਹਿਮਤ ਹੋ ਗਿਆ। ਤੁਰਨ ਵੇਲੇ ਉਨ੍ਹਾਂ ਕਿਹਾ, ਰਾਤ ਗੁਣਾਚੌਰ ਰਹਿ ਪਾ ਤੇ ਅਸੀਂ ਗੁਣਾਚੌਰ ਆ ਗਏ। ਉਥੇ ਆ ਕੇ ਲੱਗਾ ਹੀ ਨਹੀਂ ਕਿ ਕੁਝ ਅਸਹਿਜ ਹੈ।

ਹੁਣ ਜਦ ਸਾਡੀ ਕਬੀਲਦਾਰੀ ਦੀਆਂ ਜ਼ਿੰਮੇਵਾਰੀਆਂ ਸ਼ੁਰੂ ਹੋਈਆ ਤਾਂ ਸੰਬੰਧਾਂ ਦੀ ਮਹਿਕ ਬਰਕਰਾਰ ਹੈ। ਪਹਿਲਾਂ ਸਾਡੇ ਬੇਟੇ ਨਵਦੀਪ ਦੇ ਵਿਆਹ ਵਿਚ ਪਰਿਵਾਰ ਸਮੇਤ ਸ਼ਾਮਿਲ ਤਾਂ ਹੋਏ ਹੀ, ਰੌਣਕਾਂ ਲਾਉਣ ਦੀ ਜ਼ਿੰਮੇਵਾਰੀ ਵੀ ਆਪੇ ਨਿਭਾਈ ਸੁਰਜੀਤ ਖਾਨ ਤੇ ਸੁਰਿੰਦਰ ਥਾਂਦੀ ਨੂੰ ਸੱਦ ਕੇ। ਮੇਰੇ ਨਾਲ ਰਲ ਕੇ ਆਪ ਗਾ ਕੇ ਵੀ ਰੌਣਕਾਂ ਲਾਈਆਂ। ਸੁਖਮਣੀ ਤੇ ਗਗਨ ਦੇ ਵਿਆਹਾਂ 'ਚ ਜਿਥੇ ਮੈਂ ਗੁਣਾਚੌਰ ਵਾਲੇ ਪਰਿਵਾਰ ਨਾਲ ਰਲ ਕੇ ਨਾਨਕਿਆਂ ਵਾਲੀਆਂ ਜ਼ਿੰਮੇਵਾਰੀਆਂ ਨਿਭਾਈਆਂ, ਉਥੇ ਗੁਰਦਾਸ ਮਾਨ, ਬੱਬੂ ਮਾਨ ਨਾਲ ਭੰਗੜੇ ਵੀ ਪਾਏ। ਮਨਮੀਤ ਦੇ ਵਿਆਹ ਵੇਲੇ ਵੀ ਸ਼ਮਸ਼ੇਰ ਨੇ ਕੋਈ ਕਸਰ ਨੀ ਛੱਡੀ ਰੌਣਕਾਂ ਲਾਉਣ ਦੀ। ਉਸ ਨੇ ਤਾਂ ਮੇਰੇ ਅਮਰੀਕਾ ਆਉਣ ਤੋਂ ਬਾਅਦ ਮੇਰੇ ਭਾਣਜੇ ਦੇ ਵਿਆਹ ਵਿਚ ਸ਼ਾਮਲ ਹੋ ਕੇ ਸਾਡੇ ਭਣੌਈਏ ਦਲਬੀਰ ਸਿੰਘ ਦੀ ਰੀਝ ਵੀ ਪੂਰੀ ਕੀਤੀ।

ਮੇਰੇ ਅਮਰੀਕਾ ਅਉਣ ਤੋਂ ਪਹਿਲਾਂ ਹੀ ਬਹੁਤ ਸਾਰੇ ਸਮਾਗਮਾਂ ਵਿਚ ਇਕੱਠੇ ਵਿਚਰਨ ਕਰਕੇ ਮੇਰਾ ਕੁੜਮ ਅਵਤਾਰ ਸਿੰਘ ਤੇ ਸੰਧੂ ਇਕ ਦੂਜੇ ਦੇ ਨੇੜੇ ਹੋ ਗਏ ਸਨ। ਦੋਵੇਂ ਕਬੱਡੀ ਦੇ ਰੱਜ ਕੇ ਸ਼ੌਕੀਨ। ਅਵਤਾਰ ਨੇ ਸੰਧੂ ਨਾਲ ਗੱਲਾਂ ਕਰ ਕਰ ਆਪਣੇ ਕੋਲ ਪਈਆਂ ਕਬੱਡੀ ਦੇ ਪੁਰਾਣੇ ਮੈਚਾਂ ਦੀਆਂ ਸੀ.ਡੀਆਂ ਲਈ ਏਨੀ ਜਗਿਆਸਾ ਬਣਾ ਦਿੱਤੀ ਕਿ ਸ਼ਮਸ਼ੇਰ ਨੂੰ ਜਦ ਪਤਾ ਲੱਗਿਆ ਕਿ ਪਰਵਿੰਦਰ ਪਿੰਡ ਆ ਰਹੀ ਹੈ ਤਾਂ ਉਸ ਮੈਨੂੰ ਇਹ ਸੀ.ਡੀਆਂ ਭੇਜਣ ਦੀ ਤਾਕੀਦ ਕੀਤੀ। ਸੀ.ਡੀਆਂ ਦੀਆਂ ਵਕਤ ਸਿਰ ਕਾਪੀਆ ਨਾ ਹੋ ਸਕੀਆਂ। ਪਿੰਡ ਪਹੁੰਚ ਕੇ ਦੂਜੇ ਦਿਨ ਹੀ ਜਦ ਪਰਵਿੰਦਰ ਨੇ ਦੱਸਿਆ ਕਿ ਸੰਧੂ ਤੇ ਹਰਬੰਸ ਮਿਲਣ ਆਏ ਸਨ ਤੇ ਸੀ.ਡੀਆਂ ਬਾਰੇ ਪੁੱਛਦੇ ਸਨ ਤਾਂ ਮੈਂ ਸਫਾਈ ਦੇਣ ਲਈ ਫੋਨ ਕੀਤਾ ਪਰ ਉਸ ਨੇ ਫੋਨ ਨਹੀਂ ਚੁੱਕਿਆ। ਸਾਡਾ ਰਾਬਤਾ ਮੁੜ ਤਾਂ ਹੀ ਜੁੜਿਆ ਜਦ ਤਿੰਨ ਕੁ ਮਹੀਨੇ ਬਾਅਦ ਉਹ ਸੀ.ਡੀਆਂ, ਭੁਪਿੰਦਰ ਸਿੰਘ ਸਰਪੰਚ ਹੋਰਾਂ ਰਾਹੀਂ ਉਸ ਤੱਕ ਪਹੁੰਚਦੀਆਂ ਕਰ ਦਿੱਤੀਆਂ।

ਤਕਰੀਬਨ ਤੇਰਾਂ-ਚੋਦਾਂ ਸਾਲ ਹੋ ਚੱਲੇ ਹਨ ਮੈਨੂੰ ਅਮਰੀਕਾ ਆਇਆਂ। ਦਿਨ ਰਾਤ ਬਿਲਕੁਲ ਇਕ ਦੂਜੇ ਤੋਂ ਉਲਟੇ ਹੋਣ ਕਰਕੇ ਹੁਣ ਜਦ ਅਸੀਂ ਫੋਨ 'ਤੇ ਮਿਲਦੇ ਹਾਂ ਤਾਂ ਦੋਵਾਂ 'ਚੋਂ ਮੈਂ ਅਕਸਰ ਸ਼ਾਮ ਰੰਗੀਨ ਕੀਤੀ ਹੁੰਦੀ ਆ ਤੇ ਉਹ ਚਾਹ ਦੇ ਕੱਪ ਤੇ। ਕਈ ਵਾਰ ਲੱਗਦਾ ਹੁੰਦਾ ਕਿ ਮੈਂ ਉਸ ਨਾਲ ਜ਼ਿਆਦਤੀ ਕਰ ਰਿਹਾਂ। ਫਿਰ ਚੇਤੇ ਵਿਚ ਉਹ ਦਿਨ ਆ ਜਾਂਦੇ ਹਨ, ਜਦ ਵੇਲੇ-ਕੁਵੇਲੇ ਆਇਆ ਸੰਧੂ ਮੇਰੇ ਗੇਟ ਖੋਲ੍ਹਦਿਆ ਗਾਉਣ ਲੱਗ ਪੈਂਦਾ ਸੀ, 'ਬੂਹਾ ਏਸ ਵੇਲੇ ਕੀਹਨੇ ਖੜ੍ਹਕਾਇਆ, ਦੇਖੀਂ ਕਿਤੇ ਯਾਰ ਨਾ ਹੋਵੇ।' ਉਸ ਦਾ ਸਾਥੀ ਬਲਬੀਰ ਕੋਲ ਖੜ੍ਹਾ ਹੱਸੀ ਜਾਂਦਾ। ਇਹ ਦਿਨ ਚੇਤੇ ਕਰ ਕੇ ਮੈਂ ਆਪਣੇ ਆਪ ਨੂੰ ਇਹ ਹੱਕ ਦੇ ਲੈਂਦਾ ਹਾਂ ਕਿ ਮੇਰੇ ਕੋਲ ਅਧਿਕਾਰ ਹੈ ਕਿ ਮੈਂ ਵੀ ਉਸ ਦਾ ਕੁੰਡਾ ਕਿਸੇ ਵੀ ਸਮੇਂ ਖੜ੍ਹਕਾ ਕੇ ਕਹਿ ਸਕਦਾ ਹਾਂ, ਨੀ ਦੇਖੀ ਕਿਤੇ ਯਾਰ ਨਾ ਹੋਵੇ...।

# ਅਲੀ ਲਾਰੀਜਾਨੀ- ਇਕ ਫ਼ਿਲਾਸਫ਼ਰ ਸਿਆਸਤਦਾਨ ਦੀ ਸ਼ਹਾਦਤ

ਮਹਾਨ ਗਰੀਕ ਫਿਲਾਸਫਰ ਪਲੈਟੋ ਨੇ 'ਦਾ ਰੀਪਬਲਿਕ' ਵਿਚ 'ਫਿਲਾਸਫਰ ਕਿੰਗ' ਦਾ ਵਿਚਾਰ 375 ਬੀ.ਸੀ. ਵਿਚ ਦਿੰਦਿਆਂ ਕਿਹਾ ਸੀ ਕਿ ਇੱਕ ਨਿਆਂਸ਼ੀਲ ਸਿਟੀ-ਸਟੇਟ ਸਥਾਪਤ ਕਰਨ ਲਈ ਜ਼ਰੂਰੀ ਹੈ ਕਿ ਰਾਜ-ਕਰਤਾ/ਸ਼ਾਸਕ ਵਿਚ ਰਾਜਨੀਤਕ ਸ਼ਕਤੀ ਦੇ ਨਾਲ-ਨਾਲ ਦਾਰਸ਼ਨਿਕ ਸਿਆਣਪ ਵੀ ਹੋਵੇ, ਜਿਨ੍ਹਾਂ ਨੂੰ ਸੱਚ ਦੀ ਪੂਰੀ ਡੂੰਘੀ ਸਮਝ ਹੋਵੇ; ਇਸ ਲਈ ਫਿਲਾਸਫਰ ਰਾਜਕਰਤਾ ਹੋਣਾ ਚਾਹੀਦਾ ਹੈ ਕਿਉਂਕਿ ਉਹ ਸਟੇਟ ਦੇ ਹਿਤ ਵਿਚ ਕੰਮ ਕਰੇਗਾ, ਆਪਣੇ ਨਿਜੀ ਹਿਤਾਂ ਲਈ ਨਹੀਂ। ਅਲੀ ਲਾਰੀਜਾਨੀ ਵਿਚ ਕੁੱਝ ਇਸੇ ਤਰ੍ਹਾਂ ਦੇ ਗੁਣਾਂ ਦਾ ਸੁਮੇਲ ਸੀ ਕਿ ਉਹ ਸਿਆਸਤਦਾਨ ਹੋਣ ਦੇ ਨਾਲ-ਨਾਲ ਫਲਸਫੇ, ਖਾਸ ਕਰਕੇ ਪੱਛਮੀ ਫਲਸਫੇ ਦੀ ਡੂੰਘੀ ਸਮਝ ਰੱਖਦਾ ਸੀ; ਪੱਛਮੀ ਫਲਸਫੇ ਵਿਚ ਪਲੈਟੋ ਤੋਂ ਵੀ



**ਡਾ. ਗੁਰਨਾਮ ਕੌਰ, ਕੈਨੇਡਾ**

ਪਹਿਲਾਂ ਥੇਲਜ ਤੋਂ ਸ਼ੁਰੂ ਹੋ ਕੇ ਯੂਨਾਨੀ ਫਲਸਫਾ ਜੋ ਪੱਛਮੀ ਫਲਸਫੇ ਦੀ ਮਾਂ ਹੈ ਅਤੇ ਮੌਜੂਦਾ ਸਮੇਂ ਤੱਕ ਦੀ ਪੱਛਮੀ ਵਿਚਾਰਧਾਰਾ ਸ਼ਾਮਲ ਹੈ। ਅਲੀ ਅਰਦਾਸ਼ੀਰ ਲਾਰੀਜਾਨੀ ਈਰਾਨ ਦਾ ਬਹੁਤ ਹੀ ਨਾਮਵਰ ਸਿਆਸਤਦਾਨ ਸੀ ਜਿਸ ਦਾ ਸ਼ੁਮਾਰ ਈਰਾਨ ਦੇ ਸਿਰਕੱਢ ਲੀਡਰਾਂ ਵਿਚ ਹੁੰਦਾ ਸੀ (ਜੋ 16 ਅਤੇ 17 ਮਾਰਚ ਦੀ ਰਾਤ ਨੂੰ ਅਮਰੀਕਾ-ਇਜ਼ਰਾਈਲ ਦੇ ਹਮਲੇ ਵਿਚ 'ਹੈ' ਤੋਂ 'ਸੀ' ਹੋ ਗਿਆ)। ਅਲੀ ਲਾਰੀਜਾਨੀ ਇੱਕ ਸਿਆਸਤਦਾਨ, ਫ਼ੌਜੀ ਅਫਸਰ ਅਤੇ ਫਿਲਾਸਫਰ ਸੀ, ਜੋ ਸੁਪਰੀਮ ਨੈਸ਼ਨਲ ਕੌਂਸਲ ਦਾ 2025 ਤੋਂ ਆਪਣੀ ਸ਼ਹਾਦਤ 17 ਮਾਰਚ 2026 ਤੱਕ ਸਕੱਤਰ ਸੀ।

ਅਲੀ ਲਾਰੀਜਾਨੀ ਦਾ ਜਨਮ ਕੇਂਦਰੀ ਇਰਾਕ ਦੇ ਸ਼ਹਿਰ ਨਜਾਫ ਵਿਚ 3 ਜੂਨ 1958 ਨੂੰ ਐਥਨਿਕ ਮਾਜ਼ਾਨੀ ਮੂਲ ਦੇ ਲਾਰੀਜਾਨੀ ਪਰਿਵਾਰ ਵਿਚ ਹੋਇਆ। ਲਾਰੀਜਾਨੀ ਨੂੰ ਬਹੁਤ ਹੀ ਸ਼ਕਤੀਸ਼ਾਲੀ ਨੇਤਾ ਮੰਨਿਆ ਜਾਂਦਾ ਸੀ। ਉਸ ਦਾ ਪਰਿਵਾਰ ਧਾਰਮਿਕ ਸ਼ੀਆ ਕੁਲੀਨ ਵਰਗ ਨਾਲ ਸਬੰਧਤ ਸੀ ਅਤੇ ਉਸ ਦੇ ਪਿਤਾ ਹਾਸ਼ਿਮ ਲਾਰੀਜਾਨੀ ਸ਼ੀਆ ਇਸਲਾਮ ਦੀ ਸ਼ਾਖਾ ਟਵੈਲਵਰ ਵਿਚ ਸਥਾਪਤ ਧਾਰਮਿਕ ਹਸਤੀ ਸੀ ਅਤੇ ਪਰਿਵਾਰ ਈਰਾਨ ਦੇ ਪ੍ਰਾਂਤ ਮਾਦਾਨਦਾਰਾਨ ਦੇ ਸ਼ਹਿਰ ਅਮੋਲ ਵਿਚ ਸਥਾਪਤ ਸੀ ਪ੍ਰੰਤੂ ਰੇਜ਼ਾਸ਼ਾਹ ਦੇ ਦਬਾਉ ਕਾਰਨ ਅਲੀ ਲਾਰੀਜਾਨੀ ਦੇ ਮਾਤਾ-ਪਿਤਾ ਨੂੰ 1931 ਵਿਚ ਨਾਜਾਫ ਵਿਚ ਜਾਣਾ ਪਿਆ। ਉਹ ਈਰਾਨ ਵਿਚ ਵਾਪਸ 1961 ਵਿਚ ਆਏ। ਰੇਜ਼ਾਸ਼ਾਹ ਦੇ ਰਾਜਕਾਲ ਦੇ ਆਖਰੀ ਵਰ੍ਹਿਆਂ ਵਿਚ ਲਾਰੀਜਾਨੀ ਖਾਨਦਾਨ ਦੇ ਲੋਕਾਂ, ਸਮੇਤ ਹਾਸ਼ਿਮ ਲਾਰੀਜਾਨੀ, ਨੂੰ ਕੁਰਦਾਂ ਦੀ ਬਹੁ-ਸੰਖਿਆ ਵਾਲੇ ਉੱਤਰੀ-ਪੱਛਮੀ ਈਰਾਨ ਦੇ ਇਲਾਕੇ ਦੇ ਸ਼ਹਿਰ ਬੁਕਾਨ ਅਤੇ ਸਾਰਦਾਸ਼ਾਤ ਵਿਚ ਜਲਾਵਤਨ ਕਰ ਦਿੱਤਾ ਗਿਆ। ਅਲੀ ਲਾਰੀਜਾਨੀ ਨੇ ਕੌਮ ਸੈਮੀਨਰੀ ਤੋਂ ਗਰੈਜੂਏਸ਼ਨ ਕੀਤੀ, ਆਰੀਆਮੇਹਰ ਯੂਨੀਵਰਸਿਟੀ ਆਫ ਟੈਕਨਾਲੋਜੀ ਤੋਂ ਕੰਪਿਊਟਰ ਸਾਇੰਸ ਅਤੇ ਮੈਥੇਮੈਟਿਕਸ ਦੀ ਬੈਚਲਰ ਡਿਗਰੀ ਕੀਤੀ; ਤਹਿਰਾਨ ਯੂਨੀਵਰਸਿਟੀ ਤੋਂ ਪੱਛਮੀ ਫਿਲਾਸਫੀ ਵਿਚ ਮਾਸਟਰ ਡਿਗਰੀ ਅਤੇ ਪੀ.ਐਚਡੀ ਕੀਤੀ ਅਤੇ ਪੀ.ਐਚਡੀ ਵੀ ਬਹੁਤ ਔਖੇ ਮੰਨੇ ਜਾਂਦੇ ਸਿਧਾਂਤਕਾਰ ਜਰਮਨ ਫਿਲਾਸਫਰ ਇਮੈਨੂਅਲ ਕਾਂਟ 'ਤੇ ਕੀਤੀ। ਭਾਵੇਂ ਆਪ ਉਹ ਸ਼ੁਰੂ ਵਿਚ ਆਪਣਾ ਅਧਿਐਨ ਕੰਪਿਊਟਰ ਸਾਇੰਸ ਵਿਚ ਜਾਰੀ ਰੱਖਣਾ ਚਾਹੁੰਦਾ ਸੀ ਪਰ ਆਪਣੇ ਹੋਣ ਵਾਲੇ ਸਹੁਰਾ ਸਾਹਿਬ ਮੋਰਤਜ਼ਾ ਮੋਤਾਹਾਰੀ ਦੇ ਜ਼ੋਰ ਪਾਉਣ 'ਤੇ ਉਸ ਨੇ ਪੱਛਮੀ ਫਲਸਫੇ ਦਾ ਅਧਿਐਨ ਕੀਤਾ ਅਤੇ ਇਮੈਨੂਅਲ ਕਾਂਟ ਅਤੇ ਸਾਊਲ ਕਰਿਪਕੇ, ਡੇਵਿਡ ਲਿਊਸ 'ਤੇ ਕਿਤਾਬਾਂ ਲਿਖੀਆਂ। ਉਹ ਤਹਿਰਾਨ ਯੂਨੀਵਰਸਿਟੀ ਦੇ 'ਸਕੂਲ ਆਫ ਲਿਟਰੇਚਰ ਐਂਡ ਹਿਊਮੈਨਿਟੀ' ਦਾ ਫੈਕਲਟੀ ਮੈਂਬਰ ਸੀ। ਉਸ ਦੀਆਂ ਲਿਖੀਆਂ ਪੁਸਤਕਾਂ ਦਾ ਵੇਰਵਾ ਇਸ ਤਰ੍ਹਾਂ ਹੈ:

1. ਸਾਲ 2004, 'ਦਾ ਮੈਥੇਮੈਟੀਕਲ ਮੈਥਡ ਇਨ ਕਾਂਟ'ਸ ਫਿਲਾਸਫ਼ੀ', ਯੂਨੀਵਰਸਿਟੀ ਆਫ ਤਹਿਰਾਨ ਨੇ ਛਾਪੀ (ਕਾਂਟੀਅਨ ਅਧਿਸਟੇਮਾਲੋਜੀ);

2. ਸਾਲ 2004, 'ਮੈਟਾਫਿਜ਼ਿਕਸ ਐਂਡ ਦਾ ਇਗਜ਼ੈਕਟ ਸਾਇੰਸ ਇਨ ਕਾਂਟ'ਸ ਫਿਲਾਸਫ਼ੀ', ਅਮੀਰ ਕਬੀਰ ਪਬਲੀਕੇਸ਼ਨ, (ਕਾਂਟ ਐਂਡ ਸਾਇੰਸ);

3. ਸਾਲ 2004, 'ਇੰਟਿਊਸ਼ਨ ਐਂਡ ਦਾ ਸਿੰਥੈਟਿਕ ਏ ਪਰਿਉਰੀ ਜੱਜਮੈਂਟਸ ਇਨ ਕਾਂਟ'ਸ ਫਿਲਾਸਫ਼ੀ', ਹੇਰਮੇਸ ਪਬਲੀਕੇਸ਼ਨਜ਼ (ਕਾਂਟੀਅਨ ਮੈਟਾਫਿਜ਼ਿਕਸ);

4. ਸਾਲ 2005, 'ਫਰੈਸ਼ ਏਅਰ', ਇਹ ਵੱਖ-ਵੱਖ ਲੇਖਾਂ ਦਾ ਸੰਗ੍ਰਹਿ ਹੈ ਜਿਸ ਨੂੰ 'ਇਸਲਾਮਿਕ ਕਲਚਰ ਪਬਲੀਕੇਸ਼ਨ ਹਾਊਸ' ਨੇ ਛਾਪਿਆ।

5. ਸਾਲ 2005, 'ਰੀਜ਼ਨ ਐਂਡ ਟਰੈਕੁਲਿਟੀ ਇਨ ਗਵਰਨੈਂਸ', ਯੂਨੀਵਰਸਿਟੀ ਆਫ ਤਹਿਰਾਨ ਪ੍ਰੈਸ, (ਪੋਲੀਟੀਕਲ ਫਿਲਾਸਫੀ)

ਅਲੀ ਲਾਰੀਜਾਨੀ ਬਹੁਤ ਹੀ ਸ਼ਕਤੀਸ਼ਾਲੀ ਮਨੁੱਖ ਸੀ ਜਿਸ ਦੀ ਇਸਲਾਮਿਕ ਰੀਪਬਲਿਕ ਵਿਚ ਚੜ੍ਹਤ 1981 ਵਿਚ 'ਇਸਲਾਮਿਕ ਰੈਵੋਲੂਸ਼ਨਰੀ ਗਾਰਡ ਕੋਰਪਸ' (ਆਈ ਆਰ ਜੀ ਸੀ) ਵਿਚ ਸ਼ਾਮਲ ਹੋਣ ਤੋਂ ਬਾਅਦ ਹੋਈ। ਉਹ 'ਇਸਲਾਮਿਕ ਰੈਵੋਲੂਸ਼ਨਰੀ ਕੋਰਪਸ' ਦਾ ਕਮਾਂਡਰ ਵੀ ਰਿਹਾ ਅਤੇ ਉਸ ਨੂੰ 1980-88 ਵਿਚ ਈਰਾਨ-ਇਰਾਕ ਯੁੱਧ ਦਾ ਤਜਰਬਾ ਵੀ ਸੀ। ਉਹ 'ਲੇਬਰ ਐਂਡ ਸੋਸ਼ਲ ਅਫੇਅਰਜ਼' ਡਿਪਾਰਟਮੈਂਟ ਦਾ ਡਿਪਟੀ ਮਨਿਸਟਰ ਰਿਹਾ, ਪਿੱਛੋਂ 'ਇਨਫਾਰਮੇਸ਼ਨ ਐਂਡ ਕਮਿਊਨੀਕੇਸ਼ਨ ਟੈਕਨਾਲੋਜੀ' ਵਿਭਾਗ ਵਿਚ ਡਿਪਟੀ ਮਨਿਸਟਰ ਰਿਹਾ; ਮਾਰਚ 1994 ਵਿਚ ਉਸ ਨੂੰ ਇਸਲਾਮਿਕ ਰਿਪਬਲਿਕ ਆਫ ਬਰਾਡਕਾਸਟਿੰਗ' (ਆਈ ਆਰ ਆਈ ਬੀ) ਦਾ ਮੁਖੀ ਬਣਾ ਦਿੱਤਾ ਗਿਆ। ਉਹ ਈਰਾਨ ਦੀ ਪਾਰਲੀਮੈਂਟ ਵਿਚ 2008 ਤੋਂ 2020 ਤੱਕ ਸਪੀਕਰ ਰਿਹਾ। ਉਸ ਨੇ 'ਐਕਸਪੀਡੀਐਂਸੀ ਕੌਂਸਲ' ਵਿਚ ਪਹਿਲਾਂ 1997 ਤੋਂ 2008 ਤੱਕ ਸੇਵਾ ਕੀਤੀ ਅਤੇ ਫਿਰ 2008 ਤੋਂ 2020 ਤੱਕ ਇਸ ਦਾ ਮੈਂਬਰ ਰਿਹਾ। ਅਲੀ ਲਾਰੀਜਾਨੀ ਨੂੰ ਈਰਾਨ ਦੇ ਸੁਪਰੀਮ ਨੇਤਾ ਅਲੀ ਖਾਮਨੇਈ ਦਾ ਸਕਿਉਰਿਟੀ ਐਡਵਾਈਜ਼ਰ 2004 ਵਿਚ ਬਣਾਇਆ ਗਿਆ ਅਤੇ ਉਹ ਸੁਪਰੀਮ ਨੇਤਾ ਅਲੀ ਖਾਮਨੇਈ ਦੀ ਕੌਂਸਲ ਦੇ ਦੋ ਪ੍ਰਤੀਨਿਧੀਆਂ ਵਿਚੋਂ ਇੱਕ ਸੀ; ਦੂਸਰਾ ਹਸਨ ਰੌਹਾਨੀ। ਸਕੱਤਰ ਦੇ ਔਹਦੇ 'ਤੇ ਹੁੰਦਿਆਂ ਨੈਸ਼ਨਲ ਸਕਿਉਰਟੀ ਜਿਸ ਵਿਚ ਈਰਾਨ ਦਾ ਨਿਊਕਲੀਅਰ ਪ੍ਰੋਗਰਾਮ ਵੀ ਸ਼ਾਮਲ ਹੈ, ਦਾ ਪ੍ਰਮੁੱਖ ਵਾਰਤਾਕਾਰ ਅਤੇ ਵਿਚੋਲਾ ਸੀ। ਉਹ 'ਸੁਪਰੀਮ ਕੌਂਸਲ ਆਫ ਕਲਚਰ ਰੈਵੋਲੂਸ਼ਨ' ਦਾ ਵੀ ਮੈਂਬਰ ਸੀ।

ਸ਼ਾਇਦ ਇਹ ਅਲੀ ਲਾਰੀਜਾਨੀ ਵਰਗੇ ਸੂਝਵਾਨ ਸਿਆਸਤਦਾਨਾਂ ਦੀ ਸਿਆਣੀ ਸੋਚ ਦਾ ਹੀ ਨਤੀਜਾ ਹੈ ਕਿ ਯੂਨੈਸਕੋ ਦੀ 'ਇੰਸਟੀਚਿਊਟ ਫਾਰ ਸਟੈਟੇਸਟਿਕਸ' ਤੋਂ ਵਰਲਡ ਬੈਂਕ ਦੇ ਲਏ ਡਾਟੇ ਅਨੁਸਾਰ 1976 ਵਿਚ, ਮਹਿਜ਼ ਈਰਾਨੀਅਨ ਰੈਵੋਲੂਸ਼ਨ ਤੋਂ ਪਹਿਲਾਂ ਬਾਲਗ ਇਸਤ੍ਰੀ ਸਿੱਖਿਆ ਦਾ ਰੇਟ 35.5% ਸੀ ਜਦ ਕਿ ਪੁਰਸ਼ਾਂ ਦੀ ਸਿੱਖਿਆ 61.8% ਸੀ ਜਿਸ ਤੋਂ ਸਮਾਜਿਕ ਬਰਾਬਰੀ ਵਿਚ ਬਹੁਤ ਗਹਿਰੇ ਅੰਤਰ ਦਾ ਸੰਕੇਤ, ਖਾਸ ਕਰਕੇ ਪੇਂਡੂ ਇਲਾਕਿਆਂ ਵਿਚ ਸਪਸ਼ਟ ਦਿਸਦਾ ਹੈ ਜਿੱਥੇ ਕੁੜੀਆਂ ਲਈ ਸਿੱਖਿਆ ਪ੍ਰਾਪਤੀ ਦੇ ਸਾਧਨਾਂ ਤੱਕ ਪਹੁੰਚ ਬਹੁਤ ਸੀਮਤ ਸੀ। ਸਾਮਾਨੀ ਬਿਸਵਾਸ ਦੀ 5 ਮਾਰਚ 2026 ਨੂੰ ਫਾਈਨਲ ਕੀਤੀ ਰਿਪੋਰਟ ਅਨੁਸਾਰ ਪਿਛਲੇ 50 ਸਾਲ ਵਿਚ ਸਰਕਾਰ ਦੀ ਪਹਿਲਕਦਮੀ ਅਤੇ ਬਦਲਦੇ ਹੋਏ ਸਮਾਜਿਕ ਰਵੱਈਏ ਕਾਰਨ ਲੜਕੀਆਂ ਦੀ ਸਿੱਖਿਆ ਵਿਚ ਬਹੁਤ ਮਹੱਤਵਪੂਰਨ ਤਰੱਕੀ ਹੋਈ ਹੈ। 15 ਤੋਂ 24 ਸਾਲ ਦੀ ਉਮਰ ਦੀਆਂ ਲੜਕੀਆਂ ਦੀ ਸਿੱਖਿਆ ਅਤੇ ਕੰਪਿਊਟਰ ਮੁਹਾਰਤ ਵਿਚ 42% ਦਾ ਵਾਧਾ ਹੋਇਆ ਹੈ; ਰੈਵੋਲੂਸ਼ਨ ਤੋਂ ਬਾਅਦ 1979 ਵਿਚ ਸਰਕਾਰ ਨੇ ਲੜਕੀਆਂ ਦੀ ਸਿੱਖਿਆ ਦੇ ਬੁਨਿਆਦੀ ਢਾਂਚੇ ਵਿਚ ਬੇਹੱਦ ਸੁਧਾਰ ਕੀਤਾ ਹੈ ਖਾਸ ਕਰਕੇ ਲੜਕੀਆਂ ਦੇ ਉਸ ਪੇਂਡੂ ਤਬਕੇ ਲਈ ਬਹੁਤ ਉਪਰਾਲੇ ਕੀਤੇ ਗਏ ਜਿਨ੍ਹਾਂ ਦੀ ਸਿੱਖਿਆ ਤੱਕ ਪਹੁੰਚ ਬਹੁਤ ਮੁਸ਼ਕਿਲ ਸੀ। ਈਰਾਨੀਅਨ ਨੈਸ਼ਨਲ ਸੈਂਸਜ਼ 'ਤੇ ਅਧਾਰਤ ਮਿਡਲ ਇੰਸਟੀਚਿਊਟ ਅਨੁਸਾਰ 1976 ਵਿਚ 15+ ਉਮਰ ਦੀਆਂ ਲੜਕੀਆਂ ਵਿਚ ਸਿੱਖਿਆ ਦਾ ਅਨੁਪਾਤ 35.5% ਸੀ ਅਤੇ 15 ਤੋਂ 24 ਸਾਲ ਤੱਕ ਦੀ ਉਮਰ ਦੀਆਂ ਲੜਕੀਆਂ ਦੀ ਸਿੱਖਿਆ ਦਾ ਅਨੁਪਾਤ 42.1% ਸੀ ਜੋ 1986 ਵਿਚ 15+ ਲੜਕੀਆਂ ਦੀ ਸਿੱਖਿਆ ਵਧ ਕੇ 52.1% ਹੋ ਗਈ ਅਤੇ 15-24 ਉਮਰ ਦਾ 65.6% ਹੋ ਗਿਆ; 1991 ਵਿਚ ਕ੍ਰਮਵਾਰ 56.2% ਅਤੇ 81.2% ਅਤੇ 1996 ਵਿਚ 74.2% ਅਤੇ 90.6% ਹੋ ਗਿਆ। ਯੂਨੈਸਕੋ ਦੀ ਰਿਪੋਰਟ ਅਨੁਸਾਰ ਨੌਜੁਆਨਾਂ ਦਾ ਸਾਖਰਤਾ ਰੇਟ ਯੂਨੀਵਰਸਲ ਪੱਧਰ ਤੱਕ ਪਹੁੰਚ ਗਿਆ ਹੈ ਜਿਹੜਾ 2016 ਵਿਚ 97.9%, 2022 ਵਿਚ 98.9% ਅਤੇ 2023 ਵਿਚ 99% ਹੋ ਗਿਆ।

ਕਿਸੇ ਵਿਅਕਤੀ ਵਿਸ਼ੇਸ਼ ਦੇ ਅਸਲੀ ਗੁਣਾਂ ਦਾ ਪਤਾ ਉਦੋਂ ਲਗਦਾ ਹੈ ਜਦੋਂ ਵਿਰੋਧੀ ਖੇਮੇ ਵਿਚ ਵੀ ਉਨ੍ਹਾਂ ਦੀ ਚਰਚਾ ਚੱਲੇ। ਅਲੀ ਲਾਰੀਜਾਨੀ ਦਾ ਕਤਲ ਤਹਿਰਾਨ ਵਿਚ ਇਜ਼ਰਾਈਲ ਦੇ ਹਵਾਈ ਹਮਲਿਆਂ ਦੀ ਲੜੀ ਵਿਚ ਹੋ ਗਿਆ ਜੋ ਕਿ ਈਰਾਨ ਦੇ ਉਚ-ਅਹੁਦੇਦਾਰਾਂ ਨੂੰ ਕਤਲ ਕਰਨ ਲਈ ਇਜ਼ਰਾਈਲ-ਅਮਰੀਕਾ ਨੇ ਕੀਤੇ ਹੋਏ ਹਨ। ਉਸ ਦੀ ਮੌਤ 28 ਫਰਵਰੀ 2026 ਤੋਂ ਅਮਰੀਕਾ ਇਜ਼ਰਾਈਲ ਵੱਲੋਂ ਅਰੰਭ ਕੀਤੇ ਯੁੱਧ ਦਾ ਹਿੱਸਾ ਹੈ। ਅਲੀ ਲਾਰੀਜਾਨੀ ਉਨ੍ਹਾਂ ਦਾ ਨੰਬਰ ਇੱਕ ਨਿਸ਼ਾਨਾ ਸੀ ਅਤੇ ਈਰਾਨ ਦੇ ਸੁਪਰੀਮ ਲੀਡਰ ਅਲੀ ਖਾਮਨੇਈ ਦੇ ਕਤਲ ਤੋਂ ਬਾਅਦ ਇਹ ਸਭ ਤੋਂ ਉਚ ਅਹੁਦੇ ਦਾ ਅਫਸਰ ਸੀ



ਜੋ ਕਤਲ ਕੀਤਾ ਗਿਆ। ਲਾਰੀਜਾਨੀ ਆਪਣੀ ਧੀ ਦੇ ਘਰ ਪੂਰਬੀ ਤਹਿਰਾਨ ਦੇ ਬਾਹਰਵਾਰ ਸੀ ਉਸ ਦੇ ਨਾਲ ਉਸ ਦਾ ਪੁੱਤਰ ਮੋਰਤਜ਼ਾ, ਉਸ ਦੇ ਸਰਕਾਰੀ ਦਫਤਰ ਦਾ ਮੁਖੀ ਅਫਸਰ ਅਲੀਰੇਜ਼ਾ ਬਾਇਆਤ, ਕੌਂਸਲ ਦੇ ਕੁਝ ਅਫਸਰ ਅਤੇ ਕਰਮਚਾਰੀ 16-17 ਮਾਰਚ ਵਿਚਲੀ ਰਾਤ ਦਿਨ ਮੰਗਲਵਾਰ ਨੂੰ ਇਜ਼ਰਾਈਲ-ਅਮਰੀਕਾ ਦੇ ਕੀਤੇ ਹਮਲੇ ਵਿਚ ਮਾਰੇ ਗਏ। ਉਸ ਦੀ ਮੌਤ ਉਪਰੰਤ ਅਮਰੀਕਾ ਦੇ ਨੈਸ਼ਨਲ ਕਾਊਂਟਰ-ਟੈਰੋਰਿਜ਼ਮ ਸੈਂਟਰ ਦੇ ਸਾਬਕਾ ਡਾਇਰੈਕਟਰ ਜੋਏ ਕੈਂਟ ਨੇ ਅਸਤੀਫਾ ਦੇ ਦਿੱਤਾ। ਜੋਏ ਕੈਂਟ ਅਮਰੀਕਾ ਦੀ ਆਰਮੀ ਸਪੈਸ਼ਲ ਫੋਰਸਜ਼ ਵਿਚ 20 ਸਾਲ ਦਾ ਤਜਰਬੇਕਾਰ ਅਫ਼ਸਰ, ਸਾਬਕਾ ਪੈਰਾਮਿਲਟਰੀ ਅਫਸਰ ਜੋ ਕਿ ਪਿਛੋਂ ਨੈਸ਼ਨਲ ਕਾਊਂਟਰ-ਟੈਰੋਰਿਜ਼ਮ ਏਜੰਸੀ ਦਾ ਡਾਇਰੈਕਟਰ ਸੀ, ਨੇ ਕੰਜ਼ਰਵੇਟਿਵ ਕੁਮੈਂਟੇਟਰ ਟੱਕਰ ਕਾਰਲਸਨ ਨੂੰ ਦਿੱਤੀ ਇੰਟਰਵਿਊ ਵਿਚ ਕਿਹਾ ਕਿ ਅਲੀ ਲਾਰੀਜਨ ਵਾਸ਼ਿੰਗਟਨ ਨਾਲ ਸਮਝੌਤੇ 'ਤੇ ਗਲਬਾਤ ਕਰਨ ਲਈ ਉਤਸਕ ਸੀ। ਇਹ ਗੱਲ ਕੈਂਟ ਨੇ ਅਸਤੀਫਾ ਦੇਣ ਤੋਂ ਇਕ ਦਿਨ ਬਾਅਦ ਕਹੀ। 'ਅਸੀਂ ਹੁਣੇ ਅਲੀ ਲਾਰੀਜਾਨੀ ਨੂੰ ਮਾਰ ਦਿੱਤਾ ਹੈ, ਤੂੰ ਜਾਣਦਾ ਹੈਂ, ਉਸ ਨੂੰ ਜਿਹੜਾ ਸਾਡੇ ਨਾਲ ਡੀਲ ਕਰਨ ਲਈ ਉਤਸਕ ਸੀ।' ਕੈਂਟ ਇਸ ਗੱਲ 'ਤੇ ਫਿਕਰ ਮਹਿਸੂਸ ਕਰ ਰਿਹਾ ਸੀ ਕਿ ਈਰਾਨ ਦੇ ਸੁਪਰੀਮ ਨੈਸ਼ਨਲ ਸਕਿਉਰਟੀ ਕੌਂਸਲ ਦੇ ਸੈਕਰੇਟਰੀ ਦਾ ਕਤਲ ਇਸਲਾਮਿਕ ਰੈਵੋਲੂਸ਼ਨਰੀ ਗਾਰਡ ਕੋਰਪਸ (ਆਈ ਆਰ ਜੀ ਸੀ) ਲਈ ਸਮਰਥਨ ਪ੍ਰਾਪਤ ਕਰ ਸਕਦਾ ਹੈ।

ਜੇ ਤੁਸੀਂ 'ਆਈ ਆਰ ਜੀ ਸੀ' ਨੂੰ ਜ਼ਿਆਦਾ ਕੰਟਰੋਲ ਕਰਨ ਦਾ ਕਾਰਨ ਦਿੰਦੇ ਹੋ, ਅਤੇ ਉਨ੍ਹਾਂ ਨੂੰ ਲੋਕਾਂ ਦੀ ਹਿਮਾਇਤ ਮਿਲ ਜਾਂਦੀ ਹੈ, ਕਿਉਂਕਿ ਫਿਰ ਤੁਸੀਂ ਆਇਤਉਲਾ ਨੂੰ ਵੀ ਮਾਰ ਦਿੰਦੇ ਹੋ, ਉਹ ਕਹਿ ਸਕਦੇ ਹਨ, ਦੇਖਿਆ ਪਿਛਲਾ ਬੰਦਾ ਤਾਂ ਬਹੁਤ ਠਰੰਮੇ ਵਾਲਾ ਸੀ। ਦੇਖੋ! ਇਸ ਤੋਂ ਸਾਨੂੰ ਕੀ ਮਿਲਿਆ? ਸਾਨੂੰ ਵੱਧ ਤਾਕਤ ਦਿਉ, ਵੱਧ ਕੰਟਰੋਲ ਦਿਉ। ਹੋ ਸਕਦਾ ਹੈ ਈਰਾਨੀ ਲੋਕ ਇਸ ਗੱਲ ਨੂੰ ਪਸੰਦ ਕਰਨ ਕਿ ਠੀਕ ਹੈ ਅਸੀਂ ਨਹੀਂ ਚਾਹੁੰਦੇ ਕਿ ਅਮਰੀਕਾ ਅਤੇ ਇਜ਼ਰਾਈਲ ਦੇ ਬੰਬ ਸਾਡੇ 'ਤੇ ਡਿਗਣ ਹੋ ਸਕਦਾ ਹੈ ਸਾਨੂੰ ਜ਼ਰੂਰਤ ਹੈ ਕਿ 'ਆਈ ਆਰ ਜੀ ਸੀ' ਨੂੰ ਸੁਣਨਾ ਚਾਹੀਦਾ ਹੈ।'

ਅਲੀ ਲਾਰੀਜਾਨੀ ਦੀ ਮੌਤ ਤੋਂ ਬਾਅਦ ਪੰਜਾਬੀ ਟ੍ਰਿਬਿਊਨ ਵਿਚ ਸੀਨੀਅਰ ਪੱਤਰਕਾਰ ਰਹਿ ਚੁੱਕੇ ਦਲਜੀਤ ਸਿੰਘ ਸਰਾਂ ਨੇ 'ਹੀਰੇ ਪੁੱਤਰ ਈਰਾਨ' ਦੇ ਸਿਰਲੇਖ ਹੇਠ ਅਲੀ ਲਾਰੀਜਾਨੀ ਦੇ ਦੋਸਤ ਵੱਲੋਂ ਪਾਈ ਇਕ ਪੋਸਟ ਸ਼ੇਅਰ ਕੀਤੀ ਜਿਸ 'ਤੇ ਅਲੀ ਲਾਰੀਜਾਨੀ ਦੀ ਫੋਟੋ ਉਤੇ ਲਿਖਿਆ ਸੀ 'ਦਾ ਅਦਰ ਸਾਈਡ ਆਫ ਮਿਸਟਰ ਅਲੀ ਲਾਰੀਜਾਨੀ। ਏ ਕਲੋਜ਼ ਫਰੈਂਡ ਸ਼ੇਅਰਡ ਏ ਸਟੋਰੀ'। ਦੋਸਤ ਲਿਖਦਾ ਹੈ ਕਿ ਉਹ ਕੁੱਝ ਮਹੀਨੇ ਪਹਿਲਾਂ ਪੌੜਝੜ ਦੀ ਇਕ ਦੁਪਹਿਰ ਤੋਂ ਬਾਅਦ ਅਲੀ ਲਾਰੀਜਾਨੀ ਦੇ ਘਰ ਗਿਆ ਅਤੇ ਉਸ ਦੀ ਬੀਵੀ ਨਾਲ ਗੱਲ-ਬਾਤ ਕੀਤੀ। ਕਹਿੰਦਾ ਅਸੀਂ ਉਸ ਦੀ ਮਾਂ ਬਾਰੇ ਗੱਲ ਕਰਨੀ ਸੀ ਪ੍ਰੰਤੂ ਉਹ ਸਾਰਾ ਸਮਾਂ ਲਾਰੀਜਾਨੀ ਬਾਰੇ ਹੀ ਗੱਲ ਕਰਦੀ ਰਹੀ ਅਤੇ ਕਹਿੰਦੀ 'ਜਦੋਂ ਅਲੀ ਘਰ ਨਹੀਂ ਹੁੰਦਾ ਮੈਨੂੰ ਇਉਂ ਜਾਪਦਾ ਹੈ ਜਿਵੇਂ ਮੇਰੇ ਹੱਥ ਕੱਟੇ ਹੋਏ ਹੋਣ। ਜਦੋਂ ਅਲੀ ਘਰ ਹੁੰਦੈ ਤਾਂ ਬਿਨਾ ਕਹੇ ਹੀ ਗਰੌਸਰੀ ਟਿਕਾ ਦਿੰਦਾ ਹੈ, ਸਬਜ਼ੀਆਂ, ਚਿਕਨ ਸਾਫ ਕਰ ਦਿੰਦੈ ਅਤੇ ਬਰਤਣ ਧੋ ਦਿੰਦੈ' ਅਲੀ ਦਾ ਮਿੱਤਰ ਹੈਰਾਨ ਹੋ ਰਿਹਾ ਸੀ ਕਿ ਜਿਸ ਬੰਦੇ ਦੇ ਮੋਢਿਆਂ 'ਤੇ ਈਰਾਨ ਦੀ ਹਿਫਾਜ਼ਤ ਦੀ ਜ਼ਿੰਮੇਵਾਰੀ ਹੈ ਉਹ ਕਿਸ ਤਰ੍ਹਾਂ ਘਰ ਵਿਚ ਚਿਕਨ ਸਾਫ ਕਰ ਲੈਂਦਾ ਅਤੇ ਭਾਂਡੇ ਧੋ ਦਿੰਦੈ? ਬੇਗਮ ਨੇ ਅੱਗੇ ਦੱਸਿਆ ਕਿ 'ਅਲੀ ਛੇ ਮਹੀਨੇ ਤੋਂ ਘਰ ਨਹੀਂ ਹੈ। ਜਦੋਂ ਦਾ 12 ਦਿਨਾਂ ਦਾ ਯੁੱਧ ਹੋ ਕੇ ਹਟਿਆ ਹੈ, ਉਸ ਨੂੰ ਆਮ ਜ਼ਿੰਦਗੀ ਜਿਉਣ ਦੀ ਇਜਾਜ਼ਤ ਨਹੀਂ ਮਿਲੀ।'

ਇੱਕ ਆਦਮੀ ਜਿਸ ਨੂੰ ਮਾਰਨ ਲਈ ਦੁਨੀਆ ਦੀ ਸੁਪਰ ਪਾਵਰ ਨੇ ਇਨਾਮ ਰੱਖੇ ਹੋਏ ਹੋਣ, ਇੱਕ ਨੌਜੁਆਨ ਦੇ ਦਿਲ ਵਾਲੀ ਪਿਆਰ ਭਰੀ ਆਤਮਾ ਹੈ, ਹੰਢਿਆ ਹੋਇਆ ਵਿਵਹਾਰ ਅਤੇ ਸ਼ਾਂਤ ਪਰਪੱਕਤਾ। ਫਰੀਦੇ (ਅਲੀ ਦੀ ਬੀਵੀ) ਨੇ ਅੱਗੇ ਦੱਸਿਆ ਕਿ ਅਲੀ ਨੇ ਪਾਰਲੀਮੈਂਟ ਤੋਂ ਕਦੇ ਵੀ ਤਨਖਾਹ ਨਹੀਂ ਲਈ, ਨਾ ਹੀ ਆਪਣੀਆਂ ਬਾਅਦ ਦੀਆਂ ਸੇਵਾਵਾਂ ਜਾਂ ਜ਼ਿੰਮੇਵਾਰੀਆਂ ਦੀ। ਵਰ੍ਹਿਆਂ ਤੋਂ ਉਸ ਦੀ ਉਹੀ ਤਨਖਾਹ ਹੈ ਜੋ ਬਤੌਰ ਯੂਨੀਵਰਸਿਟੀ ਦਾ ਪ੍ਰੋਫੈਸਰ ਹੋਣ ਦੀ ਸੀ; ਜਿਸ ਵਿਚੋਂ ਹਰ ਮਹੀਨੇ ਕੁੱਝ ਹਿੱਸਾ ਉਹ ਪਬਲਿਕ ਖਜ਼ਾਨੇ ਵਿਚ ਜਮ੍ਹਾਂ ਕਰਾ ਦਿੰਦਾ ਹੈ ਤਾਂ ਜੋ ਕਰਜ਼ਈ ਨਾ ਹੋਵੇ। ਉਸ ਨੇ ਕਿਹਾ ਕਿ ਜਦੋਂ ਅਸੀਂ ਇਹ ਘਰ ਖਰੀਦਣਾ ਸੀ ਤਾਂ ਸਾਨੂੰ ਪੈਸਿਆਂ ਦੀ ਜ਼ਰੂਰਤ ਸੀ ਅਤੇ ਮੇਰੀ ਧੀ ਨੇ ਸਲਾਹ ਦਿੱਤੀ ਕਿ 'ਡੈਡ ਕੀ ਤੁਸੀਂ ਪਾਰਲੀਮੈਂਟ ਤੋਂ ਆਪਣੀ ਪਿਛਲੀ ਤਨਖਾਹ ਨਹੀਂ ਲੈ ਸਕਦੇ?' ਪ੍ਰੰਤੂ ਅਲੀ ਨੇ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ 'ਅਸੀਂ ਇਸ ਮੁਲਕ ਦਾ ਏਨਾ ਦੇਣ ਦੇਣਾ ਹੈ ਕਿ ਮੇਰੇ ਕੋਈ ਦਾਅਵੇ ਨਹੀਂ ਹਨ।' ਇਹ ਸ਼ਬਦ ਕਿਸੇ ਉਸ ਨੇ ਕਹੇ ਸੀ ਜਿਸ ਨੇ, ਰੈਵੋਲੂਸ਼ਨ ਦੇ ਪਹਿਲੇ ਦਿਨਾਂ ਤੋਂ ਹੀ, ਇੱਕ ਲਮਹਾ ਵੀ ਅਰਾਮ ਵਿਚ ਨਹੀਂ ਸੀ ਗੁਜ਼ਾਰਿਆ ਅਤੇ ਈਰਾਨ ਲਈ ਦੌੜ-ਭੱਜ ਅਤੇ ਮਿਹਨਤ ਕੀਤੀ। ਫਰੀਦੇ ਨੇ ਅੱਗੇ ਦੱਸਿਆ ਕਿ ਅਲੀ ਦਾ ਪਰਿਵਾਰ ਸਾਡੇ ਪਰਿਵਾਰ ਤੋਂ ਉਪਰ ਸੀ ਅਤੇ ਉਨ੍ਹਾਂ ਕੋਲ ਕਾਫੀ ਜ਼ਮੀਨ ਸੀ ਅਤੇ ਉੱਤਰ ਵੱਲ ਭੇਡਾਂ ਸਨ। ਪ੍ਰੰਤੂ ਵਿਆਹ ਤੋਂ ਬਾਅਦ ਸਾਡੇ ਲਈ ਜਿਹੜਾ ਘਰ ਉਨ੍ਹਾਂ ਨੇ ਚੁਣਿਆ ਉਹ ਏਨਾ ਛੋਟਾ ਸੀ ਕਿ ਆਘਾ ਸ਼ਹੀਦ ਮੋਤਾਹਾਰੀ (ਫਰੀਦੇ ਦੇ ਅੱਬਾ) ਨੂੰ ਦੋ ਸੋਫਾ ਸੈਂਟ ਅਤੇ ਦੋ ਗਲੀਚੇ ਆਪਣੀ ਧੀ ਦੇ ਦਾਜ ਲਈ ਖਰੀਦਣੇ ਪਏ ਤਾਂ ਕਿ ਘਰ ਦੀ ਖਾਲੀ ਥਾਂ ਨੂੰ ਭਰਿਆ ਜਾ ਸਕੇ।'

ਦੋਸਤ ਦਾ ਕਹਿਣਾ ਹੈ ਕਿ ਫਰੀਦੇ ਅਤੇ ਅਲੀ ਦੇ ਘਰ ਵਿਚ ਸ਼ਹੀਦ ਮੋਤਾਹਾਰੀ ਦੇ ਦਿੱਤੇ ਉਹੀ ਸੋਫਾ ਸੈਂਟ ਅਤੇ ਦੋ ਗਲੀਚੇ ਹਨ ਜੋ 40 ਸਾਲ ਪਹਿਲਾਂ ਖਰੀਦੇ ਸੀ; ਹੋਰ ਕੋਈ ਵੀ ਨਹੀਂ। ਇਹ ਕਿਸੇ ਤਰ੍ਹਾਂ ਵੀ ਹੈਰਾਨੀਜਨਕ ਨਹੀਂ ਹੈ।

ਫਰੀਦੇ ਨੇ ਅੱਗੇ ਕਿਹਾ ਕਿ 'ਇਨ੍ਹਾਂ ਚਾਲੀ ਅਤੇ ਕੁੱਝ ਸਾਲਾਂ ਵਿਚ ਜਦੋਂ ਤੋਂ ਮੇਰੇ ਬਾਪ ਦੀ ਸ਼ਹਾਦਤ ਹੋਈ ਹੈ, ਅਲੀ ਮੇਰੇ ਲਈ ਪਿਤਾ, ਪਤੀ, ਦੋਸਤ ਅਤੇ ਅਧਿਆਪਕ ਹੈ। ਉਸ ਦਾ ਵਾਲ ਵੀ ਵਿੰਗਾ ਹੋਵੇ ਇਹ ਮੇਰੇ ਤੋਂ ਜਰਿਆ ਨਹੀਂ ਜਾਣਾ।' ਦੋਸਤ ਕਹਿੰਦਾ ਪਿਛਲੀ ਰਾਤ ਜਦੋਂ ਮੈਂ ਇਹ ਖ਼ਬਰ ਪੜ੍ਹੀ ਕਿ 'ਅਲੀ ਲਾਰੀਜਾਨੀ ਦੀ ਸ਼ਹਾਦਤ ਹੋ ਗਈ ਹੈ ਤਾਂ ਮੈਂ ਅਲੀ ਲਈ ਬਿਲਕੁਲ ਚਿੰਤਤ ਨਹੀਂ ਸੀ, ਇੱਥੋਂ ਤੱਕ ਰੈਵੋਲੂਸ਼ਨ ਲਈ ਵੀ ਨਹੀਂ। ਪਰ ਮੈਨੂੰ ਫਰੀਦੇ ਦੀ ਬਹੁਤ ਚਿੰਤਾ ਸੀ; ਉਸ ਇਸਤ੍ਰੀ ਦੀ, ਜਿਸ ਦਾ ਪਿਤਾ ਮੋਰਤਜ਼ਾ ਇਕ ਦਿਨ ਸ਼ਹੀਦ ਹੋ ਗਿਆ ਸੀ ਅਤੇ ਕੱਲ੍ਹ ਉਸ ਦਾ ਦੋਸਤ, ਅਧਿਆਪਕ ਅਤੇ ਪਤੀ ਅਲੀ - ਜਿਹੜਾ, ਜਦੋਂ ਘਰ ਨਹੀਂ ਸੀ ਹੁੰਦਾ, ਤਾਂ ਫਰੀਦੇ ਨੂੰ ਲਗਦਾ ਸੀ ਕਿ ਉਸ ਦੇ ਹੱਥ ਕੱਟੇ ਗਏ ਹਨ - ਅਤੇ ਉਸ ਦਾ ਪੁੱਤਰ ਮੋਰਤਜ਼ਾ ਜਿਸ ਦੀ ਬਹੁਤ ਮਿੱਠੀ ਆਵਾਜ਼ ਸੀ ਅਤੇ ਨਮਾਜ਼ ਲਈ ਪਿਆਰੀ ਅਦਾਨ/ਅਜ਼ਾਨ ਦਿੰਦਾ ਸੀ।

ਦੋਸਤ ਨੂੰ ਪੂਰਾ ਭਰੋਸਾ ਹੈ ਕਿ ਇਸ ਇਸਤ੍ਰੀ ਦੇ ਅੰਦਰੋਂ ਨਿਕਲੀ ਇੱਕ ਆਹ ਵੀ ਅਮਰੀਕਾ ਅਤੇ ਇਜ਼ਰਾਈਲ ਨੂੰ ਉਖਾੜ ਸਕਦੀ ਹੈ। ਅਲੀ ਲਾਰੀਜਾਨੀ ਬਾਰੇ ਲਿਖਦਿਆਂ ਮੈਂ ਇਹ ਮਹਿਸੂਸ ਕੀਤਾ ਹੈ ਕਿ ਮੇਰੇ ਜ਼ਿਹਨ ਵਿਚ ਉਸ ਦੀ ਤਸਵੀਰ ਇੱਕ 'ਫਿਲਾਸਫਰ ਕਿੰਗ', ਦਲਜੀਤ ਸਿੰਘ ਸਰਾਂ ਲਈ 'ਈਰਾਨ ਦਾ ਹੀਰਾ ਪੁੱਤਰ' ਹੈ ਜੋ ਈਰਾਨ ਦਾ ਬਹਾਦਰ ਪੁੱਤਰ ਹੋਣ ਦੇ ਨਾਲ-ਨਾਲ ਬਹੁਤ ਹੀ ਸਿਆਣਾ ਸਿਆਸਤਦਾਨ, ਇਮੈਨੂਅਲ ਕਾਂਟ ਵਰਗੇ ਔਖੇ ਫਿਲਾਸਫਰ ਤੇ ਕਿਤਾਬਾਂ ਲਿਖਣ ਵਾਲਾ ਬੁੱਧੀਜੀਵੀ ਅਤੇ ਆਪਣੀ ਬੀਵੀ ਲਈ ਹਲੀਮੀ ਅਤੇ ਮੋਹ ਨਾਲ ਭਰਿਆ ਪਤੀ ਸੀ ਜੋ ਦੋ ਹੰਕਾਰੇ ਹੋਏ, ਉਜੱਡ ਤਾਕਤਵਰਾਂ ਦੇ ਬੰਬਾਂ ਦੀ ਭੇਟ ਹੋ ਗਿਆ। ਰੱਬ ਕਰੇ ਕਦੀ ਪੰਜਾਬ ਨੂੰ ਵੀ ਕੋਈ ਅਜਿਹਾ ਦਾਨਿਸ਼ਵਰ ਸਿਆਸਤਦਾਨ ਲੱਭ ਪਏ ਜੋ ਪੰਜਾਬ ਬਾਰੇ ਏਵੇਂ ਹੀ ਸੋਚੇ ਜਿਵੇਂ ਅਲੀ ਲਾਰੀਜਾਨੀ ਈਰਾਨ ਬਾਰੇ ਸੋਚਦਾ ਸੀ।

---

# ਟਿਊਸ਼ਨ ਵਾਲਾ ਭੂਤ

ਖੇਤ ਗੇੜਾ ਮਾਰਨ ਜਾਂਦੇ ਸੁਖਮੰਦਰ ਨੂੰ ਰਸਤੇ ਵਿਚ ਪਿੰਡ ਦਾ ਸਰਪੰਚ ਗੁਰਦੀਪ ਸਿੰਘ ਮਿਲ ਗਿਆ। ਸੁਖਮੰਦਰ ਦੀ ਫ਼ਤਿਹ ਦਾ ਜਵਾਬ ਦਿੰਦਿਆਂ ਸਰਪੰਚ ਬੋਲਿਆ, ਹੋਰ ਬਾਈ ਸੁਖਮੰਦਰ



**ਰਜਵਿੰਦਰ ਪਾਲ ਸ਼ਰਮਾ**
**ਫੋਨ: 7087367969**

ਸਿਆਂ ਠੀਕ ਠਾਕ ਆ, ਹਾਂ ਜੀ ਸਰਪੰਚ ਸਾਬ੍ਹ ਤੁਹਾਡੇ ਆਸ਼ੀਰਵਾਦ ਨਾਲ ਸਭ ਵਧੀਆ। ਸਰਪੰਚ ਨੇ ਗੱਲ ਅੱਗੇ ਤੋਰਦਿਆਂ ਪਰਿਵਾਰ ਅਤੇ ਬੱਚਿਆਂ ਦੀ ਪੜ੍ਹਾਈ ਬਾਰੇ ਪੁੱਛਿਆ। ਸਰਪੰਚ ਦੀ ਗੱਲ ਸੁਣ ਕੇ ਸੁਖਮੰਦਰ ਬੋਲਿਆ, ਸਰਪੰਚ ਸਾਬ੍ਹ ਮੁੰਡਾ ਅਤੇ ਕੁੜੀ ਦੋਵੇਂ ਦਸਵੀਂ ਜਮਾਤ ਵਿਚ ਪੜ੍ਹਦੇ ਨੇ ਤੇ ਦੋਵੇਂ ਪੜ੍ਹਾਈ ਵਿਚ ਹੁਸ਼ਿਆਰ ਨੇ। ਦੋਵਾਂ ਨੂੰ ਗੋਰੇ ਫ਼ੌਜੀ ਦੀ ਨੂੰਹ ਕੋਲ ਟਿਊਸ਼ਨ ਵੀ ਲਾਇਆ ਹੋਇਆ।

ਸੁਖਮੰਦਰ ਦੀ ਗੱਲ ਦਾ ਹੁੰਗਾਰਾ ਭਰਦਿਆਂ ਸਰਪੰਚ ਬੋਲਿਆ, 'ਸੁਖਮੰਦਰਾ ਬੱਚਿਆਂ ਨੂੰ ਟਿਊਸ਼ਨ ਲਾਉਣ ਦੀ ਕੀ ਲੋੜ ਆ, ਅੱਜ ਕੱਲ੍ਹ ਤਾਂ ਸਰਕਾਰੀ ਸਕੂਲਾਂ ਵਿਚ ਅਧਿਆਪਕ ਵੀ ਬਹੁਤ ਪੜ੍ਹਾਈ ਕਰਵਾਉਂਦੇ ਨੇ।

ਬੱਚੇ ਸਕੂਲ ਵਿਚ ਦਿੱਤਾ ਕੰਮ ਘਰ ਆ ਕੇ ਦੁਹਰਾਉਣ ਅਤੇ ਜੋ ਨਾ ਸਮਝ ਲੱਗੇ ਉਹ ਅਗਲੇ ਦਿਨ ਜਾ ਕੇ ਅਧਿਆਪਕ ਤੋਂ ਪੁੱਛ ਲੈਣ। ਆਹ ਟਿਊਸ਼ਨਾਂ 'ਤੇ ਜਾ ਕੇ ਵੀ ਤਾਂ ਬੱਚਿਆਂ ਨੂੰ ਆਪ ਹੀ ਪੜ੍ਹਨਾ ਪੈਂਦਾ, ਟਿਊਸ਼ਨ ਵਾਲਾ ਕਿਹੜਾ ਬੱਚੇ ਨੂੰ ਤਵੀਤ ਘੋਲ ਕੇ ਪਿਆ ਦਿਊ। ਆਪਾਂ ਬੱਚਿਆਂ ਨੂੰ ਟਿਊਸ਼ਨ ਭੇਜਣ ਦੀ ਬਜਾਏ ਘਰ ਪੜ੍ਹਨ ਦੀ ਆਦਤ ਪਾਈਏ'।

ਸਰਪੰਚ ਦੀ ਗੱਲ ਸੁਖਮੰਦਰ ਦੇ ਦਿਲ ਨੂੰ ਲੱਗ ਗਈ। ਸਰਪੰਚ ਦਾ ਧੰਨਵਾਦ ਕਰਨ ਤੋਂ ਬਾਅਦ ਉਹ ਸਾਈਕਲ ਦਾ ਪੈਡਲ ਮਾਰਦਾ ਖੇਤ ਵੱਲ ਵਧਦਾ ਸੋਚ ਰਿਹਾ ਸੀ ਕਿ ਸਰਪੰਚ ਠੀਕ ਹੀ ਤਾਂ ਕਹਿੰਦਾ ਹੈ, ਟਿਊਸ਼ਨ ਵਾਲਾ ਭੂਤ ਸਿਰਫ ਸਾਡਾ ਵਹਿਮ ਹੈ, ਸਰਪੰਚ ਦੀ ਧੀ ਵੀ ਤਾਂ ਬਿਨਾਂ ਟਿਊਸ਼ਨ ਤੋਂ ਸਰਕਾਰੀ ਸਕੂਲ ਵਿਚ ਪੜ੍ਹ ਕੇ ਬੈਂਕ ਵਿਚ ਮੈਨੇਜਰ ਲੱਗ ਗਈ, ਮੈਂ ਵੀ ਅੱਜ ਤੋਂ ਬੱਚਿਆਂ ਨੂੰ ਘਰ ਪੜ੍ਹਨ ਦੀ ਆਦਤ ਪਾਉਂਦਾ ਹਾਂ, ਇਸ ਨਾਲ ਬੱਚਿਆਂ ਦਾ ਸਮਾਂ ਅਤੇ ਪੈਸਾ ਦੋਵੇਂ ਬਚਣਗੇ।

# ਬਹੁਰੂਪੀਏ ਲੇਖਕ

**ਸੱਚੀ ਹੱਡ-ਬੀਤੀ 'ਤੇ ਅਧਾਰਿਤ**

ਆਪਣੀ ਜੀਵਨ ਕਹਾਣੀ 'ਮੇਰੀ ਦੁਨੀਆਂ' ਵਿਚ ਸ. ਨਾਨਕ ਸਿੰਘ ਨਾਵਲਿਸਟ 'ਪ੍ਰੀਤਨਗਰ ਵਿਚ ਅੱਠ ਸਾਲ' ਹੇਠਲੇ ਸਿਰਲੇਖ ਵਿਚ ਲਿਖਦੇ ਨੇ ਕਿ ਮੈਂ ਗਰਮੀਆਂ ਦੇ ਮੌਸਮ ਵਿਚ ਇਕ ਦਿਨ ਲਾਹੌਰ 'ਫੁਲਵਾੜੀ' ਦੇ ਦਫ਼ਤਰ ਵਿਚ ਬੈਠਾ ਗਿਆਨੀ ਹੀਰਾ ਸਿੰਘ ਦਰਦ ਨਾਲ ਗੱਲਾਂ ਕਰ ਰਿਹਾ ਸਾਂ, ਕਿ ਅਚਾਨਕ ਪੰਜਾਬੀ ਦੇ ਇਕ ਨਵੇਂ ਪਰਚੇ ਉੱਤੇ ਮੇਰੀ ਨਜ਼ਰ ਪਈ। ਇਹ ਪਰਚਾ ਸੀ 'ਪ੍ਰੀਤਲੜੀ', ਜੋ ਸ. ਗੁਰਬਖਸ਼ ਸਿੰਘ ਦੇ ਸੰਪਾਦਨਾ ਹੇਠ ਨੌਸ਼ਹਿਰੇ (ਹੁਣ ਲਾਗੇ ਪਿਸ਼ਾਵਰ ਪਾਕਿਸਤਾਨ) ਤੋਂ ਪ੍ਰਕਾਸ਼ਿਤ ਹੋਇਆ ਸੀ। ਜੋ ਮੈਂ ਬੈਠਿਆਂ-ਬੈਠਿਆਂ ਸਾਰਾ ਪੜ੍ਹ ਲਿਆ। ਉਸੇ ਦਿਨ ਤੋਂ ਮੈਂ ਪ੍ਰੀਤਲੜੀ ਦਾ ਪਾਠਕ ਤੇ ਉਸ ਦੇ ਸੰਪਾਦਕ ਦਾ ਮਦਾਹ ਬਣ ਗਿਆ। ਜਦ ਸ. ਗੁਰਬਖਸ਼ ਸਿੰਘ ਨੇ ਪ੍ਰੀਤਨਗਰ ਵਸਾਇਆ ਤਾਂ ਮੈਂ ਵੀ 7 ਜੂਨ 1938 ਨੂੰ ਪ੍ਰੀਤ ਸੈਨਿਕ ਬਣ ਕੇ ਪ੍ਰੀਤ ਨਗਰ ਜਾ ਵੱਸਿਆ।



ਮਨੁੱਖ ਦੇ ਅਸਲ ਗੁਣਾਂ-

**ਜਸਵੰਤ ਸਿੰਘ ਸੰਧੂ (ਘਰਿੰਡਾ)**
**ਫੋਨ: 510-605-6494**

ਔਗੁਣਾਂ ਦਾ ਪਤਾ ਨੇੜਿਓਂ ਲੱਗਦਾ ਹੈ। ਲਿਖਤ ਵਿਚ ਜਾਂ ਭਾਸ਼ਣਾਂ ਵਿਚ ਤਾਂ ਥਿਊਰੀ ਹੁੰਦੀ ਹੈ। ਕਿਸੇ ਮਨੁੱਖ ਦੇ ਕਿਰਦਾਰ ਦਾ ਪਤਾ ਤਾਂ ਵਾਹ ਪਿਆ ਜਾਂ ਰਾਹ ਪਿਆ ਤੋਂ ਹੀ ਲਗਦਾ ਹੈ। ਜਿਸ ਤਰ੍ਹਾਂ ਭਾਵੇਂ ਮੈਂ ਗੁਰਬਖਸ਼ ਸਿੰਘ ਦਾ ਮਦਾਹ ਸਾਂ, ਪਰ ਉਸ ਦਾ ਅੰਧ-ਵਿਸ਼ਵਾਸੀ ਨਹੀਂ ਬਣ ਸਕਿਆ। ਸ. ਨਾਨਕ ਸਿੰਘ ਨੇ ਜੋ ਖੂਬੀਆਂ ਗੁਰਬਖਸ਼ ਸਿੰਘ ਵਿਚ ਵੇਖੀਆਂ ਸਨ, ਉਹ ਅਮਲੀ ਰੂਪ ਵਿਚ ਨਦਾਰਦ ਸਨ। ਉਹ ਲਿਖਦੇ ਨੇ ਕਿ 'ਪ੍ਰੀਤ ਨਗਰ ਰਹਿੰਦਿਆਂ ਨਿਕਟੀ ਤੌਰ 'ਤੇ ਜਿੰਨਾ ਕੁ ਮੈਂ ਸ. ਗੁਰਬਖਸ਼ ਸਿੰਘ ਨੂੰ ਪੜ੍ਹ ਸਕਿਆ ਹਾਂ, ਉਸ ਦੇ ਸਿੱਟੇ ਵਜੋਂ ਕਹਿ ਸਕਦਾ ਹਾਂ, ਜਿਥੇ ਉਸ ਵਿਚ ਖੂਬੀਆਂ ਨੇ ਉਥੇ ਉਸ ਵਿਚ ਤਰੁੱਟੀਆਂ ਵੀ ਨੇ ਜਿਵੇਂ ਉਸ ਦਾ ਇੱਕ ਸ਼ੇਖ ਚਿੱਲੀਆਨਾ ਸੁਭਾਅ, ਦੂਜਾ ਉਹ ਡਿਕਟੇਟਰਾਨਾ ਤਬੀਅਤ ਦਾ ਆਦਮੀ, ਤੀਜਾ ਨਵਾਬੀ ਠਾਠ ਦੀ ਆਦਤ 'ਸਨਕ' ਦੀ ਹੱਦ ਤੱਕ ਪਹੁੰਚੀ ਹੋਈ ਹੈ, ਚੌਥਾ ਉਸ ਵਿਚ ਖੁਦਨੁਮਾਈ ਦਾ ਬੜਾ ਵੱਡਾ ਔਗੁਣ ਹੈ। ਪੰਜਵਾਂ ਇਹ ਕਿ ਆਪਣੇ ਪਾਠਕਾਂ ਜਾਂ ਸਾਥੀਆਂ ਨੂੰ ਟਰਕਾਉਣ ਦਾ ਹੁਨਰ ਉਸ ਦੀ ਆਦਤ ਵਿਚ ਸ਼ਾਮਲ ਹੈ, ਜਿਹੜਾ ਹੁਣ ਦਿਨੋਂ-ਦਿਨ ਬੇਅਸਰ ਹੁੰਦਾ ਜਾ ਰਿਹਾ ਹੈ।'

ਸ. ਨਾਨਕ ਸਿੰਘ ਸੱਚੇ-ਸੁੱਚੇ ਇਨਸਾਨ ਸਨ। 1972 ਵਿਚ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸ. ਸੁਜਾਨ ਸਿੰਘ ਨੇ ਕਿਹਾ ਸੀ, 'ਲੇਖਕ' ਤਾਂ ਸਾਰੇ ਬਣ ਜਾਂਦੇ ਨੇ ਪਰ ਇਨਸਾਨ ਕੋਈ-ਕੋਈ ਬਣਦਾ ਹੈ। ਸ. ਨਾਨਕ ਸਿੰਘ ਜੀ ਪਹਿਲੇ ਇਨਸਾਨ ਸਨ ਤੇ ਲੇਖਕ ਬਾਅਦ ਵਿਚ। ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਬਹੁਰੂਪੀਏਪਨ ਨੇ ਉਨ੍ਹਾਂ ਦੇ ਮਨ 'ਤੇ ਵੱਡੀ ਠੇਸ ਮਾਰੀ। ਉਪਰੋਕਤ ਔਗੁਣ ਲਿਖਣ ਦੇ ਬਾਵਜੂਦ ਵੀ ਉਨ੍ਹਾਂ ਦਾ ਗੁੱਸਾ ਠੰਢਾ ਨਾ ਹੋਇਆ ਤਾਂ ਉਨ੍ਹਾਂ ਦੇ ਕਿਰਦਾਰ ਨੂੰ ਨੰਗਾ ਕਰਨ ਵਾਸਤੇ ਇਕ ਨਾਵਲ 'ਸੰਗਮ' ਲਿਖਿਆ ਹੈ, ਜਿਸ ਵਿਚ ਨਾਨਕ ਸਿੰਘ ਨੇ ਗੁਰਬਖਸ਼ ਸਿੰਘ ਪ੍ਰੀਤਲੜੀ ਦਾ ਕਿਰਦਾਰ 'ਸਾਬੀ ਜੀ' ਦੇ ਰੂਪ ਵਿਚ ਨਾਵਲ ਦੀ ਭੂਮਿਕਾ ਦੇ ਅਖ਼ੀਰ ਵਿਚ ਇਸ ਤਰ੍ਹਾਂ ਕੀਤਾ ਹੈ:

'ਛੇਕੜ ਵਿਚ ਮੈਂ ਇੱਕ ਵਿਸ਼ੇਸ਼ ਪਾਤਰ 'ਸਾਬੀ ਜੀ' ਬਾਰੇ ਥੋੜ੍ਹੇ ਜਿੰਨੇ ਸ਼ਬਦ ਕਹਿਣੇ ਚਾਹੁੰਦਾ ਹਾਂ। ਜਿਤਨਾ ਉਸ ਮਸ਼ਾਲਚੀ ਦਾ ਕਿਰਦਾਰ ਹੈ, ਜਿਹੜਾ ਦੂਜਿਆਂ ਨੂੰ ਚਾਨਣ ਕਰਦਾ ਹੋਇਆ ਆਪ ਹਨੇਰੇ ਵਿਚ ਰਹਿੰਦਾ ਹੈ ਤੇ ਇਹੋ ਜਿਹੇ ਮਸ਼ਾਲਚੀਆਂ ਦੀ ਹੀ ਕਿਰਪਾ ਦਾ ਫਲ ਹੈ ਕਿ ਸਾਡੇ ਦੇਸ਼ ਵਿਚ 'ਸਮਾਜਵਾਦ' ਦਾ ਸ਼ਬਦ ਅੱਜ 'ਪੇਸ਼ਾਵਾਦ' ਬਣ ਕੇ ਰਹਿ ਗਿਆ ਹੈ। ਲੈਕਚਰ ਕਰ ਕਰ ਕੇ ਕਿਤਾਬ ਤੇ ਲੇਖ ਲਿਖ-ਲਿਖ ਕੇ ਕਲਮਾਂ ਘਸਾਣ ਵਾਲੇ ਲੋਕਾਂ ਵਿਚ ਵਧੇਰੇ ਗਿਣਤੀ ਅਸੀਂ ਉਨ੍ਹਾਂ ਭੱਦਰ-ਪੁਰਸ਼ਾਂ ਦੀ ਵੇਖਦੇ ਹਾਂ, ਜਿਹੜੇ ਏਸ ਕੰਮ ਨੂੰ 'ਪੇਸ਼ੇ' ਤੋਂ ਵੱਧ ਕੁਝ ਨਹੀਂ ਸਮਝਦੇ। ਇਕ ਪਾਸੇ ਜੇ ਇਹ ਲੋਕ, ਗ਼ਰੀਬਾਂ, ਮਜ਼ਦੂਰਾਂ ਦੀਆਂ ਮੁਸੀਬਤਾਂ ਦੇ ਕੀਰਨੇ ਪਾ-ਪਾ ਕੇ ਉਨ੍ਹਾਂ ਦੇ ਆਗੂ ਬਣ ਜਾਂਦੇ ਨੇ ਤਾਂ ਦੂਜੇ ਪਾਸੇ ਉਨ੍ਹਾਂ ਦਾ ਹੀ ਲਹੂ ਪੀ-ਪੀ ਕੇ ਮੋਟੇ ਹੋਈ ਜਾਂਦੇ ਨੇ। ਤਾਜ ਮਹਿਲ ਹੋਟਲ ਦੇ ਡਾਇਨਿੰਗ ਰੂਮ ਵਿਚ ਨਾਸ਼ਤਾ ਕਰਦੇ ਹੋਏ ਵੀ ਜਿਹੜੇ ਮਗਰਮੱਛ ਵਾਲੇ ਹੰਝੂ ਵਹਾਂਦੇ ਦਿਖਾਈ ਦੇਂਦੇ ਨੇ। 'ਸਾਬੀ ਜੀ' ਵੀ ਉਨ੍ਹਾਂ ਲੋਕਾਂ ਵਿਚੋਂ ਇਕ ਨੇ, ਜਿਨ੍ਹਾਂ ਦੀਆਂ ਤਕਰੀਰਾਂ, ਤਹਿਰੀਰਾਂ ਤੋਂ ਪ੍ਰਭਾਵਿਤ ਹੋ ਕੇ ਦੇਸ਼ ਦੇ ਅਣਗਿਣਤ ਗੱਭਰੂ, ਉਨ੍ਹਾਂ 'ਤੇ ਈਮਾਨ ਲੈ ਆਉਂਦੇ ਨੇ। ਪਰ ਜਦੋਂ ਨੇੜੇ ਹੋ ਕੇ ਵੇਖਣ ਦਾ ਮੌਕਾ ਮਿਲੇ ਤਾਂ ਨਾ ਕੇਵਲ ਉਨ੍ਹਾਂ ਦਾ ਨਿਸ਼ਚਾ ਭਰੋਸਾ ਹੀ ਖਤਮ ਹੋ ਜਾਂਦਾ ਹੈ, ਸਗੋਂ ਆਦਰਸ਼ਵਾਦ ਤੇ ਸਮਾਜਵਾਦ ਦਾ ਨਸ਼ਾ ਵੀ ਉਤਰਨਾ ਸ਼ੁਰੂ ਹੋ ਜਾਂਦਾ ਹੈ। ਸਮਾਜ ਨੂੰ ਇਸ ਵੇਲੇ ਓਨਾ ਖਤਰਾ ਦੇਸ਼-ਧਰੋਹੀਆਂ ਪਾਸੋਂ ਨਹੀਂ-ਨਾ ਹੀ ਫਿਰਕਾ ਪ੍ਰਸਤਾਂ ਪਾਸੋਂ, ਜਿੰਨਾ 'ਸਾਬੀ ਜੀ' ਟਾਈਪ ਦੇ ਦੇਸ਼ ਭਗਤਾਂ ਪਾਸੋਂ।'

'ਮੇਰਾ ਵਿਸ਼ਵਾਸ ਹੈ ਸ੍ਰੀ ਸਾਬੀ ਜੀ ਦਾ ਕਰੈਕਟਰ ਵੇਖ ਕੇ ਸਾਡੇ ਨੌਜਵਾਨਾਂ ਨੂੰ ਹੋਰ ਕੋਈ ਲਾਭ ਹੋਵੇ ਨਾ ਹੋਵੇ ਪਰ ਇੱਕ ਗੱਲ ਦੀ ਉਨ੍ਹਾਂ ਨੂੰ ਜ਼ਰੂਰ ਸਮਝ ਆ ਜਾਵੇਗੀ ਕਿ ਹਰ ਚਮਕਣ ਵਾਲੀ ਚੀਜ਼ ਸੋਨਾ ਨਹੀਂ ਹੁੰਦੀ।'

ਅਜਿਹੇ ਹੀ 'ਸਾਬੀ ਜੀ' ਵਰਗੇ ਅਖੌਤੀ ਲੇਖਕ ਨਾਲ ਮੇਰਾ ਮੇਲ ਮਾਸਟਰੀ ਕੋਰਸ ਕਰਦਿਆਂ ਹੋਇਆ, ਜਿਸ ਦੀਆਂ 'ਅਜੀਤ' ਵਿਚ ਛਪੀਆਂ ਕਹਾਣੀਆਂ ਪੜ੍ਹੀਆਂ ਤੇ ਮੈਂ ਉਸ ਦਾ ਨਾਨਕ ਸਿੰਘ ਵਾਂਗ ਅੰਧ-ਵਿਸ਼ਵਾਸੀ ਪ੍ਰਸ਼ੰਸਕ ਬਣ ਗਿਆ।

ਮਾਸਟਰੀ ਕੋਰਸ ਕਰਨ ਤੋਂ ਬਾਅਦ ਅਸੀਂ ਮਾਸਟਰ ਲੱਗ ਗਏ। ਇੱਕ-ਦੂਜੇ ਨਾਲ ਮਿਲਣਾ-ਗਿਲਣਾ ਸ਼ੁਰੂ ਹੋ ਕੇ ਵਿਆਹ-ਸ਼ਾਦੀਆਂ 'ਤੇ ਵੀ ਆਉਣਾ-ਜਾਣਾ ਆਮ ਹੋ ਗਿਆ। ਅਸੀਂ ਅੱਗੇ ਪੜ੍ਹਨਾ ਸ਼ੁਰੂ ਕੀਤਾ। ਇਸ ਦਾ ਪਿੰਡ ਅੰਮ੍ਰਿਤਸਰੋਂ ਦੂਰ ਹੋਣ ਕਰਕੇ ਜਿੰਨੇ ਵੀ ਇਮਤਿਹਾਨ ਸਾਲਾਂਬੱਧੀ ਦਿੱਤੇ ਮੇਰੇ ਘਰ ਮਹੀਨਾ-ਮਹੀਨਾ ਰਹਿੰਦਾ ਰਿਹਾ। ਕੁਝ ਸਾਲਾਂ ਬਾਅਦ ਨਸ਼ਿਆਂ ਕਾਰਨ ਇਸ ਦੇ ਬਾਪ ਦੀ ਮੌਤ ਹੋ ਗਈ। ਇਨ੍ਹਾਂ ਦਿਨਾਂ ਵਿਚ ਬਿਨਾਂ ਤਨਖਾਹ ਛੁੱਟੀ ਲੈ ਕੇ ਬੀ.ਐਡ ਕਰ ਰਿਹਾ ਸੀ। ਮੈਂ ਭੋਗ 'ਤੇ ਗਿਆ, ਇਸ ਦੀ ਮਾਤਾ ਜੀ, ਜੋ ਨਹਾਇਤ ਨੇਕ ਔਰਤ ਸੀ, ਨੇ ਦੱਸਿਆ ਕਿ ਬੰਬੀ ਦਾ ਕੁਨੈਕਸ਼ਨ ਨਿਕਲ ਆਇਆ ਹੈ, ਪਰ ਬੰਬੀ ਲਵਾਉਣ ਜੋਗੇ ਘਰ ਪੈਸੇ ਨਹੀਂ। ਜੇ ਬੰਬੀ ਨਾ ਲੱਗੀ ਤਾਂ ਕੁਨੈਕਸ਼ਨ ਕੈਂਸਲ ਹੋ ਜਾਵੇਗਾ। ਮੈਂ ਬੰਬੀ ਵਾਸਤੇ ਇਸ ਨੂੰ ਪੈਸੇ ਦਿੱਤੇ, ਜਿਸ ਨਾਲ ਬੰਬੀ ਲੱਗ ਗਈ। ਇਸ ਦਾ ਜ਼ਿਕਰ ਇਸ ਨੇ ਆਪਣੀ 'ਸਾਹਿਤਕ ਸਵੈ-ਜੀਵਨੀ' ਵਿਚ ਵੀ ਕੀਤਾ ਹੈ।

ਵਿਆਹ ਤੋਂ ਬਾਅਦ ਇਹ ਰੰਨ ਮੁਰੀਦ ਬਣ ਗਿਆ। ਉਸ 'ਨੇਕ ਪਤਨੀ' ਨੇ ਇਸ ਨੂੰ ਮਾਂ-ਪਿਉ, ਭੈਣਾਂ, ਭਰਾ, ਸ਼ਰੀਕੇ ਬਰਾਦਰੀ, ਰਿਸ਼ਤੇਦਾਰਾਂ ਤੇ ਸੱਜਣਾਂ-ਮਿੱਤਰਾਂ ਤੋਂ ਆਪਣੀ 'ਕਲਾਕਾਰੀ' ਨਾਲ ਦੂਰ ਕਰ ਦਿੱਤਾ। ਇਹ ਲੋਕਾਂ ਦੇ ਘਰਾਂ ਵਿਚ ਜਾ ਕੇ ਪ੍ਰਾਹੁਣਾਚਾਰੀ ਨਾਲ ਅਨੰਦਿਤ ਹੁੰਦੇ ਨੇ ਪਰ ਜਦ ਘਰ ਕੋਈ ਪ੍ਰਾਹੁਣਾ ਆ ਜਾਏ ਤਾਂ ਗਸ਼ ਪੈ ਜਾਂਦੀ ਹੈ।

1998 ਵਿਚ ਮੈਂ ਸੀਤਲ ਜੀ ਦੇ ਭੋਗ ਤੋਂ ਲੁਧਿਆਣਿਓਂ ਵਾਪਸ ਆਉਂਦਿਆਂ ਇਸ ਦੇ ਘਰ ਠਹਿਰਿਆ ਤਾਂ ਇਸ ਦੀ ਪਤਨੀ ਕਹਿੰਦੀ, 'ਭਾਜੀ! ਪ੍ਰਾਹੁਣੇ ਬੜੇ ਆਉਂਦੇ ਨੇ।' ਮੈਂ ਕਿਹਾ ਪ੍ਰਾਹੁਣਾ ਤਾਂ ਮੈਂ ਵੀ ਹਾਂ, ਤਾਂ ਕਹਿੰਦੀ, ਨਹੀਂ ਤੁਸੀਂ ਤਾਂ ਸਾਡੇ ਆਪਣੇ ਹੋ। ਮੈਂ ਕਿਹਾ ਕਿ ਕੋਈ ਬੇਗਾਨਾ ਵੀ ਕਿਸੇ ਦੇ ਘਰ ਆਉਂਦਾ ਹੈ? ਉਸ ਤੋਂ ਬਾਅਦ ਮੈਂ ਛੇ ਸਾਲ ਇਸ ਦੇ ਘਰ ਨਹੀਂ ਵੜਿਆ। ਜਦੋਂ ਕਿ ਇਹ ਅਖੌਤੀ ਲੇਖਕ ਯੂਨੀਵਰਸਿਟੀ ਦੇ ਦਸ-ਦਸ ਲੇਖਕ ਦੋਸਤਾਂ ਨਾਲ ਵਾਘਾ ਬਾਰਡਰ ਵੇਖਣ ਆਇਆ ਮੇਰੇ ਘਰ ਲਿਆਉਂਦਾ ਰਿਹਾ। ਚਾਹ ਪਾਣੀ ਦੇ ਨਾਲ-ਨਾਲ ਉਨ੍ਹਾਂ ਦਾ ਤੀਸਰਾ ਨੇਤਰ ਵੀ ਖੋਲ੍ਹਦਾ ਰਿਹਾ। ਬਾਪ ਦੇ ਗੁਜ਼ਰ ਜਾਣ ਤੋਂ ਬਾਅਦ ਪਿਛੇ ਰਹੇ ਭੈਣ-ਭਰਾਵਾਂ ਦੇ ਭਵਿੱਖ ਵੱਲ ਕੋਈ ਧਿਆਨ ਨਹੀਂ ਦਿੱਤਾ, ਕਿਸਾਨਾਂ-ਮਜ਼ਦੂਰਾਂ ਦੀਆਂ ਤਕਲੀਫ਼ਾਂ ਬਾਰੇ ਲਿਖਣ ਵਾਲਾ, ਛੋਟੇ-ਵੱਡੇ ਇਨਾਮ ਲੈਣ ਵਾਲਾ ਇਹ ਬਹੁਰੂਪੀਆ ਲੇਖਕ, ਆਪਣੇ ਪਰਿਵਾਰ ਦਾ ਭਵਿੱਖ ਤਾਂ ਸਵਾਰ ਨਾ ਸਕਿਆ ਤੇ ਇਸ ਦੇ ਸਾਰੇ ਆਪਣੇ ਗ਼ਰੀਬੀ ਭੋਗਦੇ ਦੁਨੀਆਂ ਨੂੰ ਅਲਵਿਦਾ ਕਹਿ ਗਏ।

1997 ਵਿਚ ਇਹ ਭੱਦਰ ਪੁਰਸ਼ ਮਿਲਵਾਕੀ (ਅਮਰੀਕਾ) ਪੰਜਾਬੀ ਕਾਨਫ਼ਰੰਸ ਵਿਚ ਭਾਗ ਲੈਣ ਗਿਆ। ਇਹ ਮੇਰੇ ਛੋਟੇ ਭਰਾ ਨੂੰ ਕੈਨੇਡਾ ਮਿਲਣ ਗਿਆ ਤਾਂ ਉਸ ਨੇ ਇਸ ਨੂੰ ਕੀਮਤੀ ਤੋਹਫੇ ਦਿੱਤੇ। 1998 ਵਿਚ ਉਹ ਇਸ ਨੂੰ ਇਸ ਦੇ ਸ਼ਹਿਰ ਮਿਲਣ ਗਿਆ ਤਾਂ ਜਿਸ ਤਰ੍ਹਾਂ ਅਜੋਕੇ ਯੁੱਗ ਵਿਚ ਲੋਕ ਪ੍ਰਾਹੁਣਚਾਰੀ ਕਰਦੇ ਨੇ, ਇਸ ਨੇ ਨਾ ਕੀਤੀ। ਆਪ ਇਹ ਸ਼ਾਕਾਹਾਰੀ ਹੈ ਪਰ ਪਤਨੀ ਤੰਦੂਰੀ ਫੁਲਕੇ ਮੀਟ ਨਾਲ ਖਾਂਦੀ ਹੈ, ਜਦ ਕੋਈ ਪ੍ਰਾਹੁਣਾ ਵਿਦੇਸ਼ੋਂ ਆਏ ਤਾਂ ਖ਼ਰਚ ਕਰਨ ਦੀ ਮਾਰੀ ਰਾਧਾ-ਸਵਾਮਣ ਬਣ ਜਾਂਦੀ ਹੈ। ਉਸ ਤਰ੍ਹਾਂ ਇਹ ਅਖੌਤੀ ਲੇਖਕ ਮੀਟ ਖਾਣ ਵਾਲੀ ਔਰਤ ਨੂੰ 'ਰਾਕਸ਼ਣੀ' ਕਹਿੰਦਾ ਹੈ।

ਇਸ ਨੇ ਆਪਣੇ ਦੂਸਰੇ ਮਝੈਲ ਦੋਸਤ ਦੇ ਮੁੰਡੇ ਨੂੰ ਆਪਣੀ ਪਤਨੀ ਦੇ ਨੇੜਲੇ ਰਿਸ਼ਤੇਦਾਰਾਂ 'ਚੋਂ, ਅਸਾਵਾਂ ਰਿਸ਼ਤਾ ਕਰਾ ਦਿੱਤਾ ਪਰ ਮੁੰਡਾ ਸਹਿਮਤ ਨਹੀਂ ਸੀ। ਮੇਰੇ ਵਾਂਗ ਇਸ ਨੂੰ 'ਮਹਾਨ ਲੇਖਕ' ਸਮਝ ਕੇ ਉਸ ਨੇ ਦੋਸਤੀ ਨੂੰ ਰਿਸ਼ਤੇਦਾਰੀ ਵਿਚ ਬਦਲ ਦਿੱਤਾ। ਇਸ ਖੁਸ਼ਹਾਲ ਪਰਿਵਾਰ ਦੇ ਘਰ ਬਾਅਦ ਵਿਚ ਇਸ ਰਿਸ਼ਤੇ ਕਾਰਨ ਉਹ 'ਮਹਾਂਭਾਰਤ' ਛਿੜਿਆ ਜਿਸ ਕਾਰਨ ਉਸ ਦੀ ਪਤਨੀ ਮਾਨਸਿਕ ਰੋਗੀ ਬਣ ਗਈ ਤੇ ਚਾਰ ਸਾਲ ਮੰਜੇ 'ਤੇ ਪੈ ਕੇ ਸੁਰਗ ਸਿਧਾਰ ਗਈ। ਉਹ ਪਰਿਵਾਰ ਇਸ ਰਿਸ਼ਤੇ ਕਾਰਨ ਘਰ ਦੇ ਹੋਏ ਨੁਕਸਾਨ ਲਈ ਇਸ ਦੇ 'ਗੁਣ' ਗਾਇਨ ਕਰਦਾ ਰਹਿੰਦਾ ਹੈ।

ਸਰਕਾਰੀ ਨੌਕਰੀ ਛੱਡ ਕੇ 'ਸੋਭਾ ਵਡਿਆਈ' ਦੀ ਭੁੱਖ ਦਾ ਮਾਰਿਆ ਇਹ ਪ੍ਰੋਫੈਸਰ ਜਾ ਲੱਗਾ। ਸ਼ਹਿਰ ਵਿਚ ਪਲਾਟ ਲੈ ਕੇ ਮਕਾਨ ਬਣਾਉਣ ਲਈ ਮੇਰੇ ਕੋਲੋਂ ਪੈਸੇ ਲਏ। ਮੈਂ ਹਰ ਕੰਮ ਵਿਚ ਸੰਕਟ ਸਮੇਂ ਇਸ ਨਾਲ ਮੋਢੇ ਨਾਲ ਮੋਢਾ ਜੋੜ ਕੇ ਇਸ ਦਾ ਸਾਥ ਦਿੱਤਾ। ਗਰਮ ਲਿਖਤਾਂ ਲਿਖਣ ਕਾਰਨ ਇਸ 'ਤੇ ਮੁਕੱਦਮਾ ਬਣ ਗਿਆ। ਕੋਈ ਵੀ ਰਿਸ਼ਤੇਦਾਰ, ਸ਼ਰੀਕਾ ਬਰਾਦਰੀ, ਸੱਜਣ-ਮਿੱਤਰ (ਕਿਸੇ ਨਾਲ ਬਣਾਈ ਨਾ ਹੋਣ ਕਾਰਨ) ਮੁਕੱਦਮੇ ਦੀ ਪੈਰਵਾਈ ਕਰਨ ਨਾ ਆਇਆ। ਕੇਵਲ ਮੈਂ ਹੀ ਆਪਣੀ ਨੌਕਰੀ ਖਤਰੇ ਵਿਚ ਪਾ ਕੇ ਇਸ ਦੀਆਂ ਤਰੀਕਾਂ ਭੁਗਤਦਾ ਰਿਹਾ, ਜਿਨ੍ਹਾਂ ਦਾ ਜ਼ਿਕਰ ਇਸ ਨੇ ਆਪਣੀ ਸਵੈ-ਜੀਵਨੀ ਵਿਚ ਵੀ ਕੀਤਾ ਹੈ।

ਮੇਰੇ ਲੜਕੇ ਨੂੰ ਮੈਟਰੀਮੋਨੀਅਲ ਰਾਹੀਂ ਅਮਰੀਕਾ ਤੋਂ ਰਿਸ਼ਤਾ ਹੋ ਗਿਆ। ਮੈਂ ਇਸ ਨੂੰ ਪਰਿਵਾਰ ਸਮੇਤ ਸ਼ਾਦੀ 'ਤੇ ਸੱਦਿਆ। ਇਹ ਦੋਵੇਂ ਜੀ ਈਰਖਾਲੂ ਬਹੁਤ ਨੇ ਪਤਨੀ ਤਾਂ ਆਈ ਨਾ। ਇਹ ਆਇਆ ਤੇ ਮੈਨੂੰ ਸ਼ਗਨ ਫੜਾ ਕੇ ਪਹਿਲਾਂ ਹੀ ਚਲਾ ਗਿਆ। ਨਾ ਮੇਰੇ ਲੜਕੇ ਨੂੰ ਸ਼ਗਨ ਫੜਾਇਆ ਤੇ ਨਾ ਰਸਮੀ ਵਧਾਈ ਦਿੱਤੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਤਹਿਰੀਰ ਤੇ ਤਕਰੀਰ ਕਰਨ ਵਿਚ ਮਾਹਿਰ ਹੈ ਪਰ ਇਹ 'ਫੁੱਲਾਂ ਥੱਲੇ ਅੰਗਿਆਰ' ਵਾਂਗ ਨੇ। ਮਨ ਹੋਰ ਮੁੱਖ ਹੋਰ ਸੇ ਕਾਚੇ ਕਚਿਆ। ਬੜੀਆਂ ਤਾੜੀਆਂ ਵਜਦੀਆਂ ਨੇ। ਪਰ ਇਹ ਤਕਰੀਰਾਂ ਵਿਚ ਹੀਰੋ ਤੇ ਅਮਲੀ ਜੀਵਨ ਵਿਚ ਮਾਈਨਸ ਜ਼ੀਰੋ ਹੈ। ਸਾਹਿਤਕ ਸਭਾਵਾਂ ਆਪਣੀ ਭੱਲ ਬਣਾਉਣ ਲਈ ਮੁੱਖ ਬੁਲਾਰੇ ਵਜੋਂ ਸੱਦਦੀਆਂ ਨੇ ਤੇ ਆਉਣ-ਜਾਣ ਦੀ ਟਿਕਟ 'ਤੇ ਜਾਣ ਲੱਗਿਆਂ ਜ਼ਬਾਨ ਘਸਾਈ ਵੀ ਦੇਂਦੀਆਂ ਨੇ। ਮੈਂ ਦੋ-ਤਿੰਨ ਵਾਰ ਪਾਕਿਸਤਾਨ ਤੋਂ ਹੋ ਆਇਆ। ਇਸ ਦੰਪਤੀ ਨੇ ਪਾਕਿਸਤਾਨ ਜਾਣਾ ਸੀ। ਪਾਕਿਸਤਾਨ ਵਿਚ ਕੁਝ ਵਾਕਫਕਾਰਾਂ ਬਾਰੇ ਜਾਣਕਾਰੀ ਲੈਣ ਲਈ ਮੈਨੂੰ ਫੋਨ ਕੀਤਾ। ਮੈਂ ਕੁਝ ਨਾਂ ਦਸ ਦਿੱਤੇ ਤੇ ਕਿਹਾ ਮੇਰੇ ਕੋਲੋਂ ਕੁਝ ਡਾਲਰ ਲੈ ਜਾਈਂ ਤੇ ਮੇਰੇ ਲਈ ਡਰਾਈ ਫਰੂਟ ਲਈ ਆਈਂ। ਉਸ ਤੋਂ ਬਾਅਦ ਇਹਦਾ ਫੋਨ ਨਹੀਂ ਆਇਆ ਤੇ ਫੇਸਬੁੱਕ ਤੋਂ ਵੇਖਿਆ ਵਾਘਾ ਬਾਰਡਰ 'ਤੇ ਮੇਜ਼ਬਾਨ ਤੋਂ ਬੁਕੇ ਲੈ ਰਿਹਾ ਹੈ। ਅੱਠ ਦਿਨ ਬਾਅਦ ਵਾਪਸ ਆਉਂਦਿਆਂ ਮੈਨੂੰ ਰੱਬ ਕਹਿਣ ਵਾਲਾ, ਹੀਰਾ ਨਗੀਨਾ ਤੇ ਪਿਓਆਂ ਵਰਗਾ ਭਰਾ ਕਹਿਣ ਵਾਲਾ ਇਕ ਕਿਲੋਮੀਟਰ 'ਤੇ ਮੈਨੂੰ ਮਿਲ ਕੇ ਨਹੀਂ ਗਿਆ। ਇਸ ਨੇ ਫੂਕ ਛਕਾਉਣ ਲਈ ਮੈਨੂੰ ਉਪਰੋਕਤ ਨਾਂ ਦਿੱਤੇ ਤੇ ਮੈਂ ਕੌੜੇ ਤਜਰਬੇ ਦੇ ਅਧਾਰ 'ਤੇ ਇਸ ਨੂੰ ਅਸਲੀ ਰੰਨ ਮੁਰੀਦ, ਅਕ੍ਰਿਤਘਣ, ਸਿੰਬਲ ਰੁੱਖ, ਮਤਲਬੀ, ਹਰਨਾਕਸ਼ ਬਿਰਤੀ ਵਾਲਾ, ਮਹਾਂ-ਕੰਜੂਸ ਨਾਵਾਂ ਨਾਲ ਨਿਵਾਜਦਾ ਹਾਂ। ਇਸ ਵਿਚ ਖੁਦਨੁਮਾਈ ਸ਼ਿੱਦਤ ਦੀ ਹੱਦ ਤਕ ਹੈ। ਲੋਕਾਂ ਨੂੰ ਸ਼ਬਦ ਜਾਲ ਰਾਹੀਂ ਟਰਕਾਉਣ ਦਾ ਬੜਾ ਮਾਹਿਰ ਹੈ।

'ਸਾਬੀ ਜੀ' ਦੀ ਅਸਲੀਅਤ ਦਾ ਮੈਨੂੰ ਪੂਰੇ 62 ਸਾਲ ਬਾਅਦ ਪਤਾ ਲੱਗਾ। ਆਪਣੀ ਨੇਕ-ਨੀਯਤੀ ਅਤੇ ਸਾਫ-ਦਿਲੀ ਕਾਰਨ ਮੈਂ ਇਹਦੇ ਭਾਅ ਦਾ 'ਮੂਰਖ' ਬਣਿਆ ਰਿਹਾ। ਸੁਣਿਆ ਹੈ ਕਿ ਇਹ ਸਾਬੀ ਹੁਣ ਇੱਕਲਾ ਹੋ ਕੇ ਰਹਿ ਗਿਆ ਹੈ।

'ਅਪਨੋਂ ਮੇਂ ਹੈ ਕੁਛ ਐਸੇ ਬੜੇ ਲੋਗ ਕਿ ਜਿਨਕਾ ਹੈ ਨਾਮ ਬੜਾ ਨਾਮੋ-ਅਮਾਨ ਘਟੀਆ ਹੈ,
ਬਜ਼ਾਰ ਮੇਂ ਕਯਾ ਇਨਕਾ ਕੋਈ ਮੋਲ ਲਗਾਏ ਪੈਕਿੰਗ ਬੇਸ਼ਕ ਖੂਬ ਮਗਰ ਮਾਲ ਘਟੀਆ ਹੈ!'

# ਫ਼ਾਜ਼ਿਲ ਕਾ ਬੰਗਲਾ

ਸਾਲ 2011 ਦੀ ਗੱਲ ਹੈ। ਮੇਰੀ ਬਦਲੀ ਪੱਛਮੀ ਬੰਗਾਲ ਦੇ ਬਿਨਾਗੁੜੀ ਕਸਬੇ ਤੋਂ ਪੰਜਾਬ ਦੇ ਸ਼ਹਿਰ ਫ਼ਾਜ਼ਿਲਕਾ ਵਿਖੇ ਹੋ ਗਈ। ਅਸਲ ਵਿਚ ਇਸ ਸ਼ਹਿਰ ਨੂੰ ਪਾਕਿਸਤਾਨ ਦੀ ਸਰਹੱਦ ਲੱਗਦੀ ਹੈ ਅਤੇ ਇਸਦੇ ਬਾਰਡਰ 'ਤੇ ਹਰ ਰੋਜ਼ 'ਫ਼ੌਜੀ ਪਰੇਡ' ਹੁੰਦੀ ਹੈ। ਭਾਰਤ ਅਤੇ ਪਾਕਿਸਤਾਨ ਦੀ ਸਰਹੱਦ ਤੇ ਸਿਰਫ਼ ਤਿੰਨ ਹੀ ਬਾਰਡਰ ਹਨ, ਜਿੱਥੇ ਹਰ ਰੋਜ਼ ਫ਼ੌਜੀ ਪਰੇਡ ਹੁੰਦੀ ਹੈ। ਪਹਿਲਾ ਹੈ ਅੰਮ੍ਰਿਤਸਰ ਦਾ ਵਾਹਗਾ ਬਾਰਡਰ, ਦੂਜਾ ਫ਼ਿਰੋਜ਼ਪੁਰ ਦਾ ਹੁਸੈਨੀਵਾਲਾ ਬਾਰਡਰ ਅਤੇ ਤੀਜਾ ਹੈ ਫ਼ਾਜ਼ਿਲਕਾ ਦਾ ਸਾਦਕੀ ਬਾਰਡਰ। ਆਪਣੇ ਵਾਲੇ ਪਾਸੇ (ਹਿੰਦੋਸਤਾਨ) ਵਿਚ ਫ਼ਾਜ਼ਿਲਕਾ ਵਾਲੇ ਬਾਰਡਰ ਨੂੰ 'ਸਾਦਕੀ ਬਾਰਡਰ' ਕਹਿੰਦੇ ਹਨ ਪਰ ਪਾਕਿਸਤਾਨ ਵਾਲੇ ਪਾਸੇ ਇਸਨੂੰ




**ਡਾ. ਨਿਸ਼ਾਨ ਸਿੰਘ ਰਾਠੌਰ**
**ਫੋਨ: 90414-98009**

'ਸਰਦਾਰ ਗੰਡਾ ਸਿੰਘ ਬਾਰਡਰ' ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਕਿਸੇ ਹੋਰ ਥਾਂ 'ਤੇ ਪਰੇਡ ਨਹੀਂ ਹੁੰਦੀ। ਖ਼ੈਰ!

ਮੈਨੂੰ ਫ਼ਾਜ਼ਿਲਕਾ ਆਏ ਨੂੰ ਅਜੇ ਕੁਝ ਦਿਨ ਹੀ ਹੋਏ ਸਨ ਕਿ ਇਕ ਦਿਨ ਮੇਰੇ ਇਕ ਮਿੱਤਰ ਦਾ ਫ਼ੋਨ ਆਇਆ ਕਿ ਚੱਲ ਸਾਦਕੀ ਬਾਰਡਰ 'ਤੇ ਫ਼ੌਜੀਆਂ ਦੀ ਪਰੇਡ ਦੇਖਣ ਚੱਲੀਏ। ਮੇਰਾ ਮਨ ਨਹੀਂ ਸੀ, ਕਿਉਂਕਿ ਅਜੇ ਚੰਗੀ ਤਰ੍ਹਾਂ ਕੁਆਟਰ ਦਾ ਸਾਮਾਨ ਹੀ ਸੈੱਟ ਨਹੀਂ ਸੀ ਹੋਇਆ। ਪਰ! ਫੇਰ ਵੀ ਅਣਮਨੇ ਜਿਹੇ ਮਨ ਨਾਲ ਮੈਂ 'ਹਾਂ' ਕਹਿ ਦਿੱਤੀ। ਸ਼ਾਮੀਂ ਪੰਜ ਕੁ ਵਜੇ ਅਸੀਂ ਬੱਸ ਵਿਚ ਬੈਠ 'ਸਾਦਕੀ ਬਾਰਡਰ' ਵਾਲੇ ਪਾਸੇ ਨੂੰ ਚੱਲ ਪਏ। ਪਾਕਿਸਤਾਨ ਦੀ ਸਰਹੱਦ ਜਿਵੇਂ-ਜਿਵੇਂ ਨੇੜੇ ਆ ਰਹੀ ਸੀ, ਮੇਰੇ ਦਿਲ ਦੀ ਧੜਕਨ ਵੱਧਦੀ ਜਾ ਰਹੀ ਸੀ। ਦੂਰ ਜਿੱਥੋਂ ਤੱਕ ਨਜ਼ਰ ਜਾਂਦੀ ਸੀ, ਉੱਥੇ ਤੱਕ ਪਾਕਿਸਤਾਨ ਦੇ ਹਰੇ-ਭਰੇ ਖੇਤ ਅਤੇ ਰੁੱਖ ਨਜ਼ਰ ਆਉਣ ਲੱਗੇ ਸਨ। ਖੁੱਲ੍ਹੇ ਵਾਤਾਵਰਣ ਵਿਚ ਪਤਾ ਹੀ ਨਹੀਂ ਲੱਗ ਰਿਹਾ ਸੀ ਕਿ ਭਾਰਤ ਕਿਹੜੇ ਪਾਸੇ ਹੈ ਅਤੇ ਪਾਕਿਸਤਾਨ ਕਿਹੜੇ ਪਾਸੇ ਹੈ?

ਖ਼ੈਰ! ਸ਼ਾਮ ਨੂੰ ਤਕਰੀਬਨ ਸਾਢੇ ਕੁ ਪੰਜ ਵਜੇ ਅਸੀਂ 'ਸਾਦਕੀ ਬਾਰਡਰ' ਦੇ ਨੇੜੇ ਪਹੁੰਚ ਗਏ। ਸਾਡੇ ਨਾਲ ਬੱਸ ਵਿਚ ਇਕ ਅਜਿਹਾ ਸ਼ਖ਼ਸ ਵੀ ਆਇਆ ਸੀ, ਜਿਹੜਾ ਪਹਿਲਾਂ ਵੀ ਇਹ ਪਰੇਡ ਕਈ ਵਾਰ ਦੇਖ ਚੁਕਿਆ ਸੀ। ਉਸਨੇ ਦੱਸਿਆ ਕਿ ਬਾਰਡਰ ਦੇ ਉਸ ਪਾਰ ਤਕਰੀਬਨ 15 ਕੁ ਕਿਲੋਮੀਟਰ ਦੀ ਵਿਥ 'ਤੇ ਪਾਕਿਸਤਾਨ ਦਾ 'ਕਸੂਰ' ਅਤੇ ਇੱਧਰ ਆਪਣੇ ਵਾਲੇ ਪਾਸੇ 14 ਕੁ ਕਿਲੋਮੀਟਰ ਦੀ ਵਿਥ ਤੇ 'ਫ਼ਾਜ਼ਿਲਕਾ' ਸ਼ਹਿਰ ਵੱਸਦਾ ਹੈ। ਅਸਲ ਵਿਚ ਫ਼ਾਜ਼ਿਲਕਾ ਨੂੰ 'ਫ਼ਾਜ਼ਿਲ- ਕਾ-ਬੰਗਲਾ' ਕਿਹਾ ਜਾਂਦਾ ਸੀ। ਅੱਜ ਵੀ ਪੁਰਾਣੇ ਲੋਕ ਫ਼ਾਜ਼ਿਲਕਾ ਸ਼ਹਿਰ ਨੂੰ 'ਫ਼ਾਜ਼ਿਲ-ਕਾ-ਬੰਗਲਾ' ਹੀ ਆਖਦੇ ਸੁਣੇ ਜਾ ਸਕਦੇ ਹਨ। ਇਸ ਸ਼ਹਿਰ ਦੇ ਮੁੱਖ ਬਾਜ਼ਾਰ ਦਾ ਘੰਟਾਘਰ ਪੂਰੇ ਸੰਸਾਰ ਵਿਚ ਪ੍ਰਸਿੱਧ ਹੈ। ਖ਼ੈਰ!

ਸਾਡੀ ਬੱਸ ਨੂੰ ਗੇਟ ਦੇ ਬਾਹਰ ਹੀ ਰੋਕ ਦਿੱਤਾ ਗਿਆ। ਇੱਥੇ ਹੀ ਸਾਰੀਆਂ ਗੱਡੀਆਂ, ਕਾਰਾਂ, ਬੱਸਾਂ ਨੂੰ ਰੋਕਿਆ ਜਾਂਦਾ ਹੈ, ਕਿਉਂਕਿ ਇੱਥੋਂ ਅਸਲ ਕੰਟਰੋਲ ਰੇਖਾ ਅੱਧਾ ਕਿਲੋਮੀਟਰ ਹੀ ਦੂਰ ਰਹਿ ਜਾਂਦਾ ਹੈ। ਇਸ ਜਗ੍ਹਾ ਤੋਂ ਯਾਤਰੀ ਪੈਦਲ ਹੀ ਬਾਰਡਰ ਵਾਲੇ ਪਾਸੇ ਨੂੰ ਜਾਂਦੇ ਹਨ। ਅਸੀਂ ਵੀ ਪੈਦਲ ਹੀ ਬਾਰਡਰ ਵਾਲੇ ਪਾਸੇ ਨੂੰ ਤੁਰ ਪਏ। ਰਾਹ ਵਿਚ ਬੀ. ਐਸ. ਐਫ਼. ਦੇ ਜਵਾਨਾਂ ਦੀ 'ਚੈੱਕ ਪੋਸਟ' ਉੱਪਰ ਸਾਡੀ ਤਲਾਸ਼ੀ ਲਈ ਗਈ। ਪਰੇਡ ਦੇਖਣ ਆਈਆਂ ਔਰਤਾਂ ਲਈ ਵੱਖਰੇ ਪ੍ਰਬੰਧ ਕੀਤੇ ਗਏ ਸਨ, ਜਿੱਥੇ ਔਰਤ ਕਾਂਸਟੇਬਲਾਂ ਤਲਾਸ਼ੀ ਲੈ ਰਹੀਆਂ ਸਨ।



ਉਨ੍ਹਾਂ ਲਈ ਪਰਦਾ ਲਾ ਕੇ ਇਕ ਟੈਂਟ ਸੈੱਟ ਕੀਤਾ ਹੋਇਆ ਸੀ। ਪਾਣੀ ਦੀਆਂ ਬੋਤਲਾਂ, ਖਾਣ-ਪੀਣ ਵਾਲੀਆਂ ਚੀਜ਼ਾਂ ਨੂੰ ਉੱਥੇ ਟੈਂਟ ਦੇ ਕੋਲ ਹੀ ਰੱਖਵਾਇਆ ਜਾ ਰਿਹਾ ਸੀ। ਕਿਸੇ ਤਰ੍ਹਾਂ ਦੀ ਆਵਾਜ਼ ਕਰਦੇ ਖਿਡੌਣੇ, ਸੀਟੀਆਂ ਅਤੇ ਪੋਸਟਰ ਅੱਗੇ ਲੈ ਕੇ ਜਾਣ ਦੀ ਮਨਾਹੀ ਸੀ। ਤਲਾਸ਼ੀ ਤੋਂ ਉਪਰੰਤ ਬੀ. ਐਸ. ਐਫ਼. ਦੇ ਜਵਾਨਾਂ ਨੇ ਸਾਨੂੰ ਅੱਗੇ ਭੇਜ ਦਿੱਤਾ ਜਿੱਥੇ ਵੱਡਾ ਸਾਰਾ ਚਬੂਤਰਾ ਬਣਿਆ ਹੋਇਆ ਸੀ। ਮੈਂ ਆਪਣੇ ਦੋਸਤ ਨਾਲ ਇਕ ਥਾਂ 'ਤੇ ਬੈਠ ਗਿਆ।

ਸਾਡੇ ਐਨ ਸਾਹਮਣੇ ਪਾਕਿਸਤਾਨ ਦਾ ਕੌਮੀ ਝੰਡਾ ਲਹਿਰਾ ਰਿਹਾ ਸੀ ਅਤੇ ਆਪਣੇ ਵਾਲੇ ਪਾਸੇ ਸਾਡੇ ਮੁਲਕ ਦਾ ਤਿਰੰਗਾ ਹਵਾ ਵਿਚ ਝੂਲ ਰਿਹਾ ਸੀ। ਦੋਹਾਂ ਦੇ ਵਿਚਕਾਰ ਮੋਟੀ ਸਾਰੀ ਕੰਡਿਆਲੀ ਤਾਰ ਲੱਗੀ ਹੋਈ ਸੀ। ਪਰੇਡ ਸ਼ੁਰੂ ਹੋਣ ਵਿਚ ਅਜੇ ਕੁਝ ਟਾਈਮ ਬਾਕੀ ਸੀ, ਇਸ ਲਈ ਸਾਹਮਣੇ (ਦੂਜੇ ਪਾਸੇ) ਪਾਕਿਸਤਾਨੀ ਫ਼ੌਜੀ ਤਿਆਰ ਹੋ ਰਹੇ ਸਨ। ਉੱਚਾ ਲੰਮਾ ਕਦ, ਕਾਲੀਆਂ ਸਲਵਾਰ-ਕਮੀਜ਼ਾਂ ਪਾ ਕੇ ਖੜੇ ਫ਼ੌਜੀ ਜਵਾਨ ਬੜੇ ਸੋਹਣੇ ਲੱਗ ਰਹੇ ਸਨ।

ਇੱਧਰ ਆਪਣੇ ਵਾਲੇ ਪਾਸੇ ਵੀ ਫ਼ੌਜੀ ਜਵਾਨ ਤਿਆਰ ਹੋ ਰਹੇ ਸਨ। ਉਹ ਆਪਣੀਆਂ ਟੋਪੀਆਂ ਅਤੇ ਪੱਗਾਂ ਨੂੰ ਸਵਾਰ ਰਹੇ ਸਨ ਅਤੇ ਇਕ-ਦੂਜੇ ਨਾਲ ਹਾਸਾ-ਠੱਠਾ ਕਰ ਰਹੇ ਸਨ। ਸਾਡਾ ਧਿਆਨ ਪਾਕਿਸਤਾਨੀ ਫ਼ੌਜੀਆਂ ਅਤੇ ਲੋਕਾਂ ਵੱਲ ਵਧੇਰੇ ਸੀ, ਕਿਉਂਕਿ ਉਨ੍ਹਾਂ ਨੂੰ ਅਸੀਂ ਆਪਣੀ ਜ਼ਿੰਦਗੀ ਵਿਚ ਪਹਿਲੀ ਵਾਰ ਦੇਖ ਰਹੇ ਸਾਂ। ਪਰਲੇ ਪਾਸੇ ਲੋਕਾਂ ਦਾ ਇੰਨਾ ਇਕੱਠ ਨਹੀਂ ਸੀ। ਔਰਤਾਂ ਵੱਖ ਬੈਠੀਆਂ ਸਨ ਅਤੇ ਬਹੁਤੀਆਂ ਨੇ ਕਾਲ਼ੇ ਰੰਗੇ ਦੇ ਬੁਰਕੇ ਪਹਿਨੇ ਹੋਏ ਸਨ। ਨਿੱਕੇ ਬੱਚੇ ਫ਼ੌਜੀਆਂ ਦੇ ਨੇੜੇ ਖੇਡ ਰਹੇ ਸਨ ਅਤੇ ਮਰਦ ਆਪਣੀਆਂ ਗੱਲਾਂ ਵਿਚ ਰੁੱਝੇ ਹੋਏ ਸਨ, ਕਿਉਂਕਿ ਪਰੇਡ ਅਜੇ ਸ਼ੁਰੂ ਨਹੀਂ ਸੀ ਹੋਈ।

ਉਨ੍ਹਾਂ ਦੀ ਪੋਸਟ 'ਤੇ 'ਪਾਕਿਸਤਾਨ ਜ਼ਿੰਦਾਬਾਦ' ਅੰਗਰੇਜ਼ੀ ਵਿਚ ਲਿਖਿਆ ਹੋਇਆ ਸੀ। ਕੁਝ ਉਰਦੂ ਵਿਚ ਵੀ ਲਿਖਿਆ ਹੋਇਆ ਸੀ ਪਰ! ਉਰਦੂ ਨਾ ਆਉਣ ਕਰਕੇ ਪਤਾ ਨਹੀਂ ਲੱਗਿਆ ਕਿ ਕੀ ਲਿਖਿਆ ਹੋਇਆ ਸੀ? ਮੇਰੇ ਅੰਦਾਜ਼ੇ ਮੁਤਾਬਕ ਉੱਥੇ ਵੀ ਪਾਕਿਸਤਾਨ ਜ਼ਿੰਦਾਬਾਦ ਹੀ ਲਿਖਿਆ ਹੋਵੇਗਾ ਸ਼ਾਇਦ। ਸਾਡੀ ਪੋਸਟ ਤੇ 'ਮੇਰਾ ਭਾਰਤ ਮਹਾਨ' ਲਿਖਿਆ ਹੋਇਆ ਸੀ। ਦੋਹਾਂ ਪਾਸੇ ਵੱਡੇ-ਵੱਡੇ ਸਪੀਕਰ ਚੱਲ ਰਹੇ ਸਨ। ਸਾਡੇ ਵਾਲੇ ਪਾਸੇ 'ਮੇਰਾ ਰੰਗ ਦੇ

(ਬਾਕੀ ਅਗਲੇ ਸਫੇ 'ਤੇ)

# ਕਰਜ਼ੇ ਥੱਲਿਓਂ ਨਿਕਲੀ ਸਾਦਗੀ

ਗਰੀਬੀ ਹਮੇਸ਼ਾ ਘਰ ਦੇ ਜੀਆਂ ਨੂੰ ਏਕੇ ਦੀ ਚਾਦਰ ਵਿਚ ਲਪੇਟ ਕੇ ਰੱਖਦੀ ਹੈ ਤੇ ਅਮੀਰੀ ਘਰ ਦੇ ਜੀਆਂ ਨੂੰ ਤਾਸ਼ ਦੇ ਪੱਤਿਆਂ ਵਾਂਗ ਵੰਡ ਦਿੰਦੀ ਹੈ। ਗਰੀਬ ਪਰਿਵਾਰ ਵਿਚ ਉਠਣ-ਬੈਠਣ ਤੇ ਸੌਣ ਲਈ ਇੱਕ ਹੀ ਕਮਰਾ ਹੁੰਦਾ ਹੈ, ਉਹੀ ਆਏ-ਗਏ ਵਾਲਾ ਤੇ ਉਹੀ ਖਾਣ-ਪਕਾਉਣ ਵਾਲਾ ਯਾਨੀ ਘਰ ਦੇ ਸਾਰੇ ਜੀਅ ਇੱਕੋ ਕਮਰੇ ਦੀ ਛੱਤ ਥੱਲੇ ਹੁੰਦੇ ਹਨ। ਦੂਜੇ ਪਾਸੇ ਅਮੀਰ ਪਰਿਵਾਰ ਦੇ ਕਮਰੇ ਵੱਖੋ-ਵੱਖ ਹੋਣਗੇ। ਹਰ ਚੀਜ਼ ਵੱਖਰੀ ਹੋਵੇਗੀ ਤੇ ਪਰਿਵਾਰ ਵੀ ਵੰਡਿਆ ਹੋਵੇਗਾ। ਰਸੋਈ ਵੱਖਰੀ ਆਏ-ਗਏ ਵਾਸਤੇ ਕਮਰਾ ਵੱਖਰਾ, ਆਪੋ-ਆਪਣੇ ਬਾਥਰੂਮ, ਇਕੱਠਿਆਂ ਹੁੰਦਿਆਂ ਵੀ ਵੱਖੋ-ਵੱਖਰੇ ਹੁੰਦੇ ਹਨ ਤੇ ਸੁਭਾਅ ਤੇ ਖਾਣ-ਪੀਣ ਵੀ ਵੱਖਰਾ ਹੋਵੇਗਾ। ਕਿਉਂਕਿ ਅਮੀਰੀ ਬੰਦੇ ਨੂੰ ਚਾਹਤਾਂ ਬਹੁਤ ਦੇ ਦਿੰਦੀ ਹੈ। ਹਰੇਕ ਜੀਅ ਆਪਣੀ ਪਰਾਈਵੇਸੀ ਰੱਖਦਾ ਹੈ। ਅਮੀਰੀ ਦੇ ਜੈਕਾਰੇ ਕਈ ਵਾਰ



**ਮੇਜਰ ਸਿੰਘ ਕੂਲਾਰ**
**ਫੋਨ: 916-273-2856**

ਗਰੀਬੀ ਦੇ ਤਰਲਿਆਂ ਤੋਂ ਵੀ ਭੈੜੇ ਹੁੰਦੇ ਹਨ। ਪਕਵਾਨਾਂ ਨਾਲ ਸਜਿਆ ਮੇਜ਼ ਵੀ ਭੁੱਖ ਨਹੀਂ ਮਿਟਾ ਸਕਦਾ। ਸਬਰ-ਸੰਤੋਖ ਦਾ ਇੱਕ ਨਾਵਲਾ ਵੀ ਬੰਦੇ ਦੀ ਭੁੱਖ ਮਿਟਾ ਦਿੰਦਾ ਹੈ।

ਮਾਂ ਪਰਤਾਪੀ ਤਾਂ ਪਿਆਰ ਨਾਲ ਉਸਦੇ ਬਹੁਤ ਸਾਰੇ ਨਾਮ ਲੈਂਦੀ ਸੀ, ਪਰ ਪਿੰਡ ਵਾਲੇ ਉਸ ਨੂੰ ਰਾਕਟ ਕਹਿੰਦੇ ਸੀ। ਪਹਿਲਾਂ ਤਾਂ ਉਹ ਇਸ ਨਾਮ ਦਾ ਗੁੱਸਾ ਕਰਦਾ ਸੀ ਪਰ ਫਿਰ ਆਪ ਹੀ ਚੁੱਪ ਹੋ ਗਿਆ ਸੀ। ਰਾਕਟ ਦਾ ਪਿਤਾ ਫੌਜ ਵਿਚ ਸ਼ਹੀਦ ਹੋ ਗਿਆ ਸੀ। ਉਸ ਦੀ ਮਾਂ ਨੂੰ ਪੈਨਸ਼ਨ ਲੱਗ ਗਈ ਸੀ। ਜਿਸ ਨਾਲ ਘਰ ਦਾ ਗੁਜ਼ਾਰਾ ਚੱਲਦਾ ਸੀ। ਰਾਕਟ ਦੇ ਇੱਕ ਭੈਣ ਸੀ ਜਿਸ ਨੂੰ ਲੋਕ ਵਰੋਲੀ ਕਹਿੰਦੇ ਸਨ। ਯਾਨੀ ਦੋਵੇਂ ਭੈਣ-ਭਰਾ ਬਹੁਤ ਚੁਸਤ-ਚਲਾਕ ਸਨ। ਕੰਮ ਨੂੰ ਤਾਂ ਆਪਣੇ ਨਾਵਾਂ ਨਾਲ ਪੂਰਾ ਇਨਸਾਫ ਕਰਦੇ ਸਨ। ਮਾਂ ਨੇ ਦੋਵਾਂ ਨੂੰ ਗਰੀਬੀ ਨਾਲ ਵੀ ਅਮੀਰਾਂ ਵਾਂਗ ਪਾਲਿਆ ਤੇ ਪੜ੍ਹਾਇਆ। ਦੋਵੇਂ ਦਸ ਜਮਾਤਾਂ ਪਾਸ ਕਰ ਗਏ। ਰਾਕਟ ਨੇ ਫੌਜ ਵਿਚ ਭਰਤੀ ਦੇਖੀ ਉਹ ਡਾਕਟਰੀ ਵਿਚੋਂ ਫੇਲ੍ਹ ਹੋ ਗਿਆ। ਫਿਰ ਉਸ ਨੇ ਸ਼ਹਿਰ ਇੱਕ ਕੱਪੜੇ ਦੀ ਦੁਕਾਨ 'ਤੇ ਨੌਕਰੀ ਸ਼ੁਰੂ ਕਰ ਦਿੱਤੀ। ਦੁਕਾਨ ਵਾਲੇ ਮਹਾਜਨ ਬਹੁਤ ਸਾਊ ਤੇ ਸਰੀਫ ਸਨ। ਰਾਕਟ ਵੀ ਬਹੁਤ ਕਾਮਾ ਤੇ ਇਮਾਨਦਾਰ ਸੀ। ਰਾਕਟ ਨੇ ਕਬੀਲਦਾਰੀ ਦੀ ਗੱਡੀ ਦਾ ਸਟੇਅਰਿੰਗ ਫੜ ਲਿਆ ਸੀ। ਵਰੋਲੀ ਦਾਜ ਲਈ ਦਰੀਆਂ ਤੇ ਚਾਦਰਾਂ 'ਤੇ ਚਾਵਾਂ ਤੇ ਅਰਮਾਨਾਂ ਦੇ ਫੁੱਲ-ਬੂਟੀਆਂ ਪਾਉਣ ਲੱਗ ਪਈ। ਮਾਂ ਨੇ ਹਮੇਸ਼ਾ ਦੋਵਾਂ ਨੂੰ ਇਮਾਨਦਾਰੀ ਦੀ ਚੂਰੀ ਖਾਣੀ ਸਿਖਾਈ। ਸਬਰ-ਸੰਤੋਖ ਦੀ ਬੁੱਕਲ ਵਿਚ ਹਮੇਸ਼ਾਂ ਲਪੇਟਿਆ। ਵਰੋਲੀ ਨੇ ਆਪਣਾ ਸਾਰਾ ਦਾਜ-ਦਹੇਜ ਤਿਆਰ ਕਰ ਲਿਆ ਸੀ। ਪਰਤਾਪੀ ਉਸ ਦੇ ਹੱਥ ਪੀਲ਼ੇ ਕਰਨ ਨੂੰ ਕਾਹਲੀ ਸੀ। ਪਰ ਵਰੋਲੀ ਪਹਿਲਾਂ ਭਰਾ ਦਾ ਵਿਆਹ ਦੇਖਣਾ ਚਾਹੁੰਦੀ ਸੀ। ਰਾਕਟ ਨੂੰ ਅਜੇ ਕੋਈ ਰਿਸ਼ਤਾ ਨਹੀਂ ਸੀ ਆਇਆ। ਪਰਤਾਪੀ ਫਿਕਰਮੰਦ ਸੀ। ਸਮਾਂ ਲੰਘਿਆ ਰਾਕਟ ਦੇ ਮਾਮੇ ਨੇ ਰਿਸ਼ਤਾ ਕਰਵਾ ਦਿੱਤਾ। ਦੋਵੇਂ ਪਰਿਵਾਰ ਇੱਕੋ ਜਿਹੇ ਸਨ। ਦੋਵਾਂ ਦੇ ਗਰੀਬੀ ਦਾ ਢੋਲ ਗਲ ਪਿਆ ਹੋਇਆ ਸੀ। ਅਮੀਰ ਬਨਣ ਦੀ ਚਾਹਤ ਘੱਟ ਰੱਖਦੇ ਸਨ। ਪਰਮਾਤਮਾ 'ਤੇ ਭਰੋਸਾ ਰੱਖਦੇ ਸਨ। ਵਰੋਲੀ ਲਈ ਵਰ ਲੱਭ ਲਿਆ ਗਿਆ ਤੇ ਉਸਨੂੰ ਵੀ ਸ਼ਗਨਾਂ ਦੀ ਮਹਿੰਦੀ ਲਾ ਕੇ ਚਾਵਾਂ ਨਾਲ ਸਹੁਰੇ ਤੋਰ ਦਿੱਤਾ ਗਿਆ।

ਪਿੱਛੇ ਫਿਰ ਤਿੰਨ ਦੇ ਤਿੰਨ ਜੀਅ ਰਹਿ ਗਏ। ਇਨ੍ਹਾਂ ਦਾ ਗੁਜ਼ਾਰਾ ਬਹੁਤ ਵਧੀਆ ਹੁੰਦਾ ਸੀ। ਸਾਦਗੀ ਵਾਲਾ ਪਹਿਰਾਵਾ ਪਾਉਂਦੇ ਤੇ ਸਾਦਾ ਹੀ ਭੋਜਨ ਖਾਂਦੇ ਸਨ। ਕਦੇ ਕਿਸੇ ਨੂੰ ਬੁਖਾਰ ਤਾਂ ਕੀ ਚੜਨਾ ਸੀ, ਕਦੇ ਕਿਸੇ ਦਾ ਸਿਰ ਵੀ ਨਹੀਂ ਦੁਖਿਆ ਸੀ। ਰਾਕਟ ਛੇ ਦਿਨ ਕੰਮ 'ਤੇ ਜਾਂਦਾ, ਐਤਵਾਰ ਛੁੱਟੀ ਹੁੰਦੀ। ਇਸ ਦਿਨ ਉਹ ਘਰਦੇ ਨਿੱਕੇ-ਮੋਟੇ ਕੰਮ ਕਰਦਾ। ਘਰ ਵਿਚੋਂ ਹਮੇਸ਼ਾ ਹੱਸਦਿਆਂ ਦੀਆਂ ਗੂੰਜਾਂ ਸੁਣਦੀਆਂ। ਇੱਕ ਮੱਝ ਰੱਖੀ ਹੋਈ ਸੀ। ਪਰਤਾਪੀ ਕੱਖ ਲੈ ਆਉਂਦੀ। ਵਰਤਣ ਜੋਗਾ ਦੁੱਧ ਰੱਖ ਕੇ ਬਾਕੀ ਡੇਅਰੀ ਪਾ ਦਿੰਦੇ। ਨਾ ਕਦੇ ਫਰਿੱਜ ਦੀ ਲੋੜ ਪਈ ਨਾ ਟੈਲੀਵੀਜਨ ਦੀ, ਨਾ ਕਦੇ ਛੱਤ ਦੀ ਘਾਟ ਮਹਿਸੂਸ ਹੋਈ। ਰਾਕਟ ਦੇ ਵਿਆਹ ਵੇਲੇ ਕਮਰੇ ਨਾਲ ਇੱਕ ਹੋਰ ਤਿੰਨ ਖਣ ਦਾ ਕਮਰਾ ਛੱਤ ਲਿਆ। ਮਹਾਜਨਾਂ ਨੇ ਪੁਰਾਣੇ ਘਰ ਦੇ ਤੱਖਤੇ, ਬਾਰੀਆਂ ਰਾਕਟ ਨੂੰ ਦੇ ਦਿੱਤੇ। ਉਸ ਨਾਲ ਹੀ ਕੰਮ ਸਰ ਗਿਆ।

ਇੱਕ ਜਿਮੀਂਦਾਰਾਂ ਦਾ ਮੁੰਡਾ 'ਕਰਮਾ' ਰਾਕਟ ਦਾ ਮਿੱਤਰ ਸੀ। ਉਨ੍ਹਾਂ ਕੋਲ ਬਾਰਾਂ ਕਿੱਲੇ ਜ਼ਮੀਨ ਸੀ। ਕਰਮੇ ਦੇ ਬਾਪੂ ਹੋਣੀ ਦੋ ਭਰਾ ਸਨ। ਸਾਰਾ ਟੱਬਰ ਇੱਕਠਾ ਰਹਿੰਦਾ, ਪਰ ਉਹ ਸਾਰੇ ਤਈਏ ਤਾਪ ਵਾਂਗ ਤੱਪਦੇ ਰਹਿੰਦੇ ਸਨ। ਆਮਦਨ ਨਾਲੋਂ ਖਰਚਾ ਵੱਧ ਕਰਨ ਨਾਲ ਘਰ ਦੀ ਸੰਤੁਸ਼ਟੀ ਵਿਗੜ ਚੁੱਕੀ ਸੀ। ਗੱਲ-ਗੱਲ 'ਤੇ ਇੱਕ ਦੂਜੇ ਨੂੰ ਮਾਰਨ ਤੱਕ ਜਾਂਦੇ। ਰਾਕਟ ਤੇ ਕਰਮਾ ਐਤਵਾਰ ਵਾਲੇ ਦਿਨ ਸੰਤਾਂ ਦੀ ਕੁਟੀਆ ਵਿਚ ਮਿਲਦੇ। ਗਰੀਬੀ-ਅਮੀਰੀ ਉਨ੍ਹਾਂ ਦੀ ਮਿੱਤਰਤਾ ਵਿਚ ਕਦੇ ਦੀਵਾਰ ਨਾ ਬਣੀ। ਉਹ ਦੋਵੇਂ ਇੱਕ-ਦੂਜੇ ਦੇ ਸੱਚੇ ਮਿੱਤਰ ਸਨ। ਦੁੱਖ-ਸੁੱਖ ਦੇ ਭਾਈਵਾਲ। ਕਈ ਵਾਰ ਕਰਮਾਂ ਰਾਕਟ ਨੂੰ ਪੁੱਛਦਾ ਕਿ ਤੁਸੀਂ ਸਾਰੇ ਜੀਅ ਖੁਸ਼ ਕਿਵੇਂ ਰਹਿੰਦੇ ਹੋ?

'ਕਰਮਿਆ! ਸਾਡੀਆਂ ਲੋੜਾਂ ਮਤਲਬ ਦੀਆਂ ਹਨ। ਤੁਹਾਡੀਆਂ ਲੋੜਾਂ ਬੇਮਤਲਬੀ ਹਨ!' ਰਾਕਟ ਨੇ ਜਵਾਬ ਦਿੱਤਾ

ਕੀ ਮਤਲਬ ਤੇਰਾ, ਮੈਂ ਸਮਝਿਆ ਨਹੀ, ਕਰਮੇ ਦੇ ਸਿਰ 'ਤੋਂ ਦੀ ਗੱਲ ਨਿਕਲ ਗਈ ਸੀ!

'ਬਾਈ! ਦੇਖ ਤੁਹਾਨੂੰ ਆਹ ਵੱਡੇ ਟਰੈਕਟਰ ਦੀ ਲੋੜ ਨਹੀਂ ਸੀ। ਪਰ ਫਿਰ ਵੀ ਤੁਸੀਂ ਦੱਸ ਲੱਖ ਲਾ ਦਿੱਤਾ। ਆੜਤੀਏ ਤੋਂ ਦੋ ਲੱਖ ਵਿਆਜੂ ਫੜਿਆ। ਅੱਠ ਲੱਖ ਦਾ ਲੋਨ ਕਰਵਾਇਆ। ਵੱਧ ਤੋਂ ਵੱਧ ਇਹ ਟਰੈਕਟਰ ਤੁਸੀਂ ਇੱਕ ਮਹੀਨਾ ਹਾੜੀ ਤੇ ਇੱਕ ਮਹੀਨਾ ਸਾਉਣੀ ਦੀ ਫਸਲ ਲਈ ਵਰਤਣਾ ਹੈ ਤੇ ਦੱਸ ਮਹੀਨੇ ਫੁਕਰੀ ਮਾਰਨ ਲਈ ਚਲਾਉਣਾ ਹੈ। ਕਿਹੜਾ ਬੰਦਾ ਬੈਂਕ ਤੋਂ ਜ਼ਮੀਨ ਦੀਆਂ ਲਿਮਟਾਂ ਚੱਕ ਕੇ ਵਧੀਆ ਬਣਿਆ ਘਰ ਢਾਹ ਕੇ ਕੋਠੀ ਪਾਉਂਦਾ ਹੈ। ਆਹ ਕੋਠੀ ਦੀ ਲੋੜ ਨਹੀਂ ਸੀ। ਹੁਣ ਦੱਸ ਗੱਲੂਕੇਸ ਕਿਸ ਦੇ ਲੱਗੂਗਾ।' ਰਾਕਟ ਨੇ ਕਰਮੇ ਦਾ ਦਿਮਾਗ਼ ਖੋਲ੍ਹ ਕੇ ਰੱਖ ਦਿੱਤਾ।

ਰਾਕਟਾ! ਖੇਤੀ ਹੁਣ ਮਾੜੇ ਸੰਦਾਂ ਦੀ ਨਹੀਂ ਰਹੀ। ਅੱਕ ਕੇ ਹੂਲਾਂ ਫੱਕਿਆ ਐ! ਕਰਮੇ ਨੇ ਗੱਲ ਮਸਾਂ ਸਿਰੇ ਲਾਈ।

ਆਹ ਜਿਹੜੇ ਤੀਜੇ ਕੁ ਦਿਨ ਬਲਦ ਭਜਾਉਣ ਚਲੇ ਜਾਂਦੇ ਹੋ। ਪੈਸਿਆਂ ਬਗੈਰ ਤਾ ਜਾਹ ਨਹੀਂ ਹੁੰਦਾ। ਪਹਿਲਾਂ ਕਰਾਏ 'ਤੇ ਟੈਂਪੂ ਕਰਦੇ ਹੋ ਫਿਰ ਦੱਸ ਬੰਦੇ, ਇੱਕ ਡੱਬਾ ਡੋਡਿਆਂ ਦਾ ਖਾਂਦੇ ਹਨ। ਬਲਦ ਜਿੱਤੇ ਚਾਹੇ ਹਾਰੇ, ਪਰ ਤੁਹਾਡਾ ਟੈਂਪੂ ਠੇਕੇ ਮੂਹਰੇ ਰੋਕਣਾ ਹੀ ਹੁੰਦਾ ਹੈ। ਕੀ ਲੋੜ ਆ ਇਹ ਮਹਿੰਗਾ ਸ਼ੌਂਕ ਪਾਲਣ ਦੀ! ਰਾਕਟ ਨੇ ਇੱਕ ਕਰਜ਼ੇ ਵਾਲੀ ਮੋਰੀ ਹੋਰ ਦਿਖਾਉਂਦਿਆਂ ਕਿਹਾ!

ਉਹ ਮਾਮਾ ਹੀਰ ਦਿਆ, ਇਹ ਤਾ ਦਾਦੇ-ਪੜਦਾਦੇ ਵੇਲੇ ਦੀ ਰੀਤ ਚੱਲੀ ਆਉਂਦੀ ਹੈ ਕਿ 'ਸਿਆਣਿਆਂ' ਦੇ ਘਰ ਦਾ ਇੱਕ ਬਲਦ ਦੌੜਣਾ ਹੀ ਦੌੜਣਾ ਹੈ। ਕਰਮੇ ਨੇ ਬਜ਼ੁਰਗਾਂ ਦੀ ਪਾਈ ਪਿਰਤ ਸੁਣਾਉਂਦਿਆਂ ਜਵਾਬ ਦਿੱਤਾ।

ਚੱਲ ਇੰਜ ਦੱਸ ਕਿ ਤੁਹਾਨੂੰ ਸਿਆਣਿਆਂ ਦੇ ਕਿਉਂ ਕਹਿੰਦੇ ਹਨ? ਰਾਕਟ ਨੇ ਗੁੱਝੀ ਗੱਲ ਬਾਹਰ ਲਿਆਉਣ ਲਈ ਕਰਮੇ ਤੋਂ ਪੁੱਛਿਆ।

ਮੈਂ ਕਿਸੇ ਦਿਨ ਫੇਰ ਦੱਸੂੰਗਾ। ਚੱਲ ਘਰ ਚੱਲਦੇ ਹਾਂ। ਕਰਮਾਂ ਗੱਲ ਬਦਲ ਗਿਆ ਸੀ।

ਕਰਮੇ ਦੇ ਦਾਦੇ-ਪੜਦਾਦੇ ਚੰਗੀ ਜਮੀਨ ਦੇ ਮਾਲਕ ਸਨ,



ਪਰ ਕਬੀਲਦਾਰੀ ਦੇ ਹੱਕ ਵਿਚ ਢਿੱਲੇ ਹੀ ਰਹੇ। ਬਹੁਤੇ ਅਕਲਮੰਦ ਨਹੀਂ ਸਨ। 'ਜਿਸ ਨਾਲ ਲੱਗੀ ਗੱਲੀਂ ਉਸ ਨਾਲ ਉੱਠ ਚੱਲੀ!' ਅਖਾਣ ਵਰਗਾ ਸੁਭਾਅ ਸੀ। ਕਿਸੇ ਦੇ ਜੰਮਣ-ਮਰਨ 'ਤੇ ਆਪਣਾ ਕੰਮ ਛੱਡ ਕੇ ਤੁਰ ਪੈਣਾ, ਕੋਟ ਕਚਹਿਰੀ, ਕਿਸੇ ਨਾਲ ਜਾ ਵੜਨਾ ਜਾਂ ਕਿਸੇ ਨੇ ਕੋਈ ਪਸ਼ੂ ਵਗੈਰਾ ਲੈਣਾ ਤਾਂ ਇਹ ਲਾਣਾ ਮੂਹਰੇ ਹੁੰਦਾ ਸੀ। ਫੋਕੀ ਵਡਿਆਈ ਦਾ ਭੁੱਖਾ ਲਾਣਾ ਨਾਲ ਦੇ ਨੂੰ ਰੋਟੀ ਆਪਣੇ ਪਲਿਓਂ ਖਵਾਉਂਦਾ। ਪੈਸੇ ਦੀ ਚਿੰਤਾ ਨਹੀਂ ਸੀ, ਆੜਤੀਏ ਕੋਲੋਂ ਪੈਸੇ ਇੰਜ ਫੜ ਲਿਆਉਂਦੇ ਸੀ, ਜਿਵੇਂ ਉਸਨੂੰ ਫੜਾਏ ਹੁੰਦੇ ਹਨ। ਪੈਸਿਆਂ ਦਾ ਵਿਆਜ ਤਾ ਇੰਜ ਵਧਦਾ ਸੀ। ਜਿਵੇਂ ਜਿਗਰ ਦੇ ਰੋਗੀ ਦਾ ਪੇਟ ਵਧਦਾ ਹੁੰਦਾ ਹੈ। ਫਿਰ ਕੀ ਇੱਕ ਦਿਨ ਆਪਣਾ ਗੇੜਾ ਕਚਹਿਰੀ ਮਾਰ ਕੇ ਅੰਗੂਠਾ ਕਾਲਾ ਕਰ ਆਉਣਾ ਤੇ ਆੜਤੀਏ ਦਾ ਹਿਸਾਬ ਬਰਾਬਰ ਹੋ ਜਾਂਦਾ ਸੀ। ਕਰਮੇ ਦੇ ਦਾਦੇ ਤੇ ਪੜਦਾਦੇ ਨੇ ਆਪਣੀ ਪੰਜਾਹ ਕਿੱਲਿਆਂ ਵਿਚੋ ਤੀਹ ਕਿੱਲੇ ਜ਼ਮੀਨ ਬੈਅ ਕਰ ਦਿੱਤੀ ਸੀ। ਦਾਨੀ ਪੁੱਜ ਕੇ ਸੀ ਗੰਨਾ ਲੈਣ ਆਏ ਨੂੰ ਗੁੜ ਦੀ ਪੇਸੀ ਦੇ ਕੇ ਤੋਰਦੇ ਸੀ। ਇਸੇ ਮੂਰਖਤਾ ਕਰਕੇ ਉਨ੍ਹਾਂ ਦੀ ਸਿਆਣਿਆਂ ਦੀ ਅੱਲ ਪਈ ਹੋਈ ਸੀ। ਹੁਣ ਕਰਮੇ ਦੇ ਤਾਏ ਤੇ ਬਾਪੂ ਨੇ ਅੱਠ ਕਿੱਲੇ ਜ਼ਮੀਨ ਬੈਅ ਕਰ ਦਿੱਤੀ ਸੀ। ਜਿਹੜੇ ਹਿਸਾਬ ਨਾਲ ਕਰਮੇ ਹੋਰੀ ਵੱਡੇ ਟਰੈਕਟਰ ਦੀਆਂ ਰੇਸਾਂ ਦਿੰਦੇ ਸਨ। ਲੱਗਦਾ ਨਹੀਂ ਕਿ ਕਰਮੇ ਦੇ ਜਵਾਕਾਂ ਜੋਗੀ ਜਮੀਨ ਬਚੇਗੀ।

ਰਾਕਟ ਨੂੰ ਪਰਮਾਤਮਾ ਨੇ ਪੁੱਤ ਦੀ ਦਾਤ ਬਖਸ਼ੀ ਫਿਰ ਤਿੰਨ ਸਾਲਾਂ ਬਾਅਦ ਇੱਕ ਧੀ। ਪਰਿਵਾਰ ਬਹੁਤ ਖੁਸ਼ ਸੀ। ਵਰੋਲੀ ਨੂੰ ਪਰਮਾਤਮਾ ਨੇ ਦੋ ਪੁੱਤਰ ਤੇ ਇੱਕ ਧੀ ਦੀ ਦਾਤ ਨਾਲ ਨਵਾਜਿਆ। ਪਰਤਾਪੀ ਦਾ ਸਬਰ ਸੰਤੋਖ ਤੇ ਪਰਮਾਤਮਾ 'ਤੇ ਕੀਤਾ ਵਿਸ਼ਵਾਸ ਜਿੰਦਗੀ ਦਾ ਰੰਗ ਹੋਰ ਨਿਖਾਰ ਰਿਹਾ ਸੀ। ਰਾਕਟ ਆਪਣੇ ਮਹਾਜਨਾਂ ਦੇ ਪੱਕਾ ਹੀ ਲਗਿਆ ਰਿਹਾ, ਬੱਸ ਉਨ੍ਹਾਂ ਅੱਗੇ ਇਹੀ ਬੇਨਤੀ ਕਰਦਾ ਕਿ ਮੇਰੇ ਪੁੱਤ ਤੇ ਧੀ ਨੂੰ ਪੜ੍ਹਾਉਣ ਵਿਚ ਮੇਰੀ ਮਦਦ ਕਰਿਓ।

ਕਰਮੇ ਹੋਰਾਂ ਦਾ ਕੰਮ ਦਿਨੋ-ਦਿਨ ਥੱਲੇ ਜਾ ਰਿਹਾ ਸੀ। ਤਾਏ ਦੇ ਪੁੱਤ ਹਿਸਾਬ-ਕਿਤਾਬ ਵਿਚ ਚਤੁਰਾਈ ਕਰ ਜਾਂਦੇ ਜਾਂ ਖੇਤੀ ਵਿਚ ਘਾਟਾ ਪੈ ਰਿਹਾ ਸੀ। ਲੜਾਈ ਸ਼ੁਰੂ ਹੋਈ ਤੇ ਬਟਵਾਰੇ ਤੇ ਮੁੱਕੀ ਕਰਮੇ ਹੋਰਾਂ ਨੂੰ ਛੇ ਕਿੱਲੇ ਵੰਡੀ ਜਮੀਨ ਆਈ ਤੇ ਤੀਹ ਲੱਖ ਦਾ ਕਰਜ਼ਾ ਸਿਰ 'ਤੇ ਚੁੱਕਿਆ ਮਿਲਿਆ। ਬੋਲੇਰੋ ਛੱਡ ਵੇਚੇ ਗਏ। ਏਕੇ ਦੀ ਬਰਕਤ ਤਾਂ ਕਦੇ ਹੋਈ ਨਹੀਂ ਸੀ ਪਰ ਲੜਾਈ ਥੰਮ ਗਈ ਸੀ। ਕਰਮੇ ਨੇ ਬਾਪੂ ਨੂੰ ਕਹਿ ਕੇ ਬਲਦਾਂ ਵਾਲਾ ਸ਼ੌਕ ਵੀ ਹਟਾ ਲਿਆ। ਕੋਸ਼ਿਸ਼ ਕਰਨ ਲੱਗਿਆ ਕਿ ਤਿਲਕਿਆ ਪੈਰ ਥੰਮ੍ਹ ਜਾਵੇ। ਦਿਖਾਵੇ ਲਈ ਚਾਦਰ ਤੋਂ ਬਾਹਰ ਕੱਢੇ ਪੈਰ ਛੇਤੀ ਨਹੀਂ ਚੱਕ ਹੁੰਦੇ। ਕਿਸਮਤ ਮਾੜੀ ਕਰਮੇ ਦਾ ਬਾਪੂ ਜਹਾਨੋ ਤੁਰ ਗਿਆ।

ਰਾਕਟ ਦੇ ਦੋਵੇ ਬੱਚੇ ਪੜ੍ਹਦੇ ਗਏ। ਰਾਕਟ ਦੀ ਕਿਸਮਤ ਚੰਗੀ ਉਸ ਦੀ ਮਾਂ ਅਜੇ ਪੂਰੀ ਸਿਹਤਮੰਦ ਸੀ। ਬਾਪੂ ਦੀ ਪੈਨਸ਼ਨ ਦਾ ਬਹੁਤ ਵੱਡਾ ਸਹਾਰਾ ਸੀ। ਦੋਵੇਂ ਬੱਚੇ ਅਧਿਆਪਕ ਬਣਨਾ ਚਾਹੁੰਦੇ ਸੀ। ਰਾਕਟ ਉਨ੍ਹਾਂ ਮਹਾਜਨਾਂ ਦੇ ਉਸੇ ਸਾਇਕਲ 'ਤੇ ਜਾਂਦਾ ਸੀ। ਜੇ ਕੋਈ ਟਿੱਚਰ ਕਰਦਾ ਤਾ ਅੱਗੋਂ ਕਹਿੰਦਾ ਅਮੀਰ ਹੋ ਕੇ ਕੀ ਕਰਨਾ 'ਐਨਾ ਹੀ ਹਊ ਮੈ ਕਾਰ 'ਤੇ ਜਿੰਮ ਜਾਊਂ ਤੇ ਉੱਥੇ ਸਾਇਕਲ ਚਲਾ ਕੇ ਆਊਂ'। ਅਮੀਰ ਬੰਦੇ ਇੰਜ ਹੀ ਕਰਦੇ ਹਨ। ਰਾਕਟ ਹਰੇਕ ਨੂੰ ਲਾ-ਜਵਾਬ ਕਰ ਦਿੰਦਾ ਸੀ।

ਕਰਮਾ ਤੇ ਰਾਕਟ ਇੱਕ ਦਿਨ ਫਿਰ ਮਿਲੇ। ਕੀ ਹਾਲ ਕਰਮ ਸਿਆਂ! ਕਬੀਲਦਾਰੀ ਦੀ ਉਲਝੀ ਤਾਣੀ ਨੇ ਕੋਈ ਲੜ ਫੜਾਇਆ ਕਿ ਨਹੀਂ?

ਕੋਸ਼ਿਸ਼ ਕਰ ਰਿਹਾ ਹਾਂ ਕਿ ਛੇਤੀ ਸੁਲਝ ਜਾਵੇ ਪਰ ਕਮਲ਼ੇ ਟੱਬਰ ਦੀਆਂ ਕਰਜ਼ੇ ਵਾਲੀਆਂ ਪੰਡਾਂ ਥੋੜੇ ਸਮੇਂ ਵਿਚ ਲੋਟ ਆਉਣ ਵਾਲੀਆਂ ਨਹੀਂ!

ਰਾਕਟ ਦੇ ਪੁੱਤ-ਧੀ ਸਰਕਾਰੀ ਅਧਿਆਪਕ ਲੱਗ ਗਏ। ਉਨ੍ਹਾਂ ਨੂੰ ਵੀ ਵਧੀਆ ਰਿਸ਼ਤੇ ਆਉਣ ਲੱਗੇ। ਕਈ ਰਿਸ਼ਤੇ ਮੁੜੇ ਵੀ ਕਿ ਤੁਸੀਂ ਜ਼ਮਾਨੇ ਨਾਲ ਨਹੀਂ ਚੱਲਦੇ। ਰਾਕਟ ਕਹਿ ਦਿੰਦਾ ਕਿ ਜੇ ਪੰਡ ਕਰਜ਼ੇ ਦੀ ਚੱਕ ਕੇ ਫਜ਼ੂਲ ਖਰਚ ਕਰਨਾ ਤੇ ਬੇ ਲੋੜੀਂਦੀਆਂ ਚੀਜ਼ਾਂ ਖ਼ਰੀਦਣ ਨੂੰ ਨਵਾਂ ਜ਼ਮਾਨਾ ਕਹਿੰਦੇ ਨੇ ਤਾਂ ਮੁਆਫ ਕਰਨਾ, ਮੈਂ ਪੁਰਾਣੇ ਜ਼ਮਾਨੇ ਵਿਚ ਹੀ ਠੀਕ ਹਾਂ। ਬੱਚਿਆਂ ਨੇ ਸਾਦਗੀ ਵਿਚ ਰਹਿ ਕੇ ਵਿੱਦਿਆ ਹਾਸਲ ਕੀਤੀ ਤੇ ਸਾਦਗੀ ਨਾਲ ਹੀ ਜ਼ਿੰਦਗੀ ਜਿਊਣਾ ਚਾਹੁੰਦੇ ਸੀ।

ਕਰਮੇ ਦਾ ਇਕਲੌਤਾ ਪੁੱਤ ਨੌਵੀਂ ਵਿਚੋਂ ਦੋ ਵਾਰ ਫੇਲ੍ਹ ਹੋ ਕੇ ਖੇਤੀ ਲੱਗ ਗਿਆ। ਰਿਸ਼ਤੇ ਵਾਲਾ ਤਾਂ ਅਜੇ ਕੋਈ ਆਇਆ ਨਹੀਂ ਸੀ ਪਰ ਟਰੈਕਟਰ 'ਤੇ ਚੱਲਦੀ ਉੱਚੀ ਟੇਪ ਦੇ ਉਲਾਂਭੇ ਆ ਜਾਂਦੇ ਸਨ। ਹੁਣ ਤਾਂ ਲੋਕ ਵੀ ਰਾਕਟ ਨੂੰ ਕਹਿੰਦੇ ਕਿ ਆਪਣੇ ਯਾਰ ਦਾ ਕੰਮ ਵੀ ਸੂਤ ਕਰਵਾ ਦੇ। ਰਾਕਟ ਨੇ ਆਪਣੇ ਮਹਾਜਨਾਂ ਕੋਲੋਂ ਕਰਮੇ ਨੂੰ ਜਮੀਨ 'ਤੇ ਬਿਨਾ ਵਿਆਜ 'ਤੋਂ ਰੁਪਈਏ ਦਵਾ ਦਿੱਤੇ। ਕਰਮੇ ਦੇ ਸਿਰ ਘੁੰਮਦਾ ਕਰਜ਼ੇ ਦਾ ਚੱਕਰ ਰੁੱਕ ਗਿਆ। ਨਾਜਾਇਜ਼ ਖਰਚਾ ਬੰਦ ਕਰਕੇ ਲੋਕ-ਦਿਖਾਵਾ, ਏਕੇ ਦੇ ਡੰਡੇ ਨਾਲ ਭਜਾ ਦਿੱਤਾ। ਸਾਦਗੀ ਨੂੰ ਸਾਰੇ ਟੱਬਰ ਨੇ 'ਜੀ ਆਇਆਂ' ਆਖਿਆ। ਫਿਰ ਕੀ ਸੀ ਅੱਜ ਕੁੱਝ ਕੱਲ ਕੁੱਝ ਹੋਰ, ਕਰਮਾ ਕਰਜ਼ਾ ਮੁਕਤ ਹੋ ਗਿਆ। ਲੋਕ ਕਹਿਣ ਲੱਗੇ ਕਿ ਹੁਣ ਟੱਬਰ 'ਕਮਲਿਆਂ' ਦਾ ਬਣਿਆ। ਕਰਮੇ ਨੇ ਬਜ਼ੁਰਗਾਂ ਦੀ ਪਾਈ ਰੀਤ ਬਦਲ ਦਿੱਤੀ। ਰਾਕਟ ਦੇ ਮਹਾਜਨ ਬਹੁਤ ਖੁਸ਼ ਹੋਏ। ਹੁਣ ਕਰਮੇ ਦੇ ਪੁੱਤ ਦਾ ਵਿਆਹ ਵੀ ਹੋ ਗਿਆ। ਰਾਕਟ ਨੇ ਵੀ ਪੁੱਤ-ਧੀ ਵਿਆਹ ਲਏ। ਮਿੱਤਰਤਾ ਦੀ ਗੰਢ ਹੋਰ ਘੁੱਟੀ ਗਈ।

ਅੱਜਕੱਲ ਦੋਵੇਂ ਸਾਦਗੀ ਦਾ ਹੋਕਾ ਦਿੰਦੇ ਹਨ। ਪਿੰਡ ਨੂੰ ਕਰਜ਼ਾ ਮੁਕਤ ਕਰਨ ਲਈ ਜੱਦੋ-ਜਹਿਦ ਕਰਦੇ ਹਨ। ਅਜਿਹੇ ਬੰਦੇ ਹਰੇਕ ਪਿੰਡ ਹੋਣ ਤਾਂ ਕਿਸੇ ਦੇ ਸਿਰ ਵੀ ਕਰਜ਼ੇ ਦੀ ਪੰਡ ਭਾਰੀ ਨਾ ਹੋਵੇ। ਰੱਬ ਰਾਖਾ॥

---

*(ਪਿਛਲੇ ਸਫੇ ਦਾ ਬਾਕੀ)*

ਬਸੰਤੀ ਚੋਲਾ' ਅਤੇ 'ਜ਼ਰਾ ਯਾਦ ਕਰੋ ਕੁਰਬਾਨੀ' ਗੀਤ ਵੱਜ ਰਹੇ ਸਨ। ਪਾਕਿਸਤਾਨ ਵਾਲੇ ਪਾਸੇ 'ਮੇਲਾ ਵੇਖਣ ਆਈਆਂ ਕੁੜੀਆਂ ਲਾਹੌਰ ਦੀਆਂ' ਗੀਤ ਉੱਚੀ ਆਵਾਜ਼ ਵਿਚ ਵੱਜ ਰਿਹਾ ਸੀ। ਉਨ੍ਹਾਂ ਵਾਲੇ ਪਾਸੇ ਤੋਂ ਇਕ-ਦੋ ਪਾਕਿਸਤਾਨੀ ਮੁੰਡੇ ਨੱਚ ਵੀ ਰਹੇ ਸਨ। ਖੈਰ!

ਠੀਕ ਸਾਢੇ ਛੇ ਵਜੇ ਭਾਰਤ ਵਾਲੇ ਪਾਸੇ ਤੋਂ ਫ਼ੌਜੀ ਪਰੇਡ ਸ਼ੁਰੂ ਹੋ ਗਈ। ਦੂਜੇ ਪਾਸੇ, ਪਾਕਿਸਤਾਨੀ ਫ਼ੌਜੀ ਵੀ ਤਿਆਰ ਸਨ, ਉਨ੍ਹਾਂ ਨੇ ਵੀ ਪਰੇਡ ਸ਼ੁਰੂ ਕਰ ਦਿੱਤੀ। ਪਾਕਿਸਤਾਨ ਦੇ ਫ਼ੌਜੀ ਕਮਾਂਡਰ ਨੇ ਸਾਡੇ ਮੁਲਕ ਦੇ ਤਿਰੰਗੇ ਝੰਡੇ ਨੂੰ ਸਲੂਟ ਮਾਰਿਆ ਅਤੇ ਸਾਡੇ ਫ਼ੌਜੀ ਅਫ਼ਸਰ ਨੇ ਪਾਕਿਸਤਾਨੀ ਕੌਮੀ ਝੰਡੇ ਨੂੰ ਸਲੂਟ ਮਾਰਿਆ। ਲੋਕਾਂ ਨੇ ਤਾੜੀਆਂ ਮਾਰ ਕੇ ਦੋਹਾਂ ਅਫ਼ਸਰਾਂ ਦਾ ਸੁਆਗਤ ਕੀਤਾ। ਫਿਰ ਫ਼ੌਜੀ ਡਰਿੱਲ ਆਰੰਭ ਹੋ ਗਈ। ਸਾਡੇ ਫ਼ੌਜੀਆਂ ਦਾ ਕੱਦ ਛੇ ਫੁੱਟ ਤੋਂ ਵੀ ਵੱਧ ਸੀ ਅਤੇ ਉੱਧਰ ਪਾਕਿਸਤਾਨ ਦੇ ਫ਼ੌਜੀ ਵੀ ਰੱਜ ਕੇ ਜੁਆਨ। ਮੈਨੂੰ ਦੇਖ ਕੇ ਬਹੁਤ ਵਧੀਆ ਲੱਗ ਰਿਹਾ ਸੀ ਕਿਉਂਕਿ ਇੰਨੀ ਨੇੜੇ ਤੋਂ ਪਾਕਿਸਤਾਨ ਦੇ ਫ਼ੌਜੀ ਅਤੇ ਲੋਕ ਪਹਿਲੀ ਵਾਰ ਦੇਖ ਰਹੇ ਸਾਂ।

ਉਨ੍ਹਾਂ ਦੇ ਫ਼ੌਜੀ ਜਵਾਨ ਸਾਡੇ ਜਵਾਨਾਂ ਵੱਲ ਦੇਖ ਕੇ ਅੱਖਾਂ ਕੱਢਣ ਅਤੇ ਸਾਡੇ ਜੁਆਨ ਉਨ੍ਹਾਂ ਦੇ ਜਵਾਨਾਂ ਨੂੰ ਦੇਖ ਕੇ ਗੁੱਸੇ ਦਾ ਪ੍ਰਗਟਾਵਾ ਕਰਨ। ਇੰਝ ਲੱਗ ਰਿਹਾ ਸੀ ਜਿਵੇਂ ਦੋਹਾਂ ਮੁਲਕਾਂ ਵਿਚ ਸਦੀਆਂ ਦਾ ਵੈਰ ਹੋਵੇ। ਸਾਡੇ ਜਵਾਨਾਂ ਦੀ ਚੰਗੀ ਡਰਿੱਲ 'ਤੇ ਅਸੀਂ ਤਾੜੀਆਂ ਮਾਰੀਏ ਅਤੇ 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦੇ ਜੈਕਾਰੇ ਬੁਲਾਈਏ ਅਤੇ ਉਨ੍ਹਾਂ ਦੀ ਚੰਗੀ ਡਰਿੱਲ 'ਤੇ 'ਪਾਕਿਸਤਾਨ ਜ਼ਿੰਦਾਬਾਦ' ਅਤੇ 'ਨਾਅਰੇ ਤੱਕਬੀਰ ਅੱਲ੍ਹਾ ਹੂ ਅਕਬਰ' ਦੇ ਨਾਅਰੇ ਲਗਾਉਣ; ਜਿਵੇਂ ਕੋਈ ਜੰਗ ਦਾ ਮੈਦਾਨ ਭਖਿਆ ਹੋਵੇ।

ਇਸ ਤਰ੍ਹਾਂ ਦੀ ਡਰਿੱਲ ਤਕਰੀਬਨ ਵੀਹ ਕੁ ਮਿੰਟ ਚੱਲਦੀ ਰਹੀ। ਫ਼ੌਜੀ ਜਵਾਨ ਕਦੇ ਤਾਰਾਂ ਦੇ ਬਿਲਕੁਲ ਕੋਲ ਚਲੇ ਜਾਣ ਅਤੇ ਕਦੇ ਪਿਛਾਂਹ ਮੁੜ ਆਉਣ। ਇਸੇ ਤਰ੍ਹਾਂ ਉੱਧਰ ਵੀ ਦੇਖਣ ਨੂੰ ਮਿਲ ਰਿਹਾ ਸੀ। ਕਦੇ ਸਾਡੇ ਜਵਾਨ ਆਪਣੀਆਂ ਪੱਗਾ ਅਤੇ ਟੋਪੀਆਂ ਠੀਕ ਕਰਨ, ਕਦੇ ਅੱਖਾਂ ਕੱਢਣ, ਆਪਣੀਆਂ ਮੁੱਛਾਂ ਨੂੰ ਤਾਅ ਦੇਣ ਅਤੇ ਦੂਜੇ ਪਾਸੇ ਪਾਕਿਸਤਾਨ ਦੇ ਫ਼ੌਜੀ ਵੀ ਕਦੇ ਆਪਣੀਆਂ ਟੋਪੀਆਂ ਸਹੀ ਕਰਨ, ਕਦੇ ਅੱਖਾਂ ਕੱਢਣ ਅਤੇ ਕਦੇ ਡੌਲੇ ਦਿਖਾਉਣ। ਇਸ ਤਰ੍ਹਾਂ ਦੀ ਕਾਰਵਾਈ ਦੇ ਅੱਧੇ ਕੁ ਘੰਟੇ ਬਾਅਦ ਦੋਹਾਂ ਦੇਸ਼ਾਂ ਦੇ ਕੌਮੀ ਝੰਡੇ ਲਾਹ ਲਏ ਗਏ। ਫ਼ੌਜੀ ਜਵਾਨ (ਦੋਹਾਂ ਪਾਸਿਆਂ ਤੋਂ) ਤਾਰਾਂ ਦੇ ਐਨ ਨੇੜੇ ਆ ਕੇ ਖੜੇ ਹੋ ਗਏ। ਲੋਕ ਵੀ ਆਪਣੀ ਥਾਂ ਤੋਂ ਉੱਠ ਕੇ ਤਾਰਾਂ ਦੇ ਐਨ ਨੇੜੇ ਆ ਗਏ। ਫ਼ੌਜੀ ਜਵਾਨ ਉਨ੍ਹਾਂ ਨੂੰ ਅੱਗੇ ਜਾਣ ਤੋਂ ਰੋਕਦੇ ਅਤੇ ਦੋਹਾਂ ਦੇਸ਼ਾਂ ਦੇ ਲੋਕਾਂ ਵਿਚ ਇਹ ਦੂਰੀ ਮਹਿਜ਼ 10 ਕੁ ਫੁੱਟ ਦੀ ਰਹਿ ਗਈ ਜਾਪਦੀ ਸੀ। ਪਾਕਿਸਤਾਨ ਦੇ ਲੋਕ ਸਾਡੇ ਵੱਲ ਹੱਥ ਹਿਲਾਉਂਦੇ ਰਹੇ ਅਤੇ ਸਾਡੇ ਉਨ੍ਹਾਂ ਨੂੰ ਹੱਥ ਹਿਲਾ ਕੇ ਦੇਖਦੇ ਰਹੇ। ਫ਼ੌਜੀਆਂ ਨੇ ਕਿਹਾ ਕਿ ਬਹੁਤਾ ਅੱਗੇ ਨਾ ਜਾਓ ਕਿਉਂਕਿ ਅੱਗੇ ਤਾਰਾਂ ਕੋਲ ਜਾਣ ਦੀ ਆਗਿਆ ਨਹੀਂ ਹੈ। ਦੋਹਾਂ ਦੇਸ਼ਾਂ ਦੇ ਲੋਕ ਇਕ-ਦੂਜੇ ਨੂੰ ਦੇਖਦੇ ਰਹੇ, ਹੱਥ ਹਿਲਾਉਂਦੇ ਰਹੇ ਪਰ! ਗੱਲਬਾਤ ਕੋਈ ਨਹੀਂ ਸੀ ਕਰ ਸਕਦਾ ਅਤੇ ਨਾ ਹੀ ਇਸਦੀ ਕੋਈ ਸੰਭਾਵਨਾ ਸੀ।

ਖੈਰ! ਸਹਿਜੇ-ਸਹਿਜੇ ਲੋਕਾਂ ਦਾ ਹਜੂਮ ਪਿੱਛੇ ਮੁੜਨ ਲੱਗਾ। ਉੱਚੀ ਆਵਾਜ਼ ਵਿਚ ਵੱਜਦੇ ਸਪੀਕਰ ਬੰਦ ਹੋ ਗਏ ਅਤੇ ਲੋਕਾਂ ਦੀ ਭੀੜ ਘੱਟਣ ਲੱਗੀ। ਸਾਡੇ ਵਾਲੇ ਪਾਸੇ ਦੇ ਲੋਕ ਪੈਦਲ ਆਪਣੀਆਂ ਗੱਡੀਆਂ ਕੋਲ ਜਾਣ ਲਈ ਰਵਾਨਾ ਹੋ ਗਏ ਅਤੇ ਦੂਜੇ ਪਾਸੇ ਪਾਕਿਸਤਾਨ ਦੇ ਲੋਕ ਵੀ ਸਹਿਜੇ-ਸਹਿਜੇ ਅੱਖਾਂ ਤੋਂ ਦੂਰ ਹੋਣ ਲੱਗੇ। ਭੀੜ ਖਿੰਡਰ ਗਈ ਅਤੇ ਲੋਕਾਂ ਨਾਲ ਨੱਕੋ-ਨੱਕ ਭਰੇ ਚਬੂਤਰੇ ਝੱਟਪਟ ਖਾਲੀ ਹੋ ਗਏ।

ਫ਼ਾਜ਼ਿਲਕਾ ਪਾਸੇ ਮੁੜਦਿਆਂ ਮੇਰੇ ਮਨ ਵਿਚ ਵਿਚਾਰ ਆਏ ਕਿ ਕੈਸੀ ਦੀਵਾਰ ਹੈ ਜਿਸਨੇ ਬੰਦੇ ਨੂੰ ਬੰਦਿਆਂ ਨਾਲੋਂ ਵੰਡ ਕੇ ਰੱਖ ਦਿੱਤਾ ਹੈ। ਕੈਸਾ ਵੈਰ ਹੈ, ਵਿਰੋਧ ਹੈ, ਕੈਸਾ ਧਰਮ ਹੈ ਜਿਸਨੇ ਬੰਦੇ ਨੂੰ ਬੰਦੇ ਦੇ ਹੀ ਵੈਰੀ ਬਣਾ ਕੇ ਰੱਖ ਦਿੱਤਾ ਹੈ। ਅਸੀਂ ਇਕ-ਦੂਜੇ ਦੇ ਲਹੂ ਦੇ ਪਿਆਸੇ ਹੋ ਗਏ ਹਾਂ। ਪਰਲੇ ਪਾਰ (ਪਾਕਿਸਤਾਨ) ਵਾਲੇ ਪਾਸੇ ਵੀ ਸਾਡੇ ਵਰਗੇ ਲੋਕ ਹਨ, ਸਾਡੇ ਬੱਚਿਆਂ ਵਾਂਗ ਉਨ੍ਹਾਂ ਦੇ ਵੀ ਬੱਚੇ ਹਨ, ਸਾਡੀਆਂ ਔਰਤਾਂ ਵਾਂਗ ਉਨ੍ਹਾਂ ਦੀਆਂ ਵੀ ਔਰਤਾਂ ਹਨ, ਫੇਰ ਨਫ਼ਰਤ ਕਿੱਥੇ ਹੈ? ਵੈਰ ਕਿੱਥੇ ਹਨ, ਵਿਰੋਧ ਕਿੱਥੇ ਹੈ? ਮੈਂ ਅਜੇ ਇਨ੍ਹਾਂ ਖ਼ਿਆਲਾਂ ਵਿਚ ਹੀ ਗੁਆਚਾ ਸਾਂ ਕਿ ਇਕ ਕਬੂਤਰ ਜਿਹੜਾ ਕਿ ਸਾਡੇ ਵਾਲੀ ਪੋਸਟ ਦੇ ਐਨ ਉੱਪਰ ਬੈਠਾ ਸੀ, ਝੱਟਪਟ ਉੱਡਿਆ 'ਤੇ ਪਲਾਂ ਵਿਚ ਹੀ ਮੇਰੀਆਂ ਨਜ਼ਰਾਂ ਦੇ ਸਾਹਮਣੇ ਪਾਕਿਸਤਾਨ ਵਾਲੀ ਪੋਸਟ ਦੀ ਛੱਤ ਤੇ ਬਹਿ ਗਿਆ। ਚੰਦ ਕੁ ਪਲ ਉੱਥੇ ਬੈਠਣ ਤੋਂ ਬਾਅਦ ਉਹ ਮੁੜ ਫੇਰ ਉੱਡਿਆ ਤੇ ਪਾਕਿਸਤਾਨ ਦੀਆਂ ਫ਼ਿਜ਼ਾਵਾਂ ਵਿਚ ਉਡਾਰੀਆਂ ਮਾਰਦਾ ਨਜ਼ਰਾਂ ਤੋਂ ਲੋਪ ਹੋ ਗਿਆ।


ਮੈਨੂੰ ਜਾਪਿਆ ਜਿਵੇਂ ਉਹ ਪੰਛੀ ਸਾਡੇ ਇਨਸਾਨਪੁਣੇ ਦਾ ਮਖ਼ੌਲ ਉਡਾ ਰਿਹਾ ਹੈ ਅਤੇ ਕਹਿ ਰਿਹਾ ਹੈ, 'ਦੇਖੋ ਦੇਖੋ, ਤੁਸੀਂ ਇਨਸਾਨ ਬਹੁਤ ਸਿਆਣੇ ਬਣਦੇ ਹੋ, ਤੁਸੀਂ ਭਾਵੇਂ ਚੰਨ ਤੇ ਅੱਪੜ ਗਏ ਹੋ ਪਰ! ਇੱਧਰ-ਉੱਧਰ (ਇਕ-ਦੂਜੇ ਦੇ ਮੁਲਕ ਵਿਚ) ਨਹੀਂ ਜਾ ਸਕਦੇ। ਤੁਸੀਂ ਧਰਤੀ ਵੰਡ ਲਈ ਹੈ, ਲੋਕ ਵੰਡ ਲਏ ਹਨ ਅਤੇ ਬਹੁਤ ਵਾਰ ਸਾਨੂੰ ਵੀ ਕੈਦ ਕਰ ਲੈਂਦੇ ਹੋ ਪਰ! ਤੁਸੀਂ ਆਜ਼ਾਦ ਨਹੀਂ ਹੋ। ਤੁਸੀਂ ਧਰਤੀ 'ਤੇ ਵਾਹੀਆ ਲਕੀਰਾਂ ਦੀ ਬੰਦਿਸ਼ ਵਿਚ ਘੁਟ-ਘੁਟ ਕੇ ਮਰਨ ਲਈ ਮਜਬੂਰ ਹੋ। ਪਰ ਅਸੀਂ ਆਜ਼ਾਦ ਹਾਂ, ਜਿੱਥੇ ਮਰਜ਼ੀ ਜਾਈਏ। ਦੇਖੋ ਮੇਰੇ ਵੱਲ, ਮੈਂ ਕੁਝ ਨਹੀਂ ਵੰਡਣਾ, ਨਾ ਧਰਤੀ, ਨਾ ਪਾਣੀ, ਨਾ ਰੁੱਖ ਅਤੇ ਨਾ ਹੀ ਅੰਬਰ। ਸਭ ਕੁਝ ਮੇਰਾ ਹੈ, ਤੁਹਾਡਾ 'ਸਿਆਣਿਆਂ' ਦਾ ਕੁਝ ਵੀ ਨਹੀਂ, ਕੁਝ ਵੀ ਨਹੀਂ।

ਮੈਂ ਕਦੇ ਉਸ ਕਬੂਤਰ ਵੱਲ ਦੇਖਦਾ ਅਤੇ ਕਦੇ ਬੰਦੂਕਾਂ ਫੜ ਕੇ ਖੜੇ ਉੱਚੇ- ਲੰਮੇ ਫ਼ੌਜੀ ਜਵਾਨਾਂ ਵੱਲ, ਜਿਹੜੇ ਸਾਨੂੰ ਤਾਰਾਂ ਦੇ ਨੇੜੇ ਨਹੀਂ ਸੀ ਜਾਣ ਦੇ ਰਹੇ। ਮੇਰੇ ਮਨ ਵਿਚ ਵਿਚਾਰ ਆਇਆ ਕਿ 'ਹਾਕਮੋ, ਤੁਸੀਂ ਇਨਸਾਨਾਂ ਨੂੰ ਤਾਂ ਧਰਮਾਂ, ਜਾਤਾਂ, ਗੋਤਾਂ, ਮੁਲਕਾਂ ਵਿਚ ਵੰਡ ਸਕਦੇ ਹੋ ਪਰ! ਇਨ੍ਹਾਂ ਪੰਛੀਆਂ ਨੂੰ ਰੋਕ ਦੇ ਦਿਖਾਓ, ਦੋਹਾਂ ਮੁਲਕਾਂ ਵਿਚ ਵਰ੍ਹਦੀ ਵਰਖਾ ਨੂੰ ਰੋਕ ਦੇ ਦਿਖਾਓ, ਉੱਡਦੇ ਬੱਦਲਾਂ ਨੂੰ ਰੋਕ ਕੇ ਦਿਖਾਓ, ਦੋਹਾਂ ਮੁਲਕਾਂ ਵਿਚ ਵਗਦੀਆਂ ਠੰਢੀਆਂ ਪੌਣਾਂ ਨੂੰ ਰੋਕ ਕੇ ਦਿਖਾਓ। ਇਹ ਤੁਹਾਡੇ ਵੱਸ ਦੀ ਗੱਲ ਨਹੀਂ। ਤੁਸੀਂ ਇਨਸਾਨਾਂ ਵਿਚ ਹੀ ਵੰਡੀਆਂ ਪਾ ਸਕਦੇ ਹੋ। ਕੁਦਰਤ ਵਿਚ ਨਹੀਂ। ਖ਼ੈਰ! ਇਹ ਸੋਚਦਿਆਂ ਮੈਂ ਤੇ ਮੇਰਾ ਮਿੱਤਰ ਫ਼ਾਜ਼ਿਲਕਾ ਵਾਲੇ ਪਾਸੇ ਨੂੰ ਤੁਰ ਪਏ ਅਤੇ ਪਿੱਛੇ ਛੱਡ ਆਏ ਅਣਗਿਣਤ ਯਾਦਾਂ ਅਤੇ ਮਣਾਂ- ਮੂੰਹੀਂ ਸਿਆਣਪ। ਖ਼ੈਰ!

ਜਿਉਂਦੇ- ਵੱਸਦੇ ਰਹੋ ਸਾਰੇ।

# ‘ਸਮੇਂ ਦਾ ਸਾਹਿਤ’ — ਸਮਕਾਲੀ ਰਚਨਾਵਾਂ ਦੀ ਸੁਚੱਜੀ ਪੜਚੋਲ

ਡਾ. ਕੁਲਵਿੰਦਰ ਸਿੰਘ ਬਾਠ ਵਿਗਿਆਨ ਦੇ ਖੇਤਰ ਨਾਲ ਸੰਬੰਧਤ ਹੈ। ਪੇਸ਼ੇ ਦੇ ਤੌਰ ‘ਤੇ ਉਹ ਮਾਈਕਰੋ ਵਿਗਿਆਨੀ ਹੈ, ਪਰ ਉਸਦਾ ਮਨ ਸਾਹਿਤ ਨਾਲ ਵੀ ਨਾਲ ਜੁੜਿਆ ਹੋਇਆ ਹੈ। ਸਮਾਂ ਪਾ ਕੇ ਉਸਦਾ ਇਹ ਸ਼ੌਕ ਜਨੂੰਨ ਬਣ ਗਿਆ। ਸਵੇਰ ਤੋਂ ਸ਼ਾਮ ਤੱਕ ਉਹ ਰੁੱਖਾ ਜਿਹਾ ਵਿਸ਼ਾ ਕਹਿਣ ਵਾਲੇ ਵਿਗਿਆਨ ਦੇ ਖੇਤਰ ਜੁੜਿਆ ਰਹਿੰਦਾ ਹੈ ਅਤੇ ਉਧਰੋ ਵਿਹਲਾ ਹੁੰਦੇ ਹੀ ਰੇਲ ਗੱਡੀ ਦੇ ਕਾਂਟਾ ਬਦਲਣ ਵਾਂਗ ਸਾਹਿਤਕ ਰੁਚੀਆਂ ਨਾਲ ਜੁੜ ਜਾਂਦਾ ਹੈ।



ਰਵਿੰਦਰ ਸਿੰਘ ਸੋਢੀ

ਉਸ ਦਾ ਸਾਹਿਤਕ ਸ਼ੌਕ ਕਈ ਵਾਰ ਤਾਂ ਕੁਲ ਵਕਤੀ ਸਾਹਿਤਕਾਰਾਂ ਨੂੰ ਵੀ ਮਾਤ ਪਾਉਂਦਾ ਹੈ। ਉਸ ਦੀ ਕਵਿਤਾ ਵਿਚ ਲੋਹੜੇ ਦੀ ਕਾਵਿਕਤਾ ਹੈ, ਵਾਰਤਕ ਵਿਚ ਕਹਾਣੀ ਰਸ ਡੁੱਲ-ਡੁੱਲ ਪੈਂਦਾ ਹੈ, ਕਹਾਣੀ ਵਿਚ ਕਾਵਿਕ ਰੰਗਣ ਦੀ ਸੁਗੰਧ ਹੁੰਦੀ ਹੈ ਅਤੇ ਜਦੋਂ ਉਹ ਅਲੋਚਨਾ ਦੇ ਖੇਤਰ ਵਿਚ ਕਦਮ ਰੱਖਦਾ ਹੈ ਤਾਂ ਜਿਵੇਂ ਉਸਦਾ ਤੀਜਾ ਨੇਤਰ ਖੁਲ੍ਹ ਜਾਂਦਾ ਹੈ। ਇਹ ਗੁਣ ਉਸ ਨੂੰ ਇੱਕ ਸੰਵੇਦਨਸ਼ੀਲ ਅਤੇ ਸੁਚੇਤ ਸਮੀਖਿਆਕਾਰ ਵਜੋਂ ਸਥਾਪਤ ਕਰਦੇ ਹਨ।


ਡਾ. ਬਾਠ ਦੀ ਸਮੀਖਿਆਤਮਕ ਪੁਸਤਕ ‘ਸਮੇਂ ਦਾ ਸਾਹਿਤ’ ਅਸਲ ਵਿਚ ਵੱਖ-ਵੱਖ ਲੇਖਕਾਂ ਦੀਆਂ ਰਚਨਾਵਾਂ ਉੱਤੇ ਕੀਤੀਆਂ ਗਈਆਂ ਪੜਚੋਲਾਂ ਦਾ ਸੰਕਲਨ ਹੈ। ਇਸ ਪੁਸਤਕ ਵਿਚ ਛੱਬੀ ਰਚਨਾਵਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ, ਜਿਨ੍ਹਾਂ ਵਿਚ ਕਵਿਤਾ, ਨਾਵਲ, ਯਾਤਰਾ-ਵ੍ਰਿਤਾਂਤ, ਕਹਾਣੀ ਅਤੇ ਹੋਰ ਸਾਹਿਤਕ ਰੂਪਾਂ ਦੀਆਂ ਕਿਤਾਬਾਂ ਸ਼ਾਮਲ ਹਨ। ਇਹ ਰਚਨਾਵਾਂ ਸਮਕਾਲੀ ਪੰਜਾਬੀ ਸਾਹਿਤ ਦੀ ਵਿਭਿੰਨਤਾ ਨੂੰ ਦਰਸਾਉਂਦੀਆਂ ਹਨ। ਪੁਸਤਕ ਵਿਚ ਜਿਨ੍ਹਾਂ ਕਿਤਾਬਾਂ ਦੀ ਸਮੀਖਿਆ ਕੀਤੀ ਗਈ ਹੈ, ਉਨ੍ਹਾਂ ਵਿਚ ਮੁੱਖ ਤੌਰ ‘ਤੇ ‘ਲਾਹੌਰ ਦੀ ਫਿਜ਼ਾ’, ‘ਹਾਜ਼ਰ-ਗੈਰਹਾਜ਼ਰ’, ‘ਪ੍ਰੀਤੀ’, ‘ਤੁਰ ਗਏ ਯਾਰ ਨਿਰਾਲੇ’, ‘ਤੀਲਾ’, ‘ਅੱਖਰਵਿਤਾ’, ‘ਜ਼ਿੰਦਗੀ ਜਸ਼ਨ ਹੈ’, ‘ਕਿਸ ਨੂੰ ਆਖਾਂ’, ‘ਅਲਵਿਦਾ! ਕਦੇ ਵੀ ਨਹੀਂ’, ‘The Bleeding Women’, ‘ਮੁਆਫੀਨਾਮਾ’, ‘ਨਾਰਥ ਪੋਲ – ਧਰਤੀ ਦਾ ਮੁਕਟ’, ‘ਇਸ ਧਰਤੀ ‘ਤੇ ਰਹਿੰਦਿਆਂ’, ‘ਤਲਾਸ਼ ਜਾਰੀ ਹੈ’, ‘ਸੁਰਖ ਰਾਹਾਂ ਦੇ ਹਮਸਫ਼ਰ’, ‘ਦੀਵਿਆਂ ਦੀ ਡਾਰ’, ‘ਖਾਲੀ ਆਲ੍ਹਣਾ’, ‘ਚਾਲੀ ਦਿਨ’, ‘ਕੱਚੇ ਪੱਕੇ ਰਾਹ’, ‘ਅਦੀਬ ਸਮੁੰਦਰੋਂ ਪਾਰ ਦੇ’, ‘ਵੇਖਿਆ ਸ਼ਹਿਰ ਬੰਬਈ’, ‘ਹਾਲ ਉਠਾਈਂ ਕਹੀਏ’, ‘ਕੁੜੀ ਕਹਾਣੀ ਬਣਦੀ ਗਈ’, ‘ਤਰਕਸ਼’, ‘ਸਤਨਾਜਾ’ ਅਤੇ ‘ਰਾਵਣ ਹੀ ਰਾਵਣ’ ਵਰਗੀਆਂ ਰਚਨਾਵਾਂ ਸ਼ਾਮਲ ਹਨ।

ਇਹ ਸੂਚੀ ਸਿਰਫ਼ ਨਾਮਾਂ ਦੀ ਗਿਣਤੀ ਨਹੀਂ, ਬਲਕਿ ਪੰਜਾਬੀ ਸਾਹਿਤ ਦੀ ਵਿਭਿੰਨ ਧਾਰਾਵਾਂ ਦਾ ਦਰਪਣ ਹੈ। ਡਾ. ਬਾਠ ਨੇ ਹਰ ਰਚਨਾ ਨੂੰ ਕੇਵਲ ਸਰਲ ਜਾਣਕਾਰੀ ਦੇ ਪੱਧਰ ‘ਤੇ ਨਹੀਂ ਪੜ੍ਹਿਆ, ਸਗੋਂ ਉਸ ਦੀ ਅੰਦਰੂਨੀ ਆਤਮਾ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ ਹੈ।

ਡਾ. ਬਾਠ ਦੀ ਸਮੀਖਿਆ ਕਲਾ ਦੀ ਇੱਕ ਵੱਡੀ ਖ਼ਾਸੀਅਤ ਇਹ ਹੈ ਕਿ ਉਹ ਕਿਸੇ ਵੀ ਰਚਨਾ ਨੂੰ ਸਿਰਫ਼ ਸਿਧਾਂਤਕ ਅਲੋਚਨਾ ਦੇ ਸਾਂਚੇ ਵਿਚ ਨਹੀਂ ਫਸਾਉਂਦਾ। ਉਹ ਰਚਨਾ ਨੂੰ ਮਨੁੱਖੀ ਅਨੁਭਵਾਂ ਅਤੇ ਸਮਾਜਕ ਸੰਦਰਭਾਂ ਨਾਲ ਜੋੜ ਕੇ ਵੇਖਦਾ ਹੈ। ਉਦਾਹਰਣ ਵਜੋਂ ਪੁਸਤਕ ‘ਲਾਹੌਰ ਦੀ ਫਿਜ਼ਾ’ ਦੀ ਸਮੀਖਿਆ ਕਰਦਿਆਂ ਉਹ ਸਿਰਫ਼ ਯਾਤਰਾ-ਬਿਰਤਾਂਤ ਦੇ ਵੇਰਵਿਆਂ ਤੱਕ ਸੀਮਿਤ ਨਹੀਂ ਰਹਿੰਦਾ, ਬਲਕਿ ਵੰਡ ਦੀ ਪੀੜ ਅਤੇ ਮਨੁੱਖੀ ਸੰਵੇਦਨਾਵਾਂ ਨੂੰ ਵੀ ਉਜਾਗਰ ਕਰਦਾ ਹੈ। ਇਸੇ ਤਰ੍ਹਾਂ ‘ਹਾਜ਼ਰ-ਗੈਰਹਾਜ਼ਰ’ ਵਰਗੀ ਰਚਨਾ ਬਾਰੇ ਗੱਲ ਕਰਦਿਆਂ ਉਹ ਯਾਦਾਂ ਅਤੇ ਇਤਿਹਾਸ ਦੇ ਆਪਸੀ ਸੰਬੰਧ ਨੂੰ ਰੌਸ਼ਨ ਕਰਦਾ ਹੈ। ‘ਅੱਖਰਵਿਤਾ’ ਵਿਚ ਉਹ ਕਾਵਿ ਦੀ ਬਣਤਰ ਅਤੇ ਭਾਸ਼ਾਈ ਪ੍ਰਯੋਗਾਂ ‘ਤੇ ਵਿਸ਼ੇਸ਼ ਧਿਆਨ ਦਿੰਦਾ ਹੈ। ਉਹ ਦਰਸਾਉਂਦਾ ਹੈ ਕਿ ਆਧੁਨਿਕ ਕਾਵਿ ਵਿਚ ਪ੍ਰਯੋਗਸ਼ੀਲਤਾ ਕਿਵੇਂ ਨਵੇਂ ਰਾਹ ਖੋਲ੍ਹ ਸਕਦੀ ਹੈ। ਅਜਿਹੀ ਪੜਚੋਲ ਵਿਚ ਲੇਖਕ ਦੀ ਆਲੋਚਨਾਤਮਕ ਦ੍ਰਿਸ਼ਟੀ ਅਤੇ ਭਾਸ਼ਾਈ ਸੰਵੇਦਨਸ਼ੀਲਤਾ ਉਘੜਵੇਂ ਰੂਪ ਵਿਚ ਰੂਪਮਾਨ ਹੁੰਦੀ ਹੈ।

‘ਨਾਰਥ ਪੋਲ-ਧਰਤੀ ਦਾ ਮੁਕਟ’ ਵਿਚ ਵਿਦਵਾਨ ਆਲੋਚਕ ਸਫਰ ਦੇ ਬਿਰਤਾਂਤ ਦੀ ਗੱਲ ਕਰਦਾ ਹੋਇਆ ਵਿਗਿਆਨਕ ਅਤੇ ਭੂਗੋਲਿਕ ਪੱਖਾਂ ਨੂੰ ਵੀ ਸਮਝਣ ਦਾ ਯਤਨ ਕਰਦਾ ਹੈ ਅਤੇ ਉਸ ਅਣਜਾਣ ਅਤੇ ਅਣੋਖੀ ਧਰਤੀ ਨੂੰ ਅਜਿਹੇ ਢੰਗ ਨਾਲ ਪੇਸ਼ ਕਰਦਾ ਹੈ ਕਿ ਪਾਠਕ ਆਪ ਉਸ ਧਰਤੀ ‘ਤੇ ਪਹੁੰਚੇ ਮਹਿਸੂਸ ਕਰਦੇ ਹਨ। ਅਜਿਹੀ ਆਲੋਚਨਾ ਕਹਾਣੀ ਜਾਂ ਨਾਵਲ ਦੇ ਕਹਾਣੀ ਰਸ ਵਰਗੀ ਜਾਪਦੀ ਹੈ। ‘ਕੱਚੇ-ਪੱਕੇ ਰਾਹ’ ਦੀ ਪੜਚੋਲ ਦੌਰਾਨ ਡਾ. ਬਾਠ ਮਨੁੱਖੀ ਸੰਘਰਸ਼ ਅਤੇ ਜੀਵਨ ਯਾਤਰਾ ਦੇ ਅਰਥਾਂ ਨੂੰ ਵੀ ਉਭਾਰਦਾ ਹੈ।

‘ਅਲਵਿਦਾ! ਕਦੇ ਵੀ ਨਹੀਂ’, ‘The Bleeding Women’ ਦੀ ਸਮੀਖਿਆ ਵਿਚ ਡਾ. ਬਾਠ ਦੀ ਵਿਸ਼ਲੇਸ਼ਣਕ ਦ੍ਰਿਸ਼ਟੀ ਹੋਰ ਵੀ ਤੀਖੀ ਹੋ ਜਾਂਦੀ ਹੈ। ਇੱਥੇ ਉਹ ਕੇਵਲ ਰਚਨਾ ਦੀ ਕਥਾ ਜਾਂ ਵਿਸ਼ੇ ਤੱਕ ਹੀ ਨਹੀਂ ਰੁਕਦਾ, ਸਗੋਂ ਉਸ ਦੀ ਭਾਵਾਤਮਕ ਗਹਿਰਾਈ, ਸਮਾਜਕ ਸੰਦੇਸ਼ ਅਤੇ



ਕਲਾਤਮਕ ਸੰਰਚਨਾ ਨੂੰ ਵੀ ਪਰਖਦੈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਉਹ ਇੱਕ ਪੱਕੇ ਅਤੇ ਤਜਰਬੇਕਾਰ ਪਾਠਕ ਦੀ ਨਜ਼ਰ ਨਾਲ ਰਚਨਾ ਨੂੰ ਸਮਝਣ ਦਾ ਯਤਨ ਕਰਦਾ ਹੈ। ਪੁਸਤਕ ਪੜਚੋਲ ਦੀ ਅਜਿਹੀ ਵਿਧੀ ਤੋਂ ਪੰਜਾਬੀ ਦੇ ਬਹੁਤੇ ਰੀਵਿਊਕਾਰ ਦੂਰ ਹੀ ਰਹਿੰਦੇ ਹਨ।

ਪ੍ਰਸਤੁਤ ਪੁਸਤਕ ਦੀਆਂ ਕੁਝ ਹੋਰ ਸਮੀਖਿਆਵਾਂ, ਜਿਵੇਂ ‘ਤਰਕਸ਼’, ‘ਸਤਨਾਜਾ’ ਅਤੇ ‘ਰਾਵਣ ਹੀ ਰਾਵਣ’, ਵਿਚ ਡਾ. ਬਾਠ ਦੀ ਲਿਖਤ ਹੋਰ ਵੀ ਸੰਵੇਦਨਸ਼ੀਲ ਹੋ ਜਾਂਦੀ ਹੈ। ਇਨ੍ਹਾਂ ਰਚਨਾਵਾਂ ਬਾਰੇ ਲਿਖਦਿਆਂ ਉਹ ਕਈ ਵਾਰ ਆਪਣੇ ਅੰਦਰਲੇ ਕਵੀ ਨੂੰ ਵੀ ਬੋਲਣ ਦਿੰਦਾ ਹੈ। ਇਹੀ ਕਾਰਨ ਹੈ ਕਿ ਉਸ ਦੀ ਸਮੀਖਿਆ ਕਈ ਥਾਵਾਂ ‘ਤੇ ਨੀਰਸ ਜਿਹੀ ਅਲੋਚਨਾ ਹੀ ਨਹੀਂ ਰਹਿੰਦੀ, ਬਲਕਿ ਇੱਕ ਰਚਨਾਤਮਕ ਲਿਖਤ ਦਾ ਰੂਪ ਧਾਰ ਲੈਂਦੀ ਹੈ।

ਇਸ ਪੁਸਤਕ ਦੀ ਇੱਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਡਾ. ਬਾਠ ਹਰ ਕਿਤਾਬ ਲਈ ਦਿੱਤੇ ਸਿਰਲੇਖਾਂ ਰਾਹੀਂ ਹੀ ਉਸ ਦੀ ਰੂਹ ਨੂੰ ਪਕੜਣ ਦਾ ਯਤਨ ਕਰਦਾ ਹੈ। ਇਹ ਸਿਰਲੇਖ ਸਿਰਫ਼ ਆਕਰਸ਼ਕ ਨਹੀਂ, ਸਗੋਂ ਪੂਰੀ ਰਚਨਾ ਦਾ ਸੰਕੇਤਕ ਨਿਚੋੜ ਵੀ ਹੁੰਦੇ ਹਨ। ਇਸ ਤਰੀਕੇ ਨਾਲ ਪਾਠਕ ਨੂੰ ਰਚਨਾ ਦੇ ਮੂਲ ਭਾਵ ਤੱਕ ਪਹੁੰਚਣ ਵਿਚ ਆਸਾਨੀ ਹੁੰਦੀ ਹੈ।

ਕਿਹਾ ਜਾ ਸਕਦਾ ਹੈ ਕਿ ‘ਸਮੇਂ ਦਾ ਸਾਹਿਤ’ ਸਿਰਫ਼ ਇੱਕ ਸਮੀਖਿਆ ਪੁਸਤਕ ਨਹੀਂ, ਬਲਕਿ ਸਮਕਾਲੀ ਪੰਜਾਬੀ ਸਾਹਿਤ ਨਾਲ ਇੱਕ ਗੰਭੀਰ ਸੰਵਾਦ ਹੈ। ਉਸਦੀ ਆਲੋਚਨਾ ਸਿਰਫ ਸੰਬੰਧਤ ਪੁਸਤਕ ਦੀ ਸਤਹੀ ਜਿਹੀ ਜਾਣਕਾਰੀ ਹੀ ਪ੍ਰਦਾਨ ਨਹੀਂ ਕਰਦੀ, ਸਗੋਂ ਪੁਸਤਕ ਦੀ ਰੂਹ ਤੱਕ ਪਹੁੰਚਣ ਦਾ ਯਤਨ ਕਰਦੀ ਹੈ। ਡਾ. ਕੁਲਵਿੰਦਰ ਸਿੰਘ ਬਾਠ ਨੇ ਇਸ ਰਚਨਾ ਰਾਹੀਂ ਇਹ ਸਾਬਤ ਕੀਤਾ ਹੈ ਕਿ ਇੱਕ ਸਚਾ ਪਾਠਕ ਹੀ ਇੱਕ ਵਧੀਆ ਸਮੀਖਿਆਕਾਰ ਬਣ ਸਕਦਾ ਹੈ। ਉਨ੍ਹਾਂ ਦੀ ਇਹ ਪੁਸਤਕ ਪੰਜਾਬੀ ਸਾਹਿਤ ਦੇ ਪਾਠਕਾਂ ਲਈ ਰਚਨਾਵਾਂ ਨੂੰ ਸਮਝਣ ਵਿਚ ਸਹਾਇਤਾ ਵੀ ਕਰਦੀ ਹੈ। ਔਸ ਪ੍ਰਕਾਸ਼ਨ, ਦਿੱਲੀ, ਚੰਡੀਗੜ੍ਹ ਵੱਲੋਂ ਪ੍ਰਕਾਸ਼ਿਤ 158 ਪੰਨਿਆ ਦੀ ਕੀਮਤ 425 ਰੁਪਏ ਹੈ।



ਦੇਵਿੰਦਰ ਕੌਰ ਧਾਲੀਵਾਲ

## ਮੁਹੱਬਤ ਕਿੱਥੇ ਰਹਿੰਦੀ ਹੈ?

ਮੁਹੱਬਤ ਕਿੱਥੇ ਰਹਿੰਦੀ ਹੈ,
ਕਿਸੇ ਮਹਲ ਦੇ ਕਮਰੇ ਵਿੱਚ ਨਹੀਂ,
ਨਾ ਹੀ ਸੋਨੇ ਦੇ ਤਖ਼ਤਾਂ ਉੱਤੇ
ਜਿੱਥੇ ਸ਼ਬਦ ਵੀ ਨਾਪ ਤੋਲ ਕੇ ਬੋਲੇ ਜਾਣ।
ਤੂੰ ਹੋਵੇਂ ਤਾਂ ਮੁਹੱਬਤ ਹੁੰਦੀ ਹੈ

ਮੁਹੱਬਤ ਕਿੱਥੇ ਰਹਿੰਦੀ ਹੈ?
ਉਸ ਥਾਂ ਜਿੱਥੇ ਤੂੰ ਖੜ੍ਹਾ ਹੋਵੇਂ,
ਕਿਉਂਕਿ ਤੇਰੇ ਨਾਲ ਹੀ
ਹਰ ਜਗ੍ਹਾ ਘਰ ਬਣ ਜਾਂਦੀ ਹੈ।

ਉਹ ਰਹਿੰਦੀ ਹੈ
ਤੇਰੀ ਪਹਿਲੀ ਮੁਸਕਾਨ ਵਿੱਚ,
ਜੋ ਦਿਲ ਨੂੰ ਬਿਨਾਂ ਪੁੱਛੇ
ਆਪਣਾ ਬਣਾ ਲੈਂਦੀ ਹੈ।

ਮੁਹੱਬਤ ਰਹਿੰਦੀ ਹੈ
ਤੇਰੀ ਆਵਾਜ਼ ਦੇ ਲਹਿਜ਼ੇ ਵਿੱਚ,
ਜਿੱਥੇ ਮੇਰਾ ਨਾਂ ਵੀ
ਦੁਨੀਆ ਤੋਂ ਵੱਖਰਾ ਲੱਗਦਾ ਹੈ।

ਉਹ ਰਹਿੰਦੀ ਹੈ
ਤੇਰੇ ਕੋਲ ਬੈਠ ਕੇ
ਚੁੱਪ ਰਹਿਣ ਵਿੱਚ,
ਜਿੱਥੇ ਸ਼ਬਦਾਂ ਦੀ ਲੋੜ ਹੀ ਨਹੀਂ ਪੈਂਦੀ।

ਮੁਹੱਬਤ ਹੈ
ਤੇਰੇ ਹੱਥ ਦੀ ਗਰਮੀ,
ਜੋ ਮੇਰੇ ਡਰਾਂ ਨੂੰ
ਹੌਲੇ-ਹੌਲੇ ਪਿਘਲਾ ਦਿੰਦੀ ਹੈ।

ਉਹ ਰਹਿੰਦੀ ਹੈ
ਉਸ ਪਲ ਵਿੱਚ
ਜਦੋਂ ਤੇਰੀਆਂ ਅੱਖਾਂ
ਮੇਰੀਆਂ ਅੱਖਾਂ ‘ਚ
ਥੋੜ੍ਹੀ ਦੇਰ ਲਈ ਟਿਕ ਜਾਂਦੀਆਂ ਨੇ।

ਮੁਹੱਬਤ ਹੈ
ਤੇਰੇ ਨਾਲ ਗੁਜ਼ਰੀ ਹਰ ਸਧਾਰਣ ਘੜੀ,
ਕਿਉਂਕਿ ਤੇਰੇ ਨਾਲ
ਸਧਾਰਣ ਵੀ ਖ਼ਾਸ ਹੋ ਜਾਂਦਾ ਹੈ।

ਉਹ ਰਹਿੰਦੀ ਹੈ
ਉਸ ਖ਼ਿਆਲ ਵਿੱਚ
ਜੋ ਰਾਤ ਨੂੰ ਨੀਂਦ ਤੋਂ ਪਹਿਲਾਂ
ਅਤੇ ਸਵੇਰ ਨੂੰ ਅੱਖ ਖੁਲ੍ਹਣ ਨਾਲ ਹੀ
ਸਭ ਤੋਂ ਪਹਿਲਾਂ ਆਉਂਦਾ ਹੈ।

ਮੁਹੱਬਤ ਕੋਈ ਵਾਅਦਾ ਨਹੀਂ,
ਪਰ ਫਿਰ ਵੀ
ਦਿਲ ਹਰ ਜਨਮ ਲਈ
ਤੇਰੇ ਨਾਲ ਹੀ ਨਿਭਾਉਂਦਾ ਹੈ।

ਉਹ ਰਹਿੰਦੀ ਹੈ
ਮੇਰੀ ਹਰ ਦੁਆ ਵਿੱਚ,
ਜਿੱਥੇ ਰੱਬ ਤੋਂ ਪਹਿਲਾਂ
ਤੇਰਾ ਨਾਂ ਆ ਜਾਂਦਾ ਹੈ।

ਅਤੇ ਜਦੋਂ ਕੋਈ ਪੁੱਛੇ—
‘ਮੁਹੱਬਤ ਕੀ ਹੁੰਦੀ ਹੈ?’
ਤਾਂ ਦਿਲ ਮੁਸਕਰਾ ਕੇ ਕਹਿੰਦਾ ਹੈ—
ਜਿੱਥੇ ਤੂੰ, ਓਥੇ ਹੀ ਮੁਹੱਬਤ।

ਮੁਹੱਬਤ ਤਾਂ ਰਹਿੰਦੀ ਹੈ
ਉਸ ਚੁੱਪ ਵਿੱਚ,
ਜਿੱਥੇ ਦੋ ਅੱਖਾਂ ਬਿਨਾਂ ਬੋਲੇ
ਸਾਰੀਆਂ ਗੱਲਾਂ ਕਰ ਲੈਂਦੀਆਂ ਨੇ।

ਉਹ ਰਹਿੰਦੀ ਹੈ
ਸਵੇਰ ਦੀ ਠੰਡੀ ਹਵਾ ਵਿੱਚ,
ਜਦੋਂ ਕਿਸੇ ਦੀ ਯਾਦ
ਚਾਹ ਦੇ ਪਿਆਲੇ ਨਾਲ
ਭਾਫ਼ ਬਣ ਕੇ ਉੱਠਦੀ ਹੈ।

ਮੁਹੱਬਤ ਰਹਿੰਦੀ ਹੈ
ਉਸ ਇੰਤਜ਼ਾਰ ਵਿੱਚ,
ਜਿੱਥੇ ਸਮਾਂ ਰੁਕ ਜਾਂਦਾ ਹੈ
ਤੇ ਦਿਲ ਹਰ ਆਹਟ ਨੂੰ
ਤੇਰਾ ਨਾਂ ਸਮਝ ਲੈਂਦਾ ਹੈ।

ਉਹ ਕਿਸੇ ਕਿਤਾਬ ਦੇ ਸਫ਼ਿਆਂ ਵਿੱਚ ਨਹੀਂ,
ਪਰ ਕਈ ਵਾਰੀ
ਕਿਸੇ ਪੁਰਾਣੇ ਖ਼ਤ ਵਿੱਚ
ਜੀਉਂਦੀ ਰਹਿ ਜਾਂਦੀ ਹੈ।

ਮੁਹੱਬਤ ਰਹਿੰਦੀ ਹੈ
ਉਸ ਦਰਦ ਵਿੱਚ ਵੀ,
ਜੋ ਬਿਆਨ ਨਹੀਂ ਹੁੰਦਾ
ਪਰ ਰਾਤਾਂ ਨੂੰ ਨੀਂਦ ਨਹੀਂ ਆਉਣ ਦਿੰਦਾ।

ਉਹ ਹਾਸੇ ਵਿੱਚ ਵੀ ਵੱਸਦੀ ਹੈ,
ਜੋ ਅਚਾਨਕ ਆ ਜਾਵੇ
ਤੇ ਅੱਖਾਂ ਨੂੰ ਭਿੱਜਾ ਜਾਵੇ,
ਕਿਉਂਕਿ ਹਾਸੇ ਪਿੱਛੇ ਯਾਦ ਲੁਕੀ ਹੋਵੇ।

ਮੁਹੱਬਤ ਕਦੇ ਕਦੇ
ਖ਼ਾਮੋਸ਼ੀ ਦਾ ਰੂਪ ਧਾਰ ਲੈਂਦੀ ਹੈ,
ਜਦੋਂ ਸ਼ਿਕਾਇਤਾਂ ਥੱਕ ਜਾਂਦੀਆਂ ਨੇ
ਤੇ ਸਿਰਫ਼ ਸਹਾਰਾ ਰਹਿ ਜਾਂਦਾ ਹੈ।

ਉਹ ਰਹਿੰਦੀ ਹੈ
ਟੁੱਟੇ ਸੁਪਨਿਆਂ ਦੇ ਟੁਕੜਿਆਂ ਵਿੱਚ,
ਜਿਨ੍ਹਾਂ ਨੂੰ ਦਿਲ ਅਜੇ ਵੀ
ਸੰਭਾਲ ਕੇ ਰੱਖਦਾ ਹੈ।

ਮੁਹੱਬਤ ਕਿਸੇ ਇੱਕ ਦਿਲ ਵਿੱਚ ਨਹੀਂ,
ਉਹ ਤਾਂ ਦੋ ਦਿਲਾਂ ਦੇ ਦਰਮਿਆਨ
ਹਵਾ ਵਾਂਗ ਵੱਸਦੀ ਹੈ,
ਦਿਸਦੀ ਨਹੀਂ ਪਰ ਮਹਿਸੂਸ ਹੁੰਦੀ ਹੈ।

ਅਤੇ ਜਦੋਂ ਕੋਈ ਪੁੱਛੇ
‘ਮੁਹੱਬਤ ਕਿੱਥੇ ਰਹਿੰਦੀ ਹੈ?’
ਤਾਂ ਸਿਰਫ਼ ਇਹੀ ਕਹਿਣਾ—
ਜਿੱਥੇ ਸੱਚਾ ਅਹਿਸਾਸ ਹੋਵੇ,
ਉਥੇ ਹੀ ਮੁਹੱਬਤ ਰਹਿੰਦੀ ਹੈ।

ਮੁਹੱਬਤ ਕਿੱਥੇ ਰਹਿੰਦੀ ਹੈ?
ਉਸ ਘਰ ਵਿੱਚ ਨਹੀਂ
ਜਿੱਥੇ ਦੋ ਲੋਕ ਇਕੱਠੇ ਰਹਿੰਦੇ ਨੇ,
ਉਹ ਤਾਂ ਅਕਸਰ
ਵੱਖਰੇ ਹੋ ਜਾਣ ਤੋਂ ਬਾਅਦ
ਦਿਲਾਂ ਵਿੱਚ ਵੱਸ ਜਾਂਦੀ ਹੈ।

ਮੁਹੱਬਤ ਰਹਿੰਦੀ ਹੈ
ਉਸ ਤਸਵੀਰ ਵਿੱਚ
ਜਿਸਨੂੰ ਵੇਖ ਕੇ ਅੱਖਾਂ ਤਾਂ ਮੁਸਕਰਾ ਲੈਂਦੀਆਂ ਨੇ,
ਪਰ ਦਿਲ ਚੁੱਪਚਾਪ ਰੋ ਪੈਂਦਾ ਹੈ।

ਉਹ ਰਹਿੰਦੀ ਹੈ
ਰਾਤ ਦੇ ਤੀਜੇ ਪਹਿਰ,
ਜਦੋਂ ਸਾਰਾ ਜਹਾਨ ਸੌਂ ਜਾਂਦਾ ਹੈ
ਅਤੇ ਯਾਦਾਂ ਜਾਗ ਪੈਂਦੀਆਂ ਨੇ।

ਮੁਹੱਬਤ ਕਿਸੇ ਵਾਅਦੇ ਵਿੱਚ ਨਹੀਂ,
ਉਹ ਤਾਂ
ਟੁੱਟੇ ਵਾਅਦਿਆਂ ਦੇ ਬਾਵਜੂਦ
ਨਿਭਾਈ ਜਾਂਦੀ ਹੈ।

ਉਹ ਰਹਿੰਦੀ ਹੈ
ਉਸ ਆਵਾਜ਼ ਵਿੱਚ
ਜਿਸਨੂੰ ਮੁੜ ਸੁਣਨ ਦੀ ਆਸ ਨਹੀਂ,
ਪਰ ਦਿਲ ਅਜੇ ਵੀ
ਹਰ ਫ਼ੋਨ ਦੀ ਘੰਟੀ ‘ਚ ਲੱਭ ਲੈਂਦਾ ਹੈ।

ਮੁਹੱਬਤ ਰਹਿੰਦੀ ਹੈ
ਉਸ ਦਰਦ ਵਿੱਚ
ਜਿਸ ਬਾਰੇ ਕਿਸੇ ਨੂੰ ਦੱਸਿਆ ਨਹੀਂ ਜਾਂਦਾ,
ਕਿਉਂਕਿ ਲੋਕ ਸਮਝ ਨਹੀਂ ਸਕਦੇ
ਕਿ ਕੋਈ ਆਪਣਾ ਹੋ ਕੇ ਵੀ
ਕਿੰਨਾ ਦੂਰ ਹੋ ਸਕਦਾ ਹੈ।

ਉਹ ਰਹਿੰਦੀ ਹੈ
ਉਸ ਹਿੰਮਤ ਵਿੱਚ
ਜਦੋਂ ਦਿਲ ਹਰ ਰੋਜ਼ ਟੁੱਟਦਾ ਹੈ
ਪਰ ਚਿਹਰੇ ‘ਤੇ
ਕੁਝ ਨਹੀਂ ਦਿਸਣ ਦਿੰਦਾ।

ਮੁਹੱਬਤ ਕਦੇ ਮਰਦੀ ਨਹੀਂ,
ਉਹ ਸਿਰਫ਼
ਚੁੱਪ ਹੋ ਜਾਂਦੀ ਹੈ।

ਅਤੇ ਜਦੋਂ ਕੋਈ ਪੁੱਛੇ—
‘ਹੁਣ ਕੀ ਬਚਿਆ ਏ?’
ਤਾਂ ਦਿਲ ਹੌਲੀ ਜਿਹੀ ਆਖਦਾ ਹੈ—
ਮੁਹੱਬਤ… ਅਜੇ ਵੀ ਰਹਿੰਦੀ ਹੈ।

ਮੁਹੱਬਤ — ਇਕ ਰਾਹ, ਇਕ ਸਜਦਾ
ਮੁਹੱਬਤ ਕੋਈ ਲਫ਼ਜ਼ ਨਹੀਂ,
ਇਹ ਤਾਂ ਰੂਹ ਦੀ ਇਕ ਹਾਲਤ ਹੈ,
ਜੋ ਮਿਲਣ ‘ਚ ਵੀ ਪੂਰੀ ਨਹੀਂ ਹੁੰਦੀ
ਤੇ ਵਿਛੋੜੇ ‘ਚ ਵੀ ਖ਼ਤਮ ਨਹੀਂ ਹੁੰਦੀ।

ਮੁਹੱਬਤ ਕਿੱਥੇ ਰਹਿੰਦੀ ਹੈ?
ਉਸ ਸਾਹ ਵਿੱਚ
ਜੋ ‘ਮੈਂ’ ਕਹਿਣ ਤੋਂ ਪਹਿਲਾਂ
‘ਤੂੰ’ ਆਖ ਲੈਂਦੀ ਹੈ।

ਉਹ ਰਹਿੰਦੀ ਹੈ
ਦਰਵੇਸ਼ਾਂ ਦੀ ਚੁੱਪ ਵਿੱਚ,
ਜਿੱਥੇ ਅੱਖਾਂ ਝੁਕੀਆਂ ਹੁੰਦੀਆਂ ਨੇ
ਤੇ ਦਿਲ ਸਜਦੇ ‘ਚ।

ਮੁਹੱਬਤ ਮੰਦਰ, ਮਸਜਿਦ, ਗਿਰਜੇ ‘ਚ ਨਹੀਂ,
ਉਹ ਤਾਂ
ਟੁੱਟੇ ਦਿਲ ਦੀ ਮਿੱਟੀ ਵਿੱਚ
ਸੱਚ ਬਣ ਕੇ ਉੱਗਦੀ ਹੈ।

ਉਹ ਰਹਿੰਦੀ ਹੈ
ਉਸ ਨਾਮ ਵਿੱਚ
ਜਿਸਨੂੰ ਜਪਦਿਆਂ
ਹੌਸਲੇ ਟੁੱਟਦੇ ਨਹੀਂ,
ਭਾਵੇਂ ਹਾਲਾਤ ਕਿੰਨੇ ਵੀ ਸਖ਼ਤ ਹੋਣ।

ਮੁਹੱਬਤ ਕੋਈ ਮੰਗ ਨਹੀਂ,
ਇਹ ਤਾਂ ਇਕ ਦਾਤ ਹੈ,
ਜੋ ਮਿਲੇ ਨਾ ਮਿਲੇ
ਪਰ ਦਿਲ ਤੋਂ ਕਦੇ ਵਾਪਸ ਨਹੀਂ ਲਈ ਜਾਂਦੀ।

ਉਹ ਰਹਿੰਦੀ ਹੈ
ਉਸ ਦਰਦ ਵਿੱਚ
ਜੋ ਸ਼ਿਕਾਇਤ ਨਹੀਂ ਬਣਦਾ,
ਕਿਉਂਕਿ ਸੂਫ਼ੀ ਦਿਲ
ਰੱਬ ਤੋਂ ਸਵਾਲ ਨਹੀਂ ਕਰਦੇ।

ਮੁਹੱਬਤ ਇਸ਼ਕ ਬਣ ਕੇ
ਆਪਣੇ ਆਪ ਨੂੰ ਮਿਟਾ ਲੈਂਦੀ ਹੈ,
ਜਦੋਂ ‘ਮੈਂ’ ਗੁੰਮ ਹੋ ਜਾਵੇ
ਤੇ ਸਿਰਫ਼ ‘ਉਹ’ ਹੀ ਰਹਿ ਜਾਵੇ।

ਉਹ ਰਹਿੰਦੀ ਹੈ
ਉਸ ਰਾਹ ਵਿੱਚ
ਜਿੱਥੇ ਪੈਰ ਛਿੱਲ ਜਾਂਦੇ ਨੇ
ਪਰ ਮੁੜ-ਮੁੜ ਤੁਰਨ ਨੂੰ
ਦਿਲ ਕਰਦਾ ਹੈ।

ਮੁਹੱਬਤ ਸਬਰ ਹੈ,
ਮੁਹੱਬਤ ਸ਼ੁਕਰ ਹੈ,
ਮੁਹੱਬਤ ਉਹ ਅਹਿਸਾਸ ਹੈ
ਜੋ ਦਰਦ ‘ਚ ਵੀ
ਰੱਬ ਦੀ ਯਾਦ ਬਣ ਜਾਵੇ।

ਅਤੇ ਜਦੋਂ ਆਖ਼ਰ ਪੁੱਛਿਆ ਜਾਵੇ—
‘ਕੀ ਮਿਲਿਆ ਇਸ ਇਸ਼ਕ ਤੋਂ?’
ਤਾਂ ਰੂਹ ਹੌਲੀ ਜਿਹੀ ਮੁਸਕਰਾ ਕੇ ਆਖੇ—
ਆਪਣਾ ਆਪ ਮਿਲ ਗਿਆ।

# ਫ਼ਿਲਮ ਲੋਕ

## ਪਿਤਾ ਦੀਆਂ ਫਿਲਮਾਂ ਦੀ ਰੀਮੇਕ ਨਹੀਂ ਕਰਾਂਗਾ: ਅਭਿਸ਼ੇਕ ਬੱਚਨ



ਇਹ ਸਾਲ ਅਭਿਨੇਤਾ ਅਭਿਸ਼ੇਕ ਬਚਨ ਲਈ ਕਾਫ਼ੀ ਚੰਗਾ ਰਿਹਾ ਹੈ। ਓਟੀਟੀ ਉਤੇ ਰਿਲੀਜ਼ ਉਨ੍ਹਾਂ ਦੀ ਫਿਲਮ 'ਕਾਲੀਧਰ ਲਾਪਤਾ' ਅਤੇ 'ਬੀ ਹੈਪੀ' ਵਿਚ ਉਨ੍ਹਾਂ ਨੂੰ ਕਾਫ਼ੀ ਪਸੰਦ ਕੀਤਾ ਗਿਆ ਹੈ। ਪਿਛਲੇ ਸਾਲ ਰਿਲੀਜ਼ ਹੋਈ ਸ਼ੂਜੀਤ ਸਰਕਾਰ ਨਿਰਦੇਸ਼ਿਤ 'ਵੋਟ ਟੂ ਟਾਕ' 'ਚ ਵੀ ਉਨ੍ਹਾਂ ਦੇ ਅਭਿਨੈ ਨੂੰ ਕਾਫ਼ੀ ਪਸੰਦ ਕੀਤਾ ਗਿਆ ਸੀ। ਖ਼ਾਸ ਗੱਲ ਇਹ ਹੈ ਕਿ ਇਨ੍ਹਾਂ ਫਿਲਮਾਂ ਵਿਚ ਬੱਚੇ ਉਨ੍ਹਾਂ ਦੇ ਨਾਲ ਨਜ਼ਰ ਆਏ।

ਇਨ੍ਹਾਂ ਫਿਲਮਾਂ ਵਿਚ ਉਨ੍ਹਾਂ ਦੀ ਬੇਟੀ ਆਰਾਧਨਾ ਦੀ ਕੀ ਟਿੱਪਣੀ ਰਹੀ? ਹਾਲ ਵਿਚ ਵੀ ਮੁੰਬਈ ਵਿਚ ਕਰਵਾਏ ਗਏ ਆਈਐਫ਼ਪੀ ਫੈਸਟੀਵਲ ਦੌਰਾਨ ਅਭਿਸ਼ੇਕ ਨੇ ਇਸ ਦਾ ਜਵਾਬ ਦਿੱਤਾ ਕਿ ਮੈਂ ਉਨ੍ਹਾਂ ਨੂੰ ਕਦੇ ਇਹ ਸਭ ਪੁੱਛਦਾ ਨਹੀਂ ਹਾਂ। ਮੈਂ ਉਸ ਸੋਚ ਨੂੰ ਦਿਮਾਗ ਵਿਚ ਹੀ ਨਹੀਂ ਰਹਿਣ ਦਿੰਦਾ ਕਿ ਉਹ ਮੇਰੇ ਕੰਮ ਨੂੰ ਪਸੰਦ ਕਰਦੀ ਹੈ ਜਾਂ ਨਹੀਂ। ਉਸ ਦੇ ਜਵਾਬ ਮੇਰੇ ਅੱਗੇ ਕੰਮ ਕਰਨ ਦੀ ਪ੍ਰਕਿਰਿਆ ਨੂੰ ਬਦਲ ਸਕਦੇ ਹਨ। ਸ਼ਾਇਦ ਮੈਂ ਇੰਨਾ ਤਾਕਤਵਰ ਨਹੀਂ ਹਾਂ ਕਿ ਮੈਂ ਸੁਣ ਸਕਾਂ ਕਿ ਉਹ ਕੀ ਆਖਣ ਵਾਲੀ ਹੈ। ਤਾਂ ਮੈਂ ਉਸ ਭਰਮ ਵਿਚ ਰਹਿੰਦਾ ਹਾਂ ਕਿ ਉਹ ਪਸੰਦ ਕਰਦੀ ਹੈ ਜਾਂ ਨਹੀਂ।

ਬਤੌਰ ਪਿਤਾ ਮੈਂ ਉਹ ਕੰਮ ਕਰਨਾ ਚਾਹੁੰਦਾ ਹਾਂ, ਜੋ ਮੈਨੂੰ ਪਸੰਦ ਹੈ, ਇਹ ਜਾਣੇ ਬਿਨਾਂ ਕਿ ਉਹ ਕੀ ਚਾਹੁੰਦੀ ਹੈ। ਵੈਸੇ ਅੱਜ-ਕੱਲ੍ਹ ਦੇ ਬੱਚੇ ਬਹੁਤ ਭਰੋਸੇਮੰਦ ਹੁੰਦੇ ਹਨ। ਉਨ੍ਹਾਂ ਨੂੰ ਪਤਾ ਹੈ ਕਿ ਅਸਲ ਵਿਚ ਕੀ ਚਾਹੀਦਾ ?

ਅਭਿਸ਼ੇਕ ਆਪਣੇ ਪਿਤਾ ਅਮਿਤਾਭ ਬੱਚਨ ਦੀ ਕਿਸੇ ਫਿਲਮ ਦਾ ਰੀਮੇਕ ਵਿਚ ਕੰਮ ਕਰਨ ਤੋਂ ਅਭਿਸ਼ੇਕ ਨੇ ਪੂਰੀ ਤਰ੍ਹਾਂ ਇਨਕਾਰ ਕਰ ਦਿੱਤਾ। ਅਭਿਸ਼ੇਕ ਨੇ ਕਿਹਾ ਕਿ ਉਹ ਕਦੇ ਵੀ ਆਪਣੇ ਪਿਤਾ ਦੀਆਂ ਫਿਲਮਾਂ ਦੀ 'ਰੀਮੇਕ' ਵਿਚ ਕੰਮ ਨਹੀਂ ਕਰਾਂਗਾ।ਇਹ ਸੋਚਦੇ ਹੋਏ ਹੀ ਵੱਡਾ ਹੋਇਆ ਹਾਂ ਕਿ ਆਪਣੇ ਪਿਤਾ ਵਾਂਗ ਬਣਨਾ ਹੈ। ਮੈਂ ਉਨ੍ਹਾਂ ਦਾ ਬਹੁਤ ਵੱਡਾ ਫੈਨ ਹਾਂ। ਬਚਪਨ ਵਿਚ ਹੀ ਮੈਂ ਆਪਣੇ ਪਿਤਾ ਜੀ ਦੀਆਂ ਫਿਲਮਾਂ ਵੇਖਦਾ ਸੀ। ਉਸ ਦੇ ਬਾਅਦ ਮੈਂ ਅਤੇ ਮੇਰੇ ਦੋਸਤ 'ਬੈਕਯਾਰਡ' ਵਿਚ ਜਾ ਕੇ ਉਸ ਫਿਲਮ ਦੇ ਪਾਤਰਾਂ ਦੀ ਸ਼ੂਟਿੰਗ ਕਰਦੇ ਸੀ। ਸਾਡੇ ਵਿਚ ਇਸ ਗੱਲ ਨੂੰ ਲੈ ਕੇ ਲੜਾਈ ਹੁੰਦੀ ਸੀ ਕਿ ਕੌਣ ਬੱਚਨ ਦੀ ਭੂਮਿਕਾ ਨਿਭਾਏਗਾ। ਕਿਸੇ ਕਲਾਕਾਰ ਦੀ ਫਿਲਮ ਵੇਖਦੇ ਹੋਏ ਸਭ ਤੋਂ ਪਹਿਲਾਂ ਇਹ ਖ਼ਿਆਲ ਆਉਂਦਾ ਹੈ ਕਿ ਮੈਂ ਉਸ ਨੂੰ ਕਿਵੇਂ ਕਰਦਾਂ ਹਾਂ। ਦਰਅਸਲ ਉਹ ਆਪਣੇ ਪਾਤਰ ਵਿਚ ਇੰਨੇ ਭਰੋਸੇਯੋਗ ਲੱਗਦੇ ਹਨ ਕਿ ਤੁਸੀਂ ਉਸ ਨੂੰ ਕਿਸੇ ਹੋਰ ਤਰੀਕੇ ਨਾਲ ਕਰਨ ਬਾਰੇ ਕਦੇ ਸੋਚ ਵੀ ਨਹੀਂ ਸਕਦੇ।



## ਹਮੇਸ਼ਾ ਪਰਫੈਕਟ ਹੋਣਾ ਬਹੁਤ ਔਖਾ

## ਜੂਹੀ ਬੱਬਰ

ਜੂਹੀ ਬੱਬਰ ਕਹਿੰਦੀ ਹੈ ਕਿ ਵਕਤ ਦੇ ਨਾਲ ਬਦਲਣਾ ਜ਼ਰੂਰੀ ਹੈ। ਕਲਾਕਾਰਾਂ ਨਾਲ ਚੱਲਣ ਵਾਲੀ ਵੱਡੀ ਟੀਮ ਦਾ ਖ਼ਰਚ ਅੱਜਕੱਲ੍ਹ ਨਿਰਮਾਤਾਵਾਂ ਦੀ ਪਰੇਸ਼ਾਨੀ ਦਾ ਕਾਰਨ ਹੈ। ਪਹਿਲਾਂ ਵੀ ਸਟਾਰ ਹੁੰਦੇ ਸਨ। ਮੈਂ ਉਸ ਦੌਰ ਦੇ ਬਾਰੇ ਵਿਚ ਸੁਣਿਆ ਹੈ।ਧਰਮਿੰਦਰ, ਰਾਜੇਸ਼ ਖੰਨਾ, ਦਿਲੀਪ (ਕੁਮਾਰ) ਸਾਹਿਬ ਤੋਂ ਵੱਡੇ ਸਟਾਰ ਕਿਥੇ ਹਨ। ਉਹ ਤਾਂ ਕਦੇ ਇੰਨੇ ਲੋਕਾਂ ਨੂੰ ਨਾਲ ਲੈ ਕੇ ਨਹੀਂ ਚੱਲੇ। ਹਾਂ, ਇਸ ਤਰ੍ਹਾਂ ਦੀਆਂ ਗੱਲਾਂ ਸੁਣਨ ਵਿਚ ਆਉਂਦੀਆਂ ਸਨ ਕਿ ਦਿਲੀਪ ਸਾਹਿਬ ਦਾ ਇਕ 'ਕੁਕ' ਹੋਇਆ ਕਰਦਾ ਸੀ। ਫਿਰ ਉਹ ਇਕੱਲੇ ਉਨ੍ਹਾਂ ਲਈ ਨਹੀਂ, ਪੂਰੇ ਯੂਨਿਟ ਲਈ ਖਾਣਾ ਬਣਾਇਆ ਕਰਦਾ ਸੀ। ਅੱਜ ਵਾਂਗ ਨਹੀਂ ਕਿ ਇਕ ਵੈਨ ਵਿਚ ਕੇਵਲ ਉਸੇ ਐਕਟਰ ਦਾ ਖਾਣਾ. ਤਿਆਰ ਹੋ ਰਿਹਾ ਹੈ। ਇਹ ਇਕ ਤਰ੍ਹਾਂ ਦਾ ਦਬਾਅ ਵੀ ਬਣ ਗਿਆ ਹੈ ਕਿ ਫਲਾਣੇ ਐਕਟਰ ਦੇ ਨਾਲ 12 ਲੋਕ ਚੱਲਦੇ ਹਨ।

ਉਹ ਅੱਗੇ ਕਹਿੰਦੀ ਹੈ ਕਿ ਸਫਲ ਹੋਣ ਦਾ ਮਤਲਬ ਇਹ ਤਾਂ ਨਹੀਂ ਕਿ ਅਸੀਂ ਆਪਣੇ ਨਾਲ ਭੀੜ ਵਧਾਉਂਦੇ ਜਾਈਏ। ਮੈਨੂੰ ਕਦੇ ਇਸ ਦੀ ਜ਼ਰੂਰਤ ਮਹਿਸੂਸ ਨਹੀਂ ਹੋਈ। ਮੈਨੂੰ ਕੇਵਲ ਆਪਣੇ-ਆਪ ਨੂੰ ਕੰਮ ਨਾਲ ਸਾਬਤ ਕਰਨਾ ਹੈ। ਇਸ ਫਿਲਮ ਵਿਚ ਕਈ ਕਲਾਕਾਰ ਹਨ, ਜੇ ਸਾਰੇ ਟੀਮ ਨਾਲ ਆਉਂਦੇ ਤਾਂ ਫਿਲਮ ਹੀ ਨਾ ਬਣ ਪਾਉਂਦੀ। ਇਕ ਛੋਟੇ ਜਿਹੇ ਘਰ ਵਿਚ ਸ਼ੂਟਿੰਗ ਹੋਈ ਹੈ। ਫਿਲਮ 'ਦ ਗ੍ਰੇਟ ਸ਼ਮਸ਼ੂਦੀਨ ਫੈਮਲੀ' ਵਿਚ ਕੰਮ ਅਤੇ ਘਰ ਦੇ ਵਿਚਾਲੇ ਤਾਲਮੇਲ ਬਿਠਾਉਣ ਦੇ ਵਿਚਾਲੇ ਕਹਾਣੀ ਚੱਲਦੀ ਹੈ।

ਕੀ ਜੂਹੀ ਵੀ ਕੰਮ ਨੂੰ ਡੈਡਲਾਈਨ ਦੇ ਨਾਲ ਘਰ ਸੰਭਾਲ ਲੈਂਦੀ ਹੈ? ਇਸ 'ਤੇ ਉਹ ਕਹਿੰਦੀ ਹੈ,'ਮੈਂ ਤਾਂ ਆਪਣੇ ਪਰਿਵਾਰ ਦੀ ਬੁਲਾਰੀ ਬਣ ਗਈ ਹਾਂ। ਕੋਈ ਵੀ ਗੱਲ ਹੁੰਦੀ ਹੈ, ਫੋਨ ਮੇਰੇ ਕੋਲ ਹੀ ਆਉਂਦਾ ਹੈ। ਘਰ ਦੇ ਵੱਡੇ ਬੱਚਿਆਂ ਉਤੇ ਇਹ ਜ਼ਿੰਮੇਵਾਰੀ ਆ ਜਾਂਦੀ ਹੈ, ਫ਼ਰਜ਼ ਨਿਭਾਉਣਾ ਹੀ ਪੈਂਦਾ ਹੈ। ਕਈ ਵਾਰ ਔਰਤਾਂ ਕੋਲੋਂ ਪਰਫੈਕਸ਼ਨ ਦੀ ਉਮੀਦ ਕਰਨਾ ਬੋਝ ਬਣ ਜਾਂਦਾ ਹੈ । ਮੈਂ ਵੀ ਇਹ ਮਹਿਸੂਸ ਕਰਦੀ ਹਾਂ, ਪਰਫੈਕਟ ਬਣਨ ਦੀ ਕੋਸ਼ਿਸ਼ ਕਰਦੀ ਹਾਂ ਪਰ ਹਰ ਵਾਰ ਅਜਿਹਾ ਸੰਭਵ ਨਹੀਂ ਹੁੰਦਾ।

ਉਹ ਕਹਿੰਦੀ ਹੈ ਕਿ ਪਹਿਲਾਂ ਮੈਨੂੰ ਲੱਗਦਾ ਸੀ ਕਿ ਹਰ ਕੰਮ ਵਿਚ ਪਰਫੈਕਟ ਹੋਣਾ ਹੈ। ਮੰਮੀ-ਪਾਪਾ, ਬੱਚਿਆਂ, ਸੱਸ, ਪਤੀ ਲਈ ਉਪਲੱਬਧ ਰਹਿਣਾ ਹੈ। ਪਿਛਲੇ ਦੋ ਤਿੰਨ ਸਾਲ ਤੋਂ ਥੀਏਟਰ ਵੀ ਕਰ ਰਹੀ ਹਾਂ। ਹੁਣ ਵੱਡੇ ਪਰਦੇ ਲਈ ਫਿਲਮਾਂ ਕਰਨਾ ਵੀ ਚਾਹੁੰਦੀ ਹਾਂ। ਆਪਣਾ ਬੈਸਟ ਦੇਣ ਦੀ ਕੋਸ਼ਿਸ਼ ਕਰ ਰਹੀ ਹਾਂ। ਕਈ ਵਾਰ ਪਰਫੈਕਸ਼ਨ ਉਤੇ ਨਹੀਂ ਪਹੁੰਚ ਸਕਦੀ ਤਾਂ ਖ਼ੁਦ ਨੂੰ ਮਾਫ਼ ਵੀ ਕਰ ਦਿੰਦੀ ਹਾਂ।



## ਆਮ ਇਨਸਾਨ ਦੀ ਜ਼ਿੰਦਗੀ ਬਾਰੇ ਸੋਚਣ ਦਾ ਵੇਲਾ

## ਟਿਸਕਾ ਚੋਪੜਾ

ਅਭਿਨੈ ਤੋਂ ਇਲਾਵਾ ਤਿੰਨ ਲਘੂ ਫਿਲਮਾਂ ਦਾ ਨਿਰਦੇਸ਼ਨ ਕਰ ਚੁੱਕੀ ਟਿਸਕਾ ਚੋਪੜਾ ਨੇ ਪਹਿਲੀ ਵਾਰ ਫੀਚਰ ਫਿਲਮ 'ਸਾਲੀ ਮੁਹੱਬਤ' ਦਾ ਨਿਰਦੇਸ਼ਨ ਕੀਤਾ ਹੈ। ਰਾਧਿਕਾ ਆਪਟੇ, ਦਵੇਂਦਰ ਸ਼ਰਮਾ ਤੇ ਹੋਰ ਕਲਾਕਾਰਾਂ ਨੇ ਇਸ ਵਿਚ ਕੰਮ ਕੀਤਾ ਹੈ। ਪੇਸ਼ ਹੈ ਉਨ੍ਹਾਂ ਨਾਲ ਹੋਈ ਗੱਲਬਾਤ- 'ਸਾਲੀ ਮੁਹੱਬਤ' ਦੀ ਸ਼ੁਰੂਆਤ ਕਿਥੋਂ ਹੋਈ? ਫਿਲਮ ਵਿਚ ਥ ਬਾਹਰੀ ਸੁੰਦਰਤਾ ਦੀ ਗੱਲ ਹੋ ਰਹੀ ਹੈ.... ਜਦੋਂ ਮੈਂ 11-12 ਸਾਲ ਦੀ ਸੀ ਤਾਂ ਆਸਪਾਸ ਦੇ ਲੋਕਾਂ ਨੂੰ ਵੇਖਦੀ ਸੀ। ਬੱਸ 'ਚ ਬੈਠੇ, ਟ੍ਰੈਫਿਕ 'ਚੋਂ ਗੁਜ਼ਰਦੇ ਹਰ ਆਦਮੀ ਜਾਂ ਔਰਤ ਦੇ ਚਿਹਰੇ ਵਿਚ ਜਾਂ ਬੱਚੇ ਦੇ ਅੰਦਰ ਇਕ ਕਹਾਣੀ ਹੁੰਦੀ ਹੈ। ਮੈਨੂੰ ਬਹੁਤ ਦੁੱਖ ਹੁੰਦਾ ਸੀ ਕਿ ਇਨ੍ਹਾਂ ਨੂੰ ਤਾਂ ਕਦੇ ਜਾਣ ਹੀ ਨਹੀਂ ਸਕੂੰਗੀ। ਉਥੋਂ ਹੀ ਬਹੁਤ ਸਾਲ ਪਹਿਲਾਂ ਇਕ ਆਈਡੀਆ ਸ਼ੁਰੂ ਹੋਇਆ ਕਿ ਆਮ ਇਨਸਾਨ ਦੀ ਜ਼ਿੰਦਗੀ 'ਚ ਕਿੰਨਾ ਕੁਝ ਹੁੰਦਾ ਹੈ, ਜੋ ਅਸੀਂ ਕਦੇ ਵੀ ਨਹੀਂ ਵੇਖਦੇ। ਅਸੀਂ ਹਮੇਸ਼ਾ ਇਨਸਾਨ ਦੀ ਸ਼ਕਲ ਤੋਂ ਉਸ ਨੂੰ ਜੱਜ ਕਰਦੇ ਹਾਂ। ਖ਼ਾਸ ਕਰਕੇ ਅੱਜ, ਕਿਉਂਕਿ ਹਰ ਚੀਜ਼ ਫਿਲਟਰ ਕੀਤੀ ਹੁੰਦੀ ਹੈ। ਚਿਹਰੇ ਉਤੇ ਮੇਕਅੱਪ ਹੈ, ਚਮਕ-ਦਮਕ ਵਾਲੇ ਕੱਪੜੇ ਹਨ। ਉਹ ਲੋਕ ਅਜਿਹੇ ਨਹੀਂ ਹਨ, ਕੀ ਪਤਾ ਉਨ੍ਹਾਂ ਦੀ ਜ਼ਿੰਦਗੀ ਇਨ੍ਹਾਂ ਚਮਕਦੇ ਲੋਕਾਂ ਨਾਲੋਂ ਵਧੇਰੇ ਦਿਲਚਸਪ ਹੋਵੇ, ਇਸੇ ਸੋਚ ਨੂੰ ਲੈ ਕੇ ਮੈਂ ਇਹ ਫਿਲਮ ਲਿਖੀ।



ਫਿਲਮਾਂ 'ਚ ਸੋਸ਼ਲ ਮੀਡੀਆ ਦਲਮਾਲ 'ਚ ਸੋਸਲ ਮੀਡੀਆ ਇੰਡਸਟਰੀ 'ਚ 'ਫਾਲੋਵਰਜ਼' ਵੇਖ ਕੇ ਕੰਮ ਮਿਲਣ ਦੀ ਗੱਲ ਵੀ ਹੁੰਦੀ ਹੈ...

ਜੋ ਲੋਕ ਇਸ ਤਰ੍ਹਾਂ ਕੰਮ ਦਿੰਦੇ ਹਨ, ਉਨ੍ਹਾਂ ਨੂੰ ਆਪਣੀ ਕਹਾਣੀ ਉਤੇ ਭਰੋਸਾ ਨਹੀਂ ਹੁੰਦਾ। ਨਾ ਹੀ ਉਹ ਕੁਝ ਅਲੱਗ ਕਹਿਣ ਦੀ ਹਿੰਮਤ ਰੱਖਦੇ ਹਨ। ਨਿਰਦੇਸ਼ਨ ਕਰਨ ਬਾਅਦ ਮੈਂ ਕਹਿ ਸਕਦੀ ਹਾਂ ਕਿ ਇਹ ਬਹੁਤ ਮਿਹਨਤ ਤੇ ਲੱਕ ਤੋੜ ਕੇ ਰੱਖ ਦੇਣ ਵਾਲਾ ਕੰਮ ਹੈ। ਬਾਕੀ ਇੰਟਰਨੈੱਟ ਮੀਡੀਆ ਦੇ ਕਾਰਨ ਇੰਡਸਟਰੀ ਵਿਚ ਜੋ ਬਦਲਾਅ ਆਇਆ ਹੈ, ਉਹੀ ਬਦਲਾਅ ਲੋਕਾਂ ਵਿਚ ਵੀ ਆਏ ਹਨ।

**? ਤੁਹਾਨੂੰ ਮਹਿਲਾ ਨਿਰਦੇਸ਼ਕ ਵਜੋਂ ਸੰਬੋਧਨ ਨਾ ਕੀਤਾ ਜਾਵੇ?**

ਮੈਂ ਆਪਣੇ ਜੈਂਡਰ (ਲਿੰਗ) ਦੇ ਹਿਸਾਬ ਨਾਲ ਨਹੀਂ ਸੋਚਦੀ ਹਾਂ ਅਤੇ ਨਾ ਹੀ ਕਦੇ ਕੰਮ ਕੀਤਾ ਹੈ। ਮੈਂ ਆਮ ਇਨਸਾਨ ਹਾਂ। ਮੇਰੇ ਵਿਚ ਪ੍ਰਤਿਭਾ ਹੈ ਜਾਂ ਨਹੀਂ, ਮੈਂ ਇਸ ਨੂੰ ਇਕ ਜੈਂਡਰ ਵਜੋਂ ਨਹੀਂ ਵੇਖਦੀ। ਹੁਣ ਸਮਾਂ ਇਹੋ ਜਿਹਾ ਹੈ ਕਿ ਤੁਹਾਡਾ ਕੰਮ ਬੋਲਦਾ ਹੈ।

**? ਤੁਸੀਂ ਨਿਰਦੇਸ਼ਕ ਦੇ ਨਾਲ- ਨਾਲ ਲੇਖਣ ਅਤੇ ਐਕਟਿੰਗ ਵੀ ਕਰਦੇ ਹੋ, ਮਾਂ ਵੀ ਹੋ। ਕੰਮ ਵਿਚ ਸੰਤੁਲਨ ਕਿਵੇਂ ਹੁੰਦਾ ਹੈ?**

ਮੌਜੂਦਾ ਦੌਰ ਜੋ ਮੁਕਾਬਲੇ ਨਾਲ ਭਰਿਆ ਹੈ ਤਾਂ ਲੋਕਾਂ ਨੂੰ ਲੱਗਦਾ ਹੈ ਕਿ ਇਕ ਹੀ ਸਮੇਂ ਤੁਸੀਂ ਚਾਰ ਕੰਮ ਕਰ ਰਹੇ ਹੋ ਪਰ ਇਕ ਸਮੇਂ ਤੁਸੀਂ ਇਕ ਹੀ ਕੰਮ ਕਰ ਸਕਦੇ ਹੋ। ਇਕ ਸਮੇਂ ਇਕੋ ਕੰਮ ਕਰੋ ਤੇ ਉਸ 'ਚ ਆਪਣਾ ਬੈਸਟ ਦੇਵੋ ਅਤੇ ਫਿਰ ਦੂਸਰਾ ਕੰਮ ਕਰੋ। ਮੈਨੂੰ ਲੱਗਦੈ ਕਿ ਜੋ ਹੱਥ ਵਿਚ ਹੈ, ਉਸ 'ਤੇ ਹਮੇਸ਼ਾ ਫੋਕਸ ਕਰੋ।

**? ਇਸ ਸਾਲ ਦੀ ਸਭ ਤੋਂ ਖ਼ੂਬਸੂਰਤ ਯਾਦ ਕੀ ਰਹੀ?**

ਇਸ ਸਾਲ ਮੈਂ ਆਪਣੇ ਪਤੀ ਤੇ ਬੇਟੀ ਦੇ ਨਾਲ ਮਸਾਈ ਮਾਰਾ ਨੈਸ਼ਨਲ ਰਿਜ਼ਰਵ (ਦੱਖਣੀ-ਪੱਛਮੀ ਕੀਨੀਆ) 'ਚ ਸਥਿਤ ਵਿਸ਼ਵ ਪ੍ਰਸਿੱਧ ਵਣ-ਜੀਵ ਸੁਰੱਖਿਆ ਖੇਤਰ) ਗਈ ਸੀ। ਉਥੇ ਜਾਣ ਦੀ ਸਾਡੀ ਬਹੁਤ ਸਾਲ ਪਹਿਲਾਂ ਦੀ ਯੋਜਨਾ ਸੀ।

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 39 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2026*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 2447 Capri Ct Manteca CA 95337
2. 946 Martiri court Gilroy CA 95020
3. 4201 Saturn way Union city CA 94587
4. 6746 Sapphire Street Dublin CA 94568
5. 7722 Curry Dr Gilroy CA 95020
6. 4643 Sloan St Fremont CA 94538
7. 5645 Evergreen terr Fremont CA 94536
8. 1916 Ticino Ct Pleasanton CA 94566
9. 776 Vereda ct San Jose CA 95123
10. 8455 Peachtree Ave Newark CA 94560
11. 1777 Osage Ave Hayward CA 94545
12. 2249 moody ave Hayward ca 94545
13. 2169 Charger Dr San Jose CA 95131
14. 9810 Bobcat Ct Gilroy CA 95020

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095

19-20